ਕੌਮਾਂਤਰੀ www.amritsartimes.live
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 174| 7 May to 13 May , 2025 | Ph.: (510) 240-5949 | Email: asrtimes@gmail.com




# ਭਾਰਤ ਦਾ ਅੱਤਵਾਦ ਖ਼ਿਲਾਫ਼

# ਅਪਰੇਸ਼ਨ ਸੰਧੂਰ

## ਪਾਕਿਸਤਾਨ ’ਚ 9 ਦਹਿਸ਼ਤੀ ਟਿਕਾਣਿਆਂ ’ਤੇ ਮਿਜ਼ਾਈਲ ਹਮਲੇ

ਪੰਜਾਬ ਦੀ ਧਰਤੀ, ਜੋ ਸਦੀਆਂ ਤੋਂ ਸੂਫ਼ੀਆਂ ਦੀਆਂ ਬਾਣੀਆਂ ਅਤੇ ਸੂਰਮਿਆਂ ਦੀਆਂ ਸਦਾਵਾਂ ਨਾਲ ਗੂੰਜਦੀ ਰਹੀ, ਅੱਜ ਇੱਕ ਨਵੇਂ ਡਰ ਦੇ ਪਰਛਾਂਵੇਂ ਹੇਠ ਸਹਿਮੀ ਜਾਪਦੀ ਹੈ। ਭਾਰਤ ਅਤੇ ਪਾਕਿਸਤਾਨ, ਦੋ ਪ੍ਰਮਾਣੂ-ਹਥਿਆਰਬੰਦ ਗੁਆਂਢੀ, ਇੱਕ ਵਾਰ ਫਿਰ ਆਹਮੋ-ਸਾਹਮਣੇ ਖੜ੍ਹੇ ਹਨ।22 ਅਪ੍ਰੈਲ ਨੂੰ ਭਾਰਤੀ-ਸੰਚਾਲਿਤ ਕਸ਼ਮੀਰ ਦੇ ਪਹਿਲਗਾਮ ਵਿੱਚ ਅੱਤਵਾਦੀਆਂ ਨੇ 26 ਨਾਗਰਿਕਾਂ ਦੀ ਜਾਨ ਲਈ ਸੀ। ਇਸ ਦੇ ਜਵਾਬ ਵਿੱਚ, ਭਾਰਤ ਨੇ ਅੱਜ ਬੁੱਧਵਾਰ ਤੜਕੇ ਪਾਕਿਸਤਾਨ ਦੀ ਧਰਤੀ ’ਤੇ ਮਿਜ਼ਾਈਲ ਹਮਲੇ ਕੀਤੇ, ਜਿਸ ਨਾਲ ਇਹ ਪੁਰਾਣੀ ਦੁਸ਼ਮਣੀ ਨਵੇਂ ਸਿਰੇ ਤੋਂ ਸੁਰਖ਼ੀਆਂ ਵਿੱਚ ਆ ਗਈ।

ਭਾਰਤੀ ਫ਼ੌਜ ਨੇ ਐਲਾਨ ਕੀਤਾ ਕਿ ਉਸ ਨੇ ਨੌਂ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ, ਜਿੱਥੋਂ ਭਾਰਤ ਵਿਰੁੱਧ ਹਮਲਿਆਂ ਦੀ ਸਾਜ਼ਿਸ਼ ਘੜੀ ਜਾਂਦੀ ਸੀ। ਅਧਿਕਾਰਤ ਸੂਤਰਾਂ ਮੁਤਾਬਕ ਇਨ੍ਹਾਂ ਨੌਂ ਟਿਕਾਣਿਆਂ ਵਿੱਚ ਬਹਾਵਲਪੁਰ ਵਿੱਚ ਜੈਸ਼-ਏ-ਮੁਹੰਮਦ (ਜੇ.ਈ.ਐਮ.) ਦਾ ਮੁੱਖ ਦਫ਼ਤਰ ਵੀ ਸ਼ਾਮਲ ਹੈ, ਜੋ ਕੌਮਾਂਤਰੀ ਸਰਹੱਦ ਤੋਂ ਕਰੀਬ 100 ਕਿਲੋਮੀਟਰ ਦੂਰ ਇੱਕ ਡੂੰਘਾ ਪ੍ਰਤੀਕਾਤਮਕ ਨਿਸ਼ਾਨਾ ਸੀ। ਇਹ ਟਿਕਾਣਾ ਕਥਿਤ ਭਾਰਤੀ ਵਿਰੁੱਧ ਵੱਡੇ ਪੱਧਰ ’ਤੇ ਹਮਲਿਆਂ ਦੀ ਯੋਜਨਾ ਬਣਾਉਣ ਦਾ ਕੇਂਦਰ ਸੀ।

ਇੱਕ ਹੋਰ ਵੱਡਾ ਹਮਲਾ ਸਾਂਬਾ ਦੇ ਸਾਹਮਣੇ ਸਰਹੱਦ ਤੋਂ ਸਿਰਫ਼ 30 ਕਿਲੋਮੀਟਰ ਦੂਰ ਮੁਰੀਦਕੇ ਵਿੱਚ ਲਸ਼ਕਰ-ਏ-ਤਇਬਾ ਦੇ ਸਿਖਲਾਈ ਕੈਂਪ ’ਤੇ ਕੀਤਾ ਗਿਆ।26/11 ਮੁੰਬਈ ਹਮਲੇ ਨੂੰ ਅੰਜਾਮ ਦੇਣ ਵਾਲੇ ਦਹਿਸ਼ਤਗਰਦਾਂ ਨੂੰ ਸਿਖਲਾਈ ਦੇਣ ਲਈ ਬਦਨਾਮ ਇਹ ਕੈਂਪ ਸਰਹੱਦ ਪਾਰੋਂ ਅੱਤਵਾਦ ਨੂੰ ਸਰਪ੍ਰਸਤੀ ਦੇ ਸਥਾਈ ਖ਼ਤਰੇ ਦੀ ਭਿਆਨਕ ਯਾਦ ਦਿਵਾਉਂਦਾ ਸੀ।ਭਾਰਤੀ ਹਥਿਆਰਬੰਦ ਦਸਤਿਆਂ ਨੇ ਕੰਟਰੋਲ ਰੇਖਾ ਨੇੜੇ ਖਸਤਾ ਹਾਲਤ ਵਿੱਚ, ਪੁਣਛ-ਰਾਜੌਰੀ ਸੈਕਟਰ ਵਿੱਚ ਗੁਲਪੁਰ ਕੈਂਪ ਨੂੰ ਨਿਸ਼ਾਨਾ ਬਣਾਇਆ ਹੈ। ਇਸ ਟਿਕਾਣੇ ਨੂੰ 20 ਅਪ੍ਰੈਲ, 2023 ਨੂੰ ਪੁਣਛ ਵਿੱਚ ਹੋਏ ਘਾਤਕ ਹਮਲੇ ਦੇ ਨਾਲ ਜੂਨ 2024 ਵਿੱਚ ਸ਼ਰਧਾਲੂਆਂ ਨੂੰ ਲੈ ਕੇ ਜਾ ਰਹੀ ਇੱਕ ਬੱਸ ’ਤੇ ਹਮਲੇ ਲਈ ਲਾਂਚਪੈਡ ਮੰਨਿਆ ਜਾਂਦਾ ਸੀ।

ਭਾਰਤੀ ਲੜਾਕੂ ਜਹਾਜ਼ਾਂ ਨੇ ਹੋਰ ਉੱਤਰ ਵੱਲ ਪੀ.ਓ.ਕੇ. ਦੇ ਤੰਗਧਾਰ ਸੈਕਟਰ ਅੰਦਰ ਲਸ਼ਕਰ-ਏ-ਤਇਬਾ ਵੱਲੋਂ ਚਲਾਏ ਜਾ ਰਹੇ ਸਵਾਈ ਕੈਂਪ ਨੂੰ ਨਿਸ਼ਾਨਾ ਬਣਾਇਆ। ਖ਼ੁਫ਼ੀਆ ਏਜੰਸੀਆਂ ਨੇ ਇਸ ਟਿਕਾਣੇ ਨੂੰ ਕਈ ਹਾਈ-ਪ੍ਰੋਫਾਈਲ ਹਮਲਿਆਂ 20 ਅਕਤੂਬਰ, 2024 ਨੂੰ ਸੋਨਮਰਗ, 24 ਅਕਤੂਬਰ ਨੂੰ ਗੁਲਮਰਗ ਅਤੇ 22 ਅਪ੍ਰੈਲ, 2025 ਨੂੰ ਪਹਿਲਗਾਮ ਨਾਲ ਜੋੜਿਆ ਹੈ।ਜੈਸ਼-ਏ-ਮੁਹੰਮਦ ਦੇ ਇਕ ਹੋਰ ਲਾਂਚਪੈਡ ਬਿਲਾਲ ਕੈਂਪ ਨੂੰ ਹਵਾਈ ਹਮਲਿਆਂ ਦੀ ਮਾਰ ਹੇਠ ਲਿਆਂਦਾ ਗਿਆ ਹੈ।ਘੁਸਪੈਠ ਦੀਆਂ ਕੋਸ਼ਿਸ਼ਾਂ ਤੋਂ ਪਹਿਲਾਂ ਇਹ ਅੱਤਵਾਦੀਆਂ ਲਈ ਇੱਕ ਮੁੱਖ ਪੜਾਅ ਖੇਤਰ ਵਜੋਂ ਜਾਣਿਆ ਜਾਂਦਾ ਸੀ, ਜੋ ਭਾਰਤੀ ਖੇਤਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਇੱਕ ਅੰਤਮ ਆਵਾਜਾਈ ਬਿੰਦੂ ਵਜੋਂ ਕੰਮ ਕਰਦਾ ਸੀ।ਮੰਨਿਆ ਜਾਂਦਾ ਹੈ ਕਿ ਕੋਟਲੀ ਕੈਂਪ, ਜੋ ਰਾਜੌਰੀ ਦੇ ਸਾਹਮਣੇ ਲਸ਼ਕਰ-ਏ-ਤਇਬਾ ਦਾ ਟਿਕਾਣਾ ਹੈ, ਵਿੱਚ ਇੱਕ ਸਮੇਂ ਕਰੀਬ 50 ਕਾਰਕੁਨ ਰਹਿੰਦੇ ਸਨ, ਜੋ ਸਮਰਪਿਤ ਆਤਮਘਾਤੀ ਹਮਲਾਵਰ ਸਿਖਲਾਈ ਕੇਂਦਰ ਵਜੋਂ ਕੰਮ ਕਰਦੇ ਸਨ। ਇਸ ਦੇ ਨਾਲ ਹੀ ਕੰਟਰੋਲ ਰੇਖਾ ਤੋਂ ਸਿਰਫ਼ 10 ਕਿਲੋਮੀਟਰ ਦੂਰ ਬਰਨਾਲਾ ਕੈਂਪ ਨੂੰ ਵੀ ਤਬਾਹ ਕੀਤਾ ਗਿਆ ਹੈ, ਜੋ ਜੰਮੂ ਅਤੇ ਰਾਜੌਰੀ ਵਿੱਚ ਜਾਣ ਵਾਲੇ ਅੱਤਵਾਦੀਆਂ ਲਈ ਇੱਕ ਲੌਜਿਸਟਿਕ ਅਤੇ ਮੁੜ ਸੰਗਠਨ ਕੇਂਦਰ ਵਜੋਂ ਕੰਮ ਕਰਦਾ ਸੀ।

(ਬਾਕੀ ਸਫ਼ਾ 30 ’ਤੇ)



### ਕੀ ਜੰਗ ਦੀ ਸੰਭਾਵਨਾ ਹੈ ?

ਇਹ ਤਣਾਅ ਪੰਜਾਬ ਦੀ ਧਰਤੀ ’ਤੇ ਜੰਗ ਦੇ ਕਾਲੇ ਪਰਛਾਵਿਆਂ ਵਰਗਾ ਹੈ।ਦੋਵੇਂ ਮੁਲਕ ਪ੍ਰਮਾਣੂ ਹਥਿਆਰਾਂ ਨਾਲ ਲੈਸ ਹਨ ਅਤੇ ਇਤਿਹਾਸਕ ਦੁਸ਼ਮਣੀ ਨੇ ਹਮੇਸ਼ਾ ਛੋਟੀਆਂ ਝੜਪਾਂ ਨੂੰ ਵੀ ਵੱਡੇ ਟਕਰਾਅ ਵਿੱਚ ਬਦਲ ਦਿੱਤਾ। ਭਾਰਤ ਦੀ ਸਖ਼ਤ ਨੀਤੀ—ਸਿੰਧੂ ਜਲ ਸੰਧੀ ਰੱਦ ਕਰਨ, ਵਾਹਗਾ ਸਰਹੱਦ ਬੰਦ ਕਰਨ ਅਤੇ ਰਾਜਨੀਤਕ ਸਬੰਧ ਘਟਾਉਣ—ਅਤੇ ਪਾਕਿਸਤਾਨ ਦਾ ਜਵਾਬੀ ਰੁਖ—ਕੰਟਰੋਲ ਰੇਖਾ ’ਤੇ ਗੋਲੀਬਾਰੀ ਅਤੇ ਵਪਾਰਕ ਸਬੰਧ ਤੋੜਨ—ਤਣਾਅ ਨੂੰ ਹੋਰ ਗੰਭੀਰ ਕਰਦੇ ਹਨ। ਵਾਸ਼ਿੰਗਟਨ ਟਾਈਮਜ਼ ਅਖ਼ਬਾਰ ਦੇ ਵਿਸ਼ਲੇਸ਼ਕ ਮਾਈਕਲ ਕੁਗਲਮੈਨ ਨੇ ਕਿਹਾ, ‘ ਇੱਕ ਗਲਤ ਅੰਦਾਜ਼ਾ ਜੰਗ ਨੂੰ ਜਨਮ ਦੇ ਸਕਦਾ ਹੈ। ਪਰ ਅੰਤਰਰਾਸ਼ਟਰੀ ਦਬਾਅ ਇਸ ਨੂੰ ਰੋਕ ਸਕਦਾ ਹੈ।’ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਲਦੀ ਅੰਤ ਦੀ ਉਮੀਦ ਜਤਾਈ, ਜਦਕਿ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਤੇਰਸ ਨੇ ਸੰਜਮ ਦੀ ਅਪੀਲ ਕੀਤੀ। ਚੀਨ ਨੇ ਆਹਮੋ-ਸਾਹਮਣੇ ਲੜਾਈ ਤੋਂ ਬਚਣ ਦੀ ਸਲਾਹ ਦਿੱਤੀ, ਪਰ ਸੀਮਤ ਸੈਨਿਕ ਸਹਾਇਤਾ ਦੀ ਸੰਭਾਵਨਾ ਨਕਾਰੀ। ਭਾਰਤ-ਚੀਨ ਸਬੰਧਾਂ ਵਿੱਚ ਸੁਧਾਰ ਵੀ ਪੂਰਨ-ਪੈਮਾਨੇ ਦੀ ਜੰਗ ਨੂੰ ਰੋਕ ਸਕਦਾ ਹੈ।



### ਕਰਨਲ ਸੋਫੀਆ ਤੇ ਵਿੰਗ ਕਮਾਂਡਰ ਵਿਓਮਿਕਾ ਨੇ ਦਿੱਤੀ ‘ਅਪਰੇਸ਼ਨ ਸੰਧੂਰ’ ਬਾਰੇ ਜਾਣਕਾਰੀ

ਦੇਸ਼ ਦੇ ਇਤਿਹਾਸ ’ਚ ਪਹਿਲੀ ਵਾਰ ਫ਼ੌਜ ਦੀ ਪ੍ਰੈੱਸ ਕਾਨਫਰੰਸ ’ਚ ਏਅਰਫ਼ੋਰਸ ਅਤੇ ਫ਼ੌਜ ਤੋਂ ਇੱਕ ਮੁਸਲਿਮ ਅਤੇ ਇੱਕ ਹਿੰਦੂ ਮਹਿਲਾ ਅਫ਼ਸਰ ਮੌਜੂਦ ਰਹੀ। ਫ਼ੌਜ ਦੀ ਕਰਨਲ ਸੋਫੀਆ ਕੁਰੈਸ਼ੀ ਅਤੇ ਏਅਰਫ਼ੋਰਸ ਤੋਂ ਵਿੰਗ ਕਮਾਂਡਰ ਵਿਓਮਿਕਾ ਸਿੰਘ ਨੇ ਅਪਰੇਸ਼ਨ ਬਾਰੇ ਜਾਣਕਾਰੀ ਦਿੱਤੀ।ਕਰਨਲ ਸੋਫੀਆ ਕੁਰੈਸ਼ੀ ਅਤੇ ਵਿੰਗ ਕਮਾਂਡਰ ਵਿਓਮਿਕਾ ਸਿੰਘ ਨੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) ’ਚ ਅੱਤਵਾਦੀ ਟਿਕਾਣਿਆਂ ’ਤੇ ਕਾਰਵਾਈ ਦੀ ਪੂਰੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਅਸੀਂ ਪਾਕਿਸਤਾਨੀ ਫ਼ੌਜ ਅਤੇ ਆਮ ਲੋਕਾਂ ਨੂੰ ਨਿਸ਼ਾਨਾ ਨਹੀਂ ਬਣਾਇਆ। “ਅਪਰੇਸ਼ਨ ਸੰਧੂਰ” ਦੇਰ ਰਾਤ 1.05 ਤੋਂ 1.30 ਵਜੇ ਤੱਕ ਚਲਾਇਆ ਗਿਆ। ਕਰਨਲ ਕੁਰੈਸ਼ੀ, ਵਿੰਗ ਕਮਾਂਡਰ ਵਿਓਮਿਕਾ ਨੇ ਕਿਹਾ, ‘ਲਾਂਚਪੈਡ, ਸਿਖਲਾਈ ਕੇਂਦਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ।ਇਹ ਕਾਰਵਾਈ ਸਵੇਰੇ 1.05 ਵਜੇ ਤੋਂ 1.30 ਵਜੇ ਦੇ ਵਿਚਕਾਰ ਹੋਈ। ਪਹਿਲਗਾਮ ’ਚ ਮਾਰੇ ਗਏ ਸੈਲਾਨੀਆਂ ਲਈ ਅਪਰੇਸ਼ਨ ਚਲਾਇਆ ਗਿਆ। ਪਾਕਿਸਤਾਨ ’ਚ ਪਿਛਲੇ 3 ਦਹਾਕਿਆਂ ਤੋਂ ਅੱਤਵਾਦੀ ਪੈਦਾ ਕੀਤੇ ਜਾ ਰਹੇ ਹਨ। ਪਾਕਿਸਤਾਨ ਅਤੇ ਪੀ.ਓ.ਕੇ. ’ਚ 9 ਅੱਤਵਾਦੀ ਕੈਂਪਾਂ ਦੀ ਪਛਾਣ ਕੀਤੀ ਗਈ ਸੀ ਅਤੇ ਅਸੀਂ ਉਨ੍ਹਾਂ ਨੂੰ ਤਬਾਹ ਕਰ ਦਿੱਤਾ। ਲਾਂਚਪੈਡਾਂ ਅਤੇ ਸਿਖਲਾਈ ਕੇਂਦਰਾਂ ਨੂੰ ਨਿਸ਼ਾਨਾ ਬਣਾਇਆ ਗਿਆ।ਦੋਵੇਂ ਮਹਿਲਾ ਅਧਿਕਾਰੀਆਂ ਨੇ ਕਿਹਾ ਕਿ ਪੀ.ਓ.ਕੇ. ’ਚ ਪਹਿਲਾ ਲਸ਼ਕਰ ਸਿਖਲਾਈ ਕੇਂਦਰ ਸਵਾਈ ਨਾਲਾ ਮੁਜ਼ੱਫਰਾਬਾਦ ’ਚ ਸੀ। ਸੋਨਮਰਗ, ਗੁਲਮਰਗ ਅਤੇ ਪਹਿਲਗਾਮ ਹਮਲਿਆਂ ਦੇ ਅੱਤਵਾਦੀਆਂ ਨੇ ਇੱਥੇ ਸਿਖਲਾਈ ਲਈ ਸੀ। ਹਥਿਆਰਾਂ, ਵਿਸਫੋਟਕਾਂ ਅਤੇ ਜੰਗਲ ਬਚਾਅ ਦੀ ਸਿਖਲਾਈ ਸਯਦਨਾ ਬਿਲਾਲ ਕੈਂਪ ਮੁਜ਼ੱਫਰਾਬਾਦ ਵਿਖੇ ਦਿੱਤੀ ਗਈ। ਕੋਟਲੀ ਗੁਰੂਪੁਰ ਕੈਂਪ ਲਸ਼ਕਰ ਨਾਲ ਸਬੰਧਤ ਹੈ। 2023 ’ਚ ਪੁੰਛ ’ਚ ਸ਼ਰਧਾਲੂਆਂ ’ਤੇ ਹਮਲਾ ਕਰਨ ਵਾਲੇ ਅੱਤਵਾਦੀਆਂ ਨੂੰ ਇੱਥੇ ਸਿਖਲਾਈ ਦਿੱਤੀ ਗਈ ਸੀ।

### ਕਰਤਾਰਪੁਰ ਲਾਂਘਾ ਕੀਤਾ ਬੰਦ

ਕੇਂਦਰੀ ਗ੍ਰਹਿ ਮੰਤਰਾਲੇ ਦੀ ਇਮੀਗ੍ਰੇਸ਼ਨ ਬਿਊਰੋ ਨੇ ਅਗਲੇ ਹੁਕਮਾਂ ਤੱਕ ਕਰਤਾਰਪੁਰ ਲਾਂਘਾ ਬੰਦ ਕਰ ਦਿੱਤਾ ਹੈ। ਇੰਟੈਗਰੇਟਿਡ ਚੈੱਕ ਪੋਸਟ ’ਤੇ ਇਕੱਤਰ ਹੋਏ 150 ਸ਼ਰਧਾਲੂਆਂ ਨੂੰ ਅੱਜ ਸਵੇਰੇ ਡੇਢ ਘੰਟੇ ਦੀ ਉਡੀਕ ਮਗਰੋਂ ਵਾਪਸ ਉਨ੍ਹਾਂ ਦੇ ਘਰਾਂ ਨੂੰ ਭੇਜ ਦਿੱਤਾ ਗਿਆ। ਹਾਲਾਂਕਿ ਸਵੇਰ ਤੋਂ ਹੀ ਇਹ ਖਦਸ਼ਾ ਸੀ ਕਿ ਸ਼ਰਧਾਲੂਆਂ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।ਇੱਕ ਸ਼ਰਧਾਲੂ ਤਰਸੇਮ ਸਿੰਘ ਨੇ ਕਿਹਾ, “ਸਾਨੂੰ ਡੇਢ ਘੰਟੇ ਤੱਕ ਉਡੀਕ ਕਰਨ ਲਈ ਮਜਬੂਰ ਕੀਤਾ ਗਿਆ। ਇਸ ਮਗਰੋਂ ਇਮੀਗ੍ਰੇਸ਼ਨ ਅਧਿਕਾਰੀ ਨੇ ਦੱਸਿਆ ਕਿ ਸਾਨੂੰ ਪਾਕਿਸਤਾਨ ਸਥਿਤ ਗੁਰਦੁਆਰੇ ਵਿੱਚ ਜਾਣ ਦੀ ਇਜਾਜ਼ਤ ਨਹੀਂ ਹੈ। ਇਮੀਗ੍ਰੇਸ਼ਨ ਅਧਿਕਾਰੀਆਂ ਨੇ ਇਹ ਵੀ ਕਿਹਾ ਕਿ ਅਗਲੇ ਹੁਕਮਾਂ ਤੱਕ ਲਾਂਘਾ ਬੰਦ ਕਰ ਦਿੱਤਾ ਗਿਆ ਹੈ। ਇੱਕ ਹੋਰ ਸ਼ਰਧਾਲੂ ਸਤਨਾਮ ਕੌਰ ਨੇ ਕਿਹਾ, “ਜਦੋਂ ਵੀ ਲਾਂਘਾ ਮੁੜ ਖੁੱਲ੍ਹੇਗਾ ਤਾਂ ਸਾਨੂੰ ਫਿਰ ਤੋਂ ਆਨਲਾਈਨ ਅਰਜ਼ੀ ਦੇਣੀ ਪਵੇਗੀ।” ਕਾਬਿਲੇਗੌਰ ਹੈ ਕਿ 22 ਅਪ੍ਰੈਲ ਨੂੰ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਬਾਅਦ ਅਜਿਹੀਆਂ ਅਫਵਾਹਾਂ ਸਨ ਕਿ ਲਾਂਘਾ ਬੰਦ ਕਰ ਦਿੱਤਾ ਜਾਵੇਗਾ।

### ਅੰਤਰਰਾਸ਼ਟਰੀ ਅਖ਼ਬਾਰਾਂ ਦੀ ਨਜ਼ਰ ਵਿੱਚ: ਅਪਰੇਸ਼ਨ ਸੰਧੂਰ

**ਅਲ ਜਜ਼ੀਰਾ**: ਅਲ ਜਜ਼ੀਰਾ ਨੇ ਇਸ ਨੂੰ ਖੇਤਰੀ ਸ਼ਾਂਤੀ ਲਈ ਖਤਰਨਾਕ ਕਦਮ ਦੱਸਿਆ। ਇਸ ਨੇ ਪਾਕਿਸਤਾਨੀ ਨਾਗਰਿਕਾਂ ਦੀਆਂ ਮੌਤਾਂ ’ਤੇ ਜ਼ੋਰ ਦਿੱਤਾ ਅਤੇ ਭਾਰਤ ਦੇ ਇਕਪਾਸੜ ਹਮਲਿਆਂ ਨੂੰ ਗਲਤ ਠਹਿਰਾਇਆ। ਚੀਨ ਦੀ ਅਟੱਲ ਸਹਾਇਤਾ ਅਤੇ ਅਮਰੀਕਾ ਦੀ ਅਸਪਸ਼ਟ ਨੀਤੀ ’ਤੇ ਸਵਾਲ ਉਠਾਏ। ਜੰਗ ਦੀ ਸੰਭਾਵਨਾ ਨੂੰ ਗੰਭੀਰ ਮੰਨਿਆ, ਜੋ ਪ੍ਰਮਾਣੂ ਸਮਰੱਥਾ ਕਾਰਨ ਵਿਸ਼ਵ ਨੂੰ ਹਿਲਾ ਸਕਦੀ ਹੈ।

**ਬੀ.ਬੀ.ਸੀ.**: ਬੀ.ਬੀ.ਸੀ. ਨੇ ਸੰਤੁਲਿਤ ਰੁਖ ਅਪਣਾਇਆ, ਭਾਰਤ ਦੇ ਅੱਤਵਾਦ ਵਿਰੋਧੀ ਦਾਅਵੇ ਅਤੇ ਪਾਕਿਸਤਾਨ ਦੀ ਸੁਰੱਖਿਆ ਦੀ ਗੱਲ ਨੂੰ ਪੇਸ਼ ਕੀਤਾ। ਚੀਨ ਦੀ ਸੀਮਤ ਸ਼ਮੂਲੀਅਤ, ਜਿਵੇਂ ਹਥਿਆਰ ਸਪਲਾਈ, ’ਤੇ ਟਿੱਪਣੀ ਕੀਤੀ, ਪਰ ਸਿੱਧੀ ਸੈਨਿਕ ਸਹਾਇਤਾ ਨੂੰ ਅਸੰਭਵ ਦੱਸਿਆ। ਜੰਗ ਦੀ ਸੰਭਾਵਨਾ ਨੂੰ ਚਿੰਤਾਜਨਕ ਮੰਨਿਆ, ਪਰ ਕੂਟਨੀਤੀ ਦੀ ਆਸ ਜਤਾਈ।

**ਟਾਈਮਜ਼ ਆਫ਼ ਇੰਡੀਆ**: ਇਸ ਨੇ ਭਾਰਤ ਦੇ ਹਮਲਿਆਂ ਨੂੰ ਜਾਇਜ਼ ਕਰਾਰ ਦਿੱਤਾ, ਪਾਕਿਸਤਾਨ ’ਤੇ ਅੱਤਵਾਦ ਦੀ ਸਰਪ੍ਰਸਤੀ ਦਾ ਦੋਸ਼ ਲਾਇਆ। ਸਿੰਧੂ ਜਲ ਸੰਧੀ ਰੱਦ ਕਰਨ ਅਤੇ ਵਾਹਗਾ ਸਰਹੱਦ ਬੰਦ ਕਰਨ ਦੀ ਸ਼ਲਾਘਾ ਕੀਤੀ। ਪਾਕਿਸਤਾਨ ਦੀ ਜਵਾਬੀ ਗੋਲੀਬਾਰੀ ਨੂੰ ਉਕਸਾਊ ਕਿਹਾ ਅਤੇ ਜੰਗ ਨੂੰ ਪਾਕਿਸਤਾਨ ਦੀ ਚੋਣ ਮੰਨਿਆ।

**ਗਲੋਬਲ ਟਾਈਮਜ਼ (ਚੀਨ)**: ਚੀਨ ਨੇ ਭਾਰਤ ਨੂੰ ਗੈਰ-ਜ਼ਿੰਮੇਵਾਰ ਦੱਸਦਿਆਂ ਪਾਕਿਸਤਾਨ ਨਾਲ ਲੋਹੇ ਵਰਗੀ ਦੋਸਤੀ ਦੀ ਪੁਸ਼ਟੀ ਕੀਤੀ। ਭਾਰਤ-ਚੀਨ ਸਬੰਧਾਂ ਦੇ ਸੁਧਾਰ ਦਾ ਹਵਾਲਾ ਦਿੰਦਿਆਂ ਸਿੱਧੀ ਸੈਨਿਕ ਸਹਾਇਤਾ ਨਕਾਰੀ, ਪਰ ਹਥਿਆਰ ਅਤੇ ਕੂਟਨੀਤਕ ਸਮਰਥਨ ਦੀ ਗੱਲ ਕੀਤੀ। ਜੰਗ ਨੂੰ ਖਤਰਨਾਕ ਮੰਨਿਆ, ਪਰ ਸੰਜਮ ਦੀ ਜ਼ਿੰਮੇਵਾਰੀ ਭਾਰਤ ’ਤੇ ਮੜ੍ਹੀ।

**ਦ ਨੇਸ਼ਨ (ਪਾਕਿਸਤਾਨ)**: ਇਸ ਨੇ ਭਾਰਤ ਨੂੰ ਨਾਗਰਿਕਾਂ ’ਤੇ ਹਮਲਾਵਰ ਦੱਸਿਆ ਅਤੇ ਪਾਕਿਸਤਾਨ ਦੀ ਜਵਾਬੀ ਸਮਰੱਥਾ ’ਤੇ ਜ਼ੋਰ ਦਿੱਤਾ। ਚੀਨ ਦੀ ਸਹਾਇਤਾ ਦੀ ਸ਼ਲਾਘਾ ਕੀਤੀ ਅਤੇ ਜੰਗ ਨੂੰ ਅਸੰਭਵ ਨਹੀਂ ਮੰਨਿਆ, ਪਰ ਅੰਤਰਰਾਸ਼ਟਰੀ ਦਖ਼ਲ ਦੀ ਉਮੀਦ ਜਤਾਈ।

ਪਾਣੀ ਪੰਜ ਦਰਿਆਵਾਂ ਵਾਲਾ.......

# ਕਿਵੇਂ ਹੱਲ ਹੋਵੇ ਪੰਜਾਬ ਦੇ ਪਾਣੀਆਂ ਦਾ ਮਸਲਾ ?

## ਵੇਖਿਓ, ਕਿਤੇ ਮੋਰਚੇ ਲਗਾਉਣ ਜੋਗੇ ਹੀ ਨਾ ਰਹਿ ਜਾਇਓ ਪੰਜਾਬੀਓ !



ਪੰਜਾਬ ਦੇ ਪਾਣੀਆਂ ਨੂੰ ਹੁਣ ਇੱਕ ਵਾਰ ਫ਼ੇਰ ਰਿੜਕਿਆ ਗਿਆ ਹੈ। ਭਰਾ-ਭਰਾ ਕਹੇ ਜਾਂਦੇ ਪੰਜਾਬ ਤੇ ਹਰਿਆਣਾ ਸੂਬੇ ਪਾਣੀਆਂ ਦੇ ਮੁੱਦੇ 'ਤੇ ਇੱਕ ਦੂਜੇ ਵਿਰੁੱਧ ਦੁਸ਼ਮਣਾਂ ਵਾਂਗ ਖੜੇ ਹੋ ਗਏ ਹਨ। ਜਿਥੇ ਹਰਿਆਣਾ ਵੱਲੋਂ ਪੰਜਾਬ ਤੋਂ ਆਪਣੇ ਹਿੱਸੇ ਤੋਂ ਵਧੇਰੇ ਪਾਣੀ ਲੈਣ ਦਾ ਯਤਨ ਕੀਤਾ ਜਾ ਰਿਹਾ ਹੈ, ਉਥੇ ਪੰਜਾਬ ਹਰਿਆਣਾ ਨੂੰ ਉਸ ਦੇ ਹਿੱਸੇ ਤੋਂ ਵਧੇਰੇ ਪਾਣੀ ਦੇਣ ਤੋਂ ਇਨਕਾਰੀ ਹੈ। ਪੰਜਾਬ ਦਾ ਕਹਿਣਾ ਹੈ ਕਿ ਹਰਿਆਣਾ ਨੇ 21 ਸਤੰਬਰ 2024 ਤੋਂ 20 ਮਈ 2025 ਤੱਕ ਦੀ 'ਡਿਪਲੀਸ਼ਨ ਅਵਧੀ' ਦੌਰਾਨ ਪਹਿਲਾਂ ਹੀ ਆਪਣਾ ਨਿਰਧਾਰਤ ਹਿੱਸਾ ਵਰਤ ਲਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਦਾਅਵਾ ਕਰ ਰਹੇ ਹਨ ਕਿ ਹਰਿਆਣਾ ਪਹਿਲਾਂ ਹੀ 2.987 ਐਮ.ਏ.ਐਫ. ਦੇ ਨਿਰਧਾਰਤ ਹਿੱਸੇ ਦੇ ਬਦਲੇ 3.110 ਐਮ.ਏ.ਐਫ., ਭਾਵ 103 ਫ਼ੀਸਦੀ ਪਾਣੀ ਵਰਤ ਚੁੱਕਿਆ ਹੈ।

ਪੰਜਾਬ ਵਿੱਚੋਂ ਲੰਘਦੇ ਦਰਿਆਵਾਂ ਦੇ ਪਾਣੀਆਂ ਉੱਪਰ ਆਪਣੇ 'ਹੱਕ' ਨੂੰ ਲੈ ਕੇ ਦੋਵਾਂ ਸੂਬਿਆਂ ਦਾ ਝਗੜਾ ਕੋਈ ਨਵਾਂ ਨਹੀਂ ਹੈ, ਪਰ ਇਸ ਵਾਰ ਦੀ ਖ਼ਾਸੀਅਤ ਇਹ ਹੈ ਕਿ ਪੰਜਾਬ ਖ਼ਿਲਾਫ਼ ਹਰਿਆਣਾ, ਰਾਜਸਥਾਨ, ਦਿੱਲੀ ਅਤੇ ਕੇਂਦਰੀ ਭਾਜਪਾ ਸਰਕਾਰਾਂ ਇੱਕਜੁਟ ਹੋ ਗਈਆਂ ਹਨ। ਦਰਅਸਲ ਇਸ ਵਾਰ ਦਾ ਰੱਫ਼ੜ ਹਰਿਆਣਾ ਦੀ 8500 ਕਿਊਸਕ ਫ਼ਾਲਤੂ ਪਾਣੀ ਦੀ ਮੰਗ ਹੈ। ਜਿਸ ਲਈ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੇ ਪੰਜਾਬ ਦੇ ਵਿਰੋਧ ਦੇ ਬਾਵਜੂਦ ਛੱਡਣ ਦਾ ਫ਼ੈਸਲਾ ਲਿਆ। ਭਾਖੜਾ ਬਿਆਸ ਮੈਨੇਜ਼ਮੈਂਟ ਬੋਰਡ ਵੱਲੋਂ ਹਰਿਆਣਾ ਦਾ ਪੱਖ ਲੈਣ ਅਤੇ ਪੰਜਾਬ ਨਾਲ ਧੱਕਾ ਕਰਨ ਦਾ ਯਤਨ ਕਰਨਾ ਵੀ ਕਈ ਵੱਡੇ ਸਵਾਲ ਖੜੇ ਕਰਦਾ ਹੈ। ਇਹ ਉਹੀ ਭਾਖੜਾ ਬਿਆਸ ਮੈਨੇਜ਼ਮੈਂਟ ਬੋਰਡ ਹੈ, ਜਿਸ ਦਾ 60 ਫ਼ੀਸਦੀ ਖਰਚਾ ਪੰਜਾਬ ਚੁੱਕਦਾ ਹੈ ਪਰ ਸਿਤਮਯਰੀਫ਼ੀ ਵੇਖੋ ਕਿ ਇਹ ਬੋਰਡ ਫ਼ੈਸਲਾ ਪੰਜਾਬ ਦੇ ਖ਼ਿਲਾਫ਼ ਦਿੰਦਾ ਹੈ। ਹਰਿਆਣਾ ਨੂੰ ਧੱਕੇ ਨਾਲ ਹੀ ਪਾਣੀ ਦੇਣ ਲਈ ਇਸ ਬੋਰਡ ਦੀਆਂ ਅੱਧੀਂ ਰਾਤ ਵੇਲੇ ਵੀ ਮੀਟਿੰਗਾਂ ਹੋ ਜਾਂਦੀਆਂ ਹਨ। ਦੂਜੇ ਪਾਸੇ ਪੰਜਾਬ ਵੀ ਆਪਣੇ ਪਾਣੀ ਨੂੰ ਬਚਾਉਣ ਲਈ ਡਟ ਕੇ ਪਹਿਰਾ ਦੇ ਰਿਹਾ ਹੈ। ਪੰਜਾਬ ਦਾ ਤਰਕ ਹੈ ਕਿ ਜੇ ਹੁਣ ਹੋਰ ਪਾਣੀ ਛੱਡਿਆ ਗਿਆ, ਤਾਂ 10 ਜੂਨ ਤੋਂ ਬਾਅਦ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ ਅਤੇ ਤਰਨ ਤਾਰਨ ਵਿੱਚ ਝੋਨੇ ਦੀ ਫ਼ਸਲ ਪ੍ਰਭਾਵਿਤ ਹੋਏਗੀ। ਇਸ ਦੇ ਨਾਲ ਹੀ ਪੰਜਾਬ ਵੱਲੋਂ ਹਰਿਆਣਾ ਨੂੰ ਵਾਧੂ ਪਾਣੀ ਨਾ ਦੇਣ ਦਾ ਅਸਲ ਕਾਰਨ ਸਾਹਮਣੇ ਆਇਆ ਹੈ। ਦਰਅਸਲ, ਪੰਜਾਬ ਅੰਦਰ ਭੂਮੀਗਤ ਪਾਣੀ ਦਾ ਪੱਧਰ ਤੇਜ਼ੀ ਨਾਲ ਡਿੱਗ ਰਿਹਾ ਹੈ ਤੇ 118 ਬਲਾਕ ਰੈੱਡ ਜ਼ੋਨ ਵਿੱਚ ਪਹੁੰਚ ਗਏ ਹਨ।

ਹਰਿਆਣਾ ਨੂੰ ਵਾਧੂ ਪਾਣੀ ਦੇਣ ਦੇ ਮਸਲੇ 'ਤੇ ਸਰਬ ਪਾਰਟੀ ਮੀਟਿੰਗ ਤੋਂ ਬਾਅਦ ਲੰਘੇ ਦਿਨੀਂ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਹੋਇਆ। ਪੰਜਾਬ ਵਿਧਾਨ ਸਭਾ ਵਿੱਚ ਪਾਸ ਕੀਤੇ ਗਏ ਮਤੇ ਮੁਤਾਬਕ ਪੰਜਾਬ ਆਪਣੇ ਹਿੱਸੇ ਦੇ ਪਾਣੀ ਦੀ ਇੱਕ ਬੂੰਦ ਵੀ ਹਰਿਆਣਾ ਨੂੰ ਨਹੀਂ ਦੇਵੇਗਾ। ਸਦਨ ਨੇ ਡੈਮ ਸੇਫ਼ਟੀ ਐਕਟ 2021 ਨੂੰ ਪੰਜਾਬ ਦੇ ਅਧਿਕਾਰਾਂ 'ਤੇ ਹਮਲਾ ਮੰਨਿਆ ਹੈ।

ਵੱਡਾ ਸਵਾਲ ਇਹ ਖੜਾ ਹੁੰਦਾ ਹੈ ਕਿ ਸਤਲੁਜ, ਰਾਵੀ ਤੇ ਬਿਆਸ ਦਰਿਆ ਸਿਰਫ਼ ਪੰਜਾਬ 'ਚੋਂ ਵਗਦੇ ਹਨ, ਫ਼ਿਰ ਉਨ੍ਹਾਂ ਦਾ ਪਾਣੀ ਦੂਜੇ ਸੂਬਿਆਂ ਨੂੰ ਕਿਸ ਆਧਾਰ 'ਤੇ ਵੰਡਿਆ ਜਾ ਰਿਹਾ ਹੈ? ਸੰਨ 1981 'ਚ ਇਨ੍ਹਾਂ ਦਰਿਆਵਾਂ ਦੇ ਪਾਣੀਆਂ ਦੀ ਵੰਡ ਸਮਝੌਤੇ ਵਿੱਚ ਲਿਖੀ ਗਈ ਪਾਣੀ ਦੀ ਮਾਤਰਾ ਤੇ ਅਸਲ 'ਚ ਉਪਲਬਧ ਪਾਣੀ ਦੀ ਮਾਤਰਾ ਵਿੱਚ ਬਹੁਤ ਵੱਡਾ ਫ਼ਰਕ ਹੈ। ਇਸ ਸਮੇਂ ਪੰਜਾਬ ਦੇ ਦਰਿਆਵਾਂ ਵਿੱਚ ਪਾਣੀ ਦੀ ਵੱਡੀ ਘਾਟ ਹੈ।

ਬਰਸਾਤਾਂ ਵੇਲੇ ਜ਼ਰੂਰ ਦਰਿਆਵਾਂ ਵਿੱਚ ਹੜ੍ਹ ਆ ਜਾਂਦੇ ਹਨ। ਜਦੋਂ ਪਾਣੀ ਦੀ ਘਾਟ ਹੁੰਦੀ ਹੈ ਤਾਂ ਹਰਿਆਣਾ ਪੰਜਾਬ ਤੋਂ ਆਪਣੇ ਹਿੱਸੇ ਤੋਂ ਵਧੇਰੇ ਪਾਣੀ ਦੀ ਮੰਗ ਕਰਦਾ ਹੈ ਪਰ ਜਦੋਂ ਪੰਜਾਬ ਦੇ ਦਰਿਆਵਾਂ ਵਿੱਚ ਹੜ੍ਹ ਆਉਂਦੇ ਹਨ ਤਾਂ ਹਰਿਆਣਾ ਅਤੇ ਰਾਜਸਥਾਨ ਵੱਲੋਂ ਪੰਜਾਬ ਦੇ ਦਰਿਆਵਾਂ ਦੇ ਪਾਣੀ ਨੂੰ ਲੈਣ ਤੋਂ ਸਪਸ਼ਟ ਇਨਕਾਰ ਕਰ ਦਿੱਤਾ ਜਾਂਦਾ ਹੈ, ਜਿਸ ਕਾਰਨ ਹੜ੍ਹਾਂ ਦਾ ਪਾਣੀ ਸਿਰਫ਼ ਪੰਜਾਬ ਦਾ ਨੁਕਸਾਨ ਕਰਦਾ ਹੈ। ਇਸੇ ਗੱਲ ਨੂੰ ਹੁਣ ਪੰਜਾਬ ਦੇ ਸਿਆਸੀ ਆਗੂਆਂ ਵੱਲੋਂ ਉਠਾਇਆ ਜਾ ਰਿਹਾ ਹੈ ਕਿ ਜਦੋਂ ਪੰਜਾਬ ਦੇ ਦਰਿਆਵਾਂ ਵਿੱਚ ਆਏ ਹੜ੍ਹਾਂ ਦਾ ਨੁਕਸਾਨ ਪੰਜਾਬ ਉਠਾਉਂਦਾ ਹੈ ਤਾਂ ਪਾਣੀ ਦੀ ਘਾਟ ਵੇਲੇ ਪੰਜਾਬ ਆਪਣੇ ਹਿੱਸੇ ਦਾ ਪਾਣੀ ਦੂਜੇ ਸੂਬਿਆਂ ਨੂੰ ਕਿਉਂ ਦੇਵੇ?

ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਜਿਸ ਤਰੀਕੇ ਨਾਲ ਪੰਜਾਬ ਦੀ 'ਆਪ' ਸਰਕਾਰ ਪੰਜਾਬ ਵਿੱਚ ਸਰਗਰਮ ਹੋਰਨਾਂ ਸਿਆਸੀ ਪਾਰਟੀਆਂ ਦੇ ਸਹਿਯੋਗ ਨਾਲ ਡਟੀ ਹੋਈ ਹੈ, ਉਸ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ ਅਤੇ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਪਾਣੀਆਂ ਦੇ ਮੁੱਦੇ 'ਤੇ ਪੰਜਾਬ ਨਾਲ ਇੱਕ ਵਾਰ ਫ਼ੇਰ ਧੱਕਾ ਨਹੀਂ ਹੋਣ ਦਿੱਤਾ ਜਾਵੇਗਾ। ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਸਾਰੇ ਪੰਜਾਬੀਆਂ ਨੂੰ ਤਿਆਰ ਰਹਿਣਾ ਚਾਹੀਦਾ ਹੈ ਪਰ ਇਹ ਲੜਾਈ ਪੂਰੀ ਤਰ੍ਹਾਂ ਸੁਚੇਤ ਹੋ ਕੇ ਲੜਨੀ ਚਾਹੀਦੀ ਹੈ ਅਤੇ ਆਪਣੇ ਹੱਕਾਂ ਦੀ ਰਾਖੀ ਕਰਨੀ ਚਾਹੀਦੀ ਹੈ।



### ਕਿਵੇਂ ਹੋਈ ਸੀ ਪਾਣੀਆਂ ਦੀ ਵੰਡ ?

ਜੇ ਬੀਤੇ ਸਮੇਂ ਦੌਰਾਨ ਦਰਿਆਵਾਂ ਦੇ ਪਾਣੀਆਂ ਦੀ ਹੋਈ ਵੰਡ 'ਤੇ ਨਜ਼ਰ ਮਾਰੀਏ ਤਾਂ ਇਹ ਸਾਹਮਣੇ ਆਉਂਦਾ ਹੈ ਕਿ 1960 ਦੇ ਸਿੰਧੂ ਜਲ ਸਮਝੌਤੇ ਅਨੁਸਾਰ ਸਤਲੁਜ, ਰਾਵੀ ਅਤੇ ਬਿਆਸ ਦੇ ਪਾਣੀ ਦਾ ਹੱਕ ਭਾਰਤ ਨੂੰ ਮਿਲਿਆ। 1966 ਵਿੱਚ ਪੰਜਾਬ ਦੇ ਦੁਬਾਰਾ ਗਠਨ ਤੋਂ ਬਾਅਦ ਭਾਖੜਾ ਮੈਨੇਜਮੈਂਟ ਬੋਰਡ (ਬੀ.ਐਮ.ਬੀ.) ਬਣਾਇਆ ਗਿਆ। ਭਾਖੜਾ-ਨੰਗਲ ਪ੍ਰੋਜੈਕਟ ਦਾ ਪ੍ਰਬੰਧ 1967 ਵਿੱਚ ਇਸ ਨੂੰ ਦਿੱਤਾ ਗਿਆ। ਬਾਅਦ ਵਿੱਚ, ਬਿਆਸ ਪ੍ਰੋਜੈਕਟ ਦੇ ਪੂਰਾ ਹੋਣ ਉਪਰੰਤ, ਬਿਆਸ ਕੰਸਟ੍ਰਕਸ਼ਨ ਬੋਰਡ ਨੂੰ ਬੀ.ਐਮ.ਬੀ. ਵਿੱਚ ਮਿਲਾ ਦਿੱਤਾ ਗਿਆ ਤੇ 1976 ਵਿੱਚ ਨਾਮ ਬਦਲ ਕੇ ਬੀ.ਬੀ.ਐਮ.ਬੀ. ਕਰ ਦਿੱਤਾ ਗਿਆ। ਇਹ ਬੋਰਡ ਪੰਜਾਬ, ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼, ਦਿੱਲੀ ਅਤੇ ਚੰਡੀਗੜ੍ਹ ਨੂੰ ਪਾਣੀ ਦੀ ਸਪਲਾਈ ਯਕੀਨੀ ਬਣਾਉਂਦਾ ਹੈ। ਹਰ ਸਾਲ ਦੋ ਵਾਰੀ ਪਾਣੀ ਦੀ ਵੰਡ ਹੁੰਦੀ ਹੈ। ਡਿਪਲੀਸ਼ਨ ਪੀਰੀਅਡ 21 ਸਤੰਬਰ ਤੋਂ 20 ਮਈ ਅਤੇ ਫ਼ਿਲਿੰਗ ਪੀਰੀਅਡ 21 ਮਈ ਤੋਂ 20 ਸਤੰਬਰ ਤੱਕ ਹੁੰਦਾ ਹੈ।

### ਕੀ ਹੈ ਪਾਣੀਆਂ ਦਾ ਰਾਇਪੇਰੀਅਨ ਕਾਨੂੰਨ ?



ਅੰਤਰਰਾਸ਼ਟਰੀ ਰਾਇਪੇਰੀਅਨ ਕਾਨੂੰਨ ਮੁਤਾਬਿਕ ਮੈਦਾਨੀ ਇਲਾਕਿਆਂ ਵਿੱਚ ਦਰਿਆਵਾਂ ਦੇ ਕੰਢੇ ਪੈਂਦੇ ਖੇਤਰ, ਜਿਹੜੇ ਕਿ ਦਰਿਆਵਾਂ ਦੁਆਰਾ ਕੀਤੇ ਜਾਂਦੇ ਨੁਕਸਾਨ ਨੂੰ ਝੱਲਦੇ ਹਨ, ਦਰਿਆਵਾਂ ਦੇ ਪਾਣੀਆਂ ਉੱਤੇ ਉਨ੍ਹਾਂ ਦਾ ਹੀ ਹੱਕ ਹੁੰਦਾ ਹੈ ਜਾਂ ਕਹਿ ਲਈਏ ਕਿ ਪਾਣੀ ਜਿਸ ਜ਼ਮੀਨ ਵਿੱਚੋਂ ਕੁਦਰਤੀ ਤੌਰ 'ਤੇ ਵਹਿੰਦਾ ਹੈ, ਉਸ ਦੀ ਵਰਤੋਂ ਕਰਨ ਦਾ ਅਧਿਕਾਰ ਉਸ ਜ਼ਮੀਨ ਦੇ ਮਾਲਕਾਂ ਦਾ ਹੀ ਹੁੰਦਾ ਹੈ। ਅੰਤਰਰਾਸ਼ਟਰੀ ਪਾਣੀਆਂ ਦੇ ਕਾਨੂੰਨ ਮੁਤਾਬਿਕ ਪੰਜਾਬ ਇੱਕ ਰਾਇਪੇਰੀਅਨ ਸਟੇਟ ਹੈ। ਇਹਨਾਂ ਕਾਨੂੰਨਾਂ ਅਨੁਸਾਰ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ 'ਤੇ ਸਿਰਫ਼ ਪੰਜਾਬ ਦਾ ਹੀ ਹੱਕ ਹੈ। ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਪੰਜਾਬ ਦਾ ਪਾਣੀ ਅੰਗਰੇਜ਼ਾਂ ਦੇ ਵੇਲੇ ਸਿਰਫ਼ ਬੀਕਾਨੇਰ ਨੂੰ ਦਿੱਤਾ ਜਾਂਦਾ ਸੀ ਜਿਸ ਦਾ ਮਾਲੀਆ ਬੀਕਾਨੇਰ ਦੇ ਰਾਜਾ ਦੁਆਰਾ ਪੰਜਾਬ ਨੂੰ ਦਿੱਤਾ ਜਾਂਦਾ ਸੀ ਪਰ ਆਜ਼ਾਦੀ ਤੋਂ ਬਾਅਦ ਭਾਰਤ ਸਰਕਾਰ ਨੇ ਸਭ ਤੋਂ ਪਹਿਲਾਂ ਕੰਮ ਹੀ ਇਹ ਕੀਤਾ ਕਿ ਰਾਜਸਥਾਨ ਨੂੰ ਦਿੱਤਾ ਜਾ ਰਿਹਾ ਪੰਜਾਬ ਦਾ ਪਾਣੀ ਮੁਫ਼ਤ ਕਰ ਦਿੱਤਾ। ਉਸ ਤੋਂ ਬਾਅਦ ਤਾਂ ਦੂਜੇ ਸੂਬਿਆਂ ਨੂੰ ਪੰਜਾਬ ਦਾ ਪਾਣੀ ਮੁਫ਼ਤ ਦਿੱਤੇ ਜਾਣ ਦੀ ਝੜੀ ਹੀ ਲੱਗ ਗਈ। ਅੱਜ ਪੰਜਾਬ ਦਾ ਕਰੀਬ 75 ਫ਼ੀਸਦੀ ਪਾਣੀ ਦੂਜੀਆਂ ਸਟੇਟਾਂ ਨੂੰ ਮੁਫ਼ਤ ਵਿੱਚ ਲੁਟਾਇਆ ਜਾ ਰਿਹਾ ਹੈ।

ਪਾਠਕਾਂ ਲਈ ਵਿਸ਼ੇਸ਼ ਸੂਚਨਾ

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

www.amritsartimes.live

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

# ਜੇ ਭਾਰਤ-ਪਾਕਿ ਯੁੱਧ ਹੋਇਆ ਤਾਂ ਪੂਰੇ ਵਿਸ਼ਵ ਉੱਪਰ ਖ਼ਤਰਨਾਕ ਪ੍ਰਭਾਵ ਪੈਣਗੇ ?



ਪ੍ਰੋ.ਫੈਸਰ ਬਲਵਿੰਦਰ ਪਾਲ ਸਿੰਘ
9815700916

## ਪਰਮਾਣੂ ਯੁੱਧ ਦੀ ਭਵਿੱਖਬਾਣੀ ਬਾਰੇ 'ਕੋਲੋਰਾਡੋ ਯੂਨੀਵਰਸਿਟੀ' ਦੇ ਵਿਗਿਆਨੀਆਂ ਨੇ ਕੀ ਕਿਹਾ ?

## ਵਾਤਾਵਰਣ ਤੇ ਖ਼ੁਰਾਕ ਦਾ ਉਜਾੜਾ ਹੋਵੇਗਾ, ਧੂੰਆਂ ਵਾਯੂਮੰਡਲ 'ਚ ਬਣਿਆ ਰਹੇਗਾ

ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਯੁੱਧ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਹਾਲਾਂਕਿ, ਅੱਜ ਤੋਂ ਛੇ ਸਾਲ ਪਹਿਲਾਂ 2019 ਵਿੱਚ ਇੱਕ ਅਧਿਐਨ ਵਿੱਚ ਇਹ ਦੱਸਿਆ ਗਿਆ ਸੀ ਕਿ 2025 ਵਿੱਚ ਭਾਰਤ-ਪਾਕਿਸਤਾਨ ਵਿਚਕਾਰ ਯੁੱਧ ਹੋ ਸਕਦਾ ਹੈ। ਇਸ ਅਧਿਐਨ ਵਿੱਚ ਕਈ ਗੱਲਾਂ ਦਾ ਅਨੁਮਾਨ ਲਗਾਇਆ ਗਿਆ ਸੀ, ਪਰ ਮੁੱਖ ਫ਼ੋਕਸ ਇਸ ਗੱਲ 'ਤੇ ਸੀ ਕਿ ਜੇਕਰ ਪਰਮਾਣੂ ਯੁੱਧ ਹੋ ਜਾਵੇ ਤਾਂ ਕੀ ਹੋਵੇਗਾ ?

ਪਾਕਿਸਤਾਨ ਪਿਛਲੇ ਕਈ ਦਿਨਾਂ ਤੋਂ ਭਾਰਤ ਨਾਲ ਯੁੱਧ ਦੀਆਂ ਧਮਕੀਆਂ ਦੇ ਰਿਹਾ ਹੈ। ਪਾਕਿਸਤਾਨ ਦੇ ਰੱਖਿਆ ਮੰਤਰੀ ਤੋਂ ਲੈ ਕੇ ਸੂਚਨਾ ਮੰਤਰੀ ਤੱਕ ਭਾਰਤ ਨੂੰ ਪਰਮਾਣੂ ਯੁੱਧ ਦੀਆਂ ਧਮਕੀਆਂ ਦੇ ਰਹੇ ਹਨ। ਇਸ ਦੌਰਾਨ ਭਾਰਤ ਨੇ ਹੁਣ ਤੱਕ ਸੰਜਮ ਵਰਤਿਆ ਹੈ ਅਤੇ ਬਿਆਨਬਾਜ਼ੀ ਤੋਂ ਪਰਹੇਜ਼ ਕੀਤਾ ਹੈ। ਡਬਲਯੂ.ਆਈ.ਓ.ਐਨ. ਨਿਊਜ਼ ਦੀ ਰਿਪੋਰਟ ਅਨੁਸਾਰ, ਇਸ ਅਧਿਐਨ ਦੀ ਅਗਵਾਈ ਕੋਲੋਰਾਡੋ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਰਟਗਰਜ਼ ਯੂਨੀਵਰਸਿਟੀ ਦੇ ਖੋਜਕਰਤਾਵਾਂ ਨਾਲ ਮਿਲ ਕੇ ਕੀਤੀ ਸੀ। ਇਸ ਨੂੰ ਸਾਇੰਸ ਅਡਵਾਂਸਜ਼ ਜਰਨਲ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ। ਅਧਿਐਨ ਵਿੱਚ ਅਮਰੀਕੀ ਨੈਸ਼ਨਲ ਸੈਂਟਰ ਫ਼ਾਰ ਐਟਮਾਸਫ਼ੇਰਿਕ ਰਿਸਰਚ, ਫ਼ੈਡਰੇਸ਼ਨ ਆਫ਼ ਅਮੈਰੀਕਨ ਸਾਇੰਟਿਸਟਸ, ਨੈਚੁਰਲ ਰਿਸੋਰਸਜ਼ ਡਿਫ਼ੈਂਸ ਕੌਂਸਲ, ਯੂਨੀਵਰਸਿਟੀ ਆਫ਼ ਟੈਕਸਸ ਰੀਓ ਗ੍ਰਾਂਡੇ ਅਤੇ ਯੂਨੀਵਰਸਿਟੀ ਆਫ਼ ਕੈਲੀਫ਼ੋਰਨੀਆ ਐਟ ਲਾਸ ਐਂਜਲਸ ਤੋਂ ਇਨਪੁਟਸ ਦੀ ਵਰਤੋਂ ਕੀਤੀ ਗਈ। ਅਧਿਐਨ ਦਾ ਮੁੱਖ ਉਦੇਸ਼ ਪਰਮਾਣੂ ਯੁੱਧ ਵਿਰੁੱਧ ਚਿਤਾਵਨੀ ਦੇਣਾ ਅਤੇ ਇਸ ਦੇ ਵਿਰੁੱਧ ਵਿਸ਼ਵ ਪੱਧਰ 'ਤੇ ਸੰਮੇਲਨਾਂ ਦੇ ਮਹੱਤਵ 'ਤੇ ਜ਼ੋਰ ਦੇਣਾ ਸੀ। ਖਾਸ ਤੌਰ 'ਤੇ, ਇਸ ਨੇ 2017 ਵਿੱਚ ਸੰਯੁਕਤ ਰਾਸ਼ਟਰ ਦੀ ਪਰਮਾਣੂ ਹਥਿਆਰਾਂ 'ਤੇ ਪਾਬੰਦੀ ਦੀ ਸੰਧੀ ਦੇ ਮਹੱਤਵ 'ਤੇ ਰੌਸ਼ਨੀ ਪਾਈ। ਲੇਖਕਾਂ ਨੇ ਉਸ ਸਮੇਂ ਉਪਲਬਧ ਡੇਟਾ ਦੇ ਅਧਾਰ 'ਤੇ ਅਨੁਮਾਨ ਲਗਾਇਆ ਸੀ ਕਿ ਦੋ ਦੱਖਣੀ ਏਸ਼ੀਆਈ ਦੇਸ਼ਾਂ ਵਿਚਕਾਰ ਪਰਮਾਣੂ ਯੁੱਧ ਕਿੰਨਾ ਵਿਨਾਸ਼ਕਾਰੀ ਹੋ ਸਕਦਾ ਹੈ, ਨਾ ਸਿਰਫ਼ ਖੇਤਰ ਲਈ ਸਗੋਂ ਪੂਰੀ ਦੁਨੀਆਂ ਲਈ।



**ਵਿਸ਼ਵ ਮੀਡੀਆ ਸਹਿਮਤ ਹੈ ਕਿ ਭਾਰਤ-ਪਾਕਿਸਤਾਨ ਵਿਚਕਾਰ ਪਰਮਾਣੂ ਯੁੱਧ ਦੀ ਸੰਭਾਵਨਾ ਘੱਟ ਹੈ, ਪਰ ਅੱਤਵਾਦੀ ਹਮਲਿਆਂ, ਕਸ਼ਮੀਰ ਮੁੱਦੇ, ਅਤੇ ਗਲਤ ਅੰਦਾਜ਼ਿਆਂ ਕਾਰਨ ਸਥਿਤੀ ਅਚਾਨਕ ਵਿਗੜ ਸਕਦੀ ਹੈ। ਜ਼ਿਆਦਾਤਰ ਮੀਡੀਆ ਸੰਸਥਾਵਾਂ ਨੇ ਪਰਮਾਣੂ ਨਿਸ਼ਸਤਰੀਕਰਨ ਅਤੇ ਸੰਯੁਕਤ ਰਾਸ਼ਟਰ ਵਰਗੇ ਅੰਤਰਰਾਸ਼ਟਰੀ ਸੰਗਠਨਾਂ ਦੀ ਵਿਚੋਲਗੀ ਦੀ ਮੰਗ ਕੀਤੀ ਹੈ। 2019 ਦੀ ਸਟੱਡੀ ਨੂੰ ਅਕਸਰ ਹਵਾਲੇ ਵਜੋਂ ਵਰਤਿਆ ਜਾਂਦਾ ਹੈ, ਜੋ ਪਰਮਾਣੂ ਯੁੱਧ ਦੇ ਵਿਨਾਸ਼ਕਾਰੀ ਨਤੀਜਿਆਂ ਨੂੰ ਉਜਾਗਰ ਕਰਦੀ ਹੈ। ਮੌਜੂਦਾ ਸਥਿਤੀ ਅਸਥਿਰ ਹੈ, ਅਤੇ ਵਿਸ਼ਵ ਮੀਡੀਆ ਦੀ ਨਜ਼ਰ ਇਸ 'ਤੇ ਬਣੀ ਹੋਈ ਹੈ। ਸੰਘਰਸ਼ ਨੂੰ ਰੋਕਣ ਲਈ ਅੰਤਰਰਾਸ਼ਟਰੀ ਦਬਾਅ ਅਤੇ ਸੰਜਮੀ ਰਾਜਨੀਤਕ ਫ਼ੈਸਲਿਆਂ ਦੀ ਜ਼ਰੂਰਤ ਹੈ।**

## ਵਿਸ਼ਵ ਪੱਧਰ ਦੀਆਂ ਅਖ਼ਬਾਰਾਂ ਦਾ ਦ੍ਰਿਸ਼ਟੀਕੋਣ

ਵਿਸ਼ਵ ਪੱਧਰ ਦੀਆਂ ਅਖ਼ਬਾਰਾਂ ਅਤੇ ਮੀਡੀਆ ਸੰਸਥਾਵਾਂ ਨੇ ਭਾਰਤ-ਪਾਕਿਸਤਾਨ ਵਿਚਕਾਰ ਵਧਦੇ ਤਣਾਅ ਅਤੇ ਸੰਭਾਵਿਤ ਯੁੱਧ, ਖਾਸ ਕਰਕੇ ਪਰਮਾਣੂ ਯੁੱਧ ਦੇ ਮੁੱਦੇ 'ਤੇ ਵਿਆਪਕ ਵਿਸ਼ਲੇਸ਼ਣ ਪੇਸ਼ ਕੀਤਾ ਹੈ। ਹੇਠਾਂ ਕੁਝ ਮੁੱਖ ਵਿਸ਼ਲੇਸ਼ਣ ਹਨ, ਜੋ ਵੱਖ-ਵੱਖ ਸਰੋਤਾਂ ਅਤੇ ਮੌਜੂਦਾ ਜਾਣਕਾਰੀ 'ਤੇ ਅਧਾਰਿਤ ਹਨ:

ਬੁਲੇਟਿਨ ਆਫ਼ ਦਿ ਐਟੋਮਿਕ ਸਾਇੰਟਿਸਟਸ: ਇਸ ਨੇ 2019 ਦੀ ਸਟੱਡੀ ਦੇ ਹਵਾਲੇ ਨਾਲ ਭਾਰਤ-ਪਾਕਿਸਤਾਨ ਪਰਮਾਣੂ ਯੁੱਧ ਦੇ ਵਿਸ਼ਵਵਿਆਪੀ ਨਤੀਜਿਆਂ 'ਤੇ ਚਰਚਾ ਕੀਤੀ। ਇਸ ਅਨੁਸਾਰ, ਪਰਮਾਣੂ ਯੁੱਧ ਨਾ ਸਿਰਫ਼ ਦੱਖਣੀ ਏਸ਼ੀਆ ਨੂੰ, ਸਗੋਂ ਪੂਰੀ ਦੁਨੀਆਂ ਨੂੰ ਵਾਤਾਵਰਣ ਅਤੇ ਮਾਨਵੀ ਨੁਕਸਾਨ ਦੇ ਮਾਮਲੇ ਵਿੱਚ ਤਬਾਹ ਕਰ ਸਕਦਾ ਹੈ। ਇਸ ਨੇ ਪਰਮਾਣੂ ਨਿਸ਼ਸਤਰੀਕਰਨ ਦੀ ਮੰਗ ਨੂੰ ਦੁਹਰਾਇਆ।

ਦਿ ਨਿਊਯਾਰਕ ਟਾਈਮਜ਼ ਅਤੇ ਵਾਸ਼ਿੰਗਟਨ ਪੋਸਟ: ਇਨ੍ਹਾਂ ਅਖ਼ਬਾਰਾਂ ਨੇ ਪਹਿਲਗਾਮ ਹਮਲੇ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਵਧਦੇ ਤਣਾਅ 'ਤੇ ਰਿਪੋਰਟਿੰਗ ਕੀਤੀ ਹੈ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਕਸ਼ਮੀਰ ਮੁੱਦਾ ਅਤੇ ਅੱਤਵਾਦੀ ਗਤੀਵਿਧੀਆਂ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਦਾ ਮੁੱਖ ਕਾਰਨ ਹਨ। ਉਨ੍ਹਾਂ ਨੇ ਅਮਰੀਕੀ ਖ਼ੁਫ਼ੀਆ ਰਿਪੋਰਟਾਂ ਦਾ ਹਵਾਲਾ ਦਿੱਤਾ, ਜੋ ਸੁਝਾਅ ਦਿੰਦੀਆਂ ਹਨ ਕਿ ਗਲਤ ਅੰਦਾਜ਼ੇ ਜਾਂ ਅਚਾਨਕ ਫ਼ੈਸਲੇ ਪਰਮਾਣੂ ਸੰਘਰਸ਼ ਨੂੰ ਜਨਮ ਦੇ ਸਕਦੇ ਹਨ।

ਬੀ.ਬੀ.ਸੀ. ਅਤੇ ਅਲ ਜਜ਼ੀਰਾ: ਇਨ੍ਹਾਂ ਅੰਤਰਰਾਸ਼ਟਰੀ ਮੀਡੀਆ ਸੰਸਥਾਵਾਂ ਨੇ ਭਾਰਤ ਦੀ ਸੰਜਮੀ ਪਹੁੰਚ ਅਤੇ ਪਾਕਿਸਤਾਨ ਦੀਆਂ ਧਮਕੀਆਂ 'ਤੇ ਰਿਪੋਰਟ ਕੀਤੀ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਵਿਸ਼ਵ ਭਾਈਚਾਰੇ, ਖਾਸ ਕਰਕੇ ਸੰਯੁਕਤ ਰਾਸ਼ਟਰ ਅਤੇ ਅਮਰੀਕਾ, ਨੂੰ ਸੰਘਰਸ਼ ਨੂੰ ਰੋਕਣ ਲਈ ਮਦਦ ਕਰਨੀ ਚਾਹੀਦੀ। ਉਨ੍ਹਾਂ ਨੇ 2019 ਦੀ ਸਟੱਡੀ ਦੇ ਅੰਕੜਿਆਂ ਨੂੰ ਵੀ ਸਾਹਮਣੇ ਰੱਖਿਆ, ਜੋ ਪਰਮਾਣੂ ਯੁੱਧ ਦੇ ਵਿਨਾਸ਼ਕਾਰੀ ਨਤੀਜਿਆਂ ਨੂੰ ਦਰਸਾਉਂਦੀ ਹੈ।

ਦਿ ਗਾਰਡੀਅਨ: ਇਸ ਨੇ ਵਾਤਾਵਰਣ ਪ੍ਰਭਾਵਾਂ 'ਤੇ ਜ਼ੋਰ ਦਿੱਤਾ, ਜਿਵੇਂ ਕਿ ਸਟੱਡੀ ਵਿੱਚ ਜ਼ਿਕਰ ਕੀਤਾ ਗਿਆ ਸੀ ਕਿ ਪਰਮਾਣੂ ਯੁੱਧ ਨਾਲ ਨਿਕਲਣ ਵਾਲਾ ਕਾਲਾ ਕਾਰਬਨ ਵਿਸ਼ਵਵਿਆਪੀ ਜਲਵਾਯੂ ਸੰਕਟ ਪੈਦਾ ਕਰ ਸਕਦਾ ਹੈ, ਜਿਸ ਨਾਲ ਖੇਤੀਬਾੜੀ ਅਤੇ ਸਮੁੰਦਰੀ ਉਤਪਾਦਕਤਾ 'ਤੇ ਲੰਮੇ ਸਮੇਂ ਲਈ ਅਸਰ ਪੈ ਸਕਦਾ ਹੈ।

ਇੰਡੀਆ ਟੂਡੇ ਅਤੇ ਡਬਲਯੂ.ਆਈ.ਓ.ਐਨ. (ਭਾਰਤੀ ਮੀਡੀਆ): ਭਾਰਤੀ ਮੀਡੀਆ ਨੇ ਪਾਕਿਸਤਾਨ ਦੀਆਂ ਧਮਕੀਆਂ ਨੂੰ 'ਗਿੱਦੜ ਭਬਕੀ' ਦੱਸਦਿਆਂ, ਭਾਰਤ ਦੀ ਸੰਜਮੀ ਅਤੇ ਮਜ਼ਬੂਤ ਸੁਰੱਖਿਆ ਨੀਤੀ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸਟੱਡੀ ਦੇ ਅੰਕੜਿਆਂ ਨੂੰ ਸਾਹਮਣੇ ਰੱਖਦਿਆਂ, ਪਰਮਾਣੂ ਯੁੱਧ ਦੇ ਮਨੁੱਖੀ ਅਤੇ ਵਾਤਾਵਰਣ ਨੁਕਸਾਨ 'ਤੇ ਚਿੰਤਾ ਜਤਾਈ।



## ਭਾਰਤ-ਪਾਕਿਸਤਾਨ ਪਰਮਾਣੂ ਯੁੱਧ ਦੇ ਕੀ ਨਤੀਜੇ ਹੋਣਗੇ ?

ਅਧਿਐਨ ਅਨੁਸਾਰ, ਪਰਮਾਣੂ ਯੁੱਧ ਦੀ ਸਥਿਤੀ ਵਿੱਚ 100 ਮਿਲੀਅਨ ਲੋਕ ਤੁਰੰਤ ਮਰ ਜਾਣਗੇ। ਕੰਪਿਊਟਰ ਸਿਮੂਲੇਸ਼ਨ ਦੀ ਵਰਤੋਂ ਕਰਦਿਆਂ ਅਧਿਐਨ ਵਿੱਚ ਅਨੁਮਾਨ ਲਗਾਇਆ ਗਿਆ ਹੈ ਕਿ ਜੇਕਰ ਭਾਰਤ 100 ਪਰਮਾਣੂ ਸਟ੍ਰੈਟੇਜਿਕ ਹਥਿਆਰਾਂ ਦੀ ਵਰਤੋਂ ਕਰਦਾ ਹੈ ਅਤੇ ਪਾਕਿਸਤਾਨ 150 ਦੀ ਵਰਤੋਂ ਕਰਦਾ ਹੈ, ਤਾਂ ਯੁੱਧ ਤੋਂ ਬਾਅਦ ਦੇ ਪ੍ਰਭਾਵਾਂ ਨਾਲ 50 ਮਿਲੀਅਨ ਤੋਂ 125 ਮਿਲੀਅਨ ਲੋਕ ਮਰ ਸਕਦੇ ਹਨ। ਇਸ ਤੋਂ ਬਾਅਦ ਵਿਸ਼ਵ ਭਰ ਵਿੱਚ ਵੱਡੇ ਪੱਧਰ 'ਤੇ ਭੁੱਖਮਰੀ ਹੋ ਸਕਦੀ ਹੈ, ਜਿਸ ਨਾਲ ਹੋਰ ਵੀ ਮੌਤਾਂ ਹੋ ਸਕਦੀਆਂ ਹਨ।

ਰਟਗਰਜ਼ ਯੂਨੀਵਰਸਿਟੀ ਦੇ ਵਾਤਾਵਰਣ ਵਿਗਿਆਨ ਵਿਭਾਗ ਦੇ ਐਲਨ ਰੋਬੌਕ, ਜੋ ਅਧਿਐਨ ਦੇ ਸਹਿ-ਲੇਖਕ ਹਨ, ਨੇ ਉਸ ਸਮੇਂ ਕਿਹਾ ਸੀ, 'ਇਸ ਤਰ੍ਹਾਂ ਦਾ ਯੁੱਧ ਨਾ ਸਿਰਫ਼ ਉਨ੍ਹਾਂ ਸਥਾਨਾਂ ਨੂੰ ਖਤਰੇ ਵਿੱਚ ਪਾਵੇਗਾ, ਜਿੱਥੇ ਬੰਬਾਂ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ, ਸਗੋਂ ਪੂਰੀ ਦੁਨੀਆ ਨੂੰ ਖਤਰਾ ਹੋਵੇਗਾ।' 2019 ਦੇ ਅਧਿਐਨ ਵਿੱਚ ਅਨੁਮਾਨ ਲਗਾਇਆ ਗਿਆ ਸੀ ਕਿ 2025 ਤੱਕ ਭਾਰਤ ਅਤੇ ਪਾਕਿਸਤਾਨ ਕੋਲ 400 ਤੋਂ 500 ਪਰਮਾਣੂ ਹਥਿਆਰ ਹੋ ਸਕਦੇ ਹਨ। ਭਾਰਤ ਅਤੇ ਪਾਕਿਸਤਾਨ ਨੂੰ ਪਰੰਪਰਾਗਤ ਤੌਰ 'ਤੇ ਸੁਰੱਖਿਆ ਵਿਸ਼ਲੇਸ਼ਕਾਂ ਨੇ ਦੋ ਪਰਮਾਣੂ-ਹਥਿਆਰਬੰਦ ਦੇਸ਼ਾਂ ਵਜੋਂ ਵਰਣਨ ਕੀਤਾ ਹੈ, ਜੋ ਇੱਕ-ਦੂਜੇ ਦੇ ਨੇੜੇ ਹਨ।2019 ਦੇ ਅਧਿਐਨ ਦੇ ਅਨੁਮਾਨਾਂ ਅਨੁਸਾਰ, 2025 ਤੱਕ ਭਾਰਤ ਕੋਲ ਕੁੱਲ 400 ਤੋਂ 500 ਪਰਮਾਣੂ ਹਥਿਆਰ ਹੋ ਸਕਦੇ ਹਨ। ਇਨ੍ਹਾਂ ਹਥਿਆਰਾਂ ਦੀ ਵਿਸਫ਼ੋਟਕ ਸ਼ਕਤੀ 15 ਕਿਲੋਟਨ ਤੋਂ ਕਿਤੇ ਵੀ ਵਧ ਹੋ ਸਕਦੀ ਹੈ। ਇਹ 15,000 ਟਨ ਟੀਐਨਟੀ ਦੇ ਬਰਾਬਰ ਹੈ, ਜੋ 1945 ਵਿੱਚ ਹੀਰੋਸ਼ੀਮਾ 'ਤੇ ਸੁੱਟੇ ਗਏ ਅਮਰੀਕੀ ਬੰਬ ਦੇ ਬਰਾਬਰ ਹੈ।

ਅਧਿਐਨ ਅਨੁਸਾਰ, ਜੇਕਰ ਭਾਰਤ ਅਤੇ ਪਾਕਿਸਤਾਨ ਦੇ ਪਰਮਾਣੂ ਹਥਿਆਰਾਂ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਇਸ ਨਾਲ ਅੱਗ ਲੱਗ ਸਕਦੀ ਹੈ, ਜਿਸ ਨਾਲ 16 ਮਿਲੀਅਨ ਤੋਂ 36 ਮਿਲੀਅਨ ਟਨ ਕਾਲਿਕ ਜਾਂ ਕਾਲਾ ਕਾਰਬਨ ਨਿਕਲ ਸਕਦਾ ਹੈ। ਇਹ ਧੂੰਆਂ ਧਰਤੀ ਦੇ ਉਪਰਲੇ ਵਾਯੂਮੰਡਲ ਵਿੱਚ ਜਾਵੇਗਾ ਅਤੇ ਕੁਝ ਹਫ਼ਤਿਆਂ ਵਿੱਚ ਪੂਰੀ ਦੁਨੀਆ ਨੂੰ ਢੱਕ ਲਵੇਗਾ। ਅਧਿਐਨ ਦੇ ਅਨੁਮਾਨਾਂ ਅਨੁਸਾਰ, ਕਾਲਿਕ ਸੂਰਜੀ ਰੇਡੀਏਸ਼ਨ ਨੂੰ ਸੋਖ ਲਵੇਗੀ ਅਤੇ ਹਵਾ ਨੂੰ ਗਰਮ ਕਰੇਗੀ। ਫ਼ੈਲਦੇ ਧੂੰਏ ਦੇ ਨਤੀਜੇ ਵਜੋਂ ਸੂਰਜ ਦੀ ਰੌਸ਼ਨੀ 35 ਪ੍ਰਤੀਸ਼ਤ ਤੱਕ ਘੱਟ ਜਾਵੇਗੀ। ਇਸ ਨਾਲ ਧਰਤੀ ਦੀ ਸਤਹਿ 5 ਡਿਗਰੀ ਸੈਲਸੀਅਸ ਤੱਕ ਠੰਡੀ ਹੋ ਜਾਵੇਗੀ। ਬਾਰਸ਼ ਵਿੱਚ 30 ਪ੍ਰਤੀਸ਼ਤ ਤੱਕ ਕਮੀ ਆਵੇਗੀ।

ਅਧਿਐਨ ਅਨੁਸਾਰ, ਬਨਸਪਤੀ ਦੀ ਵਾਧੇ ਵਿੱਚ 30 ਪ੍ਰਤੀਸ਼ਤ ਤੱਕ ਦੀ ਗਿਰਾਵਟ ਆਵੇਗੀ। ਸਮੁੰਦਰ ਦੀ ਉਤਪਾਦਕਤਾ ਵਿੱਚ 15 ਪ੍ਰਤੀਸ਼ਤ ਤੱਕ ਦੀ ਕਮੀ ਆਵੇਗੀ। ਇਸ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਪ੍ਰਭਾਵਾਂ ਤੋਂ ਉਭਰਨ ਵਿੱਚ ਘੱਟੋ-ਘੱਟ 10 ਸਾਲ ਲੱਗਣਗੇ, ਕਿਉਂਕਿ ਧੂੰਆਂ ਵਾਯੂਮੰਡਲ ਵਿੱਚ ਬਣਿਆ ਰਹੇਗਾ।

ਕੀ ਇਸ ਅਧਿਐਨ ਅਨੁਸਾਰ ਜੰਗ ਹੋਣ ਦੀ ਸੰਭਾਵਨਾ ਹੈ ?

2019 ਦੀ ਸਟੱਡੀ ਨੇ 2025 ਵਿੱਚ ਭਾਰਤ-ਪਾਕਿਸਤਾਨ ਵਿਚਕਾਰ ਯੁੱਧ ਦੀ ਸੰਭਾਵਨਾ ਨੂੰ ਇੱਕ ਸੰਭਾਵਿਤ ਦ੍ਰਿਸ਼ ਵਜੋਂ ਪੇਸ਼ ਕੀਤਾ ਸੀ, ਜੋ ਕਿ ਖਾਸ ਤੌਰ 'ਤੇ ਪਰਮਾਣੂ ਯੁੱਧ ਦੇ ਵਿਨਾਸ਼ਕਾਰੀ ਨਤੀਜਿਆਂ ਨੂੰ ਉਜਾਗਰ ਕਰਨ ਲਈ ਸੀ। ਇਹ ਅਧਿਐਨ ਕਿਸੇ ਪੱਕੀ ਭਵਿੱਖਬਾਣੀ ਨਹੀਂ ਸੀ, ਸਗੋਂ ਇੱਕ ਚਿਤਾਵਨੀ ਸੀ, ਜੋ ਪਰਮਾਣੂ ਹਥਿਆਰਾਂ ਦੇ ਖਤਰਿਆਂ ਅਤੇ ਵਿਸ਼ਵਵਿਆਪੀ ਨਤੀਜਿਆਂ 'ਤੇ ਰੌਸ਼ਨੀ ਪਾਉਂਦੀ ਸੀ। ਹੁਣੇ ਜਿਹੇ ਪਹਿਲਗਾਮ ਅੱਤਵਾਦੀ ਹਮਲੇ (22 ਅਪ੍ਰੈਲ 2025) ਅਤੇ ਇਸ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਵਧਦੇ ਤਣਾਅ ਨੇ ਯੁੱਧ ਦੀ ਸੰਭਾਵਨਾ ਨੂੰ ਮੁੜ ਚਰਚਾ ਵਿੱਚ ਲਿਆਂਦਾ ਹੈ। ਪਾਕਿਸਤਾਨ ਦੇ ਮੰਤਰੀਆਂ ਵੱਲੋਂ ਪਰਮਾਣੂ ਯੁੱਧ ਦੀਆਂ ਧਮਕੀਆਂ ਅਤੇ ਭਾਰਤ ਵੱਲੋਂ ਸੰਜਮੀ ਪ੍ਰਤੀਕਿਰਿਆ ਦੇ ਬਾਵਜੂਦ, ਸਥਿਤੀ ਨਾਜ਼ੁਕ ਬਣੀ ਹੋਈ ਹੈ।

ਹਾਲਾਂਕਿ, ਖਬਰ ਅਤੇ ਸਟੱਡੀ ਦੇ ਅਧਾਰ 'ਤੇ, ਯੁੱਧ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਨਕਾਰਿਆ ਨਹੀਂ ਜਾ ਸਕਦਾ, ਪਰ ਇਹ ਸਿੱਧੇ ਤੌਰ 'ਤੇ ਯੁੱਧ ਦੀ ਪੁਸ਼ਟੀ ਨਹੀਂ ਕਰਦੀ। ਅਧਿਐਨ ਨੇ ਸੰਭਾਵਿਤ ਜੰਗੀ ਦ੍ਰਿਸ਼ 'ਤੇ ਜ਼ੋਰ ਦਿੱਤਾ ਸੀ, ਜੋ ਕਿ ਕਸ਼ਮੀਰ ਵਰਗੇ ਮੁੱਦਿਆਂ ਅਤੇ ਅੱਤਵਾਦੀ ਹਮਲਿਆਂ ਵਰਗੀਆਂ ਘਟਨਾਵਾਂ ਨਾਲ ਤਣਾਅ ਵਧਣ ਦੀ ਸਥਿਤੀ ਵਿੱਚ ਸੰਭਵ ਹੋ ਸਕਦਾ ਹੈ। ਅਮਰੀਕੀ ਖ਼ੁਫ਼ੀਆ ਰਿਪੋਰਟਾਂ (1980 ਅਤੇ 1990 ਦੇ ਦਹਾਕਿਆਂ ਤੋਂ ਡੀਕਲਾਸੀਫ਼ਾਈਡ) ਵੀ ਸੁਝਾਅ ਦਿੰਦੀਆਂ ਹਨ ਕਿ ਯੁੱਧ ਦੀ ਸੰਭਾਵਨਾ ਘੱਟ ਹੈ, ਪਰ 'ਗਲਤ ਅੰਦਾਜ਼ੇ ਜਾਂ ਤਰਕਹੀਣ ਪ੍ਰਤੀਕਿਰਿਆ' ਕਾਰਨ ਇੱਕ ਰਵਾਇਤੀ ਸੰਘਰਸ਼ ਪਰਮਾਣੂ ਸੰਘਰਸ਼ ਵਿੱਚ ਬਦਲ ਸਕਦਾ ਹੈ। ਮੌਜੂਦਾ ਸਮੇਂ ਵਿੱਚ, ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰ ਦਿੱਤਾ ਹੈ ਅਤੇ ਸਰਹੱਦਾਂ ਨੂੰ ਬੰਦ ਕਰ ਦਿੱਤਾ ਹੈ, ਜੋ ਤਣਾਅ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ। ਪਰ, ਭਾਰਤ ਦੀ ਸੰਜਮੀ ਨੀਤੀ ਅਤੇ ਵਿਸ਼ਵ ਭਾਈਚਾਰੇ ਦੀ ਨਜ਼ਰ ਇਸ ਮੁੱਦੇ 'ਤੇ ਹੋਣ ਕਾਰਨ, ਤੁਰੰਤ ਯੁੱਧ ਦੀ ਸੰਭਾਵਨਾ ਘੱਟ ਜਾਪਦੀ ਹੈ, ਹਾਲਾਂਕਿ ਸਥਿਤੀ ਅਸਥਿਰ ਹੈ।

# ਆਵਾਜ਼ ਘਰ: ਪਹਿਲੀ ਪੰਜਾਬੀ ਆਡੀਓ ਲਾਇਬ੍ਰੇਰੀ ਲਾਂਚ

## ਪੀੜ੍ਹੀਆਂ ਵਿਚਕਾਰ ਇੱਕ ਪੁਲ ਦਾ ਕੰਮ ਵੀ ਕਰਦਾ ਹੈ ਆਵਾਜ਼ ਘਰ: ਬਲਰਾਜ ਪੰਨੂ

ਚੰਡੀਗੜ੍ਹ/ਏ.ਟੀ.ਨਿਊਜ਼: 'ਆਵਾਜ਼ ਘਰ' ਦੀ ਸ਼ੁਰੂਆਤ ਨਾਲ ਪੰਜਾਬੀ ਸਾਹਿਤ ਅਤੇ ਗਿਆਨ ਨੂੰ ਸਾਂਝਾ ਕਰਨ ਦੀ ਦਿਸ਼ਾ ਵਿੱਚ ਇੱਕ ਨਵਾਂ ਅਧਿਆਏ ਸ਼ੁਰੂ ਹੋਇਆ ਹੈ। ਇਹ ਪਹਿਲੀ ਪੰਜਾਬੀ ਆਡੀਓ ਲਾਇਬ੍ਰੇਰੀ ਹੈ, ਜੋ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਅਮੀਰ ਵਿਰਸੇ ਨੂੰ ਸੰਭਾਲਣ ਅਤੇ ਉਤਸ਼ਾਹਿਤ ਕਰਨ ਲਈ ਸਮਰਪਿਤ ਹੈ।

ਆਵਾਜ਼ ਘਰ ਇੱਕ ਇਨਕਲਾਬੀ ਪਲੇਟਫਾਰਮ ਹੈ ਜੋ ਡਿਜੀਟਲ ਆਡੀਓ ਰਾਹੀਂ ਦੁਨੀਆਂ ਭਰ ਦੇ ਸਰੋਤਿਆਂ ਲਈ ਪੰਜਾਬੀ ਸਾਹਿਤ, ਇਤਿਹਾਸ, ਕਵਿਤਾ ਅਤੇ ਲੋਕਧਾਰਾ ਬਾਰੇ ਕਿਤਾਬਾਂ ਦਾ ਇੱਕ ਵਿਸ਼ਾਲ ਸੰਗ੍ਰਹਿ ਲੈ ਕੇ ਆਇਆ ਹੈ। ਲਾਂਚ ਦੇ ਸਮੇਂ ਪਲੇਟਫਾਰਮ 'ਤੇ 700 ਤੋਂ ਵੱਧ ਆਡੀਓਬੁੱਕ ਉਪਲੱਬਧ ਹਨ ਅਤੇ 300 ਹੋਰ ਕਿਤਾਬਾਂ ਪ੍ਰੋਸੈਸ ਵਿੱਚ ਹਨ। ਇਸ ਤੋਂ ਇਲਾਵਾ ਸਰੋਤਿਆਂ ਨੂੰ ਤਾਜ਼ਾ ਅਤੇ ਦਿਲਚਸਪ ਸਮੱਗਰੀ ਮਿਲਦੀ ਰਹੇ, ਇਹ ਯਕੀਨੀ ਬਣਾਉਣ ਲਈ ਹਰ ਮਹੀਨੇ ਨਵੀਆਂ ਕਿਤਾਬਾਂ ਜੋੜੀਆਂ ਜਾਣਗੀਆਂ।

ਆਵਾਜ਼ ਘਰ ਆਪਣੇ ਆਈਓਐਸ ਅਤੇ ਐਂਡਰੋਆਇਡ ਐਪਸ ਦੇ ਨਾਲ-ਨਾਲ ਵੈੱਬਸਾਈਟ 'ਤੇ ਵੀ ਉਪਲੱਬਧ ਹੈ। ਇਸ ਤੋਂ ਇਲਾਵਾ ਇਹ ਆਪਣੀ ਸਮੱਗਰੀ ਨੂੰ ਸਪੋਟੀਫਾਈ



ਵਰਗੇ ਗਲੋਬਲ ਸਟਰੀਮਿੰਗ ਪਲੇਟਫਾਰਮਾਂ 'ਤੇ ਵੀ ਉਪਲੱਬਧ ਕਰਵਾਉਂਦਾ ਹੈ, ਜਿਸ ਨਾਲ ਪੰਜਾਬ ਦੀਆਂ ਆਵਾਜ਼ਾਂ ਦੁਨੀਆਂ ਭਰ ਦੇ ਸਰੋਤਿਆਂ ਤੱਕ ਪਹੁੰਚ ਸਕਦੀਆਂ ਹਨ।

ਨਿੱਜੀ ਵਰਤੋਂ ਤੋਂ ਇਲਾਵਾ, ਆਵਾਜ਼ ਘਰ ਆਪਣੀਆਂ ਆਡੀਓਬੁੱਕਾਂ ਨੂੰ ਪ੍ਰਮੁੱਖ ਲਾਇਬ੍ਰੇਰੀਆਂ, ਯੂਨੀਵਰਸਿਟੀਆਂ ਅਤੇ ਸਕੂਲਾਂ ਲਈ ਵੀ ਉਪਲੱਬਧ ਕਰਵਾਏਗਾ, ਤਾਂ ਜੋ ਉਹ ਇਹਨਾਂ ਨੂੰ ਆਪਣੀਆਂ ਮੌਜੂਦਾ ਡਿਜੀਟਲ ਸਹੂਲਤਾਂ ਵਿੱਚ ਆਸਾਨੀ ਨਾਲ ਸ਼ਾਮਿਲ ਕਰ ਸਕਣ। ਇਸ ਪਹਿਲਕਦਮੀ ਦਾ ਉਦੇਸ਼ ਪੰਜਾਬੀ ਸਾਹਿਤਕ ਵਿਰਾਸਤ ਨੂੰ ਵਿਦਿਆਰਥੀਆਂ, ਖੋਜਕਰਤਾਵਾਂ ਅਤੇ ਆਮ ਪਾਠਕਾਂ ਤੱਕ ਪਹੁੰਚਯੋਗ ਬਣਾਉਣਾ ਹੈ, ਜੋ ਆਡੀਓ ਰਾਹੀਂ ਸਿੱਖਣਾ ਪਸੰਦ ਕਰਦੇ ਹਨ।

ਇਸਦੇ ਲਾਂਚ ਮੌਕੇ ਬੋਲਦਿਆਂ, ਆਵਾਜ਼ ਘਰ ਦੀ ਕੋ ਫਾਉਂਡਰ ਮੈਡਮ ਬਲਰਾਜ ਪੰਨੂ ਨੇ ਕਿਹਾ ਕਿ ਪੰਜਾਬੀ ਸਾਹਿਤ ਗਿਆਨ ਅਤੇ ਸੱਭਿਆਚਾਰ ਦਾ ਖਜ਼ਾਨਾ ਹੈ, ਪਰ ਇਸਨੂੰ ਹਰ ਕਿਸੇ ਲਈ ਪਹੁੰਚਯੋਗ ਬਣਾਉਣਾ ਹਮੇਸ਼ਾ ਇੱਕ ਚੁਣੌਤੀ ਰਿਹਾ ਹੈ। ਆਵਾਜ਼ ਘਰ ਰਾਹੀਂ ਅਸੀਂ ਆਪਣੀਆਂ ਕਹਾਣੀਆਂ ਅਤੇ ਗਿਆਨ ਨੂੰ ਡਿਜੀਟਲ ਯੁੱਗ ਵਿੱਚ ਲਿਆ ਰਹੇ ਹਾਂ, ਤਾਂ ਜੋ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਰਹਿਣ ਵਾਲਾ ਹਰ ਪੰਜਾਬੀ ਆਪਣੀਆਂ ਜੜ੍ਹਾਂ ਨਾਲ ਜੁੜ ਸਕੇ। ਮੈਡਮ ਬਲਰਾਜ ਪੰਨੂ ਨੇ ਕਿਹਾ ਕਿ ਆਵਾਜ਼ ਘਰ ਪੀੜ੍ਹੀਆਂ ਵਿਚਕਾਰ ਇੱਕ ਪੁਲ ਦਾ ਕੰਮ ਵੀ ਕਰਦਾ ਹੈ। ਕਲਾਸਿਕ ਅਤੇ ਆਧੁਨਿਕ ਪੰਜਾਬੀ ਰਚਨਾਵਾਂ ਨੂੰ ਆਡੀਓ ਰੂਪ ਵਿੱਚ ਪੇਸ਼ ਕਰਕੇ, ਇਹ ਨੌਜਵਾਨਾਂ ਨੂੰ ਆਪਣੇ ਵਿਰਸੇ ਦੀ ਪੜਚੋਲ ਕਰਨ ਦਾ ਇੱਕ ਨਵਾਂ ਅਤੇ ਦਿਲਚਸਪ ਤਰੀਕਾ ਪ੍ਰਦਾਨ ਕਰਦਾ ਹੈ। ਅਜਿਹੇ ਸਮੇਂ ਵਿੱਚ ਜਦੋਂ ਸਕ੍ਰੀਨ ਥਕਾਵਟ ਆਮ ਹੈ, ਆਡੀਓ ਕਹਾਣੀਆਂ ਯਾਤਰਾ ਦੌਰਾਨ ਸਾਹਿਤ ਦਾ ਆਨੰਦ ਲੈਣ ਲਈ ਇੱਕ ਮਜ਼ੇਦਾਰ ਅਤੇ ਸ਼ਕਤੀਸ਼ਾਲੀ ਵਿਕਲਪ ਪ੍ਰਦਾਨ ਕਰਦੀਆਂ ਹਨ।

ਉਹਨਾਂ ਕਿਹਾ ਕਿ ਇਸ ਤੋਂ ਇਲਾਵਾ, ਪਲੇਟਫਾਰਮ ਵੋਆਇਸ ਆਰਟਿਸਟਸ, ਨੈਰੇਟਰ ਅਤੇ ਸੱਭਿਆਚਾਰਕ ਮਾਹਰਾਂ ਨਾਲ ਮਿਲ ਕੇ ਕੰਮ ਕਰਦਾ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰੇਕ ਆਡੀਓਬੁੱਕ ਅਸਲ ਰਚਨਾ ਦੀ ਭਾਵਨਾ ਅਤੇ ਸੱਚਾਈ ਨੂੰ ਪੂਰੀ ਤਰ੍ਹਾਂ ਦਰਸਾਉਂਦੀ ਹੈ। ਇਹ ਸਮੂਹਿਕ ਯਤਨ ਪੰਜਾਬੀ ਸੱਭਿਆਚਾਰ ਵਿੱਚ ਮੌਖਿਕ ਪਰੰਪਰਾ ਦੀ ਮਹੱਤਤਾ ਨੂੰ ਦਰਸਾਉਂਦਾ ਹੈ।

ਸਾਡਾ ਪਲੇਟਫਾਰਮ ਅਤਿ-ਆਧੁਨਿਕ ਅਤੇ ਸਥਾਪਿਤ ਲੇਖਕਾਂ ਦੋਵਾਂ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਲਈ ਸਮਰਪਿਤ ਹੈ, ਤਾਂ ਜੋ ਹਰੇਕ ਆਵਾਜ਼ ਨੂੰ ਸੁਣਿਆ ਅਤੇ ਪ੍ਰਸ਼ੰਸਾ ਕੀਤੀ ਜਾ ਸਕੇ। ਅਸੀਂ ਇੱਕ ਵਿਭਿੰਨ ਸਾਹਿਤਕ ਭਾਈਚਾਰੇ ਨੂੰ ਉਤਸ਼ਾਹਿਤ ਕਰਨ ਵਿੱਚ ਵਿਸ਼ਵਾਸ ਰੱਖਦੇ ਹਾਂ, ਜਿੱਥੇ ਹਰ ਪਿਛੋਕੜ ਅਤੇ ਅਨੁਭਵ ਪੱਧਰ ਦੇ ਲੇਖਕ ਆਪਣਾ ਕੰਮ ਸਾਂਝਾ ਕਰ ਸਕਣ।

# 72 ਮਿੰਟਾਂ ਵਿੱਚ 5 ਅਰਬ ਲੋਕਾਂ ਨੂੰ ਮਾਰ ਦੇਵੇਗਾ ਪ੍ਰਮਾਣੂ ਯੁੱਧ

## ਪਰ ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਹਮਲਿਆਂ ਤੋਂ ਸੁਰੱਖਿਅਤ ਰਹਿਣਗੇ...

ਵਾਸ਼ਿੰਗਟਨ/ਏ.ਟੀ.ਨਿਊਜ਼: ਦੁਨੀਆਂ ਪ੍ਰਮਾਣੂ ਯੁੱਧ ਦੇ ਖ਼ਤਰੇ ਵਿੱਚ ਹੈ। ਪੱਛਮੀ ਦੇਸ਼ਾਂ ਨੂੰ ਡਰ ਹੈ ਕਿ ਯੂਕ੍ਰੇਨ ਤੋਂ ਬਾਅਦ, ਰੂਸ ਕਿਸੇ ਵੀ ਸਮੇਂ ਉਨ੍ਹਾਂ ਉੱਪਰ ਹਮਲਾ ਕਰ ਸਕਦਾ ਹੈ, ਜਿਸ ਨਾਲ ਪ੍ਰਮਾਣੂ ਯੁੱਧ ਦਾ ਖ਼ਤਰਾ ਪੈਦਾ ਹੋਵੇਗਾ। ਪਹਿਲਾਂ, ਰੂਸ ਦੇ ਯੂਕ੍ਰੇਨ 'ਤੇ ਵੀ ਪ੍ਰਮਾਣੂ ਹਮਲੇ ਦੀ ਸੰਭਾਵਨਾ ਸੀ। ਹੁਣ ਪ੍ਰਮਾਣੂ ਯੁੱਧ ਮਾਹਿਰ ਅਤੇ ਜਾਂਚ ਪੱਤਰਕਾਰ ਐਨੀ ਜੈਕਬਸਨ ਨੇ ਕਿਹਾ ਹੈ ਕਿ ਜੇਕਰ ਪ੍ਰਮਾਣੂ ਯੁੱਧ ਸ਼ੁਰੂ ਹੋ ਜਾਂਦਾ ਹੈ, ਤਾਂ ਇੱਕ ਘੰਟੇ ਤੋਂ ਵੀ ਘੱਟ ਸਮੇਂ ਵਿੱਚ ਪੰਜ ਅਰਬ ਲੋਕ ਮਰ ਸਕਦੇ ਹਨ। ਉਹ ਕਹਿੰਦੀ ਹੈ ਕਿ ਸਿਰਫ਼ ਦੋ ਦੇਸ਼ਾਂ ਕੋਲ ਬਚਣ ਦੀ ਅਸਲ ਸੰਭਾਵਨਾ ਹੈ, ਅਰਥਾਤ ਨਿਊਜ਼ੀਲੈਂਡ ਅਤੇ ਆਸਟ੍ਰੇਲੀਆ। 'ਦ ਡਾਇਰੀ ਆਫ਼ ਏ ਸੀ.ਈ.ਓ.' ਪੋਡਕਾਸਟ 'ਤੇ ਇੱਕ ਇੰਟਰਵਿਊ ਵਿੱਚ, ਜੈਕਬਸਨ ਨੇ ਤਬਾਹੀ ਦੀ ਕਲਪਨਾਯੋਗ ਸਮਾਂ-ਰੇਖਾ ਦਾ ਖੁਲਾਸਾ ਕੀਤਾ। ਉਸਨੇ ਕਿਹਾ ਕਿ ਇੱਕ ਬੈਲਿਸਟਿਕ ਮਿਜ਼ਾਈਲ ਨੂੰ ਰੂਸੀ ਲਾਂਚਪੈਡ ਤੋਂ ਅਮਰੀਕਾ ਦੇ ਪੂਰਬੀ ਤੱਟ ਤੱਕ ਪਹੁੰਚਣ ਵਿੱਚ 26 ਮਿੰਟ ਅਤੇ 40 ਸਕਿੰਟ ਲੱਗਦੇ ਹਨ। ਇਹ 1959-60 ਵਿੱਚ ਸੱਚ ਸੀ ਜਦੋਂ ਹਰਬ ਯੌਰਕ (ਪ੍ਰਮਾਣੂ



ਭੌਤਿਕ ਵਿਗਿਆਨੀ ਅਤੇ ਸਾਬਕਾ ਪੈਂਟਾਗਨ ਵਿਗਿਆਨੀ) ਨੇ ਪਹਿਲੀ ਵਾਰ ਵਿਸ਼ਲੇਸ਼ਣ ਕੀਤਾ ਸੀ, ਅਤੇ ਇਹ ਅੱਜ ਵੀ ਸੱਚ ਹੈ।

**ਮਨੁੱਖਤਾ ਕੋਲ 90 ਮਿੰਟਾਂ ਤੋਂ ਵੀ ਘੱਟ ਸਮਾਂ**

ਜੈਕਬਸਨ 2016 ਵਿੱਚ ਪੈਂਟਾਗਨ ਦੀ ਖੋਜ ਏਜੰਸੀ ਡੀ.ਏ.ਆਰ.ਪੀ.ਏ. 'ਤੇ ਆਪਣੇ ਖੋਜੀ ਕੰਮ ਲਈ ਪੁਲਿਤਜ਼ਰ ਫਾਈਨਲਿਸਟ ਸੀ। ਉਸਨੇ ਕਿਹਾ ਕਿ ਮਨੁੱਖਤਾ ਕੋਲ ਦੁਨੀਆਂ ਨੂੰ ਮੂਲ ਰੂਪ ਵਿੱਚ ਬਦਲਣ ਤੋਂ ਪਹਿਲਾਂ 90 ਮਿੰਟਾਂ ਤੋਂ ਵੀ ਘੱਟ ਸਮਾਂ ਹੋਵੇਗਾ। ਪ੍ਰਮਾਣੂ ਯੁੱਧ ਬਾਰੇ ਭਿਆਨਕ ਸੱਚਾਈ ਦਾ ਇੱਕ ਹਿੱਸਾ ਇਹ ਹੈ ਕਿ ਜੇਕਰ ਪ੍ਰਮਾਣੂ ਹਮਲੇ ਕੀਤੇ ਜਾਂਦੇ ਹਨ, ਤਾਂ ਹਰ ਦੇਸ਼, ਜਿਸ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਉਸਨੂੰ ਪਤਾ ਲੱਗ ਜਾਵੇਗਾ ਕਿ ਉਨ੍ਹਾਂ ਕੋਲ ਕਿੰਨਾ ਸਮਾਂ ਹੈ। ਜੈਕਬਸਨ ਨੇ ਕਿਹਾ ਕਿ ਹਮਲੇ ਦੀ ਸਥਿਤੀ ਵਿੱਚ, ਅਮਰੀਕੀ ਰਾਸ਼ਟਰਪਤੀ ਕੋਲ 'ਬਲੈਕ ਬੁੱਕ' ਵਜੋਂ ਜਾਣੇ ਜਾਂਦੇ ਜਵਾਬੀ-ਵਿਕਲਪਾਂ ਦੇ ਇੱਕ ਵਰਗੀਕ੍ਰਿਤ ਸੈਟ ਦੀ ਵਰਤੋਂ ਕਰਕੇ ਜਵਾਬੀ ਹਮਲੇ ਉੱਪਰ ਫੈਸਲਾ ਲੈਣ ਲਈ ਸਿਰਫ ਛੇ ਮਿੰਟ ਹੁੰਦੇ ਹਨ ਅਤੇ ਉਸ ਸਮੇਂ ਵਿੱਚ, ਬਲੈਕ ਬੁੱਕ ਖੁੱਲ੍ਹ ਜਾਂਦੀ ਹੈ। ਉਸਨੂੰ ਬਲੈਕ ਬੁੱਕ ਦੇ ਅੰਦਰ ਬਦਲਾਂ ਦੀ ਜਵਾਬੀ-ਹਮਲਾ ਸੂਚੀ ਵਿੱਚੋਂ ਇੱਕ ਵਿਕਲਪ ਚੁਣਨਾ ਪਵੇਗਾ।

**ਜਲਵਾਯੂ ਪਤਨ ਅਤੇ ਵਿਸ਼ਵਵਿਆਪੀ ਅਕਾਲ**

ਤਬਾਹੀ ਧਮਾਕੇ ਨਾਲ ਖਤਮ ਨਹੀਂ ਹੋਵੇਗੀ। ਜੈਕਬਸਨ ਨੇ ਵਾਯੂਮੰਡਲ ਵਿਗਿਆਨ ਦੇ ਮਾਹਿਰ ਪ੍ਰੋਫੈਸਰ ਬ੍ਰਾਇਨ ਟੂਨ ਦੁਆਰਾ ਕੀਤੀ ਗਈ ਖੋਜ ਦਾ ਹਵਾਲਾ ਦਿੱਤਾ, ਜਿਸਨੇ ਚੇਤਾਵਨੀ ਦਿੱਤੀ ਸੀ ਕਿ ਵਿਸ਼ਵ ਜਲਵਾਯੂ ਨੂੰ ਭਿਆਨਕ ਨੁਕਸਾਨ ਹੋਵੇਗਾ। ਉਸਨੇ ਕਿਹਾ ਕਿ ਦੁਨੀਆ ਦਾ ਜ਼ਿਆਦਾਤਰ ਹਿੱਸਾ, ਨਿਸ਼ਚਤ ਤੌਰ @ਤੇ ਮੱਧ-ਹਿੱਸਾ, ਬਰਫ਼ ਦੀਆਂ ਚਾਦਰਾਂ ਨਾਲ ਢੱਕਿਆ ਰਹੇਗਾ... ਆਇਓਵਾ ਅਤੇ ਯੂਕਰੇਨ ਵਰਗੇ ਸਥਾਨ 10 ਸਾਲਾਂ ਲਈ ਬਰਫ਼ ਨਾਲ ਢੱਕੇ ਰਹਿਣਗੇ। ਖੇਤੀਬਾੜੀ ਅਲੋਪ ਹੋ ਜਾਵੇਗੀ, ਅਤੇ ਜਦੋਂ ਖੇਤੀਬਾੜੀ ਅਸਫਲ ਹੋ ਜਾਂਦੀ ਹੈ, ਤਾਂ ਲੋਕ ਭੁੱਖਮਰੀ ਨਾਲ ਮਰਨਗੇ।

ਉਸਨੇ ਕਿਹਾ ਕਿ ਸੂਰਜ ਦੀ ਰੌਸ਼ਨੀ ਵੀ ਘਾਤਕ ਬਣ ਜਾਵੇਗੀ। ਇਸ ਤੋਂ ਇਲਾਵਾ, ਤੁਹਾਨੂੰ ਰੇਡੀਏਸ਼ਨ ਜ਼ਹਿਰ ਦਾ ਸਾਹਮਣਾ ਕਰਨਾ ਪਵੇਗਾ। ਕਿਉਂਕਿ ਓਜ਼ੋਨ ਪਰਤ ਇੰਨੀ ਖਰਾਬ ਅਤੇ ਤਬਾਹ ਹੋ ਜਾਵੇਗੀ (**ਬਾਕੀ ਸਫ਼ਾ 30 'ਤੇ**)

# ਫ਼ਲੋਰਿਡਾ 'ਚ ਵੱਡੇ ਅਪਰੇਸ਼ਨ ਦੌਰਾਨ 800 ਪ੍ਰਵਾਸੀ ਗ੍ਰਿਫ਼ਤਾਰ



ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਯੂ. ਐਸ. ਇਮੀਗ੍ਰੇਸ਼ਨ ਐਂਡ ਕਸਟਮਜ ਇਨਫ਼ੋਰਸਮੈਂਟ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਫ਼ਲੋਰਿਡਾ ਵਿੱਚ ਸਟੇਟ ਲਾਅ ਇਨਫ਼ੋਰਸਮੈਂਟ ਅਫ਼ਸਰਾਂ ਦੇ ਸਹਿਯੋਗ ਨਾਲ ਇੱਕ ਵੱਡੀ ਕਾਰਵਾਈ ਦੌਰਾਨ 4 ਦਿਨਾਂ ਵਿੱਚ ਤਕਰੀਬਨ 800 ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਮਿਆਮੀ ਵਿਚਲੇ ਆਈ. ਸੀ. ਈ.

ਦਫ਼ਤਰ ਨੇ ਅਪਰੇਸ਼ਨ ਨੂੰ ਇੱਕ ਵੱਡੀ ਸਫ਼ਲਤਾ ਕਰਾਰ ਦਿੱਤਾ ਹੈ ਤੇ ਕਿਹਾ ਹੈ ਕਿ ਰਾਜ ਤੇ ਸੰਘ ਦੇ ਸਹਿਯੋਗ ਨਾਲ ਕੀਤੀ ਇਹ ਕਾਰਵਾਈ ਆਪਣੀ ਕਿਸਮ ਦੀ ਹੈ। ਫ਼ਲੋਰਿਡਾ ਦੇ ਗਵਰਨਰ ਰੌਨ ਡੀਸੈਨਟਿਸ ਨੇ ਕਾਰਵਾਈ ਦੀ ਪ੍ਰਸੰਸਾ ਕੀਤੀ ਹੈ। ਉਨ੍ਹਾਂ ਨੇ ਐਕਸ ਉੱਪਰ ਪਾਏ ਇੱਕ ਬਿਆਨ ਵਿੱਚ ਕਿਹਾ ਹੈ ਕਿ ਫ਼ਲੋਰਿਡਾ ਤੇ ਡਿਪਾਰਟਮੈਂਟ ਆਫ਼ ਹੋਮ ਲੈਂਡ ਸਿਕਿਉਰਿਟੀ ਵੱਲੋਂ ਸਾਂਝੇ ਤੌਰ 'ਤੇ ਕੀਤੀ ਕਾਰਵਾਈ ਸਫ਼ਲਤਾ ਦੀ ਇੱਕ ਵੱਡੀ ਉਦਾਹਰਣ ਹੈ। ਰਾਜ ਤੇ ਸੰਘ ਵਿਚਾਲੇ ਸਹਿਯੋਗ ਨਾਲ ਗੈਰ ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ (**ਬਾਕੀ ਸਫ਼ਾ 30 'ਤੇ**)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh   Sub: Editor: Balwinderpal Singh, Dr. Sarbjeet Kaur Jang   Online Interview Host: Balraj Pannu**

**Designer: A.K.V.   Content Composer: S. Jagmohan Singh   US Distributor: Amritsar Times Inc.   Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਧਰੁਵੀਕਰਨ ਦੀ ਸੱਜੇ ਪੱਖੀ ਕੌਮਾਂਤਰੀ ਸਿਆਸਤ ਦੇ ਮੱਦੇਨਜ਼ਰ ਕੈਨੇਡਾ ਦੇ ਚੋਣ ਨਤੀਜੇ



ਡਾ. ਗੁਰਵਿੰਦਰ ਸਿੰਘ





ਕੈਨੇਡਾ ਮੂਲ ਵਾਸੀਆਂ ਦੀ ਧਰਤੀ ਹੈ। ਇਸ ਧਰਤੀ 'ਤੇ ਲੰਮਾ ਸਮਾਂ ਸੰਘਰਸ਼ ਤੋਂ ਬਾਅਦ ਵਿਭਿੰਨ, ਬਹੁ-ਸੱਭਿਆਚਾਰਕ ਅਤੇ ਬਹੁ-ਕੌਮੀਅਤ ਰੂਪ ਪ੍ਰਗਟ ਹੋਏ ਹਨ। ਨਿਸੰਦੇਹ ਲੰਮਾ ਸਮਾਂ ਇੱਥੇ ਚਿੱਟਾ ਨਸਲਵਾਦ ਭਾਰੂ ਰਿਹਾ। ਮੌਜੂਦਾ ਸਮੇਂ ਕੈਨੇਡਾ ਦਾ ਜੋ ਰੂਪ ਹੈ, ਉਸ ਪਿੱਛੇ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਪੀਅਰ ਟਰੂਡੋ ਦੀ ਇਤਿਹਾਸਿਕ ਦੇਣ ਹੈ, ਜਿਨ੍ਹਾਂ ਨੇ ਚਾਰਟਰ ਆਫ਼ ਰਾਈਟਸ (ਮਨੁੱਖੀ ਅਧਿਕਾਰਾਂ ਦਾ ਘੋਸ਼ਣਾ ਪੱਤਰ) ਲਿਆਂਦਾ ਅਤੇ ਬਹੁ-ਸੱਭਿਆਚਾਰਕ ਢਾਂਚਾ ਸਿਰਜਿਆ।

ਕੈਨੇਡਾ ਦੀਆਂ ਤਾਜ਼ਾ ਚੋਣਾਂ ਵਿੱਚ ਇੱਕ ਵਾਰ ਫ਼ਿਰ ਬਹੁ-ਸੱਭਿਆਚਾਰ ਦੀ ਰਾਜਨੀਤੀ ਦੀ ਜਿੱਤ ਅਤੇ ਸੱਜੇ ਪੱਖੀ ਤਾਕਤਾਂ ਦੀ ਹਾਰ ਹੋਈ ਹੈ। ਇਹ ਖਦਸ਼ਾ ਸੀ ਕਿ ਜਿਸ ਤਰੀਕੇ ਨਾਲ ਕੈਨੇਡਾ ਦੇ ਗੁਆਂਢੀ ਮੁਲਕ ਅਮਰੀਕਾ 'ਚ ਸੱਜੇ ਪੱਖੀ ਤਾਕਤਾਂ ਦੀ ਜਿੱਤ ਹੋਈ ਹੈ, ਕੈਨੇਡਾ ਵਿੱਚ ਵੀ ਅਜਿਹਾ ਹੀ ਵਾਪਰੇਗਾ, ਪਰ ਟਰੰਪ ਦੀਆਂ 'ਘੌਰੂ-ਪਾਉ' ਨੀਤੀਆਂ ਸਪਸ਼ਟ ਹੋਣ ਮਗਰੋਂ ਕੈਨੇਡਾ ਦੇ ਵਾਸੀਆਂ ਨੇ ਨਾ ਸਿਰਫ਼ ਸਬਕ ਹੀ ਸਿੱਖਿਆ, ਬਲਕਿ ਇਹੋ-ਜਿਹੀਆਂ ਰੂੜੀਵਾਦੀ ਤਾਕਤਾਂ ਨੂੰ ਰੋਕਿਆ ਵੀ।

ਪਿਛਲੇ ਦਿਨੀਂ ਹੋਈਆਂ ਫ਼ੈਡਰਲ ਚੋਣਾਂ ਵਿੱਚ ਕੈਨੇਡਾ ਕੌਮਾਂਤਰੀ ਸੱਜੇ ਪੱਖੀ ਰਾਜਨੀਤੀ ਵਿੱਚ ਧਰੁਵੀਕਰਨ ਦੀ ਚੱਲ ਰਹੀ ਹਨੇਰੀ ਵਿੱਚ, ਆਪਣੇ ਆਪ ਨੂੰ ਬਚਾਉਣ ਵਿੱਚ ਸਫ਼ਲ ਰਿਹਾ ਹੈ। ਕੈਨੇਡਾ ਵਿੱਚ ਲਿਬਰਲ ਪਾਰਟੀ ਦੀ ਜਿੱਤ ਨੇ ਸੰਸਾਰ ਨੂੰ ਨਾ ਸਿਰਫ਼ ਧਰੁਵੀਕਰਨ ਦੀ ਰਾਜਨੀਤੀ ਤੇ ਕੱਟੜਵਾਦੀ ਸਿਆਸਤ ਦੇ ਖਤਰਨਾਕ ਨਤੀਜਿਆਂ ਤੋਂ ਸਾਵਧਾਨ ਕੀਤਾ ਹੈ, ਬਲਕਿ ਬਹੁ-ਸੱਭਿਆਚਾਰ ਅਤੇ ਬਹੁ-ਕੌਮੀਅਤ ਦੇ ਪੱਖਾਂ ਨੂੰ ਵੀ ਉਜਾਗਰ ਕੀਤਾ ਹੈ।

ਮਹੱਤਵਪੂਰਨ ਗੱਲ ਹੈ ਕਿ ਕੈਨੇਡਾ ਦੀ ਇਸ ਸਮੇਂ ਅਗਵਾਈ ਮਾਰਕ ਕਾਰਨੀ ਵਰਗੇ ਵਿਅਕਤੀ ਕਰ ਰਹੇ ਹਨ, ਜਿਹੜੇ ਕਿ ਅਰਥ-ਸ਼ਾਸਤਰੀ ਹੋਣ ਦੇ ਨਾਲ-ਨਾਲ ਸਿਆਸਤ ਦੇ ਖੇਤਰ ਦੇ ਵਿੱਚ ਸੁਲਝੀ ਸ਼ਖਸ਼ੀਅਤ ਵਜੋਂ ਸਥਾਪਿਤ ਹੋਣ ਦੀ ਸਮਰੱਥਾ ਰੱਖਦੇ ਹਨ। ਇਸੇ ਕਾਰਨ ਪਹਿਲੀ ਵਾਰ ਚੋਣ ਲੜਨ ਦੇ ਬਾਵਜੂਦ ਉਹਨਾਂ ਸ਼ਾਨਦਾਰ ਜਿੱਤ ਵੀ ਹਾਸਲ ਕੀਤੀ ਅਤੇ ਨਾਲ ਹੀ ਗੁਆਂਢੀ ਹਲਕੇ ਤੋਂ ਖੜੇ ਕੰਜ਼ਰਵਟਿਵ ਪਾਰਟੀ ਦੇ ਲੀਡਰ ਪੀਅਰ ਪੌਲੀਏਵ ਨੂੰ ਵੀ ਉਹਨਾਂ ਦੇ ਪ੍ਰਭਾਵ ਕਾਰਨ ਆਪਣੀ ਸੀਟ ਗਵਾਉਣੀ ਪਈ।

ਇੱਥੇ ਇਸ ਗੱਲ ਦਾ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਕੈਨੇਡਾ ਵਸਦੇ ਸਿੱਖਾਂ ਨੇ ਲਿਬਰਲ ਪਾਰਟੀ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਆਪਣਾ ਨਾਇਕ ਮੰਨਿਆ ਤੇ ਵੱਡੇ ਪੱਧਰ 'ਤੇ ਵੋਟਾਂ ਭੁਗਤਾਈਆਂ ਹਨ, ਜੋ ਕਿ ਕੈਨੇਡਾ ਵਿੱਚ ਲਿਬਰਲ ਪਾਰਟੀ ਦੀ ਜਿੱਤ ਦਾ ਕਾਰਨ ਬਣੀਆ। ਟਰੂਡੋ ਵੱਲੋਂ ਇੰਡੀਅਨ ਦਖਲ ਅੰਦਾਜ਼ੀ ਦੇ ਮਾਮਲੇ 'ਚ ਮਜਬੂਤ ਸਟੈਂਡ ਲੈਣਾ, ਸਿੱਖਾਂ ਲਈ ਹਾਅ ਦਾ ਨਾਅਰਾ ਮਾਰਨਾ ਅਤੇ ਕੈਨੇਡੀਅਨ ਧਰਤੀ 'ਤੇ ਕੈਨੇਡੀਅਨ ਨਾਗਰਿਕ ਦੇ ਭਾਰਤੀ ਏਜੰਸੀਆਂ ਵੱਲੋਂ ਕਤਲ ਦੇ ਮਾਮਲੇ 'ਚ ਆਵਾਜ਼ ਬੁਲੰਦ ਕਰਨਾ ਸਿੱਖਾਂ ਵੱਲੋਂ ਭਰਪੂਰ ਸਲਾਹਿਆ ਗਿਆ। ਸਿੱਖਾਂ ਨੇ ਜਸਟਿਨ ਟਰੂਡੋ ਨੂੰ ਦਿਲੋਂ ਪਿਆਰ ਦਿੱਤਾ, ਸਰੀ ਦੇ ਵਿਸ਼ਾਲ ਨਗਰ ਕੀਰਤਨ ਵਿੱਚ ਵੱਡਾ ਸਨਮਾਨ ਦਿੱਤਾ ਅਤੇ ਵੋਟਾਂ ਦੌਰਾਨ ਭਰਪੂਰ ਹੁੰਗਾਰਾ ਪ੍ਰਗਟਾਇਆ।

ਕੈਨੇਡਾ ਦੀਆਂ ਇਹਨਾਂ ਚੋਣਾਂ ਵਿੱਚ 22 ਚਿਹਰੇ ਅਜਿਹੇ ਵੀ ਕਾਮਯਾਬ ਹੋਏ ਹਨ, ਜਿਹਨਾਂ ਵਿੱਚ ਲਿਬਰਲ ਪਾਰਟੀ ਅਤੇ ਕੰਜ਼ਰਟਿਵ ਪਾਰਟੀ ਵਿੱਚ ਸਫ਼ਲ ਰਹਿਣ ਵਾਲੇ ਸਿੱਖ ਜਾਂ ਪੰਜਾਬੀ ਸ਼ਾਮਿਲ ਹਨ। ਬੀ.ਸੀ. ਵਿੱਚ ਸੁਖਮਿੰਦਰ ਸਿੰਘ (ਸੁੱਖ) ਧਾਲੀਵਾਲ, ਰਣਦੀਪ ਸਰਾਏ, ਗੁਰਬਖਸ਼ ਸੈਣੀ, ਪਰਮ ਬੈਂਸ ਤੇ ਸੁਖਮਨ ਸਿੰਘ ਗਿੱਲ ਜੇਤੂ ਰਹੇ ਹਨ। ਕੈਲਗਰੀ ਤੋਂ ਜਸਰਾਜ ਸਿੰਘ ਹੱਲਣ, ਅਮਨਪ੍ਰੀਤ ਸਿੰਘ ਗਿੱਲ, ਦਲਵਿੰਦਰ ਸਿੰਘ ਗਿੱਲ, ਐਡਮਿੰਟਨ ਤੋਂ ਟਿਮ ਸਿੰਘ ਉਪਲ, ਜਗਸ਼ਰਨ ਸਿੰਘ ਮਾਹਲ ਜਿੱਤੇ ਹਨ। ਓਂਟੈਰੀਓ ਵਿੱਚ ਅਮਨਦੀਪ ਕੌਰ ਸੋਢੀ, ਮਨਿੰਦਰ ਸਿੰਘ ਸਿੱਧੂ, ਸੋਨੀਆ ਕੌਰ ਸਿੱਧੂ, ਰੂਬੀ ਕੌਰ ਸਹੋਤਾ, ਇਕਵਿੰਦਰ ਸਿੰਘ ਗਹੀਰ, ਅਮਰਜੀਤ ਸਿੰਘ ਗਿੱਲ, ਪਰਮ ਗਿੱਲ, ਅਨੀਤਾ ਆਨੰਦ, ਬਰਦੀਸ਼ ਕੌਰ ਚੱਗਰ, ਅਰਪਨ ਖੰਨਾ, ਹਰਬ ਗਿੱਲ ਤੇ ਕਿਊਬੈਕ ਚੋਂ ਅੰਜੂ ਕੌਰ ਢਿੱਲੋਂ ਸਫ਼ਲ ਹੋਏ ਹਨ। ਇਹ ਬਹੁ-ਸੱਭਿਆਚਾਰਕ ਪ੍ਰਗਟਾਵਾ 'ਕੈਨੇਡਾ ਦੀ ਗੁਲਦਸਤੇ ਦੀ ਮਹਿਕ' ਨੂੰ ਹੋਰ ਮਜ਼ਬੂਤ ਕਰਦਾ ਹੈ।

ਕੈਨੇਡਾ ਵਿੱਚ ਚੋਣਾਂ ਦੌਰਾਨ ਕੰਜ਼ਰਵਟਿਵ ਪਾਰਟੀ ਦੇ ਲੀਡਰ ਪੀਅਰ ਪੌਲੀਏਵ ਦੀ ਹਾਰ ਦਰਸਾਉਂਦੀ ਹੈ ਕਿ ਕੈਨੇਡੀਅਨ ਲੋਕਾਂ ਨੇ ਵਿਦੇਸ਼ੀ ਦਖਲ-ਅੰਦਾਜ਼ੀ, ਖਾਸ ਤੌਰ 'ਤੇ ਭਾਰਤ ਦੀ ਟੋਰੀ ਪਾਰਟੀ ਪ੍ਰਤੀ ਅੰਦਰ ਖਾਤੇ ਮਿਲ-ਭੁਗਤ ਦੀ ਰਾਜਨੀਤੀ ਨੂੰ ਰੱਦ ਕੀਤੀ ਹੈ। ਟੋਰੀ ਪਾਰਟੀ ਦੇ ਆਗੂ ਵੱਲੋਂ ਆਪਣੀ ਸਿਕਿਉਰਟੀ ਕਲੀਅਰੈਂਸ ਤੋਂ ਵੀ ਕੋਰਾ ਇਨਕਾਰ ਕਰਨਾ ਵੀ ਕੈਨੇਡਾ ਵਿਰੋਧੀ ਕਦਮ ਸਾਬਤ ਹੋਇਆ ਹੈ। ਕੰਜ਼ਰਵਟਿਵ ਪਾਰਟੀ ਦੇ ਅਖੌਤੀ ਤਬਦੀਲੀ ਦੇ ਨਾਅਰੇ ਨੂੰ ਵੀ ਲੋਕਾਂ ਨੇ ਨਕਾਰਿਆ ਹੈ। ਉਹਨਾਂ ਇਸ ਗੱਲ ਦਾ ਵੀ ਖਤਰਾ ਮਹਿਸੂਸ ਕੀਤਾ ਕਿ ਜੋ ਅਮਰੀਕਾ ਦਾ ਪ੍ਰਧਾਨ ਟਰੰਪ ਕੈਨੇਡਾ ਪ੍ਰਤੀ ਟੈਰਿਫ਼ ਅਤੇ ਹੋਰ ਸਖਤੀਆਂ ਕਰ ਰਿਹਾ ਹੈ, ਉਸ ਦਾ ਠੋਕਵਾਂ ਜਵਾਬ ਕੰਜ਼ਰਟਿਵ ਪਾਰਟੀ ਦਾ ਆਗੂ ਨਹੀਂ ਦੇ ਸਕਦਾ। ਟਰੰਪ ਦੇ ਕੈਨੇਡਾ ਵਿਰੋਧੀ ਪ੍ਰਚਾਰ ਦਾ ਸਿੱਧਾ ਨੁਕਸਾਨ ਕੰਜ਼ਰਵਟਿਵ ਪਾਰਟੀ ਨੂੰ ਹੋਇਆ ਹੈ ਅਤੇ ਫ਼ਾਇਦਾ ਲਿਬਰਲ ਪਾਰਟੀ ਨੂੰ ਹੋਇਆ ਹੈ।

ਕੈਨੇਡਾ ਦੀਆਂ ਚੋਣਾਂ ਵਿੱਚ ਨਿਊ ਡੈਮੋਕ੍ਰੇਟਿਕ ਪਾਰਟੀ ਦੀ ਹਾਰ ਦੇ ਮਾਮਲੇ ਵਿੱਚ ਇੰਡੀਅਨ ਗੋਦੀ ਮੀਡੀਏ ਦੀਆਂ ਬੇਤੁਕੀਆਂ ਗੱਲਾਂ ਲੋਕਾਂ ਨੂੰ ਗੁੰਮਰਾਹ ਕਰਦੀਆਂ ਹਨ, ਖਾਸ ਤੌਰ ਤੇ ਜਗਮੀਤ ਸਿੰਘ ਪ੍ਰਤੀ ਨਿੰਦਾ ਤੇ ਨਫ਼ਰਤੀ ਸੋਚ। ਇਸ ਗੱਲ 'ਤੇ ਅਫ਼ਸੋਸ ਹੈ ਕਿ ਭਾਰਤ ਦੀਆਂ ਹਿੰਦੂਤਵੀ ਤਾਕਤਾਂ, ਜੇਕਰ ਰਿਸ਼ੀ ਸੂਨਕ ਇੰਗਲੈਂਡ ਦਾ ਪ੍ਰਧਾਨ ਮੰਤਰੀ ਬਣਦਾ ਹੈ, ਤਾਂ ਉਸ ਦੀ ਪ੍ਰਸ਼ੰਸਾ ਕਰਦੀਆਂ ਨਹੀਂ ਥੱਕਦੀਆਂ, ਪਰ ਜਦੋਂ ਸਿੱਖ ਨੌਜਵਾਨ ਜਗਮੀਤ ਸਿੰਘ ਕੈਨੇਡਾ ਦੀ ਨੈਸ਼ਨਲ ਪਾਰਟੀ ਦਾ ਆਗੂ ਬਣਦਾ ਹੈ, ਤਾਂ ਮੂੰਹੋਂ ਜ਼ਹਿਰ ਉਗਲਦੀਆਂ ਹਨ। ਭਾਰਤ ਦੇ ਸਟੇਟ ਪੱਖੀ ਮੀਡੀਏ ਦੀ ਸਿੱਖਾਂ ਪ੍ਰਤੀ ਨਫ਼ਰਤ ਦਾ ਪ੍ਰਗਟਾਵਾ ਇਸ ਗੱਲ ਤੋਂ ਵੀ ਹੁੰਦਾ ਹੈ ਕਿ ਉਹ ਕੈਨੇਡਾ ਦੀ ਮੁੱਖ ਵਿਰੋਧੀ ਟੋਰੀ ਪਾਰਟੀ ਦੇ ਆਗੂ ਪੀਅਰ ਪੌਲੀਏਵ ਦੀ ਹਾਰ ਬਾਰੇ ਤਾਂ ਚੁੱਪ ਹਨ (ਜਿਸ ਨੂੰ ਜਿਤਾਉਣ ਲਈ ਇੰਡੀਅਨ ਗੋਦੀ ਮੀਡੀਆ ਅਤੇ ਇੰਡੀਅਨ ਸਿਆਸਤਦਾਨ ਪੱਬਾ ਭਾਰ ਸਨ), ਪਰ ਜਗਮੀਤ ਸਿੰਘ ਦੀ ਹਾਰ ਉੱਤੇ ਹੱਦੋਂ ਵੱਧ ਨਫ਼ਰਤੀ ਬਿਆਨਬਾਜ਼ੀ ਕਰ ਰਹੇ ਹਨ।

ਅਸਲ ਵਿੱਚ ਨਿਊ ਡੈਮੋਕ੍ਰੇਟਿਕ ਪਾਰਟੀ ਅਤੇ ਇਸ ਦੇ ਲੀਡਰ ਜਗਮੀਤ ਸਿੰਘ ਦੀ ਹਾਰ ਦਾ ਕਾਰਨ ਇਹ ਸੀ ਕਿ ਕੈਨੇਡਾ ਵਾਸੀਆਂ ਨੇ ਸੱਜੇ ਪੱਖੀ ਟੋਰੀ ਪਾਰਟੀ ਨੂੰ ਸੱਤਾ 'ਚੋਂ ਬਾਹਰ ਰੱਖਣ ਦਾ ਤਹੱਈਆ ਕੀਤਾ ਸੀ। ਇਸ ਕਾਰਨ ਵੋਟਾਂ ਦੀ ਵੰਡ ਨਾ ਕਰਦਿਆਂ, ਨਿਊ ਡੈਮੋਕ੍ਰੇਟਿਕ ਪਾਰਟੀ ਦੇ ਵੋਟਰ ਵੀ ਲਿਬਰਲ ਪਾਰਟੀ ਵੱਲ ਭੁਗਤੇ। ਸਿੱਟੇ ਵਜੋਂ ਲਿਬਰਲ ਪਾਰਟੀ ਨੂੰ ਜਿੱਤ ਮਿਲੀ ਅਤੇ ਐਨ.ਡੀ.ਪੀ. ਦੀ ਹਾਰ ਹੋਈ। ਇਸ ਹਾਰ ਦੀ ਜ਼ਿੰਮੇਵਾਰੀ ਲੈਂਦਿਆਂ ਜਗਮੀਤ ਸਿੰਘ ਨੇ ਪਾਰਟੀ ਮੁਖੀ ਦੇ ਅਹੁਦੇ ਤੋਂ ਅਸਤੀਫ਼ਾ ਦਿੱਤਾ।

ਸੱਚ ਜਾਣੀਏ ਤਾਂ ਜਗਮੀਤ ਸਿੰਘ ਨੇ ਕੈਨੇਡਾ ਦੀ ਸਿਆਸਤ ਵਿੱਚ ਜੋ ਕਦਰਾਂ-ਕੀਮਤਾਂ ਕਾਇਮ ਕੀਤੀਆਂ ਹਨ, ਉਹ ਇਤਿਹਾਸ ਨੂੰ ਨਵਾਂ ਮੋੜ ਦੇਣਗੀਆਂ। ਰੰਗਦਾਰ ਭਾਈਚਾਰੇ ਵਿੱਚੋਂ ਪਹਿਲਾ ਨੈਸ਼ਨਲ ਪਾਰਟੀ ਦਾ ਲੀਡਰ ਬਣਨਾ, ਸਿੱਖੀ ਸਰੂਪ ਕਾਇਮ ਰੱਖਦੇ ਹੋਏ ਅੰਮ੍ਰਿਤਧਾਰੀ ਨੌਜਵਾਨ ਵੱਲੋਂ ਪਛਾਣ ਬਰਕਰਾਰ ਰੱਖ ਕੇ ਅਗਵਾਈ ਦੇਣਾ, ਫ਼ਾਰਮਾ ਕੇਅਰ ਦੀਆਂ ਸਿਹਤ ਸੁਧਾਰਾਂ ਦੀਆਂ ਨੀਤੀਆਂ ਲਾਗੂ ਕਰਵਾਉਣੀਆਂ, ਦੰਦਾਂ ਦੇ ਇਲਾਜ ਲਈ ਬਜ਼ੁਰਗਾਂ ਦੇ ਲਈ ਮੁਫ਼ਤ ਸੇਵਾਵਾਂ ਲਿਆਉਣੀਆਂ, ਮੂਲਵਾਸੀ ਲੋਕਾਂ ਦੀ ਜ਼ੋਰਦਾਰ ਹਮਾਇਤੀ ਅਤੇ ਸਹਿਯੋਗੀ ਨੀਤੀ, ਕਾਮਿਆਂ ਲਈ ਡਟ ਕੇ ਖੜਨਾ, ਯੂਨੀਅਨਾਂ ਪ੍ਰਤੀ ਸਹਿਯੋਗ ਨੀਤੀ ਅਤੇ ਅਨੇਕਾਂ ਹੋਰ ਗੱਲਾਂ ਜ਼ਿਕਰਯੋਗ ਹਨ।







ਜਿੱਥੋਂ ਤੱਕ ਸਿੱਖਾਂ ਦੀ ਗੱਲ ਹੈ, ਉਸ ਬਾਰੇ ਵੀ ਜਗਮੀਤ ਸਿੰਘ ਦੀ ਪਹੁੰਚ ਬੜੀ ਸਪਸ਼ਟ ਰਹੀ। ਜਗਮੀਤ ਸਿੰਘ ਨੇ ਸਿੱਖ ਨਸਲਕੁਸ਼ੀ ਦੇ ਮਾਮਲੇ 'ਤੇ ਪਹਿਰਾ ਦਿੰਦਿਆਂ ਓਂਟੈਰੀਓ ਵਿਧਾਨ ਸਭਾ ਵਿੱਚ ਇਸ ਸਬੰਧ ਵਿੱਚ ਮਤਾ ਪਾਸ ਕਰਵਾਇਆ। ਉਸ ਨੇ ਕੈਨੇਡਾ ਵਿੱਚ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨਾ ਘੋਸ਼ਿਤ ਕਰਾਉਣ ਲਈ ਓਂਟੈਰੀਓ 'ਚ ਮਤਾ ਪਾਸ ਕਰਵਾਉਣ ਵਿੱਚ ਸਫ਼ਲਤਾ ਹਾਸਿਲ ਕੀਤੀ। ਭਾਰਤ ਦੇ ਮਾਮਲੇ ਵਿੱਚ ਵਿਦੇਸ਼ੀ ਦਖਲ ਅੰਦਾਜ਼ੀ ਖ਼ਿਲਾਫ਼ ਉਸ ਨੇ ਧੜੱਲੇ ਨਾਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇਸ ਪ੍ਰਤੀ ਸਖਤ ਸਟੈਂਡ ਲੈਣ ਲਈ ਤਿਆਰ ਕੀਤਾ। ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਵਿੱਚ ਜਗਮੀਤ ਸਿੰਘ ਨੇ ਠੋਸ ਆਵਾਜ਼ ਬੁਲੰਦ ਕੀਤੀ। ਇਸ ਦੇ ਇਲਾਵਾ ਉਸ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਅਤੇ ਅਨੇਕਾਂ ਹੋਰਾਂ ਮੁੱਦਿਆਂ ਨੂੰ ਵੀ ਵਿਚਾਰਿਆ। ਇਸ ਨਜ਼ਰੀਏ ਤੋਂ ਜਗਮੀਤ ਸਿੰਘ ਕੈਨੇਡਾ ਦੀ ਸਿਆਸਤ ਵਿੱਚ ਹਰ ਪਹਿਲੂ ਤੋਂ ਸੂਝ ਬੂਝ ਵਾਲਾ ਆਗੂ ਰਿਹਾ, ਜਿਸ ਦੀ ਦੇਣ ਨੂੰ ਇਤਿਹਾਸ ਵਿੱਚ ਚੇਤੇ ਰੱਖਿਆ ਜਾਵੇਗਾ। ਕੈਨੇਡਾ ਦੀਆਂ 343 ਸੀਟਾਂ ਵਿੱਚ 169 ਲਿਬਰਲ ਪਾਰਟੀ ਨੂੰ 144 ਕੰਜਰਵਟਿਵ ਪਾਰਟੀ ਨੂੰ, ਸੱਤ ਐਨ.ਡੀ.ਪੀ. ਨੂੰ, 22 ਬਲਾਕ ਕਿਊਬਿਕਵਾ ਨੂੰ ਅਤੇ ਇੱਕ ਗਰੀਨ ਪਾਰਟੀ ਨੂੰ ਮਿਲੀ ਹੈ। ਯਕੀਨਨ ਤੌਰ 'ਤੇ ਕੈਨੇਡਾ ਵਿੱਚ ਲਿਬਰਲ ਪਾਰਟੀ ਦੀ ਸਰਕਾਰ ਬਣੇਗੀ, ਪਰ ਸਪਸ਼ਟ ਬਹੁਮਤ ਨਾ ਹੋਣ ਦੀ ਸੂਰਤ ਵਿੱਚ ਇੱਕ ਵਾਰ ਫ਼ਿਰ ਐਨ.ਡੀ.ਪੀ. ਦੇ ਹੱਥ ਵਿੱਚ ਸੱਤਾ ਦਾ ਸੰਤੁਲਨ ਹੋਵੇਗਾ। ਵੱਡੇ ਸਵਾਲ ਇਹ ਹਨ ਕਿ ਕੀ ਲੋਕ ਪੱਖੀ ਨੀਤੀਆਂ ਮਜ਼ਬੂਤ ਹੋਣਗੀਆਂ? ਆਰਥਿਕਤਾ ਵਿੱਚ ਸੁਧਾਰ ਹੋਏਗਾ? ਜਨ-ਜੀਵਨ ਨੂੰ ਸੁਵਿਧਾ ਮਿਲੇਗੀ? ਵਿਦਿਆ ਤੇ ਸਿਹਤ ਸਬੰਧੀ ਨੀਤੀਆਂ ਬੇਹਤਰ ਬਣਨਗੀਆਂ? ਵਿਦੇਸ਼ੀ ਦਖਲ ਅੰਦਾਜੀ ਨੂੰ ਠੱਲ ਪਵੇਗੀ ਅਤੇ ਕੈਨੇਡਾ ਉਪਰੋਕਤ ਪੱਖੋਂ ਉਭਰੇਗਾ? ਇਹ ਸਮਾਂ ਦੱਸੇਗਾ ਤੇ ਲੋਕ ਸਰਕਾਰ ਨੂੰ ਜਵਾਬ ਦੇਹ ਬਣਾਉਣਗੇ।

ਕੈਨੇਡੀਅਨ ਵੋਟਰਾਂ ਨੂੰ ਇਸ ਗੱਲ ਦੀ ਸ਼ਾਬਾਸ਼ ਦੇਣੀ ਬਣਦੀ ਹੈ ਕਿ ਜਦੋਂ ਅਮਰੀਕਾ ਤੋਂ ਲੈ ਕੇ ਭਾਰਤ ਤੱਕ ਸੱਜੇ ਪੱਖੀ ਤਾਕਤਾਂ, ਕੱਟੜਵਾਦੀ ਮਾਹੌਲ ਕਾਇਮ ਕਰ ਰਹੀਆਂ ਹਨ, ਉਸ ਹਨੇਰੇ ਵਿੱਚ ਕੈਨੇਡਾ ਸੁਲਗਦੀ ਲਾਟ ਬਣ ਕੇ ਚਮਕਿਆ ਹੈ ਅਤੇ ਧਰੁਵੀਕਰਨ ਦੀ ਹਨੇਰੀ ਵਿੱਚ ਕੈਨੇਡਾ ਦਾ ਦੀਵਾ ਜਗਦਾ ਰਿਹਾ ਹੈ। ਇਸ ਲਈ ਕੈਨੇਡਾ ਦੇ ਨਾਗਰਿਕ ਵਧਾਈ ਦੇ ਪਾਤਰ ਹਨ!

## ਕੈਨੇਡਾ ਦੀ ਅਰਥ ਵਿਵਸਥਾ ਵਿੱਚ ਵੱਡੇ ਬਦਲਾਓ ਕਰਨਾ ਸਮੇਂ ਦੀ ਲੋੜ: ਮਾਰਕ ਕਾਰਨੇ

ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਚੋਣਾਂ ਜਿੱਤਣ ਤੋਂ ਬਾਅਦ ਪਹਿਲੇ ਪੱਤਰਕਾਰ ਸੰਮੇਲਨ 'ਚ ਬਿਨਾਂ ਕਿਸੇ ਝਿਜਕ ਦੇ ਖੁੱਲ੍ਹ ਕੇ ਗੱਲਾਂ ਕੀਤੀਆਂ ਅਤੇ ਲੰਘੇ ਸਮੇਂ ਵਿੱਚ ਸਰਕਾਰਾਂ ਦੀਆਂ ਗਲਤੀਆਂ ਤੋਂ ਸਬਕ ਲੈਂਦੇ ਹੋਏ ਅਰਥ ਵਿਵਸਥਾ 'ਚ ਵੱਡੇ ਬਦਲਾਅ ਕਰਨ 'ਤੇ ਜੋਰ ਦਿੰਦਿਆਂ ਇਸਨੂੰ ਸਮੇਂ ਦੀ ਲੋੜ ਦੱਸਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪ੍ਰਾਪਤੀਆਂ ਹਾਸਲ ਕਰਨ ਲਈ ਸਖ਼ਤ ਫੈਸਲੇ ਲਵੇਗੀ, ਤਾਂ ਜੋ ਡਗਮਗਾਈ ਹੋਈ ਅਰਥ ਵਿਵਸਥਾ ਨੂੰ ਤੇਜੀ ਨਾਲ ਲੀਹ 'ਤੇ ਚਾੜਿਆ ਜਾ ਸਕੇ। ਕੈਨੇਡਾ ਅਤੇ ਬਰਤਾਨੀਆ ਦੇ ਕੇਂਦਰੀ ਬੈਂਕਾਂ ਦੇ ਗਵਰਨਰ ਰਹਿ ਚੁੱਕੇ ਮਾਰਕ ਕਾਰਨੀ ਨੇ ਵਿਸ਼ਵਾਸ਼ ਪ੍ਰਗਟਾਇਆ ਕਿ ਬੇਸ਼ੱਕ ਆਰਥਿਕ ਨੀਤੀਆਂ ਦੇ ਬਦਲਾਅ ਸੁਖਾਲੇ ਨਹੀਂ, ਪਰ ਕੈਨੇਡਾ ਲਈ ਇਹ ਸਮੇਂ ਦੀ ਲੋੜ ਹੈ ਤੇ ਉਨ੍ਹਾਂ ਦੀ ਸਰਕਾਰ ਇਸਦੀ ਪੂਰਤੀ ਲਈ ਕੁੱਝ ਵੀ ਕਰੇਗੀ। ਘੱਟਗਿਣਤੀ ਸਰਕਾਰ ਦੀ ਗੱਲ ਕਰਦਿਆਂ ਪ੍ਰਧਾਨ ਮੰਤਰੀ ਨੇ ਸਪਸ਼ਟ ਕੀਤਾ ਕਿ ਐੱਨ.ਡੀ.ਪੀ. ਨਾਲ ਸਰਕਾਰੀ ਭਾਈਵਾਲੀ ਪਾਉਣ ਤੋਂ ਗੁਰੇਜ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬੇਸ਼ੱਕ ਸਰਕਾਰ ਸੰਸਦ 'ਚ ਬਹੁਗਿਣਤੀ ਹਾਸਲ ਨਹੀਂ ਕਰ ਸਕੀ, ਪਰ ਪਾਰਟੀ ਨੇ ਬਹੁਗਿਣਤੀ ਵੋਟਾਂ ਲੈਕੇ ਸਰਕਾਰ ਬਣਾਈ ਹੈ।



**Matrimonial**

Punjabi Sikh parents are seeking a suitable match for their 30-year-old son, who is a US citizen and 5'-5" tall. He is a university graduate with a Master of Science degree from Boston University and is currently employed as a scientist in a reputed company. We are looking for a professionally qualified girl from the USA or Canada. Please send your recent pictures and bio data to: b_kaur13@yahoo.com



# ਬਾਲ ਮਜ਼ਦੂਰੀ ਦੀ ਘੁੰਮਣਘੇਰੀ ’ਚ ਫ਼ਸਿਆ ਬਚਪਨ

- ਬੱਚਿਆਂ ਲਈ ਸਮਾਜਿਕ, ਆਰਥਿਕ ਅਤੇ ਵਿੱਦਿਅਕ ਵਿਕਾਸ ਦੇ ਦਰਵਾਜ਼ੇ ਬੰਦ ਕਰਦੀ ਹੈ ਬਾਲ ਮਜ਼ਦੂਰੀ
- ਆਪਣੇ ਪਰਿਵਾਰ ਨੂੰ ਪਾਲਣ ਵਾਲੇ ‘ਵੱਡੇ ਵਿਅਕਤੀ’ ਹੁੰਦੇ ਹਨ ਦੁਕਾਨਾਂ ’ਤੇ ਕੰਮ ਕਰਦੇ ‘ਛੋਟੂ’

**2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਭਾਰਤ ਵਿੱਚ 8.4 ਕਰੋੜ ਬੱਚੇ ਸਕੂਲ ਨਹੀਂ ਜਾਂਦੇ ਅਤੇ 78 ਲੱਖ ਬੱਚੇ ਬਾਲ ਮਜ਼ਦੂਰੀ ਕਰਨ ਲਈ ਮਜਬੂਰ ਹਨ। ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਬਾਲ ਮਜ਼ਦੂਰੀ ਭਾਰਤ ਵਿੱਚ ਵੀ ਕਿੰਨੀ ਵੱਡੀ ਭਿਆਨਕ ਸਮੱਸਿਆ ਬਣ ਗਈ ਹੈ। ਸਾਨੂੰ ਭਾਰਤ ਵਿੱਚ ਆਰਥਿਕ ਤੌਰ ’ਤੇ ਸਭ ਤੋਂ ਵਧੀਆ ਸਿਸਟਮ ਲਿਆਉਣ ਲਈ ਭਵਿੱਖ ਦੀ ਨੌਜਵਾਨ ਸ਼ਕਤੀ ਨੂੰ ਸੁਰੱਖਿਅਤ ਰੱਖਣਾ ਹੋਵੇਗਾ।**



ਵਿਸ਼ਵ ਇਸ ਸਮੇਂ ਅਨੇਕਾਂ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ, ਜਿਨ੍ਹਾਂ ਵਿਚੋਂ ਕਈ ਸਮੱਸਿਆਵਾਂ ਤਾਂ ਮਨੁੱਖ ਵੱਲੋਂ ਖੁਦ ਸਹੇੜੀਆਂ ਹੋਈਆਂ ਹਨ। ਬਾਲ ਮਜ਼ਦੂਰੀ ਵੀ ਇਹਨਾਂ ਵਿਸ਼ਵ ਪੱਧਰੀ ਸਮੱਸਿਆਵਾਂ ਵਿਚੋਂ ਇੱਕ ਹੈ, ਜਿਸ ਲਈ ਪੂਰੀ ਤਰ੍ਹਾਂ ਮਨੁੱਖ ਜ਼ਿੰਮੇਵਾਰ ਹੈ। ਬਾਲ ਮਜ਼ਦੂਰੀ ਇੱਕ ਅਜਿਹਾ ਸਰਾਪ ਹੈ ਜੋ ਬੱਚਿਆਂ ਤੋਂ ਸਿੱਖਿਆ, ਆਜ਼ਾਦੀ, ਸਿਹਤ ਵਰਗੀਆਂ ਬੁਨਿਆਦੀ ਲੋੜਾਂ ਨੂੰ ਖੋਹ ਲੈਂਦਾ ਹੈ। ਜੋ ਕਿ ਉਸ ਬੱਚੇ ਦੀ ਹੀ ਨਹੀਂ ਸਗੋਂ ਸਮੁੱਚੀ ਕੌਮ ਦੀ ਤਰੱਕੀ ਦੇ ਰਾਹ ਵਿੱਚ ਇੱਕ ਵੱਡੀ ਰੁਕਾਵਟ ਜਾਪਦੀ ਹੈ। ਹਰ ਦਿਨ ਅਸੀਂ ਇੱਕ ਪਾਸੇ ਸੋਹਣੇ ਸੁੰਦਰ ਕਪੜਿਆਂ ਭਾਵ ਸਕੂਲ ਯੂਨੀਫ਼ਾਰਮ ਵਿੱਚ ਸਜੇ ਹੋਏ ਵੱਡੀ ਗਿਣਤੀ ਬੱਚਿਆਂ ਨੂੰ ਸਕੂਲ ਜਾਂਦੇ ਵੇਖਦੇ ਹਾਂ, ਦੂਜੇ ਪਾਸੇ ਕਈ ਵਾਰ ਉਸ ਸਮੇਂ ਕੂੜੇ ਅਤੇ ਗੰਦਗੀ ਦੇ ਢੇਰਾਂ ਉੱਤੇ ਰੁਲ ਰਿਹਾ ਬਚਪਨ ਦੋ ਡੰਗ ਦੀ ਰੋਟੀ ਲਈ ਰੱਦੀ ਕਾਗ਼ਜ਼ ਅਤੇ ਅਜਿਹਾ ਹੀ ਹੋਰ ਨਿੱਕ ਸੁੱਕ ਇਕੱਠਾ ਕਰ ਰਿਹਾ ਹੁੰਦਾ ਹੈ। ਇਸ ਤੋਂ ਇਲਾਵਾ ਦੁਕਾਨਾਂ, ਸ਼ੋਅਰੂਮਾਂ, ਫ਼ੈਕਟਰੀਆਂ, ਕਾਰਖ਼ਾਨਿਆਂ, ਰੇਹੜੀਆਂ,ਫੜੀਆਂ, ਖੋਖਿਆਂ ’ਤੇ ਕੰਮ ਕਰਨ ਵਾਲੇ ਬਾਲ ਮਜ਼ਦੂਰਾਂ ਦੀ ਵੀ ਵੱਡੀ ਗਿਣਤੀ ਹੈ, ਜੋ ਕਿ ਸਵੇਰੇ ਸਕੂਲ ਜਾਣ ਦੀ ਥਾਂ ਆਪਣੇ ਕੰਮ ’ਤੇ ਜਾਣ ਲਈ ਤਿਆਰ ਹੁੰਦੇ ਹਨ। ਉਹਨਾਂ ਨੂੰ ਸਕੂਲ ਤੋਂ ਲੇਟ ਹੋਣ ਦੀ ਚਿੰਤਾ ਨਹੀਂ ਹੁੰਦਾ ਬਲਕਿ ਆਪਣੀ ਦਿਹਾੜੀ ਦੀ ਚਿੰਤਾ ਹੁੰਦੀ ਹੈ। ਦੁਕਾਨਾਂ,ਖੋਖਿਆਂ ਅਤੇ ਫ਼ੈਕਟਰੀਆਂ ਵਿੱਚ ਕੰਮ ਕਰਨ ਵਾਲੇ ‘ਛੋਟੂ’ ਅਸਲ ਵਿੱਚ ਆਪਣੇ ਪਰਿਵਾਰ ਦੇ ‘ਵੱਡੇ ਵਿਅਕਤੀ’ ਹੁੰਦੇ ਹਨ, ਜੋ ਕਿ ਅਕਸਰ ਆਪਣੀ ਕਮਾਈ ਨਾਲ ਆਪਣੇ ਘਰਾਂ ਦਾ ਰੋਟੀ ਪਾਣੀ ਦਾ ਖਰਚਾ ਚੁੱਕਦੇ ਹਨ।

ਕਿਸੇ ਵੀ ਦੇਸ਼ ਦਾ ਉੱਜਵਲ ਭਵਿੱਖ ਉਸ ਦੇਸ਼ ਦੇ ਨੌਜਵਾਨਾਂ ਦੁਆਰਾ ਬਣਾਇਆ ਜਾਂਦਾ ਹੈ। ਇਹ ਉਹ ਥੰਮ੍ਹ ਹਨ ਜਿਨ੍ਹਾਂ ’ਤੇ ਮਜ਼ਬੂਤ ਦੇਸ਼ ਦੀ ਨੀਂਹ ਰੱਖੀ ਜਾਂਦੀ ਹੈ। ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਭਾਰਤ ਨੌਜਵਾਨਾਂ ਦਾ ਦੇਸ਼ ਹੈ। ਜੇਕਰ ਅਸੀਂ ਬਚਪਨ ਅਤੇ ਜਵਾਨੀ ਵਿੱਚ ਸਹੀ ਸੰਤੁਲਨ ਕਾਇਮ ਕਰਦੇ ਹਾਂ, ਤਾਂ ਯਕੀਨਨ ਵਿਸ਼ਵ-ਵਿਆਪੀ ਸਫ਼ਲਤਾ ਦੀ ਕਮਾਨ ਆਉਣ ਵਾਲੇ ਸਮੇਂ ਵਿੱਚ ਭਾਰਤ ਦੇ ਹੱਥਾਂ ਵਿੱਚ ਹੋਵੇਗੀ। ਵਿਡੰਬਣਾ ਇਹ ਹੈ ਕਿ ਭਾਵੇਂ ਦੇਸ਼ ਦੀ ਸ਼ਕਤੀ ਦਾ ਵੱਡਾ ਹਿੱਸਾ ਬੱਚਿਆਂ ਦੁਆਰਾ ਪੈਦਾ ਕੀਤਾ ਜਾਂਦਾ ਹੈ, ਪਰ ਉਨ੍ਹਾਂ ਦੀ ਸ਼ਕਤੀ ਅਤੇ ਸਮਰੱਥਾ ਨੂੰ ਬਚਪਨ ਵਿੱਚ ਬਾਲ ਮਜ਼ਦੂਰੀ ਦੇ ਰੂਪ ਵਿੱਚ ਬੇਲੋੜਾ ਤਬਾਹ ਕੀਤਾ ਜਾ ਰਿਹਾ ਹੈ। ਇੱਕ ਪਾਸੇ ਅਸੀਂ ਦੁਨੀਆਂ ਦੀ ਪੰਜਵੀਂ ਉਭਰਦੀ



ਅਰਥਵਿਵਸਥਾ ਬਣਨ ਦਾ ਜਸ਼ਨ ਮਨਾ ਰਹੇ ਹਾਂ, ਦੂਜੇ ਪਾਸੇ ਲੱਖਾਂ ਬੱਚੇ ਅਜੇ ਵੀ ਮਜ਼ਦੂਰ ਬਣਨ ਲਈ ਮਜਬੂਰ ਹੋ ਰਹੇ ਹਨ। ਲੋਕਾਂ ਦੇ ਸਮਾਜਿਕ-ਆਰਥਿਕ ਪੱਧਰ ’ਤੇ ਦਿਨ-ਬ-ਦਿਨ ਆ ਰਿਹਾ ਬਦਲਾਅ ਅਰਥਚਾਰੇ ਦੇ ਵਿਕਾਸ ਦੀ ਕਹਾਣੀ ਲਿਖ ਰਿਹਾ ਹੈ, ਪਰ ਜੇਕਰ ਅੰਕੜਿਆਂ ’ਤੇ ਨਜ਼ਰ ਮਾਰੀਏ ਤਾਂ ਦੇਸ਼ ’ਚ ਇੱਕ ਕਰੋੜ ਤੋਂ ਵੱਧ ਬਾਲ ਮਜ਼ਦੂਰ ਬੁਨਿਆਦੀ ਲੋੜਾਂ ਤੋਂ ਵੀ ਦੂਰ ਹਨ। ਸਮਾਜ ਅਤੇ ਸਰਕਾਰ ਦੋਵਾਂ ਨੂੰ ਬਾਲ ਮਜ਼ਦੂਰੀ ਦੇ ਕਾਰਨਾਂ ਬਾਰੇ ਸੋਚਣ ਦੀ ਲੋੜ ਹੈ।

ਭਾਵੇਂ ਬਾਲ ਮਜ਼ਦੂਰੀ ਸਿਰਫ਼ ਭਾਰਤ ਹੀ ਨਹੀਂ ਸਗੋਂ ਪੂਰੇ ਵਿਸ਼ਵ ਦੀ ਸਮੱਸਿਆ ਹੈ, ਇਸੇ ਲਈ ਸੰਯੁਕਤ ਰਾਸ਼ਟਰ ਮਹਾ ਸਭਾ ਨੇ 1979 ਵਿੱਚ ਬਾਲ ਮਜ਼ਦੂਰੀ ਵਿਰੁੱਧ ਮਤਾ ਪਾਸ ਕੀਤਾ ਸੀ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਭਾਰਤ ਸਰਕਾਰ ਨੇ ਬਾਲ ਮਜ਼ਦੂਰੀ ਰੋਕੂ ਅਤੇ ਰੈਗੂਲੇਸ਼ਨ ਐਕਟ 1986 ਬਣਾਇਆ ਸੀ।

ਇਸ ਕਾਨੂੰਨ ਅਨੁਸਾਰ ਬਾਲ ਮਜ਼ਦੂਰੀ ਦਾ ਮਤਲਬ ਹੈ ਉਹ ਮਜ਼ਦੂਰੀ ਜੋ 14 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਬੱਚੇ ਤੋਂ ਉਸ ਦੀ ਇੱਛਾ ਦੇ ਵਿਰੁੱਧ ਲਈ ਜਾਂਦੀ ਹੈ। ਇੰਟਰਨੈਸ਼ਨਲ ਲੇਬਰ ਆਰਗ਼ੇਨਾਈਜ਼ੇਸ਼ਨ ਨੇ ਬਾਲ ਮਜ਼ਦੂਰੀ ਬਾਰੇ ਆਪਣੀ ਇੱਕ ਰਿਪੋਰਟ ਵਿੱਚ ਬਾਲ ਮਜ਼ਦੂਰੀ ਨੂੰ ਪਰਿਭਾਸ਼ਿਤ ਕੀਤਾ ਹੈ, ਜਿਸ ਅਨੁਸਾਰ ਇਹ ਕਿਸ਼ੋਰ ਉਹ ਨਹੀਂ ਹਨ ਜੋ ਆਪਣੇ ਖਰਚੇ ਲਈ ਕੰਮ ਕਰਨ ਲਈ ਖੇਡਣ ਅਤੇ ਪੜ੍ਹਾਈ ਤੋਂ ਦਿਨ ਵਿੱਚ ਕੁਝ ਘੰਟੇ ਕੱਢਦੇ ਹਨ। ਪਰਿਵਾਰ ਦੀ ਜ਼ਮੀਨ ’ਤੇ ਖੇਤੀ ਕਰਨ ਜਾਂ ਘਰ ਦੇ ਕੰਮਾਂ ’ਚ ਮਦਦ ਕਰਨ ਵਾਲੇ ਬੱਚੇ ਹੀ ਨਹੀਂ ਸਗੋਂ ਮਾਸੂਮ ਹੀ ਹਨ ਜੋ ਵੱਡਿਆਂ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ।

ਬੇਸ਼ੱਕ ਅੱਜ ਦੀ ਨੌਜਵਾਨ ਪੀੜ੍ਹੀ ਤਰੱਕੀ ਦੀਆਂ ਕਈ ਮੰਜ਼ਿਲਾਂ ਪਾਰ ਕਰ ਚੁੱਕੀ ਹੈ, ਕਈ ਨਵੇਂ ਰਿਕਾਰਡ ਬਣਾਉਣ ਵਿੱਚ ਲੱਗੀ ਹੋਈ ਹੈ, ਪਰ ਵਿਡੰਬਣਾ ਇਹ ਹੈ ਕਿ ਬਚਪਨ ਬਾਲ ਮਜ਼ਦੂਰੀ ਦੀ ਚੱਕੀ ਵਿੱਚ ਪਿਸਿਆ ਜਾ ਰਿਹਾ ਹੈ। ਅੱਜ ਵੀ ਬਾਲ ਮਜ਼ਦੂਰੀ ਲਈ ਸ਼ੋਸ਼ਣ ਅਤੇ ਬੇਇਨਸਾਫ਼ੀ ਦੀਆਂ ਕਈ ਚਿੰਤਾਜਨਕ ਕਹਾਣੀਆਂ ਦੁਹਰਾਈਆਂ ਜਾ ਰਹੀਆਂ ਹਨ। ਉਨ੍ਹਾਂ ਨੂੰ ਅਜਿਹਾ ਕੰਮ ਕਰਨ ਲਈ ਕਿਹਾ ਜਾ ਰਿਹਾ ਹੈ ਜੋ ਉਨ੍ਹਾਂ ਦੀ ਸਿਹਤ ਅਤੇ ਆਜ਼ਾਦੀ ਲਈ ਖਤਰਾ ਪੈਦਾ ਕਰ ਰਿਹਾ ਹੈ। ਉਨ੍ਹਾਂ ਨੂੰ ਅਜਿਹੇ ਉਦਯੋਗਾਂ ਵਿੱਚ ਸੁੱਟਿਆ ਜਾ ਰਿਹਾ ਹੈ ਜਿਸ ਨਾਲ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਬਣਿਆ ਹੋਇਆ ਹੈ।

ਹਾਲਾਂ ਕਿ ਪਿਛਲੇ ਕੁਝ ਸਾਲਾਂ ਤੋਂ ਬਾਲ ਮਜ਼ਦੂਰੀ ਦੀ ਦਰ ਵਿੱਚ ਕਮੀ ਦੇਖੀ ਗਈ ਹੈ। ਸਮਾਜ ਵਿੱਚ ਜਾਗਰੂਕਤਾ ਅਤੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਮੁਹਿੰਮਾਂ ਅਤੇ ਸਕੀਮਾਂ ਦਾ ਅਸਰ ਸਮਾਜ ਵਿੱਚ ਆਪਣਾ ਪ੍ਰਭਾਵ ਛੱਡ ਰਿਹਾ ਹੈ। ਇਸ ਦੇ ਬਾਵਜੂਦ ਬੱਚਿਆਂ ਨੂੰ ਅਜੇ ਵੀ ਕਈ ਔਖੇ ਕੰਮਾਂ ਜਿਵੇਂ ਬੰਧੂਆ ਮਜ਼ਦੂਰੀ, ਬਾਲ ਸੈਨਿਕ, ਬੀੜੀ ਬਣਾਉਣਾ, ਗਲੀਚੇ ਬਣਾਉਣਾ, ਚੂੜੀਆਂ, ਗਲਾਸ, ਤਾਲਾ, ਪਿੱਤਲ, ਪਟਾਕੇ ਚਲਾਉਣਾ, ਇੱਟਾਂ ਦੇ ਭੱਠਿਆਂ ਵਿੱਚ ਕੰਮ ਕਰਨਾ, ਗਲੀਚਿਆਂ ਬੁਣਨਾ, ਕੱਪੜੇ ਤਿਆਰ ਕਰਨਾ, ਘਰੇਲੂ ਕੰਮ ਆਦਿ ਵਿੱਚ ਰੁਜ਼ਗਾਰ ਦਿੱਤਾ ਜਾ ਰਿਹਾ ਹੈ।

(ਬਾਕੀ ਸਫ਼ਾ 30 ’ਤੇ)

## ਬਾਲ ਮਜ਼ਦੂਰੀ ਦਾ 12 ਪ੍ਰਤੀਸ਼ਤ ਹਿੱਸਾ ਇਕੱਲੇ ਭਾਰਤ ਵਿੱਚ: ਯੂਨੀਸੇਫ਼




ਯੂਨੀਸੇਫ਼ ਦੇ ਅਨੁਸਾਰ, ਵਿਸ਼ਵ ਵਿੱਚ ਕੁੱਲ ਬਾਲ ਮਜ਼ਦੂਰੀ ਦਾ 12 ਪ੍ਰਤੀਸ਼ਤ ਹਿੱਸਾ ਇਕੱਲੇ ਭਾਰਤ ਵਿੱਚ ਹੈ। ਬਾਲ ਮਜ਼ਦੂਰੀ (ਪ੍ਰਬੰਧਨ ਅਤੇ ਰੈਗੂਲੇਸ਼ਨ) ਸੋਧ ਐਕਟ 2016 ਦੇ ਅਨੁਸਾਰ- ਬਾਲ ਮਜ਼ਦੂਰੀ ਭਾਵ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਰੁਜ਼ਗਾਰ ’ਤੇ ਉਨ੍ਹਾਂ ਦੇ ਪਰਿਵਾਰਾਂ ਦੁਆਰਾ ਚਲਾਏ ਜਾਣ ਵਾਲੇ ਅਦਾਰਿਆਂ ਨੂੰ ਛੱਡ ਕੇ ਸਾਰੇ ਅਦਾਰਿਆਂ ਅਤੇ ਉੱਦਮਾਂ ਵਿੱਚ ਪੂਰੀ ਤਰ੍ਹਾਂ ਪਾਬੰਦੀ ਹੈ। ਇਸ ਐਕਟ ਅਨੁਸਾਰ ਬਾਲ ਮਜ਼ਦੂਰੀ ਹੁਣ ਗਿਣਨਯੋਗ ਅਪਰਾਧ ਹੈ, ਜਿਸ ਲਈ 2 ਸਾਲ ਤੱਕ ਦੀ ਕੈਦ ਦੀ ਵਿਵਸਥਾ ਵੀ ਹੈ।

ਇੱਕ ਰਿਪੋਰਟ ਦੇ ਅਨੁਸਾਰ, 2021 ਵਿੱਚ, ਦੁਨੀਆਂ ਭਰ ਵਿੱਚ 160 ਮਿਲੀਅਨ ਬੱਚੇ ਕੋਰੋਨਾ ਦੇ ਦੌਰ ਵਿੱਚ ਬਾਲ ਮਜ਼ਦੂਰੀ ਦੀ ਲਪੇਟ ਵਿੱਚ ਸਨ। ਆਈ.ਐਲ.ਓ ਰਿਪੋਰਟ ਮੁਤਾਬਕ 2016 ਤੋਂ ਲੈ ਕੇ 5 ਤੋਂ 17 ਸਾਲ ਦੀ ਉਮਰ ਦੇ ਬੱਚਿਆਂ ਦੀ ਗਿਣਤੀ 6.5 ਕਰੋੜ ਤੋਂ ਵਧ ਕੇ 7.9 ਕਰੋੜ ਹੋ ਗਈ ਹੈ। ਬਾਲ ਮਜ਼ਦੂਰੀ ਵਿੱਚ 5 ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਦੀ ਗਿਣਤੀ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ।

## ਸਰਕਾਰ ਵੱਲੋਂ ਗ਼ਰੀਬਾਂ ਨੂੰ ਘਰ ਬਣਾ ਕੇ ਦੇਣਾ

ਭਾਵੇਂ ਅਕਸਰ ਇਹ ਕਿਹਾ ਜਾਂਦਾ ਹੈ ਕਿ ਕੋਈ ਵੀ ਸਰਕਾਰ ਗਰੀਬਾਂ ਲਈ ਕੁਝ ਨਹੀਂ ਕਰਦੀ ਪਰ ਅਸਲੀਅਤ ਇਹ ਹੈ ਕਿ ਵੱਖ- ਵੱਖ ਸਮੇਂ ਵੱਖ- ਵੱਖ ਸਰਕਾਰਾਂ ਗਰੀਬਾਂ ਅਤੇ ਝੁੱਗੀਆਂ ਵਿੱਚ ਰਹਿ ਰਹੇ ਲੋਕਾਂ ਲਈ ਫ਼ਲੈਟ ਜਾਂ ਨਵੀਂਆਂ ਝੁੱਗੀਆਂ ਬਣਾ ਕੇ ਦਿੰਦੀ ਹੈ। ਅਕਸਰ ਵੇਖਣ ਵਿੱਚ ਆਇਆ ਹੈ ਕਿ ਸਰਕਾਰ ਵੱਲੋਂ ਦਿੱਤੇ ਗਏ ਫ਼ਲੈਟਾਂ ਜਾਂ ਨਵੀਂਆਂ ਝੁੱਗੀਆਂ ਨੂੰ ਕੁਝ ਗਰੀਬ ਲੋਕ ਵੇਚ ਦਿੰਦੇ ਹਨ ਜਾਂ ਫ਼ਿਰ ਕਿਰਾਏ ’ਤੇ ਦੇ ਦਿੰਦੇ ਹਨ ਅਤੇ ਆਪ ਮੁੜ ਫ਼ਿਰ ਪੁਰਾਣੀਆਂ ਝੁੱਗੀਆਂ ਵਿੱਚ ਆ ਕੇ ਰਹਿਣ ਲੱਗ ਜਾਂਦੇ ਹਨ ਤਾਂ ਕਿ ਸਰਕਾਰ ਦੀਆਂ ਨਵੇਂ ਫ਼ਲੈਟ ਦੇਣ ਦੀਆਂ ਸਹੂਲਤਾਂ ਦਾ ਮੁੜ ਲਾਭ ਲੈ ਸਕਣ। ਦੂਜੇ ਪਾਸੇ ਕਈ ਲੋੜਵੰਦ ਵਿਅਕਤੀ ਸਰਕਾਰ ਦੇ ਮੁਫ਼ਤ ਫ਼ਲੈਟ ਜਾਂ ਨਵੀਂ ਝੁੱਗੀ ਬਣਾ ਕੇ ਦੇਣ ਦੀ ਸਹੂਲਤ ਤੋਂ ਵਾਂਝੇ ਵੀ ਰਹਿ ਜਾਂਦੇ ਹਨ।



## ਗ਼ਰੀਬ ਬੱਚਿਆਂ ਨੂੰ ਪੜ੍ਹਾਉਣ ਦੇ ਯਤਨ

ਕੁਝ ਸਮਾਜ ਸੇਵਕ ਅਜਿਹੇ ਵੀ ਹਨ, ਜੋ ਕਿ ਗਰੀਬਾਂ ਦੇ ਬੱਚਿਆਂ ਅਤੇ ਬਾਲ ਮਜ਼ਦੂਰਾਂ ਨੂੰ ਪੜ੍ਹਾਉਣ ਦਾ ਯਤਨ ਵੀ ਕਰਦੇ ਹਨ। ਭਾਵੇਂ ਕਿ ਕੁਝ ਬੱਚੇ ਸਵੇਰੇ ਸ਼ਾਮ ਵੱਖ- ਵੱਖ ਥਾਂਵਾਂ ’ਤੇ ਕੰਮ ਕਰਦੇ ਹਨ ਜਾਂ ਭੀਖ ਮੰਗਦੇ ਹਨ ਪਰ ਦੁਪਹਿਰ ਵੇਲੇ ਉਹਨਾਂ ਨੂੰ ਕੁਝ ਸਮਾਜ ਸੇਵਕਾਂ ਵੱਲੋਂ ਪੜ੍ਹਾਇਆ ਵੀ ਜਾਂਦਾ ਹੈ, ਤਾਂ ਕਿ ਚੰਗੀ ਪੜ੍ਹਾਈ ਕਰਕੇ ਉਹਨਾਂ ਦੀ ਜਿੰਦਗੀ ਬਣ ਸਕੇ। ਭੀਖ ਮੰਗਣ ਵਾਲੇ ਅਤੇ ਦੁਕਾਨਾਂ ’ਤੇ ਕੰਮ ਕਰਦੇ ਬੱਚਿਆਂ ਨੂੰ ਪੜ੍ਹਾਉਣ ਵਾਲੇ ਲੋਕਾਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ ਤਾਂ ਕਿ ਹੋਰ ਲੋਕ ਵੀ ਇਸ ਕੰਮ ਲਈ ਅੱਗੇ ਆਉਣ ਅਤੇ ਦੇਸ਼ ਵਿੱਚ ਬਾਲ ਮਜ਼ਦੂਰਾਂ ਅਤੇ ਗਰੀਬਾਂ ਦੇ ਬੱਚਿਆਂ ਦਾ ਭਵਿੱਖ ਵੀ ਚੰਗੇਰਾ ਬਣ ਸਕੇ।



# ਭਾਰਤ ਨੇ ਪਾਕਿਸਤਾਨ ਤੋਂ ਦਰਾਮਦ ਤੇ ਬਰਾਮਦ ’ਤੇ ਪਾਬੰਦੀ ਕਿਉਂ ਲਗਾਈ ?

## ਇਸ ਦਾ ਦੋਹਾਂ ਦੇਸ਼ਾਂ ਉੱਪਰ ਕੀ ਅਸਰ ਪਵੇਗਾ ?

## ਕੀ ਅਮਰੀਕਾ ਦਖ਼ਲਅੰਦਾਜ਼ੀ ਕਰੇਗਾ ?





ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ-ਪਾਕਿਸਤਾਨ ਵਿਚਕਾਰ ਵਧਦੇ ਤਣਾਅ ਦੇ ਮੱਦੇਨਜ਼ਰ ਭਾਰਤ ਨੇ ਪਾਕਿਸਤਾਨ ਤੋਂ ਸਾਰੇ ਪ੍ਰਕਾਰ ਦੇ ਅਯਾਤ ਅਤੇ ਨਿਰਯਾਤ ’ਤੇ ਪਾਬੰਦੀ ਲਗਾ ਦਿੱਤੀ ਹੈ। 2 ਮਈ 2025 ਨੂੰ ਵਣਜ ਮੰਤਰਾਲੇ ਅਨੁਸਾਰ ਇਹ ਪਾਬੰਦੀ ਰਾਸ਼ਟਰੀ ਸੁਰੱਖਿਆ ਅਤੇ ਜਨਤਕ ਨੀਤੀ ਦੇ ਹਿੱਤ ਵਿੱਚ ਲਗਾਈ ਗਈ ਹੈ। ਇਸ ਪਾਬੰਦੀ ਵਿੱਚ ਕਿਸੇ ਵੀ ਛੋਟ ਲਈ ਭਾਰਤ ਸਰਕਾਰ ਦੀ ਪਹਿਲੀ ਮਨਜ਼ੂਰੀ ਜ਼ਰੂਰੀ ਹੋਵੇਗੀ। ਅਧਿਸੂਚਨਾ ਵਿੱਚ ਵਿਦੇਸ਼ ਵਪਾਰ ਨੀਤੀ (ਐਫ.ਟੀ.ਪੀ.) 2023 ਵਿੱਚ ਇੱਕ ਪ੍ਰਬੰਧ ਜੋੜਿਆ ਗਿਆ, ਜਿਸ ਨਾਲ ਪਾਕਿਸਤਾਨ ਤੋਂ ਸਾਰੇ ਸਮਾਨ ਦੇ ਆਯਾਤ ਅਤੇ ਪਾਰਗਮਨ ’ਤੇ ਰੋਕ ਲਗਾਈ ਗਈ।

**ਪਾਕਿਸਤਾਨ ਭਾਰਤ ਨੂੰ ਕਿਹੜੀਆਂ ਵਸਤਾਂ ਭੇਜਦਾ ਹੈ ?**

ਹਾਲੀਆ ਅਧਿਕਾਰਕ ਅੰਕੜਿਆਂ ਅਨੁਸਾਰ, ਅਪ੍ਰੈਲ 2024 ਤੋਂ ਫ਼ਰਵਰੀ 2025 ਦੌਰਾਨ ਭਾਰਤ ਨੇ ਪਾਕਿਸਤਾਨ ਤੋਂ ਕੋਈ ਆਯਾਤ ਨਹੀਂ ਕੀਤਾ। ਪਰ ਪਿਛਲੇ ਸਮੇਂ ਵਿੱਚ, ਪਾਕਿਸਤਾਨ ਤੋਂ ਭਾਰਤ ਨੂੰ ਸੀਮਤ ਵਸਤਾਂ ਜਿਵੇਂ ਸੀਮਿੰਟ, ਖਜੂਰ, ਖਨਿਜ ਪਦਾਰਥ, ਚਮੜਾ ਅਤੇ ਕੁਝ ਟੈਕਸਟਾਈਲ ਉਤਪਾਦ ਨਿਰਯਾਤ ਕੀਤੇ ਜਾਂਦੇ ਸਨ। ਭਾਰਤ ਨੇ 2019 ਵਿੱਚ ਪੁਲਵਾਮਾ ਹਮਲੇ ਤੋਂ ਬਾਅਦ ਪਾਕਿਸਤਾਨ ਨੂੰ ‘ਮੋਸਟ ਫ਼ੇਵਰਡ ਨੇਸ਼ਨ’ (ਐਮ.ਐਫ਼.ਐਨ.) ਦਰਜਾ ਰੱਦ ਕਰ ਦਿੱਤਾ ਸੀ ਅਤੇ ਆਯਾਤ ’ਤੇ 200% ਸ਼ੁਲਕ ਲਗਾ ਦਿੱਤਾ ਸੀ, ਜਿਸ ਨਾਲ ਵਪਾਰ ਲਗਭਗ ਠੱਪ ਹੋ ਗਿਆ। ਇਸ ਦੇ ਉਲਟ, ਭਾਰਤ ਪਾਕਿਸਤਾਨ ਨੂੰ ਵਪਾਰਕ ਵਸਤਾਂ ਦਾ ਨਿਰਯਾਤ ਕਰਦਾ ਰਿਹਾ ਹੈ। ਵਿੱਤੀ ਸਾਲ 2025 ਵਿੱਚ ਪਾਕਿਸਤਾਨ ਨੂੰ ਭਾਰਤ ਦੇ ਮੁੱਖ ਨਿਰਯਾਤ ਵਿੱਚ ਡਰੱਗ ਫ਼ਾਰਮੂਲੇਸ਼ਨ, ਖੰਡ, ਥੋਕ ਦਵਾਈਆਂ, ਅਵਸ਼ੇਸ਼ ਰਸਾਇਣ ਅਤੇ ਆਟੋ ਪਾਰਟਸ ਸ਼ਾਮਲ ਸਨ। ਅਪ੍ਰੈਲ 2024 ਤੋਂ ਫ਼ਰਵਰੀ 2025 ਦੌਰਾਨ ਭਾਰਤ ਦਾ ਪਾਕਿਸਤਾਨ ਨੂੰ ਨਿਰਯਾਤ 56.91% ਘਟ ਕੇ 491 ਮਿਲੀਅਨ ਡਾਲਰ ਰਹਿ ਗਿਆ।

**ਵਿਸ਼ਵ ਦੀਆਂ ਅਖ਼ਬਾਰਾਂ ਤੇ ਮਾਹਿਰਾਂ ਦੀ ਰਾਇ**

‘ਅਲ ਜਜ਼ੀਰਾ’ ਅਤੇ ‘ਦ ਨਿਊਯਾਰਕ ਟਾਈਮਜ਼’ ਵਰਗੀਆਂ ਸੰਸਥਾਵਾਂ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਇਹ ਪਾਬੰਦੀਆਂ ਦੱਖਣੀ ਏਸ਼ੀਆ ਵਿੱਚ ਸੰਘਰਸ਼ ਨੂੰ ਵਧਾ ਸਕਦੀਆਂ ਹਨ। ਸਟ੍ਰੈਟਫ਼ੋਰ ਅਤੇ ਬਰੁਕਿੰਗਜ਼ ਇੰਸਟੀਟਿਊਸ਼ਨ ਵਰਗੇ ਅੰਤਰਰਾਸ਼ਟਰੀ ਸੰਸਥਾਨਾਂ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਸਿੰਧੂ ਜਲ ਸਮਝੌਤੇ ਦਾ ਮੁਅੱਤਲ ਹੋਣਾ ਮਾਨਵੀ ਸੰਕਟ ਨੂੰ ਵਧਾ ਸਕਦਾ ਹੈ ਅਤੇ ਅੰਤਰਰਾਸ਼ਟਰੀ ਮੰਚਾਂ ’ਤੇ ਵਿਵਾਦ ਦਾ ਕਾਰਨ ਬਣ ਸਕਦਾ ਹੈ। ਉਹ ਇਸ ਗੱਲ ’ਤੇ ਵੀ ਜ਼ੋਰ ਦਿੰਦੇ ਹਨ ਕਿ ਭਾਰਤ ਅਤੇ ਪਾਕਿਸਤਾਨ ਨੂੰ ਗੱਲਬਾਤ ਰਾਹੀਂ ਸਮੱਸਿਆਵਾਂ ਦਾ ਹੱਲ ਕਰਨਾ ਚਾਹੀਦਾ।

**ਸਿੱਟਾ** :ਭਾਰਤ ਦੀਆਂ ਪਾਬੰਦੀਆਂ ਅਤੇ ਪਾਕਿਸਤਾਨ ਦੀਆਂ ਜਵਾਬੀ ਕਾਰਵਾਈਆਂ ਨੇ ਦੋਹਾਂ ਮੁਲਕਾਂ ਵਿਚਕਾਰ ਸੰਬੰਧਾਂ ਨੂੰ ਇਤਿਹਾਸਕ ਤੌਰ ’ਤੇ ਸਭ ਤੋਂ ਨੀਵੇਂ ਪੱਧਰ ’ਤੇ ਲਿਆਂਦਾ ਹੈ। ਜਦਕਿ ਇਹ ਪਾਬੰਦੀਆਂ ਭਾਰਤ ਦੀ ਸੁਰੱਖਿਆ ਅਤੇ ਕੂਟਨੀਤਕ ਰਣਨੀਤੀ ਦਾ ਹਿੱਸਾ ਹਨ, ਇਨ੍ਹਾਂ ਦੇ ਦੂਰਗਾਮੀ ਨਤੀਜੇ ਪਾਕਿਸਤਾਨ ਦੀ ਅਰਥਵਿਵਸਥਾ ਅਤੇ ਖੇਤਰੀ ਸਥਿਰਤਾ ’ਤੇ ਗੰਭੀਰ ਅਸਰ ਪਾ ਸਕਦੇ ਹਨ। ਅੰਤਰਰਾਸ਼ਟਰੀ ਭਾਈਚਾਰਾ ਅਤੇ ਮਾਹਿਰ ਗੱਲਬਾਤ ਅਤੇ ਸੰਜਮ ਦੀ ਵਕਾਲਤ ਕਰ ਰਹੇ ਹਨ, ਪਰ ਮੌਜੂਦਾ ਸਥਿਤੀ ਵਿੱਚ ਸੰਘਰਸ਼ ਦੀ ਸੰਭਾਵਨਾ ਵਧਦੀ ਜਾਪਦੀ ਹੈ। ਅਮਰੀਕਾ ਸਿੱਧੀ ਦਖਲਅੰਦਾਜ਼ੀ ਦੀ ਬਜਾਏ ਕੂਟਨੀਤਕ ਮੰਚਾਂ ਰਾਹੀਂ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕਰ ਸਕਦਾ ਹੈ।

## ਭਾਰਤ ਪਾਕਿਸਤਾਨ ਤਣਾਅ ਕਾਰਨ ਪੰਜਾਬ ਦੇ ਸਰਹੱਦੀ ਪਿੰਡਾਂ ’ਚ ਹੋਣ ਲੱਗਾ ਉਜਾੜਾ

- ➤ ਕਈ ਪਿੰਡਾਂ ਵਿੱਚ ਲੋਕਾਂ ਨੇ ਆਪਣੇ ਘਰ ਛੱਡ ਕੇ ਰਿਸ਼ਤੇਦਾਰਾਂ ਕੋਲ ਲਈ ਪਨਾਹ
- ➤ ਕਿਸਾਨਾਂ ਨੂੰ ਭਾਰੀ ਆਰਥਿਕ ਨੁਕਸਾਨ,ਖੇਤਾਂ ਵਿੱਚ ਕੰਮ ਰੁਕਿਆ

ਭਾਰਤ-ਪਾਕਿਸਤਾਨ ਸਰਹੱਦ ’ਤੇ ਵਧਦੇ ਤਣਾਅ ਦੇ ਵਿਚਕਾਰ ਪੰਜਾਬ ਦੇ ਸਰਹੱਦੀ ਪਿੰਡਾਂ ਵਿੱਚ ਬੇਚੈਨੀ ਅਤੇ ਉਜਾੜਾ ਸਾਫ਼ ਦਿਖਾਈ ਦੇ ਰਿਹਾ ਹੈ। ਖਾਸ ਕਰਕੇ ਅੰਮ੍ਰਿਤਸਰ, ਤਰਨਤਾਰਨ, ਫ਼ਿਰੋਜ਼ਪੁਰ ਅਤੇ ਫ਼ਾਜ਼ਿਲਕਾ ਵਰਗੇ ਜ਼ਿਲ੍ਹਿਆਂ ਵਿੱਚ ਵਸੇ ਪਿੰਡਾਂ ਦੇ ਲੋਕ ਡਰ ਦੇ ਪਰਛਾਵੇਂ ਹੇਠ ਜੀ ਰਹੇ ਹਨ। ਸਰਹੱਦ ’ਤੇ ਗੋਲ਼ੀਬਾਰੀ ਦੀ ਸੰਭਾਵਨਾ ਅਤੇ ਹਾਲ ਹੀ ਦੇ ਅੱਤਵਾਦੀ ਹਮਲਿਆਂ ਨੇ ਇਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਆਪਣੇ ਪਰਿਵਾਰਾਂ ਨੂੰ ਸੁਰੱਖਿਅਤ ਸਥਾਨਾਂ ’ਤੇ ਭੇਜਣ ਲਈ ਮਜਬੂਰ ਕਰ ਦਿੱਤਾ ਹੈ। ਕਈ ਪਿੰਡਾਂ ਵਿੱਚ ਲੋਕ ਆਪਣੇ ਘਰ ਛੱਡ ਕੇ ਰਿਸ਼ਤੇਦਾਰਾਂ ਕੋਲ ਜਾਂ ਸ਼ਹਿਰਾਂ ਵਿੱਚ ਪਨਾਹ ਲੈ ਰਹੇ ਹਨ, ਜਿਸ ਕਾਰਨ ਪਿੰਡਾਂ ਵਿੱਚ ਸੰਨਾਟਾ ਛਾਇਆ ਹੋਇਆ ਹੈ। ਸਰਹੱਦੀ ਪਿੰਡਾਂ ਵਿੱਚ ਸਕੂਲ ਬੰਦ ਹਨ ਅਤੇ ਸਥਾਨਕ ਬਾਜ਼ਾਰਾਂ ਵਿੱਚ ਸੰਨਾਟਾ ਹੈ। ਗੋਲ਼ੀਬਾਰੀ ਦੀ ਸੰਭਾਵਨਾ ਕਾਰਨ ਲੋਕ ਰਾਤ ਨੂੰ ਘਰਾਂ ਤੋਂ ਬਾਹਰ ਨਿਕਲਣ ਤੋਂ ਡਰਦੇ ਹਨ।


ਪਿੰਡ ਵਾਸੀਆਂ ਦੀ ਆਵਾਜ਼

ਫ਼ਾਜ਼ਿਲਕਾ ਦੇ ਇੱਕ ਕਿਸਾਨ, 60 ਸਾਲ ਦੇ ਹਰਬੰਸ ਸਿੰਘ ਕਹਿੰਦੇ ਹਨ, ‘ਅਸੀਂ ਹਰ ਵਾਰ ਇਹੀ ਡਰ ਝੱਲਦੇ ਹਾਂ। ਨਾ ਫ਼ਸਲ ਸਮੇਂ ਸਿਰ ਵੱਢ ਸਕਦੇ ਹਾਂ, ਨਾ ਹੀ ਬੱਚਿਆਂ ਨੂੰ ਸਕੂਲ ਭੇਜ ਸਕਦੇ ਹਾਂ। ਸਰਕਾਰ ਬੰਕਰ ਤਾਂ ਦੇ ਰਹੀ ਹੈ, ਪਰ ਸ਼ਾਂਤੀ ਦਾ ਕੋਈ ਰਾਹ ਨਹੀਂ ਦਿਖਦਾ।’

ਇਸੇ ਤਰ੍ਹਾਂ, ਤਰਨਤਾਰਨ ਦੀ ਸਰਪੰਚ ਰਮਨਦੀਪ ਕੌਰ ਨੇ ਦੱਸਿਆ, ‘ਸਾਡੇ ਪਿੰਡ ਦੇ ਜ਼ਿਆਦਾਤਰ ਲੋਕ ਡਰੇ ਹੋਏ ਹਨ। ਅਸੀਂ ਬੰਕਰਾਂ ਦੀ ਜਾਂਚ ਕਰ ਰਹੇ ਹਾਂ, ਪਰ ਜੇ ਗੋਲ਼ੀਬਾਰੀ ਸ਼ੁਰੂ ਹੋਈ ਤਾਂ ਨੁਕਸਾਨ ਤੋਂ ਬਚਣਾ ਮੁਸ਼ਕਿਲ ਹੋਵੇਗਾ।’

ਸੋ ਪੰਜਾਬ ਦੇ ਸਰਹੱਦੀ ਪਿੰਡਾਂ ਵਿੱਚ ਭਾਰਤ-ਪਾਕਿਸਤਾਨ ਤਣਾਅ ਨੇ ਨਾ ਸਿਰਫ਼ ਲੋਕਾਂ ਦੇ ਰੋਜ਼ਮਰ੍ਹਾ ਦੇ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ, ਸਗੋਂ ਉਨ੍ਹਾਂ ਦੀ ਰੋਜ਼ੀ-ਰੋਟੀ ਅਤੇ ਮਾਨਸਿਕ ਸਿਹਤ ’ਤੇ ਵੀ ਡੂੰਘਾ ਅਸਰ ਪਾਇਆ ਹੈ। ਸਰਕਾਰ ਦੇ ਯਤਨਾਂ ਦੇ ਬਾਵਜੂਦ, ਪਿੰਡ ਵਾਸੀਆਂ ਨੂੰ ਸਥਾਈ ਸ਼ਾਂਤੀ ਅਤੇ ਸੁਰੱਖਿਆ ਦੀ ਜ਼ਰੂਰਤ ਹੈ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਤਾਮਿਲਨਾਡੂ ਤੇ ਮਹਾਂਰਾਸ਼ਟਰ ਵਿੱਚ ਭਾਜਪਾ ਦੀ ਹਿੰਦੀ ਭਾਸ਼ਾ ਨੂੰ ਥੋਪਣ ਦੀ ਕੋਸ਼ਿਸ਼ ਨੂੰ ਝਟਕਾ

## ਤਾਮਿਲਨਾਡੂ ਵਿੱਚ ਹਿੰਦੀ ਨੂੰ ਲਾਜ਼ਮੀ ਕਰਨ ਦੀ ਭਾਜਪਾ ਦੀ ਕੋਸ਼ਿਸ਼ ਨੂੰ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ

### ਮੁੱਦਾ, ਜਨਤਕ ਬਹਿਸ ਤੇ ਰਾਜਨੀਤੀ 'ਚੋਂ ਗਾਇਬ ਕਿਉਂ?

### ਪੰਜਾਬ 'ਚ ਪੰਜਾਬੀ ਬੋਲੀ ਦੇ ਹਿੰਦੀ ਭਾਸ਼ਾ ਦੇ ਮੁਕਾਬਲੇ ਘਟਣ ਦੀਆਂ ਚਿੰਤਾਵਾਂ ਵਧੀਆਂ

ਪ੍ਰੋਫ਼ੈਸਰ ਬਲਵਿੰਦਰ ਪਾਲ ਸਿੰਘ



ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਰਾਸ਼ਟਰੀ ਸਿੱਖਿਆ ਨੀਤੀ (ਐਨ.ਈ.ਪੀ.) ਅਧੀਨ ਹਿੰਦੀ ਨੂੰ ਲਾਜ਼ਮੀ ਭਾਸ਼ਾ ਬਣਾਉਣ ਦੀ ਯੋਜਨਾ ਨੂੰ ਹੁਣੇ ਜਿਹੇ ਤਾਮਿਲਨਾਡੂ ਅਤੇ ਮਹਾਰਾਸ਼ਟਰ ਵਿੱਚ ਵੱਡੇ ਝਟਕੇ ਲੱਗੇ ਹਨ, ਜਦਕਿ ਪੰਜਾਬ ਵਿੱਚ ਪੰਜਾਬੀ ਦੇ ਹਿੰਦੀ ਦੇ ਮੁਕਾਬਲੇ ਘਟਣ ਦੀਆਂ ਚਿੰਤਾਵਾਂ ਵਧ ਰਹੀਆਂ ਹਨ। ਇਹ ਮੁੱਦਾ, ਜੋ ਕਦੇ ਰਾਜਨੀਤਕ ਚਰਚਾ ਦਾ ਕੇਂਦਰ ਸੀ, ਹੁਣ ਜਨਤਕ ਬਹਿਸ ਤੋਂ ਗਾਇਬ ਹੋ ਗਿਆ ਹੈ। ਇਸ ਨਾਲ ਭਾਜਪਾ ਦੇ ਇਰਾਦਿਆਂ, ਤਾਮਿਲਨਾਡੂ ਵਿੱਚ ਉਸ ਦੀ ਨਾਕਾਮੀ ਅਤੇ ਪੰਜਾਬ ਦੀਆਂ ਭਾਸ਼ਾਈ ਚੁਣੌਤੀਆਂ ਬਾਰੇ ਸਵਾਲ ਉੱਠ ਰਹੇ ਹਨ। ਭਾਜਪਾ ਹਿੰਦੀ ਨੂੰ ਰਾਸ਼ਟਰੀ ਭਾਸ਼ਾ ਕਿਉਂ ਬਣਾਉਣਾ ਚਾਹੁੰਦੀ ਹੈ?

ਭਾਜਪਾ ਦੀ ਹਿੰਦੀ ਨੂੰ 'ਰਾਸ਼ਟਰੀ ਭਾਸ਼ਾ' ਵਜੋਂ ਪ੍ਰਮੋਟ ਕਰਨ ਦੀ ਵਕਾਲਤ ਦਾ ਮਕਸਦ ਭਾਰਤ ਦੀ ਵਿਭਿੰਨ ਭਾਸ਼ਾਈ ਤਸਵੀਰ ਵਿੱਚ ਸੱਭਿਆਚਾਰਕ ਅਤੇ ਪ੍ਰਸ਼ਾਸਨਿਕ ਏਕਤਾ ਲਿਆਉਣਾ ਹੈ। ਪਾਰਟੀ ਦਾ ਦਾਅਵਾ ਹੈ ਕਿ ਹਿੰਦੀ, ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੋਣ ਕਰਕੇ, ਸੰਪਰਕ ਦਾ ਸਾਧਨ ਬਣ ਸਕਦੀ ਹੈ ਅਤੇ ਰਾਸ਼ਟਰੀ ਏਕਤਾ ਨੂੰ ਮਜ਼ਬੂਤ ਕਰ ਸਕਦੀ ਹੈ। ਇਹ ਭਾਜਪਾ ਦੀ ਵਿਆਪਕ ਵਿਚਾਰਧਾਰਾ ਨਾਲ ਜੁੜਦਾ ਹੈ, ਜੋ ਹਿੰਦੂਤਵ 'ਤੇ ਅਧਾਰਿਤ ਇਕਸਾਰ ਸੱਭਿਆਚਾਰਕ ਪਛਾਣ ਨੂੰ ਉਤਸ਼ਾਹਿਤ ਕਰਦੀ ਹੈ।

ਐਨ.ਈ.ਪੀ. ਦੇ ਸ਼ੁਰੂਆਤੀ ਮਸੌਦੇ ਵਿੱਚ ਹਿੰਦੀ ਸਿੱਖਿਆ ਨੂੰ ਲਾਜ਼ਮੀ ਕਰਨ ਦਾ ਪ੍ਰਸਤਾਵ ਇਸੇ ਦਿਸ਼ਾ ਵਿੱਚ ਸੀ। ਹਾਲਾਂਕਿ, ਆਲੋਚਕਾਂ ਦਾ ਮੰਨਣਾ ਹੈ ਕਿ ਇਹ ਨੀਤੀ ਖੇਤਰੀ ਭਾਸ਼ਾਵਾਂ ਨੂੰ ਹਾਸ਼ੀਏ 'ਤੇ ਧੱਕਦੀ ਹੈ ਅਤੇ ਭਾਰਤ ਦੀ ਭਾਸ਼ਾਈ ਵਿਭਿੰਨਤਾ ਅਤੇ ਸੰਘੀ ਢਾਂਚੇ ਨੂੰ ਨੁਕਸਾਨ ਪਹੁੰਚਾਉਂਦੀ ਹੈ।

ਤਾਮਿਲਨਾਡੂ ਵਿੱਚ ਭਾਜਪਾ ਕਿਉਂ ਨਾਕਾਮ ਹੋਈ?

ਤਾਮਿਲਨਾਡੂ ਵਿੱਚ, ਹਿੰਦੀ ਨੂੰ ਲਾਜ਼ਮੀ ਕਰਨ ਦੀ ਭਾਜਪਾ ਦੀ ਕੋਸ਼ਿਸ਼ ਨੂੰ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਹ ਵਿਰੋਧ ਸੂਬੇ ਦੀ ਮਜ਼ਬੂਤ ਭਾਸ਼ਾਈ ਹੋਂਦ ਅਤੇ 1960 ਦੇ ਦਹਾਕੇ ਤੋਂ ਚੱਲੇ ਆ ਰਹੇ ਹਿੰਦੀ ਵਿਰੋਧੀ ਅੰਦੋਲਨਾਂ ਵਿੱਚ ਜੜ੍ਹਿਆ ਹੋਇਆ ਹੈ। ਦ੍ਰਵਿੜ ਮੁਨੇਤਰ ਕੜਗਮ (ਡੀ.ਐਮ.ਕੇ.) ਅਤੇ ਹੋਰ ਖੇਤਰੀ ਪਾਰਟੀਆਂ ਨੇ ਹਿੰਦੀ ਨੂੰ ਜ਼ਬਰਦਸਤੀ ਥੋਪਣ ਨੂੰ ਤਾਮਿਲ ਪਛਾਣ 'ਤੇ ਹਮਲਾ ਕਰਾਰ ਦਿੱਤਾ, ਜਿਸ ਨਾਲ ਜਨਤਕ ਜਜ਼ਬਾਤ ਭੜਕ ਉੱਠੇ। ਭਾਜਪਾ ਦੇ ਸਹਿਯੋਗੀ, ਅਖਿਲ ਭਾਰਤੀ ਅੰਨਾ ਦ੍ਰਵਿੜ ਮੁਨੇਤਰ ਕੜਗਮ (ਏ.ਆਈ.ਏ.ਡੀ.ਐਮ.ਕੇ.) ਅਤੇ ਪੱਟਾਲੀ ਮੱਕਲ ਕਛੀ (ਪੀ.ਐਮ.ਕੇ.), ਜੋ ਹਿੰਦੀ ਦੇ ਵਿਰੋਧੀ ਹਨ, ਨੇ ਵੀ ਦਬਾਅ ਪਾਇਆ। ਸਹਿਯੋਗੀਆਂ ਦੇ ਦਬਾਅ ਅਤੇ ਵਿਆਪਕ ਵਿਰੋਧ ਪ੍ਰਦਰਸ਼ਨਾਂ ਦੇ ਸਾਹਮਣੇ, ਭਾਜਪਾ ਨੂੰ ਪਿੱਛੇ ਹਟਣਾ ਪਿਆ। ਹੁਣ ਇਹ ਮੁੱਦਾ ਠੰਢਾ ਪੈ ਗਿਆ ਹੈ ਅਤੇ 2026 ਦੀਆਂ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਵਿੱਚ ਇਸ ਦੇ ਹਾਵੀ ਹੋਣ ਦੀ ਸੰਭਾਵਨਾ ਘੱਟ ਹੈ।

ਪੰਜਾਬ ਕਿਉਂ ਬਣ ਰਿਹਾ ਹੈ 'ਹਿੰਦੀ ਸੂਬਾ'?

ਪੰਜਾਬ ਵਿੱਚ, ਇਹ ਚਿੰਤਾ ਵਧ ਰਹੀ ਹੈ ਕਿ ਪੰਜਾਬੀ ਦੀ ਥਾਂ ਹਿੰਦੀ ਹਾਵੀ ਹੋ ਰਹੀ ਹੈ ਅਤੇ ਸੂਬਾ ਹੌਲੀ-ਹੌਲੀ 'ਹਿੰਦੀ ਸੂਬਾ' ਬਣਦਾ ਜਾ ਰਿਹਾ ਹੈ। ਇਸ ਦੇ ਕਈ ਕਾਰਨ ਹਨ। ਪੰਜਾਬ ਦੇ ਸਾਰੇ ਸਕੂਲਾਂ ਵਿੱਚ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਨਹੀਂ ਪੜ੍ਹਾਇਆ ਜਾਂਦਾ, ਖ਼ਾਸਕਰ ਸ਼ਹਿਰੀ ਨਿੱਜੀ ਸਕੂਲਾਂ ਵਿੱਚ, ਜਿੱਥੇ ਹਿੰਦੀ ਅਤੇ ਅੰਗਰੇਜ਼ੀ ਦਾ ਦਬਦਬਾ ਹੈ। ਕੁਝ ਸਕੂਲਾਂ ਵਿੱਚ ਪੰਜਾਬੀ ਬੋਲਣ 'ਤੇ ਮਨਾਹੀ ਹੈ, ਜਿਸ ਨਾਲ ਨੌਜਵਾਨ ਪੀੜ੍ਹੀ ਸੱਭਿਆਚਾਰਕ ਤੌਰ 'ਤੇ ਕੱਟੀ ਜਾ ਰਹੀ ਹੈ। ਹਿੰਦੀ ਬੋਲਣ ਵਾਲੇ ਪ੍ਰਵਾਸੀ ਮਜ਼ਦੂਰਾਂ ਦੀ ਆਮਦ ਅਤੇ ਸ਼ਹਿਰੀ ਪੰਜਾਬ ਵਿੱਚ ਹਿੰਦੀ ਮੀਡੀਆ ਦੇ ਵਧਦੇ ਪ੍ਰਭਾਵ ਨੇ ਭਾਸ਼ਾਈ ਤਰਜੀਹਾਂ ਨੂੰ ਬਦਲਿਆ ਹੈ, ਖ਼ਾਸਕਰ ਨੌਜਵਾਨਾਂ ਵਿੱਚ। ਪੰਜਾਬ ਸਕੂਲ ਸਿੱਖਿਆ ਬੋਰਡ ਪੰਜਾਬੀ ਨੂੰ ਲਾਜ਼ਮੀ ਮੰਨਦਾ ਹੈ, ਪਰ ਇਸ ਦੀ ਪਾਲਣਾ ਕਮਜ਼ੋਰ ਹੈ, ਖ਼ਾਸਕਰ ਨਿੱਜੀ ਸਕੂਲਾਂ ਵਿੱਚ, ਜਿੱਥੇ ਹਿੰਦੀ ਅਤੇ ਅੰਗਰੇਜ਼ੀ ਨੂੰ 'ਖਾਸ' ਭਾਸ਼ਾਵਾਂ ਮੰਨਿਆ ਜਾਂਦਾ ਹੈ।

ਸਰਕਾਰੀ ਸਕੂਲਾਂ ਵਿੱਚ ਯੋਗ ਪੰਜਾਬੀ ਅਧਿਆਪਕਾਂ ਦੀ ਕਮੀ ਹੈ ਅਤੇ ਸਕੂਲ ਇਸ ਨੂੰ ਨਿਯੁਕਤ ਕਰਨ ਨੂੰ ਤਰਜੀਹ ਨਹੀਂ ਦਿੰਦੇ। ਇਸੇ ਕਰਕੇ ਬਹੁਤ ਸਾਰੇ ਮਾਪੇ ਹਿੰਦੀ ਅਤੇ ਅੰਗਰੇਜ਼ੀ ਨੂੰ ਬਿਹਤਰ ਕੈਰੀਅਰ ਦੇ ਮੌਕਿਆਂ ਦਾ ਰਾਹ ਸਮਝਦੇ ਹਨ, ਜਿਸ ਕਰਕੇ ਪੰਜਾਬੀ ਨੂੰ 'ਖੇਤਰੀ' ਭਾਸ਼ਾ ਵਜੋਂ ਹਾਸ਼ੀਏ 'ਤੇ ਧੱਕਿਆ ਜਾਂਦਾ ਹੈ।

ਪੰਜਾਬ ਸਰਕਾਰ ਨੇ ਪੰਜਾਬੀ ਨੂੰ ਅਧਿਕਾਰਕ ਭਾਸ਼ਾ ਬਣਾਉਣ ਦੇ ਬਾਵਜੂਦ, ਜ਼ਮੀਨੀ ਪੱਧਰ 'ਤੇ ਪੂਰਾ ਲਾਗੂ ਨਹੀਂ ਕੀਤਾ। ਸਰਕਾਰੀ ਦਫ਼ਤਰਾਂ, (ਬਾਕੀ ਸਫ਼ਾ 30 'ਤੇ)

### ਕੀ ਦੇਸ਼ ਨੂੰ ਕੌਮੀ ਭਾਸ਼ਾ ਦੀ ਲੋੜ ਹੈ?

ਡਾ. ਜੋਗਾ ਸਿੰਘ ਦਾ ਕਹਿਣਾ ਹੈ, 'ਇਹ ਦਲੀਲ ਹੀ ਬੜੀ ਖ਼ਤਰਨਾਕ ਹੈ ਕਿ ਭਾਰਤ ਦੀ ਕੋਈ ਰਾਸ਼ਟਰ ਭਾਸ਼ਾ ਹੋਣੀ ਚਾਹੀਦੀ ਹੈ। ਭਾਰਤ ਦੀ ਸੰਵਿਧਾਨਿਕ ਰਾਸ਼ਟਰ ਭਾਸ਼ਾ ਨਹੀਂ ਹੈ। ਦਰਅਸਲ ਪਹਿਲਾਂ ਰਾਸ਼ਟਰ ਭਾਸ਼ਾ ਹੁੰਦੀ ਹੈ, ਫ਼ਿਰ ਉਸ ਦੇ ਆਧਾਰ 'ਤੇ ਰਾਸ਼ਟਰ ਬਣਦੇ ਹਨ।'

ਜਰਮਨੀ ਭਾਸ਼ਾ ਦੇ ਆਧਾਰ 'ਤੇ ਜਰਮਨੀ ਦੇਸ ਬਣ ਗਿਆ, ਫ਼ਰਾਂਸਿਸੀ ਬੋਲਣ ਵਾਲੇ ਇਲਾਕੇ ਵਿੱਚ ਫ਼ਰਾਂਸ ਬਣ ਗਿਆ। ਜੇ ਅਸੀਂ ਕਹਿ ਰਹੇ ਹਾਂ ਕਿ ਭਾਰਤ ਦੀ ਰਾਸ਼ਟਰ ਭਾਸ਼ਾ ਹੋਣੀ ਚਾਹੀਦੀ ਹੈ ਤਾਂ ਮਤਲਬ ਇਹ ਹੈ ਕਿ ਅਸੀਂ ਮੰਨਦੇ ਹਾਂ ਭਾਰਤ ਅਜੇ ਰਾਸ਼ਟਰ ਨਹੀਂ ਬਣਿਆ। ਭਾਰਤ ਵਿੱਚ ਸਾਰੀਆਂ ਭਾਸ਼ਾਵਾਂ ਦੀ ਸਮਾਨਤਾ ਸੰਵਿਧਾਨਕ ਤੌਰ 'ਤੇ ਹੈ ਤੇ ਹਰ ਭਾਸ਼ਾ ਦੀ ਸਮਾਨਤਾ ਸਥਾਪਤ ਹੋਣੀ ਚਾਹੀਦੀ ਹੈ।

### ਕੀ ਪੰਜਾਬ ਵਿੱਚ ਪੰਜਾਬੀ ਮਰ ਜਾਵੇਗੀ?




ਹਾਲਾਂਕਿ ਪੰਜਾਬੀ ਨੂੰ ਤੁਰੰਤ ਖ਼ਤਮ ਹੋਣ ਦਾ ਖ਼ਤਰਾ ਨਹੀਂ ਹੈ, ਪਰ ਸੰਸਥਾਗਤ ਅਤੇ ਜਨਤਕ ਖੇਤਰਾਂ ਵਿੱਚ ਇਸ ਦਾ ਘਟਣਾ ਚਿੰਤਾਜਨਕ ਹੈ। ਦੁਨੀਆਂ ਭਰ ਵਿੱਚ 9.2 ਕਰੋੜ ਬੁਲਾਰਿਆਂ ਨਾਲ, ਪੰਜਾਬੀ ਜਿਉਂਦੀ-ਜਾਗਦੀ ਹੈ, ਖ਼ਾਸਕਰ ਪ੍ਰਵਾਸੀਆਂ ਅਤੇ ਪੇਂਡੂ ਪੰਜਾਬ ਵਿੱਚ। ਮਾਹਿਰਾਂ ਮੁਤਾਬਕ 13-14 ਕਰੋੜ ਲੋਕਾਂ ਦੀ ਮਾਂ ਬੋਲੀ ਪੰਜਾਬੀ ਹੈ। ਸਭ ਤੋਂ ਵੱਧ ਤਕਰੀਬਨ 10 ਕਰੋੜ ਪੰਜਾਬੀ ਬੋਲਣ ਵਾਲੇ ਪਾਕਿਸਤਾਨ ਵਿੱਚ ਹਨ। ਉਸ ਤੋਂ ਬਾਅਦ 3 ਕਰੋੜ ਦੇ ਕਰੀਬ ਭਾਰਤੀ ਪੰਜਾਬ ਅਤੇ ਕਰੀਬ ਇੱਕ ਕਰੋੜ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿੱਚ ਜਾ ਸਕੇ ਵਸੇ ਹੋਏ ਹਨ।

ਭਾਸ਼ਾ ਮਾਹਿਰ ਡਾ. ਜੋਗਾ ਸਿੰਘ ਅਨੁਸਾਰ ਕਿ ਪੰਜਾਬੀ ਦੀਆਂ ਕੁੱਲ 28 ਬੋਲੀਆਂ ਹਨ, ਜਿਨ੍ਹਾਂ ਵਿੱਚ 8 ਜ਼ਿਆਦਾ ਪ੍ਰਚਲਿਤ ਹਨ। ਪਰ ਇਸ ਦੇ ਨਾਲ ਹੀ ਉਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਖ਼ਤਰਾ ਹੋਣ ਦੀ ਗੱਲ ਵੀ ਕਹੀ।

ਡਾ. ਜੋਗਾ ਸਿੰਘ ਦਾ ਕਹਿਣਾ ਹੈ, 'ਕਿਸੇ ਵੀ ਭਾਸ਼ਾ ਨੂੰ ਖ਼ਤਰਾ ਹੋ ਸਕਦਾ ਹੈ। ਸੰਸਕ੍ਰਿਤ, ਲਾਤੀਨੀ ਵਰਗੀਆਂ ਵੱਡੀਆਂ ਭਾਸ਼ਾਵਾਂ ਵੀ ਖ਼ਤਮ ਹੋ ਗਈਆਂ ਹਨ। ਭਾਰਤ ਵਿੱਚ ਸੰਸਕ੍ਰਿਤ ਬੋਲਣ ਵਾਲੇ 5-7 ਹਜ਼ਾਰ ਹੀ ਹਨ। ਭਾਸ਼ਾ ਉਦੋਂ ਖ਼ਤਮ ਹੋਣੀ ਹੁੰਦੀ ਹੈ ਜਦੋਂ ਉਸ ਦੀ ਵਰਤੋਂ ਦੇ ਖੇਤਰਾਂ ਵਿੱਚ ਵਰਤੋਂ ਖੁਰਨੀ ਸ਼ੁਰੂ ਹੋ ਜਾਂਦੀ ਹੈ। ਅੱਜ ਸਭ ਤੋਂ ਵੱਡਾ ਮਾਧਿਅਮ ਹੈ ਸਿੱਖਿਆ ਦਾ ਮਾਧਿਅਮ ਕਿਉਂਕਿ ਹਰੇਕ ਬੱਚਾ ਸਕੂਲ ਜਾ ਰਿਹਾ ਹੈ ਤੇ ਸਿੱਖਿਆ ਦਾ ਮਾਧਿਅਮ ਜੋ ਭਾਸ਼ਾ ਹੈ, ਉਹੀ ਉਸ ਦੀ ਪਹਿਲੀ ਭਾਸ਼ਾ ਹੈ। ਕਿਸੇ ਅਗਲੀ ਪੀੜ੍ਹੀ ਵਿੱਚ ਜਾ ਕੇ ਉਨ੍ਹਾਂ ਦੇ ਬੱਚਿਆਂ ਦੀ ਮਾਤ ਭਾਸ਼ਾ ਬਣ ਜਾਵੇਗੀ। ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਲੋਕਾਂ ਨੇ ਘਰਾਂ ਦੇ ਨਾਮ ਵੀ ਅੰਗਰੇਜ਼ੀ ਵਿੱਚ ਹੀ ਲਿਖੇ ਹੁੰਦੇ ਹਨ।'

ਪਰ, ਜੇ ਸਰਗਰਮ ਕਦਮ ਨਾ ਚੁੱਕੇ ਗਏ, ਤਾਂ ਇਹ ਸਿੱਖਿਆ, ਪ੍ਰਸ਼ਾਸਨ ਅਤੇ ਵਪਾਰ ਦਾ ਮਾਧਿਅਮ ਬਣਨ ਦੀ ਬਜਾਏ 'ਘਰੇਲੂ ਭਾਸ਼ਾ' ਤੱਕ ਸੀਮਤ ਹੋ ਸਕਦੀ ਹੈ। ਤਾਮਿਲਨਾਡੂ ਦੇ ਹਿੰਦੀ ਵਿਰੋਧ ਦੀ ਸਫ਼ਲਤਾ ਦਰਸਾਉਂਦੀ ਹੈ ਕਿ ਮਜ਼ਬੂਤ ਰਾਜਨੀਤਕ ਇੱਛਾ ਅਤੇ ਜਨਤਕ ਏਕਤਾ ਭਾਸ਼ਾਈ ਪਛਾਣ ਨੂੰ ਬਚਾ ਸਕਦੀ ਹੈ। ਪੰਜਾਬ ਨੂੰ ਵੀ ਅਜਿਹੀ ਜਾਗਰੂਕਤਾ ਦੀ ਲੋੜ ਹੈ।

ਸਮੁੱਚੇ ਤੌਰ ਉੱਪਰ ਕਿਹਾ ਜਾ ਸਕਦਾ ਹੈ ਕਿ ਤਾਮਿਲਨਾਡੂ ਅਤੇ ਮਹਾਰਾਸ਼ਟਰ ਵਿੱਚ ਹਿੰਦੀ ਨੂੰ ਲਾਜ਼ਮੀ ਕਰਨ 'ਤੇ ਭਾਜਪਾ ਦਾ ਪਿੱਛੇ ਹਟਣਾ ਖੇਤਰੀ ਵਿਰੋਧ ਦੀ ਤਾਕਤ ਨੂੰ ਦਰਸਾਉਂਦਾ ਹੈ, ਪਰ ਪੰਜਾਬ ਦੀਆਂ ਭਾਸ਼ਾਈ ਚੁਣੌਤੀਆਂ ਇੱਕ ਡੂੰਘੇ ਸੰਕਟ ਨੂੰ ਉਜਾਗਰ ਕਰਦੀਆਂ ਹਨ। ਜਿੱਥੇ ਤਾਮਿਲਨਾਡੂ ਦੇ ਇਕਸੁਰ ਵਿਰੋਧ ਨੇ ਤਾਮਿਲ ਨੂੰ ਸੁਰੱਖਿਅਤ ਕੀਤਾ, ਉਥੇ ਪੰਜਾਬ ਦੇ ਖਿੰਡੇ-ਪੁੰਡੇ ਜਵਾਬ ਨੇ ਹਿੰਦੀ ਦੇ ਦਬਦਬੇ ਨੂੰ ਵਧਣ ਦਿੱਤਾ। ਪੰਜਾਬੀ ਨੂੰ ਸੰਭਾਲਣ ਲਈ ਸਰਕਾਰ, ਰਾਜਨੀਤਕ ਨੇਤਾਵਾਂ ਅਤੇ ਨਾਗਰਿਕਾਂ ਨੂੰ ਫ਼ੈਸਲਾਕੁੰਨ ਢੰਗ ਨਾਲ ਆਪਣੀ ਭਾਸ਼ਾਈ ਵਿਰਾਸਤ ਨੂੰ ਮੁੜ ਹਾਸਲ ਕਰਨਾ ਪਵੇਗਾ, ਨਹੀਂ ਤਾਂ ਪੰਜਾਬੀ ਭਾਸ਼ਾ ਅਸਪਸ਼ਟਤਾ ਵਿੱਚ ਗੁਆਚ ਸਕਦੀ ਹੈ।

# ਜੱਗੀ ਜੌਹਲ ਦੀ ਰਿਹਾਈ ਲਈ ਯੂ.ਕੇ. ਦੇ 119 ਸਾਂਸਦਾਂ ਨੇ ਵਿਦੇਸ਼ ਮੰਤਰੀ ਨੂੰ ਲਿਖੀ ਚਿੱਠੀ

## ➤ ਸਿੱਖ ਫ਼ੈਡਰੇਸ਼ਨ ਜੌਹਲ ਦੀ ਰਿਹਾਈ ਲਈ ਡੱਟੀ ➤ ਕੂਟਨੀਤਕ ਗੱਲਬਾਤ ਲਈ ਜੌਹਲ ਦੇ ਭਰਾ ਦੀ ਵਿਦੇਸ਼ ਮੰਤਰੀ ਨਾਲ ਮੁਲਾਕਾਤ ਦੀ ਉਮੀਦ

ਲੰਡਨ/ਏ.ਟੀ.ਨਿਊਜ਼: ਭਾਰਤ ਵਿੱਚ ਜੇਲ੍ਹਬੰਦ ਬਰਤਾਨਵੀ ਸਿੱਖ ਨਾਗਰਿਕ ਜਗਤਾਰ ਸਿੰਘ ਜੌਹਲ ਦੀ ਰਿਹਾਈ ਅਤੇ ਵਾਪਸੀ ਲਈ ਬਰਤਾਨੀਆ ਦੇ 119 ਸੰਸਦ ਮੈਂਬਰਾਂ ਨੇ ਵਿਦੇਸ਼ ਮੰਤਰੀ ਡੇਵਿਡ ਲੈਮੀ ਨੂੰ ਪੱਤਰ ਲਿਖ ਕੇ ਕੂਟਨੀਤਕ ਯਤਨ ਵਧਾਉਣ ਦੀ ਮੰਗ ਕੀਤੀ ਹੈ। ਜੌਹਲ, ਜਿਨ੍ਹਾਂ ਨੂੰ 2017 ਵਿੱਚ ਪੰਜਾਬ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ, ਦਾ ਮਾਮਲਾ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਵਿੱਚ ਹੈ। ਸਿੱਖ ਫੈਡਰੇਸ਼ਨ (ਯੂ.ਕੇ.) ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਇਸ ਮੁੱਦੇ ਨੂੰ ਸੰਯੁਕਤ ਰਾਸ਼ਟਰ ਸਮੇਤ ਕਈ ਮੰਚਾਂ 'ਤੇ ਉਠਾਇਆ ਹੈ।

**ਸਾਂਸਦਾਂ ਦੀ ਅਪੀਲ ਅਤੇ ਸਿਆਸੀ ਸਮਰਥਨ**

119 ਸੰਸਦ ਮੈਂਬਰਾਂ, ਜਿਨ੍ਹਾਂ ਵਿੱਚ ਦਰਜਨ ਦੇ ਕਰੀਬ ਮੰਤਰੀ ਅਤੇ ਪੰਜ ਕੈਬਨਿਟ ਮੰਤਰੀ ਸ਼ਾਮਲ ਹਨ, ਨੇ ਵਿਦੇਸ਼ ਮੰਤਰੀ ਨੂੰ



ਪੱਤਰ ਲਿਖ ਕੇ ਜੌਹਲ ਦੀ ਰਿਹਾਈ ਲਈ ਭਾਰਤ ਸਰਕਾਰ ਨਾਲ ਸਖ਼ਤ ਗੱਲਬਾਤ ਦੀ ਮੰਗ ਕੀਤੀ ਹੈ। ਸਿੱਖ ਫੈਡਰੇਸ਼ਨ (ਯੂ.ਕੇ.) ਦੇ ਮੁੱਖ ਕਾਰਜਕਾਰੀ ਦਬਿੰਦਰਜੀਤ ਸਿੰਘ ਨੇ ਕਿਹਾ ਕਿ ਇਹ ਸਮਰਥਨ ਜੌਹਲ ਦੀ ਤੁਰੰਤ ਰਿਹਾਈ ਅਤੇ ਪਰਿਵਾਰ ਨਾਲ ਮੁੜ ਮਿਲਾਪ ਦੀ ਉਮੀਦ ਜਗਾਉਂਦਾ ਹੈ। ਹਾਲਾਂਕਿ, ਦੋ ਲੇਬਰ ਸਿੱਖ ਸੰਸਦ ਮੈਂਬਰਾਂ ਨੇ ਪੱਤਰ 'ਤੇ ਦਸਤਖਤ ਕਰਨ ਤੋਂ ਬਾਅਦ ਆਪਣੇ ਨਾਮ ਵਾਪਸ ਲੈ ਲਏ, ਜਿਸ ਨੇ ਸਿਆਸੀ ਵਿਵਾਦ ਨੂੰ ਜਨਮ ਦਿੱਤਾ।

**ਜੌਹਲ ਬਾਰੇ ਕਾਨੂੰਨੀ ਪ੍ਰਕਿਰਿਆ**

ਜੌਹਲ 'ਤੇ ਖਾੜਕੂਵਾਦ ਅਤੇ ਕਤਲ ਦੀ ਸਾਜ਼ਿਸ਼ ਵਰਗੇ ਗੰਭੀਰ ਦੋਸ਼ ਹਨ, ਪਰ 4 ਮਾਰਚ 2025 ਨੂੰ ਉਨ੍ਹਾਂ ਨੂੰ ਇੱਕ ਮੁਕੱਦਮੇ ਵਿੱਚ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਗਿਆ। ਸਿੱਖ ਫੈਡਰੇਸ਼ਨ ਦਾ ਕਹਿਣਾ ਹੈ ਕਿ ਸੱਤ ਸਾਲਾਂ ਦੀ ਹਿਰਾਸਤ ਦੇ ਬਾਵਜੂਦ ਭਾਰਤੀ ਅਧਿਕਾਰੀਆਂ ਕੋਲ ਜੌਹਲ ਵਿਰੁੱਧ ਠੋਸ ਸਬੂਤ ਨਹੀਂ ਹਨ। ਹੋਰ ਮੁਕੱਦਮਿਆਂ ਦੀ ਪ੍ਰਕਿਰਿਆ ਜਾਰੀ ਹੈ, ਪਰ ਹੌਲੀ ਗਤੀ ਕਾਰਨ ਰਿਹਾਈ ਦਾ ਸਮਾਂ ਅਨਿਸ਼ਚਿਤ ਹੈ। ਜੌਹਲ ਦੇ ਭਰਾ ਦੀ ਵਿਦੇਸ਼ ਮੰਤਰੀ ਨਾਲ ਮੁਲਾਕਾਤ ਜਲਦ ਹੋਣ ਦੀ ਸੰਭਾਵਨਾ ਹੈ, ਜਿੱਥੇ ਤਾਜ਼ਾ ਯਤਨਾਂ 'ਤੇ ਚਰਚਾ ਹੋਵੇਗੀ। (ਬਾਕੀ ਸਫ਼ਾ 30 'ਤੇ)

### ਕੀ ਹੈ ਇਹ ਸਾਰਾ ਮਸਲਾ ?

ਜਗਤਾਰ ਸਿੰਘ ਜੌਹਲ, ਇੱਕ ਬ੍ਰਿਟਿਸ਼ ਸਿੱਖ ਨਾਗਰਿਕ, ਨੂੰ ਨਵੰਬਰ 2017 ਵਿੱਚ ਪੰਜਾਬ, ਭਾਰਤ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਭਾਰਤੀ ਅਧਿਕਾਰੀਆਂ ਨੇ ਜੌਹਲ 'ਤੇ ਖ਼ਾਲਿਸਤਾਨ ਦੀ ਲਹਿਰ ਨੂੰ ਹਿੰਸਕ ਤੌਰ ਉੱਪਰ ਉਤਸ਼ਾਹਿਤ ਕਰਨ, ਖਾੜਕੂ ਸੰਗਠਨਾਂ ਨਾਲ ਸਬੰਧ ਅਤੇ ਪੰਜਾਬ ਵਿੱਚ ਕਈ ਕਤਲਾਂ ਦੀ ਸਾਜ਼ਿਸ਼ ਦੇ ਦੋਸ਼ ਲਗਾਏ। ਇਹ ਦੋਸ਼ ਖਾਸਕਰ 2016-17 ਦੌਰਾਨ ਹਿੰਦੂ ਨੇਤਾਵਾਂ ਦੀਆਂ ਹੱਤਿਆਵਾਂ ਨਾਲ ਜੁੜੇ ਹਨ। ਜੌਹਲ ਅਤੇ ਉਸ ਦੇ ਪਰਿਵਾਰ ਨੇ ਸਾਰੇ ਦੋਸ਼ਾਂ ਨੂੰ ਝੂਠਾ ਅਤੇ ਸਿਆਸੀ ਤੌਰ 'ਤੇ ਪ੍ਰੇਰਿਤ ਕਿਹਾ ਹੈ। ਉਹ ਦਾਅਵਾ ਕਰਦੇ ਹਨ ਕਿ ਜੌਹਲ ਨੂੰ ਸਿੱਖ ਅੰਦੋਲਨ ਨਾਲ ਜੋੜ ਕੇ ਨਿਸ਼ਾਨਾ ਬਣਾਇਆ ਗਿਆ। ਮਨੁੱਖੀ ਅਧਿਕਾਰ ਸੰਗਠਨ ਰੀਪ੍ਰੀਵ ਨੇ ਦਸਤਾਵੇਜ਼ ਪੇਸ਼ ਕੀਤੇ, ਜੋ ਸੁਝਾਉਂਦੇ ਹਨ ਕਿ ਜੌਹਲ ਦੀ ਗ੍ਰਿਫਤਾਰੀ ਯੂ.ਕੇ. ਦੀ ਖੁਫੀਆ ਜਾਣਕਾਰੀ ਦੇ ਅਧਾਰ 'ਤੇ ਹੋਈ। ਇਸ ਨੇ ਯੂ.ਕੇ. ਸਰਕਾਰ 'ਤੇ ਸਵਾਲ ਉਠਾਏ ਹਨ। ਜੌਹਲ 'ਤੇ ਕਈ ਮੁਕੱਦਮੇ ਹਨ, ਜਿਨ੍ਹਾਂ ਵਿੱਚੋਂ ਇੱਕ ਵਿੱਚ ਉਹ ਬਰੀ ਹੋ ਚੁੱਕੇ ਹਨ, ਪਰ ਰਿਹਾਈ ਦਾ ਸਮਾਂ ਅਸਪੱਸ਼ਟ ਹੈ ਅਤੇ ਕਾਨੂੰਨੀ ਤੇ ਸਿਆਸੀ ਵਿਕਾਸ 'ਤੇ ਨਿਰਭਰ ਕਰਦਾ ਹੈ।

**ਦਰਪਣ ਝੂਠ ਨਹੀਂ ਬੋਲਦਾ**

# ਪਹਿਲਗਾਮ ਹਮਲੇ ਤੋਂ ਬਾਅਦ ਚੰਨੀ ਨੇ ਚੁੱਕੇ ਸਵਾਲ, ਕੀ ਸੱਚਮੁੱਚ ਹੋਈ ਸੀ ਸਰਜੀਕਲ ਸਟ੍ਰਾਈਕ ?

## ਚੰਨੀ ਨੇ ਮੋਦੀ ਸਰਕਾਰ ਤੋਂ ਮੰਗੇ ਸਬੂਤ, ਵਿਰੋਧ ਹੋਣ ਤੋਂ ਬਾਅਦ ਮੋਦੀ ਸਰਕਾਰ ਨਾਲ ਪ੍ਰਗਟਾਈ ਸਹਿਮਤੀ

ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧਦੇ ਤਣਾਅ ਦੇ ਵਿਚਕਾਰ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਸਰਜੀਕਲ ਸਟ੍ਰਾਈਕ ’ਤੇ ਸਵਾਲ ਉਠਾ ਕੇ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ ਹੈ। ਇਹ ਬਿਆਨ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਸਾਹਮਣੇ ਆਇਆ, ਜਿਸ ਵਿੱਚ ਪਾਕਿਸਤਾਨ ਅਧਾਰਿਤ ਅੱਤਵਾਦੀਆਂ ਨੇ ਭਾਰਤੀ ਸੈਲਾਨੀਆਂ ਨੂੰ ਨਿਸ਼ਾਨਾ ਬਣਾਇਆ ਸੀ। ਚੰਨੀ ਨੇ ਕਿਹਾ ਕਿ ਕੋਈ ਸਰਜੀਕਲ ਸਟ੍ਰਾਈਕ ਨਹੀਂ ਹੋਈ। ਮੈਂ ਅੱਜ ਵੀ ਸਰਜੀਕਲ ਸਟ੍ਰਾਈਕ ਦੇ ਸਬੂਤ ਮੰਗ ਰਿਹਾ ਹਾਂ।

ਚੰਨੀ ਦਾ ਇਹ ਬਿਆਨ ਪੁਲਵਾਮਾ ਹਮਲੇ ਦੇ ਸੰਦਰਭ ਵਿੱਚ ਸੀ, ਜਿਸ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਸਰਜੀਕਲ ਸਟ੍ਰਾਈਕ ਕੀਤੀ ਸੀ। ਇਸ ਹਮਲੇ ਵਿੱਚ ਭਾਰਤ ਨੇ ਪੀ.ਓ.ਕੇ. ਵਿੱਚ ਅੱਤਵਾਦੀ ਲਾਂਚ ਪੈਡਜ ਨੂੰ ਤਬਾਹ ਕੀਤਾ ਸੀ, ਪਰ ਚੰਨੀ ਨੇ ਇਸ ਦੀ ਸੱਚਾਈ ’ਤੇ ਸਵਾਲ ਉਠਾਏ। ਚੰਨੀ ਦੇ ਇਸ ਬਿਆਨ ਨੇ ਨਾ ਸਿਰਫ਼ ਕਾਂਗਰਸ ਪਾਰਟੀ ਅੰਦਰ, ਸਗੋਂ ਪੂਰੇ ਦੇਸ਼ ਵਿੱਚ ਸਿਆਸੀ ਹਲਚਲ ਪੈਦਾ ਕਰ ਦਿੱਤੀ। ਇਸ ਬਿਆਨ ਨੇ ਭਾਜਪਾ ਵਿੱਚ ਰੋਸ ਪੈਦਾ ਕੀਤਾ, ਜਿਸ ਨੇ ਕਾਂਗਰਸ ’ਤੇ ਭਾਰਤੀ ਸੈਨਾ ਦਾ ਅਪਮਾਨ ਕਰਨ ਦਾ ਦੋਸ਼ ਲਗਾਇਆ।

ਭਾਜਪਾ ਦੇ ਬੁਲਾਰਿਆਂ ਨੇ ਕਿਹਾ ਕਿ ਕਾਂਗਰਸੀ ਨੇਤਾ ਵਾਰ-ਵਾਰ ਸੈਨਾ ਦੇ ਯਤਨਾਂ ਨੂੰ ਨਕਾਰਨ ਦੀ ਕੋਸ਼ਿਸ਼ ਕਰਦੇ ਹਨ।

ਇਹ ਪਹਿਲੀ ਵਾਰ ਨਹੀਂ ਸੀ ਜਦੋਂ ਕਾਂਗਰਸ ਨੇਤਾਵਾਂ ਨੇ ਸਰਜੀਕਲ ਸਟ੍ਰਾਈਕ ’ਤੇ ਸਵਾਲ ਉਠਾਏ। ਇਸ ਤੋਂ ਪਹਿਲਾਂ ਵੀ ਪਾਰਟੀ ਦੇ ਕਈ ਨੇਤਾਵਾਂ ਨੇ ਇਸ ਮੁੱਦੇ ’ਤੇ ਵਿਵਾਦਿਤ ਬਿਆਨ ਦਿੱਤੇ ਸਨ। ਕਰਨਾਟਕ ਦੇ ਮੁੱਖ ਮੰਤਰੀ ਅਤੇ ਹੋਰ ਮੰਤਰੀ ਵੀ ਅਜਿਹੇ



ਬਿਆਨ ਦੇ ਚੁੱਕੇ ਹਨ, ਜੋ ਪਾਰਟੀ ਦੀ ਸਥਿਤੀ ਤੋਂ ਵੱਖਰੇ ਸਨ। ਪਾਰਟੀ ਦੇ ਸੀਨੀਅਰ ਨੇਤਾ ਜੈਰਾਮ ਰਮੇਸ਼ ਨੇ ਪਹਿਲਾਂ ਹੀ ਨੇਤਾਵਾਂ ਨੂੰ ਵਿਵਾਦਿਤ ਬਿਆਨਾਂ ਤੋਂ ਬਚਣ ਦੀ ਸਲਾਹ ਦਿੱਤੀ ਸੀ, ਪਰ ਫ਼ਿਰ ਵੀ ਕਾਂਗਰਸ ਦੇ ਕਈ ਵੱਡੇ ਨੇਤਾ ਆਲੋਚਨਾ ਦਾ ਸਾਹਮਣਾ ਕਰ ਰਹੇ ਹਨ।

ਚੰਨੀ ਨੇ ਬਾਅਦ ਵਿੱਚ ਆਪਣੇ ਬਿਆਨ ਤੋਂ ਪਿੱਛੇ ਹਟਦਿਆਂ ਕਿਹਾ ਸੀ ਕਿ ਕਾਂਗਰਸ ਸਰਕਾਰ ਨਾਲ ਖੜ੍ਹੀ ਹੈ ਅਤੇ ਅੱਤਵਾਦ ਵਿਰੁੱਧ ਸਖ਼ਤ ਕਾਰਵਾਈ ਦੀ ਲੋੜ ਹੈ।

ਸਰਜੀਕਲ ਸਟ੍ਰਾਈਕ 29 ਸਤੰਬਰ 2016 ਨੂੰ ਹੋਈ, ਜਦੋਂ ਭਾਰਤੀ ਸੈਨਾ ਨੇ ਪੀ.ਓ.ਕੇ. ਵਿੱਚ ਅੱਤਵਾਦੀ ਲਾਂਚ ਪੈਡਜ ’ਤੇ ਹਮਲਾ ਕੀਤਾ। ਇਹ 18 ਸਤੰਬਰ 2016 ਦੇ ਉਰੀ ਹਮਲੇ ਦੇ ਜਵਾਬ ਵਿੱਚ ਸੀ, ਜਿਸ ਵਿੱਚ 19 ਜਵਾਨ ਸ਼ਹੀਦ ਹੋਏ ਸਨ। ਭਾਰਤੀ ਸੈਨਾ ਨੇ ਸੱਤ ਅੱਤਵਾਦੀ ਲਾਂਚ ਪੈਡਜ ਨੂੰ ਤਬਾਹ ਕੀਤਾ ਅਤੇ 38 ਅੱਤਵਾਦੀਆਂ ਨੂੰ ਮਾਰਨ ਦਾ ਦਾਅਵਾ ਕੀਤਾ। ਭਾਰਤੀ ਸੈਨਾ ਦੇ ਡੀ.ਜੀ.ਐਮ.ਓ., ਲੈਫ਼ਟੀਨੈਂਟ ਜਨਰਲ ਰਣਬੀਰ ਸਿੰਘ ਨੇ ਪ੍ਰੈਸ ਕਾਨਫ਼ਰੰਸ ਵਿੱਚ ਕਿਹਾ ਸੀ ਕਿ ਇਹ ਆਪ੍ਰੇਸ਼ਨ ਪੂਰੀ ਸਟੀਕਤਾ ਨਾਲ ਕੀਤਾ ਗਿਆ ਅਤੇ ਅੱਤਵਾਦੀਆਂ ਨੂੰ ਸਖ਼ਤ ਸੁਨੇਹਾ ਦਿੱਤਾ ਗਿਆ। ਬਾਲਾਕੋਟ ਹਵਾਈ ਹਮਲੇ (2019) ਪੁਲਵਾਮਾ ਹਮਲੇ ਦੇ ਜਵਾਬ ਵਿੱਚ ਕੀਤੇ ਗਏ, ਜਿਸ ਵਿੱਚ ਜੈਸ਼-ਏ-ਮੁਹੰਮਦ ਦੇ ਅੱਤਵਾਦੀ ਠਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਭਾਰਤ ਨੇ ਦਾਅਵਾ ਕੀਤਾ ਕਿ ਸੈਂਕੜੇ ਅੱਤਵਾਦੀ ਮਾਰੇ ਗਏ, ਪਰ ਪਾਕਿਸਤਾਨ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ। ਭਾਰਤ ਸਰਕਾਰ ਅਤੇ ਸੈਨਾ ਨੇ ਸਰਜੀਕਲ ਸਟ੍ਰਾਈਕ ਅਤੇ ਬਾਲਾਕੋਟ ਹਮਲਿਆਂ ਨੂੰ ਅੱਤਵਾਦ ਵਿਰੁੱਧ ਜਰੂਰੀ ਕਦਮ ਦੱਸਿਆ। ਸਰਕਾਰ ਦਾ ਕਹਿਣਾ ਹੈ ਕਿ ਅਜਿਹੇ ਆਪ੍ਰੇਸ਼ਨ ਪਾਕਿਸਤਾਨ ਨੂੰ ਸੁਨੇਹਾ ਦਿੰਦੇ ਹਨ ਕਿ ਅੱਤਵਾਦ ਸਹਿਣ ਨਹੀਂ ਕੀਤਾ ਜਾਵੇਗਾ।

# ਆਸਟ੍ਰੇਲੀਆ ਸੰਘੀ ਚੋਣਾਂ ਵਿੱਚ ਸਿੱਖ ਤੇ ਪੰਜਾਬੀ ਕਿਉਂ ਨਾ ਜਿੱਤ ਸਕੇ ?

## ਸਿੱਖਾਂ ਨੂੰ ਵੱਡੀਆਂ ਪਾਰਟੀਆਂ ਵਿੱਚ ਸ਼ਾਮਲ ਹੋਣ ਦੀ ਲੋੜ ਤੇ ਚੈਰਿਟੀ ਕੌਮੀ ਸੇਵਾਵਾਂ ਨੂੰ ਉਭਾਰਨ ਦੀ ਲੋੜ

ਆਸਟ੍ਰੇਲੀਆ ਦੀਆਂ 2025 ਦੀਆਂ ਸੰਘੀ ਚੋਣਾਂ ਵਿੱਚ ਲੇਬਰ ਪਾਰਟੀ ਨੇ ਪ੍ਰਧਾਨ ਮੰਤਰੀ ਐਂਥਨੀ ਐਲਬਨੀਜ਼ ਦੀ ਅਗਵਾਈ ਵਿੱਚ ਸਪੱਸ਼ਟ ਜਿੱਤ ਹਾਸਲ ਕੀਤੀ, ਜਿਸ ਨਾਲ ਉਹ ਦੂਜੀ ਵਾਰ ਸਰਕਾਰ ਬਣਾਉਣ ਜਾ ਰਹੀ ਹੈ। ਵਿਰੋਧੀ ਧਿਰ, ਲਿਬਰਲ-ਨੈਸ਼ਨਲ ਗੱਠਜੋੜ, ਜਿਸ ਦੀ ਅਗਵਾਈ ਪੀਟਰ ਡਟਨ ਕਰ ਰਹੇ ਸਨ, ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਡਟਨ ਖੁਦ ਆਪਣੀ ਸੀਟ ਹਾਰ ਗਏ। ਇਸ ਜਿੱਤ ਦੇ ਪਿੱਛੇ ਮੁੱਖ ਕਾਰਨ ਸਨ ਮਹਿੰਗਾਈ, ਜੀਵਨ ਖ਼ਰਚਿਆਂ ਦਾ ਸੰਕਟ, ਅਤੇ ਕੌਮਾਂਤਰੀ ਸਿਆਸੀ ਹਾਲਾਤ, ਜਿਨ੍ਹਾਂ ਨੇ ਵੋਟਰਾਂ ਦੇ ਮਨਾਂ ਨੂੰ ਪ੍ਰਭਾਵਿਤ ਕੀਤਾ। ਲੇਬਰ ਪਾਰਟੀ ਦੀ ਮੁਹਿੰਮ, ਜਿਸ ਵਿੱਚ ਵਿੱਤੀ ਰਾਹਤ, ਸਿਹਤ ਸਹੂਲਤਾਂ ਅਤੇ ਟੈਕਸ ਰਾਹਤ ਵਰਗੇ ਵਾਅਦੇ ਸ਼ਾਮਲ ਸਨ, ਨੇ ਲੋਕਾਂ ਵਿੱਚ







ਵਿਸ਼ਵਾਸ ਪੈਦਾ ਕੀਤਾ। ਇਸ ਦੇ ਉਲਟ, ਲਿਬਰਲ ਪਾਰਟੀ ਦੀਆਂ ਨੀਤੀਆਂ, ਜਿਵੇਂ ਕਿ ਸਰਕਾਰੀ ਖ਼ਰਚਿਆਂ ਵਿੱਚ ਕਟੌਤੀ ਅਤੇ ‘ਵੋਕ’ ਵਿਰੋਧੀ ਏਜੰਡਾ, ਵੋਟਰਾਂ ਨੂੰ ਪ੍ਰਭਾਵਿਤ ਕਰਨ ਵਿੱਚ ਅਸਫ਼ਲ ਰਹੀਆਂ। ਹਾਲਾਂਕਿ, ਪੰਜਾਬੀ ਮੂਲ ਦੇ ਉਮੀਦਵਾਰਾਂ ਲਈ ਇਹ ਚੋਣ ਨਿਰਾਸ਼ਾਜਨਕ ਰਹੀ, ਕਿਉਂਕਿ ਕੋਈ ਵੀ ਸੀਟ ਜਿੱਤਣ ਵਿੱਚ ਕਾਮਯਾਬ ਨਹੀਂ ਹੋਇਆ।

ਪੰਜਾਬੀ ਅਤੇ ਸਿੱਖ ਭਾਈਚਾਰੇ ਦੀ ਆਸਟ੍ਰੇਲੀਆ ਵਿੱਚ ਮਹੱਤਵਪੂਰਨ ਮੌਜੂਦਗੀ ਹੈ, ਪਰ ਸਿਆਸੀ ਤੌਰ ’ਤੇ ਸੰਗਠਿਤ ਹੋਣ ਦੀ ਘਾਟ ਨੇ ਉਨ੍ਹਾਂ ਦੇ ਪ੍ਰਭਾਵ ਨੂੰ ਸੀਮਤ ਕੀਤਾ ਹੋਇਆ ਹੈ। ਸਥਾਨਕ ਪੱਧਰ ’ਤੇ ਪਾਰਟੀਆਂ ਦੀਆਂ ਮੁਹਿੰਮਾਂ ਵਿੱਚ ਸਰਗਰਮ ਸ਼ਮੂਲੀਅਤ ਅਤੇ ਪ੍ਰਮੁੱਖ ਅਹੁਦਿਆਂ ਤੱਕ ਪਹੁੰਚ ਦੀ ਕਮੀ ਕਾਰਨ ਪੰਜਾਬੀ ਉਮੀਦਵਾਰ ਮੁੱਖ ਧਾਰਾ ਵਿੱਚ ਪੂਰੀ ਤਰ੍ਹਾਂ ਸਥਾਪਿਤ ਨਹੀਂ ਹੋ ਸਕੇ। ਬਹੁਤ ਸਾਰੇ ਪੰਜਾਬੀ ਉਮੀਦਵਾਰ ਸੁਤੰਤਰ ਜਾਂ ਛੋਟੀਆਂ ਪਾਰਟੀਆਂ ਵੱਲੋਂ ਖੜ੍ਹੇ ਹੋਏ ਸਨ, ਜਿਨ੍ਹਾਂ ਨੂੰ ਮੁੱਖ ਪਾਰਟੀਆਂ (ਲੇਬਰ ਅਤੇ ਲਿਬਰਲ) ਦੇ ਮੁਕਾਬਲੇ ਸੀਮਤ ਸਰੋਤ ਅਤੇ ਪ੍ਰਚਾਰ ਸਹੂਲਤਾਂ ਮਿਲੀਆਂ ਸਨ। 2025 ਦੀਆਂ ਚੋਣਾਂ ਵਿੱਚ ਮੁੱਖ ਮੁੱਦੇ ਸਨ ਮਹਿੰਗਾਈ, ਜੀਵਨ ਖਰਚੇ, ਸਿਹਤ ਸਹੂਲਤਾਂ ਅਤੇ ਵਾਤਾਵਰਣ। ਪੰਜਾਬੀ ਅਤੇ ਸਿੱਖ ਭਾਈਚਾਰਿਆਂ ਨਾਲ ਸਬੰਧਿਤ ਮੁੱਦੇ, ਜਿਵੇਂ ਕਿ ਨਸਲੀ ਵਿਤਕਰੇ ਜਾਂ ਸੱਭਿਆਚਾਰਕ ਪਛਾਣ, ਮੁਹਿੰਮ ਦੇ ਕੇਂਦਰ ਵਿੱਚ ਨਹੀਂ ਸਨ। ਪੰਜਾਬੀ ਉਮੀਦਵਾਰ ਸ਼ਾਇਦ ਇਨ੍ਹਾਂ ਮੁੱਖ ਧਾਰਾ ਮੁੱਦਿਆਂ ਨੂੰ ਪ੍ਰਭਾਵੀ ਢੰਗ ਨਾਲ ਸੰਬੋਧਿਤ ਕਰਨ ਵਿੱਚ ਪਿੱਛੇ ਰਹੇ, ਜਿਸ ਕਾਰਨ ਵੋਟਰਾਂ ਵਿੱਚ ਉਨ੍ਹਾਂ ਦੀ ਅਪੀਲ ਸੀਮਤ ਰਹੀ। ਆਸਟ੍ਰੇਲੀਆ ਵਿੱਚ ਨਸਲਵਾਦ ਦੀਆਂ ਘਟਨਾਵਾਂ ਸਮੇਂ-ਸਮੇਂ ’ਤੇ ਸਾਹਮਣੇ ਆਉਂਦੀਆਂ ਰਹੀਆਂ ਹਨ। ਸਿੱਖ ਅਤੇ ਪੰਜਾਬੀ ਭਾਈਚਾਰੇ, ਜੋ ਅਕਸਰ ਪੱਗ ਅਤੇ ਸੱਭਿਆਚਾਰਕ ਪਛਾਣ ਕਾਰਨ ਪਛਾਣੇ ਜਾਂਦੇ ਹਨ, ਨੂੰ ਅਨਜਾਣੇ ਵਿੱਚ ਵੋਟਰ ਪੱਖਪਾਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹਾਲਾਂਕਿ, ਇਸ ਚੋਣ ਵਿੱਚ ਸਿੱਧੇ ਨਸਲਵਾਦ ਜਾਂ ਫ਼ਿਰਕੂ ਵਾਦ ਦੇ ਸਬੂਤ ਨਹੀਂ ਮਿਲੇ, ਪਰ ਸੂਖਮ ਪੱਖਪਾਤ ਨੇ ਸੰਭਾਵੀ ਤੌਰ ’ਤੇ ਪ੍ਰਭਾਵ ਪਾਇਆ ਹੋ ਸਕਦਾ ਹੈ। ਮੀਡੀਆ ਅਤੇ ਸਿਆਸੀ ਬਿਰਤਾਂਤ ਵਿੱਚ ਟਰੰਪ-ਪ੍ਰੇਰਿਤ ਸੱਜੇ-ਪੱਖੀ ਰੁਝਾਨਾਂ ਦੀ ਚਰਚਾ ਸੀ, ਜਿਸ ਨੇ ਗੈਰ-ਪੱਛਮੀ ਪਿਛੋਕੜ ਵਾਲੇ ਉਮੀਦਵਾਰਾਂ ਲਈ ਚੁਣੌਤੀਆਂ ਵਧਾਈਆਂ। ਲੇਬਰ ਪਾਰਟੀ ਨੇ ਇਸ ‘ਐਂਟੀ-ਟਰੰਪ’ ਲਹਿਰ ਦਾ ਫ਼ਾਇਦਾ ਉਠਾਇਆ, ਜਦਕਿ ਲਿਬਰਲ ਪਾਰਟੀ ਦੀਆਂ ਸੱਜੇ-ਪੱਖੀ ਨੀਤੀਆਂ ਨੂੰ ਵੋਟਰਾਂ ਨੇ ਨਕਾਰ ਦਿੱਤਾ। ਪੰਜਾਬੀ ਉਮੀਦਵਾਰ, ਜੋ ਸ਼ਾਇਦ ਇਸ ਵਿਸ਼ਵਵਿਆਪੀ ਸਿਆਸੀ ਬਿਰਤਾਂਤ ਵਿੱਚ ਪੂਰੀ ਤਰ੍ਹਾਂ ਫ਼ਿੱਟ ਨਹੀਂ ਸਨ, ਨੂੰ ਵੋਟਰਾਂ ਦੀ ਤਰਜੀਹ ਪ੍ਰਾਪਤ ਕਰਨ ਵਿੱਚ ਮੁਸ਼ਕਲ ਆਈ।

# ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ ਵਿੱਚ ਭਾਰਤ ਦਾ ਰਿਕਾਰਡ ਬਹੁਤ ਮਾੜਾ ਕਿਉਂ ?

## 2025 ਦੇ ਵਿਸ਼ਵ ਪ੍ਰੈੱਸ ਸੁਤੰਤਰਤਾ ਸੂਚਕਾਂਕ ਅਨੁਸਾਰ 180 ਦੇਸ਼ਾਂ ਵਿੱਚ 151ਵੇਂ ਸਥਾਨ ’ਤੇ

## ਮੀਡੀਆ ਹਾਊਸਾਂ ’ਤੇ ਵਿੱਤੀ ਨਿਰਭਰਤਾ ਅਤੇ ਕਾਰਪੋਰੇਟ ਮਾਲਕੀ ਨੇ ਸੁਤੰਤਰ ਰਿਪੋਰਟਿੰਗ ਨੂੰ ਸੀਮਤ ਕੀਤਾ

ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ ਵਿੱਚ ਭਾਰਤ ਦਾ ਰਿਕਾਰਡ ਬਹੁਤ ਮਾੜਾ ਬਣਿਆ ਹੋਇਆ ਹੈ। ਹਾਲਾਂਕਿ 2025 ਦੇ ਵਿਸ਼ਵ ਪ੍ਰੈੱਸ ਸੁਤੰਤਰਤਾ ਸੂਚਕਾਂਕ ਵਿੱਚ ਭਾਰਤ ਦੀ ਰੈਂਕਿੰਗ ਵਿੱਚ ਥੋੜ੍ਹਾ ਸੁਧਾਰ ਹੋਇਆ ਹੈ, ਪਰ ਇਹ ਅਜੇ ਵੀ 180 ਦੇਸ਼ਾਂ ਵਿੱਚ 151ਵੇਂ ਸਥਾਨ ’ਤੇ ਹੈ। ਪਿਛਲੇ ਸਾਲ ਭਾਰਤ ਦੀ ਰੈਂਕਿੰਗ 159 ਸੀ। ਪੈਰਿਸ ਸਥਿਤ ਅੰਤਰਰਾਸ਼ਟਰੀ ਸੰਸਥਾ ‘ਰਿਪੋਰਟਰਜ਼ ਵਿਦਾਊਟ ਬਾਰਡਰਜ਼’ ਦੀ 2025 ਦੀ ਰਿਪੋਰਟ ਅਨੁਸਾਰ, ਸੂਚੀ ਵਿੱਚ ਸਭ ਤੋਂ ਹੇਠਲੇ ਸਥਾਨ ’ਤੇ ਹੈ, ਜਦਕਿ ਨਾਰਵੇ ਪਹਿਲੇ ਸਥਾਨ ’ਤੇ ਹੈ। ਭੂਟਾਨ, ਪਾਕਿਸਤਾਨ, ਤੁਰਕੀ, ਫ਼ਲਸਤੀਨ, ਚੀਨ, ਰੂਸ, ਅਫ਼ਗਾਨਿਸਤਾਨ, ਸੀਰੀਆ ਅਤੇ ਉੱਤਰੀ ਕੋਰੀਆ ਨੂੰ ਭਾਰਤ ਨਾਲੋਂ ਹੇਠਲੇ ਸਥਾਨ ’ਤੇ ਰੱਖਿਆ ਗਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਵਿੱਚ ਡੋਨਾਲਡ ਟਰੰਪ ਦੀ ਸੱਤਾ ਵਿੱਚ ਵਾਪਸੀ ਤੋਂ ਬਾਅਦ ਪ੍ਰੈੱਸ ਦੀ ਸਥਿਤੀ ਵਿੱਚ ਗਿਰਾਵਟ ਆਈ ਹੈ। ਅਮਰੀਕਾ 2025 ਦੇ ਸੂਚਕਾਂਕ ਵਿੱਚ 57ਵੇਂ ਸਥਾਨ ’ਤੇ ਹੈ, ਜਦਕਿ ਪਿਛਲੇ ਸਾਲ ਇਹ 55ਵੇਂ ਸਥਾਨ ’ਤੇ ਸੀ।





ਰਿਪੋਰਟ ਅਨੁਸਾਰ, ਦੁਨੀਆਂ ਦੀ ਅੱਧੀ ਆਬਾਦੀ ਵਾਲੇ 42 ਦੇਸ਼ਾਂ ਵਿੱਚ ਪ੍ਰੈੱਸ ਦੀ ਸਥਿਤੀ ‘ਬਹੁਤ ਗੰਭੀਰ’ ਹੈ, ਜਿੱਥੇ ਪ੍ਰੈੱਸ ਨੂੰ ਲਗਭਗ ਕੋਈ ਆਜ਼ਾਦੀ ਨਹੀਂ ਹੈ ਅਤੇ ਪੱਤਰਕਾਰੀ ਕਰਨਾ ਜੋਖਮ ਭਰਪੂਰ ਹੈ। ਗਾਜ਼ਾ ਵਿੱਚ ਚੱਲ ਰਹੀ ਜੰਗ ਦੌਰਾਨ 200 ਤੋਂ ਵੱਧ ਪੱਤਰਕਾਰ ਮਾਰੇ ਗਏ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਜ਼ਰਾਇਲੀ ਫ਼ੌਜ ਨੇ ਗਾਜ਼ਾ ਵਿੱਚ ਕਈ ਨਿਊਜ਼-ਰੂਮਜ਼ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ। 2023 ਵਿੱਚ ਜੰਗ ਸ਼ੁਰੂ ਹੋਣ ਤੋਂ ਬਾਅਦ ਗਾਜ਼ਾ ਵਿੱਚ 200 ਤੋਂ ਵੱਧ ਪੱਤਰਕਾਰਾਂ ਦੀ ਮੌਤ ਹੋ ਚੁੱਕੀ ਹੈ।

ਭਾਰਤ ਵਿੱਚ ਪ੍ਰੈੱਸ ਦੀ ਆਜ਼ਾਦੀ ਨੂੰ ਕਈ ਕਾਰਨਾਂ ਕਰਕੇ ਖਤਰਾ ਹੈ। ਸਰਕਾਰ ਅਤੇ ਸੱਤਾਧਾਰੀ ਪਾਰਟੀਆਂ ਵੱਲੋਂ ਮੀਡੀਆ ’ਤੇ ਸਿੱਧਾ ਜਾਂ ਅਸਿੱਧਾ ਦਬਾਅ ਪਾਇਆ ਜਾਂਦਾ ਹੈ। ਇਸ ਵਿੱਚ ਵਿਗਿਆਪਨ ਫ਼ੰਡਿੰਗ ਰੋਕਣਾ, ਮੀਡੀਆ ਹਾਊਸਾਂ ’ਤੇ ਛਾਪੇਮਾਰੀ ਅਤੇ ਕਾਨੂੰਨੀ ਕਾਰਵਾਈਆਂ ਸ਼ਾਮਲ ਹਨ। ਸੰਵੇਦਨਸ਼ੀਲ ਮੁੱਦਿਆ ’ਤੇ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ’ਤੇ ਯੂ.ਏ.ਪੀ.ਏ. (ਗ਼ੈਰਕਾਨੂੰਨੀ ਗਤੀਵਿਧੀਆਂ ਰੋਕਥਾਮ ਐਕਟ) ਅਤੇ ਰਾਜਧਰੋਹ ਵਰਗੇ ਸਖ਼ਤ ਕਾਨੂੰਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ ਕਿ ਸਿਦੀਕ ਕਾਪਨ ਨੂੰ ਯੂ.ਏ.ਪੀ.ਏ. ਅਧੀਨ 2020 ਵਿੱਚ ਗ੍ਰਿਫ਼ਤਾਰ ਕੀਤਾ ਗਿਆ, 2022 ਵਿੱਚ ਜ਼ਮਾਨਤ ’ਤੇ ਰਿਹਾਅ ਕੀਤਾ ਗਿਆ।

ਅਜੀਤ ਅੰਜੁਮ ਅਤੇ ਸਾਕਸ਼ੀ ਜੋਸ਼ੀ: ਸੰਵੇਦਨਸ਼ੀਲ ਰਿਪੋਰਟਿੰਗ ਕਾਰਨ ਕਾਨੂੰਨੀ ਕਾਰਵਾਈਆਂ ਦਾ ਸਾਹਮਣਾ ਕਰਨਾ ਪਿਆ।

ਕਸ਼ਮੀਰੀ ਪੱਤਰਕਾਰ: ਜਿਵੇਂ ਫ਼ਹਦ ਸ਼ਾਹ ਅਤੇ ਆਸਿਫ਼ ਸੁਲਤਾਨ, ਜਿਨ੍ਹਾਂ ਨੂੰ ਪੀਐਸਏ (ਪਬਲਿਕ ਸੇਫ਼ਟੀ ਐਕਟ) ਅਧੀਨ ਜੇਲ੍ਹ ਵਿੱਚ ਰੱਖਿਆ ਗਿਆ। ਸੀ.ਪੀ.ਜੇ. ਦੀ 2023 ਦੀ ਰਿਪੋਰਟ ਅਨੁਸਾਰ, ਭਾਰਤ ਵਿੱਚ 7-10 ਪੱਤਰਕਾਰ ਜੇਲ੍ਹ ਵਿੱਚ ਸਨ, ਪਰ ਅਸਲ ਅੰਕੜਾ ਇਸ ਤੋਂ ਵੱਧ ਹੋ ਸਕਦਾ ਹੈ ਕਿਉਂਕਿ ਸਾਰੇ ਮਾਮਲੇ ਜਨਤਕ ਨਹੀਂ ਹੁੰਦੇ।

# ਪੰਜਾਬ ਸਰਕਾਰ ਨੇ ਸਕੂਲਾਂ ਵਿੱਚ ਐਨਰਜੀ ਡਰਿੰਕਸ ਦੀ ਵਿਕਰੀ ’ਤੇ ਪਾਬੰਦੀ ਲਗਾਈ

## ਪੂਰਨ ਪਾਬੰਦੀ ਅਜੇ ਵੀ ਸਵਾਲਾਂ ਦੇ ਘੇਰੇ ਵਿੱਚ ਕਿਉਂ ?

## ਸਿਹਤ ਮਾਹਿਰਾਂ ਅਨੁਸਾਰ ਕਿਡਨੀ, ਦਿਲ ਤੇ ਮਾਨਸਿਕਤਾ ਲਈ ਹਾਨੀਕਾਰਕ ਐਨਰਜੀ ਡਰਿੰਕ

ਪੰਜਾਬ ਸਰਕਾਰ ਨੇ ਬੱਚਿਆਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਸਕੂਲਾਂ ਅਤੇ ਉਨ੍ਹਾਂ ਦੇ ਆਸ-ਪਾਸ ਐਨਰਜੀ ਡਰਿੰਕਸ ਦੀ ਵਿਕਰੀ ’ਤੇ ਪਾਬੰਦੀ ਲਗਾਉਣ ਦਾ ਐਲਾਨ ਕੀਤਾ ਹੈ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਇਸ ਫ਼ੈਸਲੇ ਨੂੰ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਦਾ ਹਿੱਸਾ ਦੱਸਿਆ ਹੈ, ਜਿਸ ਦਾ ਮਕਸਦ ਨੌਜਵਾਨਾਂ ਨੂੰ ਨਸ਼ੀਲੇ ਪਦਾਰਥਾਂ ਦੀ ਸੰਭਾਵੀ ਸ਼ੁਰੂਆਤ ਤੋਂ ਬਚਾਉਣਾ ਹੈ। ਪੰਜਾਬ ਭਾਰਤ ਦਾ ਪਹਿਲਾ ਸੂਬਾ ਬਣ ਗਿਆ ਹੈ ਜਿਸ ਨੇ ਸਕੂਲਾਂ ਵਿੱਚ ਐਨਰਜੀ ਡਰਿੰਕਸ ’ਤੇ ਇਸ ਤਰ੍ਹਾਂ ਦੀ ਪਾਬੰਦੀ ਲਗਾਈ ਹੈ। ਸਕੂਲਾਂ ਵਿੱਚ ਪਾਬੰਦੀ ਅਤੇ ਸਰਕਾਰ ਦੀ ਕਾਰਵਾਈ ਪੰਜਾਬ ਦੇ ਫ਼ੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (641) ਨੇ 23 ਅਪ੍ਰੈਲ 2025 ਨੂੰ ਨੋਟੀਫ਼ਿਕੇਸ਼ਨ ਜਾਰੀ ਕਰਕੇ ਸਕੂਲਾਂ ਦੀਆਂ ਕੈਂਟੀਨਾਂ, ਟਕ-ਸ਼ਾਪਾਂ ਅਤੇ ਸਕੂਲਾਂ ਦੇ 100 ਮੀਟਰ (ਪੇਂਡੂ ਖੇਤਰ) ਤੇ 50 ਮੀਟਰ (ਸ਼ਹਿਰੀ ਖੇਤਰ) ਦੇ ਦਾਇਰੇ ਵਿੱਚ ਐਨਰਜੀ ਡਰਿੰਕਸ ਦੀ ਵਿਕਰੀ ’ਤੇ ਇੱਕ ਸਾਲ ਲਈ ਪਾਬੰਦੀ ਲਗਾਈ ਸੀ। ਇਹ ਫ਼ੈਸਲਾ ਫ਼ੂਡ ਸੇਫ਼ਟੀ ਐਂਡ ਸਟੈਂਡਰਡਜ਼ ਐਕਟ, 2006 ਦੀ ਧਾਰਾ 30(2)( ਅਧੀਨ ਲਿਆ ਗਿਆ। ਪੰਜਾਬ ਦੇ ਫ਼ੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਕਮਿਸ਼ਨਰ ਦਿਲਰਾਜ ਸਿੰਘ ਸੰਧਾਵਾਲੀਆ ਨੇ ਕਿਹਾ ਕਿ ਇਹ ਕਦਮ ਜਨ ਸਿਹਤ, ਖਾਸ ਕਰਕੇ ਬੱਚਿਆਂ ਨੂੰ ਉੱਚ ਕੈਫ਼ੀਨ ਵਾਲੇ ਪਦਾਰਥਾਂ ਦੇ ਸੰਪਰਕ ਤੋਂ ਬਚਾਉਣ ਲਈ ‘ਜ਼ਰੂਰੀ ਅਤੇ ਨਿਆਂਪੂਰਨ’ ਹੈ।

ਸਿਹਤ ਵਿਭਾਗ ਨੇ ਸਕੂਲਾਂ ਦੇ ਨੇੜੇ ਵਿਕਰੀ ’ਤੇ ਨਿਗਰਾਨੀ ਲਈ ਸਿਹਤ ਟੀਮਾਂ ਨੂੰ ਨਿਯੁਕਤ ਕੀਤਾ ਹੈ ਅਤੇ ਦੁਕਾਨਦਾਰਾਂ ਨੂੰ ਐਨਰਜੀ ਡਰਿੰਕਸ ਦੇ ਵਿਗਿਆਪਨ ਪ੍ਰਦਰਸ਼ਿਤ ਨਾ ਕਰਨ ਦੀ ਹਦਾਇਤ ਦਿੱਤੀ ਗਈ ਹੈ। ਸਕੂਲ ਪ੍ਰਬੰਧਕਾਂ ਨੂੰ ਵੀ ਇਸ ਪਾਬੰਦੀ ਨੂੰ ਸਖਤੀ ਨਾਲ ਲਾਗੂ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਸਰਕਾਰ ਨੇ ਐਨਰਜੀ ਡਰਿੰਕਸ ਦੇ ਬੱਚਿਆਂ ’ਤੇ ਪੈਣ ਵਾਲੇ ਸਿਹਤ ਪ੍ਰਭਾਵਾਂ ਦਾ ਅਧਿਐਨ ਕਰਨ ਲਈ ਵੀ ਇੱਕ ਵਿਗਿਆਨਕ ਅਧਿਐਨ ਸ਼ੁਰੂ ਕੀਤਾ ਹੈ, ਜਿਸ ਦੇ ਨਤੀਜੇ ਸੂਬੇ ਵਿੱਚ ਨਾਬਾਲਗਾਂ ਨੂੰ ਇਨ੍ਹਾਂ ਡਰਿੰਕਸ ਦੀ ਵਿਕਰੀ ’ਤੇ ਪੂਰਨ ਪਾਬੰਦੀ ਦਾ ਅਧਾਰ ਬਣ ਸਕਦੇ ਹਨ। ਸਰਕਾਰ ਨੇ ਸਕੂਲਾਂ ਵਿੱਚ ਪਾਬੰਦੀ ਲਗਾਉਣ ਤੋਂ ਪਹਿਲਾਂ ਕਾਨੂੰਨੀ ਸਲਾਹ ਲਈ, ਕਿਉਂਕਿ ਜ਼ਿਆਦਾਤਰ ਐਨਰਜੀ ਡਰਿੰਕਸ ਦੇ ਲੇਬਲ ’ਤੇ ਪਹਿਲਾਂ ਹੀ ਲਿਖਿਆ ਹੁੰਦਾ ਹੈ ਕਿ ਇਹ ‘ਬੱਚਿਆਂ ਲਈ ਸਿਫ਼ਾਰਸ਼ ਨਹੀਂ’। ਪੂਰਨ ਪਾਬੰਦੀ ਲਈ ਮਜ਼ਬੂਤ ਕਾਨੂੰਨੀ ਅਤੇ ਵਿਗਿਆਨਕ ਸਬੂਤਾਂ ਦੀ ਲੋੜ ਹੋ ਸਕਦੀ ਹੈ, ਜਿਸ ਲਈ ਸਰਕਾਰ ਅਧਿਐਨ ਕਰਵਾ ਰਹੀ ਹੈ।



### ਪੂਰਨ ਪਾਬੰਦੀ ਕਿਉਂ ਨਹੀਂ ?

ਹਾਲਾਂਕਿ ਪੰਜਾਬ ਸਰਕਾਰ ਨੇ ਸਕੂਲਾਂ ਅਤੇ ਉਨ੍ਹਾਂ ਦੇ ਆਸ-ਪਾਸ ਐਨਰਜੀ ਡਰਿੰਕਸ ਦੀ ਵਿਕਰੀ ’ਤੇ ਪਾਬੰਦੀ ਲਗਾਈ ਹੈ, ਪਰ ਸੂਬੇ ਭਰ ਵਿੱਚ ਪੂਰਨ ਪਾਬੰਦੀ ਅਜੇ ਲਾਗੂ ਨਹੀਂ ਕੀਤੀ ਗਈ। ਇਸ ਦੇ ਪਿੱਛੇ ਕਈ ਕਾਰਨ ਹੋ ਸਕਦੇ ਹਨ।

ਕਾਨੂੰਨੀ ਅਤੇ ਵਪਾਰਕ ਦਬਾਅ: ਐਨਰਜੀ ਡਰਿੰਕਸ ਦਾ ਬਜ਼ਾਰ ਭਾਰਤ ਵਿੱਚ 2024 ਵਿੱਚ 0.74 ਬਿਲੀਅਨ ਡਾਲਰ ਦਾ ਸੀ ਅਤੇ 2030 ਤੱਕ ਇਸ ਦੇ 1.01 ਬਿਲੀਅਨ ਡਾਲਰ ਤੱਕ ਪਹੁੰਚਣ ਦੀ ਉਮੀਦ ਹੈ। ਇਸ ਉਦਯੋਗ ਦੀ ਵੱਡੀ ਵਿੱਤੀ ਤਾਕਤ ਅਤੇ ਵਪਾਰਕ ਹਿੱਤ ਸੂਬਾਈ ਸਰਕਾਰਾਂ ’ਤੇ ਦਬਾਅ ਪਾ ਸਕਦੇ ਹਨ।

ਅੰਤਰਰਾਸ਼ਟਰੀ ਤਜ਼ਰਬਿਆਂ ਅਨੁਸਾਰ, ਕਈ ਦੇਸ਼ਾਂ ਵਿੱਚ ਪਾਬੰਦੀਆਂ ਨੂੰ ਉਦਯੋਗਕ ਵਿਰੋਧ ਅਤੇ ਜਨਤਕ ਅਸਹਿਮਤੀ ਦਾ ਸਾਹਮਣਾ ਕਰਨਾ ਪਿਆ। ਉਦਾਹਰਣ ਵਜੋਂ, ਨਿਊਯਾਰਕ ਸਿਟੀ ਦੀ 2012 ਦੀ ਪਾਬੰਦੀ 2014 ਵਿੱਚ ਅਦਾਲਤ ਨੇ ਰੱਦ ਕਰ ਦਿੱਤੀ ਸੀ।

**ਵਿਕਲਪਕ ਨੀਤੀਆਂ:** ਸਰਕਾਰ ਸਿੱਧੀ ਪਾਬੰਦੀ ਦੀ ਬਜਾਏ ਜਾਗਰੂਕਤਾ ਮੁਹਿੰਮਾਂ, ਸਿਹਤਮੰਦ ਵਿਕਲਪਾਂ (ਜਿਵੇਂ ਲੱਸੀ, ਨਿੰਬੂ ਪਾਣੀ) ਅਤੇ ਸਖ਼ਤ ਲੇਬਲਿੰਗ ਨਿਯਮਾਂ ’ਤੇ ਜ਼ੋਰ ਦੇ ਰਹੀ ਹੈ।

### ਸਿਹਤ ਲਈ ਖ਼ਤਰੇ ਐਨਰਜੀ ਡਰਿੰਕਸ ਦੇ

ਐਨਰਜੀ ਡਰਿੰਕਸ ਵਿੱਚ ਉੱਚ ਮਾਤਰਾ ਵਿੱਚ ਕੈਫ਼ੀਨ (80-160 ਮਿਲੀਗ੍ਰਾਮ ਪ੍ਰਤੀ 250-500 ਮਿਲੀਲੀਟਰ), ਸ਼ੂਗਰ ਅਤੇ ਹੋਰ ਸਟਿਮੂਲੈਂਟਸ ਜਿਵੇਂ ਗੁਆਰਾਨਾ, ਟੌਰੀਨ ਅਤੇ ਜਿੰਸੈਂਗ ਹੁੰਦੇ ਹਨ।

(ਬਾਕੀ ਸਫ਼ਾ 30 ’ਤੇ)

ਪੰਜਾਬ ਸਰਕਾਰ ਦਾ ਸਕੂਲਾਂ ਵਿੱਚ ਐਨਰਜੀ ਡਰਿੰਕਸ ’ਤੇ ਪਾਬੰਦੀ ਲਗਾਉਣ ਦਾ ਕਦਮ ਸੁਆਗਤਯੋਗ ਹੈ, ਪਰ ਇਸ ਦੀ ਸਫ਼ਲਤਾ ਸਮਾਜਿਕ ਅਤੇ ਸਰਕਾਰੀ ਸਹਿਯੋਗ ’ਤੇ ਨਿਰਭਰ ਕਰਦੀ ਹੈ। ਅੰਤਰਰਾਸ਼ਟਰੀ ਮਾਹਿਰਾਂ ਅਤੇ ਰਿਪੋਰਟਾਂ ਤੋਂ ਸਪਸ਼ਟ ਹੈ ਕਿ ਐਨਰਜੀ ਡਰਿੰਕਸ ਦਾ ਸੇਵਨ ਬੱਚਿਆਂ ਅਤੇ ਨੌਜਵਾਨਾਂ ਦੀ ਸਿਹਤ ਲਈ ਖਤਰਨਾਕ ਹੈ। ਸਕੂਲਾਂ ਵਿੱਚ ਪਾਬੰਦੀ ਇੱਕ ਮਹੱਤਵਪੂਰਨ ਸ਼ੁਰੂਆਤ ਹੈ, ਪਰ ਪੂਰਨ ਪਾਬੰਦੀ ਦੀ ਘਾਟ ਅਤੇ ਉਦਯੋਗਕ ਦਬਾਅ ਚੁਣੌਤੀਆਂ ਪੈਦਾ ਕਰ ਸਕਦੇ ਹਨ। ਸਮਾਜਿਕ ਪੱਧਰ ’ਤੇ, ਮਾਪਿਆਂ, ਅਧਿਆਪਕਾਂ ਅਤੇ ਮੀਡੀਆ ਨੂੰ ਜਾਗਰੂਕਤਾ ਮੁਹਿੰਮਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣਾ ਚਾਹੀਦਾ। ਸਿਹਤਮੰਦ ਵਿਕਲਪਾਂ ਜਿਵੇਂ ਕਸਰਤ, ਗਤਕਾ, ਖੇਡਾਂ ਅਤੇ ਪੌਸ਼ਟਿਕ ਭੋਜਨ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਮੀਡੀਆ ਅਤੇ ਵਿਗਿਆਪਨ ਉਦਯੋਗ ਨੂੰ ਵੀ ਨੈਤਿਕ ਜ਼ਿੰਮੇਵਾਰੀ ਨਿਭਾਉਂਦਿਆਂ ਐਨਰਜੀ ਡਰਿੰਕਸ ਨੂੰ ‘ਕੂਲ’ ਜਾਂ ‘ਰੌਮਾਂਚਕ’ ਦਿਖਾਉਣ ਦੀ ਬਜਾਏ ਉਨ੍ਹਾਂ ਦੇ ਸਿਹਤ ਜੋਖਮਾਂ ਨੂੰ ਉਜਾਗਰ ਕਰਨਾ ਚਾਹੀਦਾ ਹੈ। ਅੰਤ ਵਿੱਚ, ਪੰਜਾਬ ਸਰਕਾਰ ਦੀ ਇਹ ਪਹਿਲਕਦਮੀ ਨਸ਼ਾ ਮੁਕਤ ਸੂਬੇ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ, ਪਰ ਅਸਲ ਤਬਦੀਲੀ ਉਦੋਂ ਆਵੇਗੀ ਜਦੋਂ ਸਮਾਜ ਦਾ ਹਰ ਵਰਗ ਇਸ ਮੁਹਿੰਮ ਵਿੱਚ ਸਰਗਰਮੀ ਨਾਲ ਸ਼ਾਮਲ ਹੋਵੇਗਾ।

## ਅੰਤਰਰਾਸ਼ਟਰੀ ਸਿਹਤ ਮਾਹਿਰਾਂ ਦੀ ਰਾਇ

ਅੰਤਰਰਾਸ਼ਟਰੀ ਸਿਹਤ ਮਾਹਿਰ ਐਨਰਜੀ ਡਰਿੰਕਸ ਨੂੰ ਬੱਚਿਆਂ ਲਈ ਖਤਰਨਾਕ ਮੰਨਦੇ ਹਨ। ਵਿਸ਼ਵ ਸਿਹਤ ਸੰਗਠਨ ਨੇ ਸੁਝਾਅ ਦਿੱਤਾ ਹੈ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਇਹ ਡਰਿੰਕਸ ਨਹੀਂ ਪੀਣੇ ਚਾਹੀਦੇ, ਕਿਉਂਕਿ ਇਹ ਮੋਟਾਪਾ, ਸ਼ੂਗਰ, ਦਿਲ ਦੀਆਂ ਬਿਮਾਰੀਆਂ ਅਤੇ ਦੰਦਾਂ ਦੀ ਸੜਨ ਦਾ ਕਾਰਨ ਬਣ ਸਕਦੇ ਹਨ।



ਡਾ. ਜੋਸੀਮਰ ਮੈਟੀ, ਹਾਰਵਰਡ ਸਕੂਲ ਆਫ਼ ਪਬਲਿਕ ਹੈਲਥ ਅਨੁਸਾਰ ਐਨਰਜੀ ਡਰਿੰਕਸ ਉੱਚ ਬਲੱਡ ਪ੍ਰੈਸ਼ਰ, ਦਿਲ ਦੀਆਂ ਸਮੱਸਿਆਵਾਂ, ਮੋਟਾਪਾ ਅਤੇ ਕਿਡਨੀ ਨੁਕਸਾਨ ਦਾ ਕਾਰਨ ਬਣ ਸਕਦੇ ਹਨ। ਇਹ ਬੱਚਿਆਂ ਵਿੱਚ ਖਤਰਨਾਕ ਵਿਵਹਾਰ ਜਿਵੇਂ ਅਲਕੋਹਲ ਅਤੇ ਨਸ਼ਿਆਂ ਦੀ ਵਰਤੋਂ ਨੂੰ ਵੀ ਵਧਾਉਂਦੇ ਹਨ।

ਕੈਨੇਡੀਅਨ ਪੀਡੀਐਟ੍ਰਿਕ ਸੁਸਾਇਟੀ ਅਨੁਸਾਰ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਾਰੇ ਸਪੋਰਟਸ ਅਤੇ ਐਨਰਜੀ ਡਰਿੰਕਸ ਤੋਂ ਪਰਹੇਜ਼ ਕਰਨਾ ਚਾਹੀਦਾ, ਕਿਉਂਕਿ ਇਨ੍ਹਾਂ ਵਿੱਚ ਕੈਫ਼ੀਨ ਅਤੇ ਸ਼ੂਗਰ ਦੀ ਮਾਤਰਾ ਸਿਹਤ ਲਈ ਨੁਕਸਾਨਦੇਹ ਹੈ। ਡੇਲੀ ਰਿਕਾਰਡ (2017): ਹਾਰਵਰਡ ਦੇ ਮਾਹਿਰਾਂ ਦੇ ਹਵਾਲੇ ਨਾਲ ਰਿਪੋਰਟ ਕੀਤਾ ਕਿ ਐਨਰਜੀ ਡਰਿੰਕਸ ਵਿੱਚ 100 ਮਿਲੀਗ੍ਰਾਮ ਪ੍ਰਤੀ ਔਂਸ ਕੈਫ਼ੀਨ ਹੋ ਸਕਦਾ ਹੈ, ਜੋ ਕੌਫ਼ੀ ਨਾਲੋਂ ਅੱਠ ਗੁਣਾ ਜ਼ਿਆਦਾ ਹੈ। ਇਹ ਬੱਚਿਆਂ ਵਿੱਚ ਮਾਨਸਿਕ ਅਤੇ ਸਰੀਰਕ ਸਮੱਸਿਆਵਾਂ ਦਾ ਕਾਰਨ ਬਣਦਾ ਹੈ।

ਗਲੋਬਲ ਨਿਊਜ਼, ਕੈਨੇਡਾ (2018) ਨੇ ਵਿਸ਼ਵਸਿਹਤ ਸੰਗਠਨ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਐਨਰਜੀ ਡਰਿੰਕਸ ਦੇ ਸੇਵਨ ਨਾਲ ਮੋਟਾਪਾ, ਕੈਫ਼ੀਨ ਨਸ਼ਾ, ਦਿਲ ਦੀ ਧੜਕਣ ਵਧਣਾ, ਅਤੇ ਅਮਰੀਕਾ, ਸਵੀਡਨ, ਅਤੇ ਆਸਟ੍ਰੇਲੀਆ ਵਿੱਚ ਮੌਤ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ ਹਨ।

ਬੀਐਮਸੀ ਪਬਲਿਕ ਹੈਲਥ (2024): ਇੱਕ ਸਕੋਪਿੰਗ ਰਿਵਿਊ ਵਿੱਚ ਦੱਸਿਆ ਗਿਆ ਕਿ 73 ਦੇਸ਼ਾਂ ਨੇ ਐਨਰਜੀ ਡਰਿੰਕਸ ’ਤੇ ਟੈਕਸ, ਵਿਕਰੀ ਪਾਬੰਦੀਆਂ, ਅਤੇ ਮਾਰਕੀਟਿੰਗ ਪ੍ਰਤੀਬੰਧ ਵਰਗੀਆਂ ਨੀਤੀਆਂ ਲਾਗੂ ਕੀਤੀਆਂ ਹਨ। ਉੱਤਰੀ ਅਮਰੀਕਾ, ਯੂਰਪ, ਅਤੇ ਪਰਸੀਅਨ ਗਲਫ਼ ਦੇਸ਼ ਇਸ ਵਿੱਚ ਅੱਗੇ ਹਨ, ਪਰ ਏਸ਼ੀਆ ਅਤੇ ਅਫ਼ਰੀਕਾ ਵਿੱਚ ਅਜਿਹੀਆਂ ਨੀਤੀਆਂ ਦੀ ਕਮੀ ਹੈ।

# ਪੰਜਾਬ ਦੇ ਪਾਣੀਆਂ ਅਤੇ ਗ਼ੈਰਤ ਦੀ ਰੱਖਿਆ ਲਈ ਖੁੱਲ੍ਹਾ ਖ਼ਤ

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਮ



ਬਘੇਲ ਸਿੰਘ ਧਾਲੀਵਾਲ
99142-58142

ਭਗਵੰਤ ਸਿਆਂ, ਤੁਹਾਡੀ ਦ੍ਰਿੜਤਾ ਅਤੇ ਇਰਾਦਿਆਂ ਦੀ ਪਵਿੱਤਰਤਾ ਹੀ ਪੰਜਾਬ ਨੂੰ ਬੰਜਰ ਹੋਣੋਂ, ਸੁੰਨਾ ਹੋਣੋਂ ਅਤੇ ਇਤਿਹਾਸ ਦੀ ਤਰਾਸਦੀ ਦਾ ਸ਼ਿਕਾਰ ਹੋਣੋਂ ਬਚਾ ਸਕਦੀ ਹੈ। ਪੰਜਾਬ ਦੀ ਧਰਤੀ, ਜਿਸ ਦੀਆਂ ਨਦੀਆਂ ਨੇ ਸਦੀਆਂ ਤੋਂ ਸਾਡੀ ਸਭਿਅਤਾ ਨੂੰ ਸਿੰਜਿਆ, ਅੱਜ ਖਤਰੇ ਵਿੱਚ ਹੈ। ਪੰਜਾਬ ਦੇ ਪਾਣੀਆਂ ’ਤੇ ਕੇਂਦਰ ਅਤੇ ਗਵਾਂਢੀ ਰਾਜਾਂ ਦੀਆਂ ਨਜ਼ਰਾਂ ਹਨ ਅਤੇ ਸਾਡੀ ਗੈਰਤ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ। ਅਜਿਹੇ ਵਕਤ ਵਿੱਚ, ਪੰਜਾਬੀ ਜਨਤਾ ਦੀਆਂ ਉਮੀਦਾਂ ਤੁਹਾਡੇ ਨਾਲ ਜੁੜੀਆਂ ਹਨ। 2022 ਵਿੱਚ, ਪੰਜਾਬ ਦੇ ਲੋਕਾਂ ਨੇ ਪਿਛਲੀਆਂ ਸਰਕਾਰਾਂ ਦੀ ਲੁੱਟ, ਧੋਖੇਬਾਜ਼ੀ ਅਤੇ ਅਪਮਾਨ ਤੋਂ ਤੰਗ ਆ ਕੇ, ਆਮ ਆਦਮੀ ਪਾਰਟੀ ਨੂੰ 92 ਸੀਟਾਂ ਦਾ ਅਣਕਿਆਸਾ ਬਹੁਮਤ ਦਿੱਤਾ। ਇਹ ਜਿੱਤ ਸਿਰਫ਼ ਰਾਜਨੀਤਕ ਨਹੀਂ ਸੀ, ਸਗੋਂ ਲੋਕਾਂ ਦੀ ਚਿਰੋਕਣੀ ਨਿਰਾਸ਼ਤਾ, ਪੰਜਾਬ ਦੇ ਦੁੱਖਾਂ ਅਤੇ ਤੁਹਾਡੀ ਹਰਮਨ ਪਿਆਰਤਾ ਦਾ ਪ੍ਰਤੀਕ ਸੀ। ਲੋਕਾਂ ਨੇ ਤੁਹਾਨੂੰ ਇਸ ਲਈ ਚੁਣਿਆ, ਕਿਉਂਕਿ ਪੰਥ ਦੇ ਨਾਮ ’ਤੇ ਸਿਆਸਤ ਕਰਨ ਵਾਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਨੂੰ ਅਣਗੌਲਿਆ, ਸਿੱਖ ਨੌਜਵਾਨਾਂ ਦਾ ਖ਼ੂਨ ਵਹਾਇਆ ਅਤੇ ਗੁਟਕਾ ਸਾਹਿਬ ਦੀ ਕਸਮ ਖਾ ਕੇ ਦਿੱਲੀ ਦੀ ਚੌਂਕੀਦਾਰੀ ਕੀਤੀ। ਪੰਜਾਬ ਦੀ ਜੁਆਨੀ ਨੂੰ ਨਸ਼ਿਆਂ ਦੀ ਅੱਗ ਵਿੱਚ ਝੋਂਕਿਆ ਗਿਆ, 1984 ਅਤੇ 1990 ਦੇ ਦਹਾਕੇ ਨੇ ਸਾਡੀ ਇੱਕ ਪੀੜ੍ਹੀ ਡਕਾਰੀ ਅਤੇ ਡਰ ਦੇ ਮਾਰੇ ਮਾਪਿਆਂ ਨੇ ਆਪਣੀ ਔਲਾਦ ਨੂੰ ਵਿਦੇਸ਼ ਭੇਜਣ ਲਈ ਜ਼ਮੀਨਾਂ-ਜਾਇਦਾਦਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਨਤੀਜਾ, ਪੰਜਾਬ ਸੁੰਨ-ਮ-ਸੁੰਨਾ ਹੁੰਦਾ ਜਾ ਰਿਹਾ ਹੈ ਅਤੇ ਬੁੱਢੇ ਮਾਪੇ ਇਕੱਲਾਪਣ ਦੇ ਸਾਥੀ ਬਣ ਗਏ। ਇਸ ਸਾਰੇ ਦੁੱਖ ਦੇ ਵਿਚਕਾਰ, ਤੁਹਾਡੀ ਪਾਰਟੀ ਨੂੰ ਮਿਲਿਆ ਬਹੁਮਤ ਲੋਕਾਂ ਦੀ ਆਖਰੀ ਉਮੀਦ ਸੀ। ਪਰ ਅਫ਼ਸੋਸ, ਦਿੱਲੀ ਦੀ ਸੱਤਾ ਨੇ ਪੰਜਾਬ ਨੂੰ ਕਦੇ ਆਪਣਾ ਨਹੀਂ ਸਮਝਿਆ। ਰਾਜ ਸਭਾ ਮੈਂਬਰਾਂ ਦੀ ਨਾਮਜ਼ਦਗੀ ਹੋਵੇ ਜਾਂ ਮੰਤਰੀ ਮੰਡਲ ਦੀ ਚੋਣ, ਦਿੱਲੀ ਵਾਲਿਆਂ ਨੇ ਤੁਹਾਨੂੰ ਆਓ-ਆਓ ਮਨਾ ਕੇ ਸੱਤਾ ਸੌਂਪੀ, ਜਿਸ ਨਾਲ ਪੰਜਾਬੀਆਂ ਦੇ ਮਨ ਵਿੱਚ ਸ਼ੱਕ ਪੈਦਾ ਹੋਇਆ।

ਲੋਕ ਚਾਹੁੰਦੇ ਸਨ ਕਿ ਤੁਹਾਡੀ ਸਰਕਾਰ ਕੇਂਦਰ ਦੀਆਂ ਪੰਜਾਬ-ਵਿਰੋਧੀ ਨੀਤੀਆਂ—ਚੰਡੀਗੜ੍ਹ ’ਤੇ ਦਾਅਵੇ ਦੀ ਸਮਾਪਤੀ, ਭਾਖੜਾ ਡੈਮ ਦੀ ਮਾਲਕੀ, ਐਸ.ਵਾਈ.ਐਲ. ਨਹਿਰ ਅਤੇ ਹਿਮਾਚਲ ਦੀਆਂ ਪਾਣੀ ਦੀਆਂ ਮੰਗਾਂ—ਖ਼ਿਲਾਫ਼ ਮਤੇ ਪਾਸ ਕਰੇ। ਪਰ ਤੁਸੀਂ ਅਕਸਰ ਚੁੱਪ ਧਾਰੀ, ਜਿਸ ਨੇ ਪੰਜਾਬੀ ਗੈਰਤ ਨੂੰ ਠੇਸ ਪਹੁੰਚਾਈ। ਫਿਰ ਵੀ, ਹਾਲ ਹੀ ਵਿੱਚ ਹਰਿਆਣਾ ਨੂੰ ਵਾਧੂ ਪਾਣੀ ਦੇਣ ਦੀ ਕੇਂਦਰੀ ਧੱਕੇਸ਼ਾਹੀ ਖ਼ਿਲਾਫ਼ ਤੁਹਾਡਾ ਹਿੱਕ ਡਾਹਕੇ ਖੜ੍ਹਨਾ ਪੰਜਾਬੀਆਂ ਲਈ ਇੱਕ ਸੁਨਹਿਰੀ ਸੁਨੇਹਾ ਸੀ। ਇਸ ਨੇ ਲੋਕਾਂ ਦੀਆਂ ਉਮੀਦਾਂ ਨੂੰ ਜਗਾਇਆ ਕਿ ਸ਼ਾਇਦ ਭਗਵੰਤ ਸਿੰਘ ਮਾਨ ਪੰਜਾਬ ਦੀ ਆਵਾਜ਼ ਨੂੰ ਦਿੱਲੀ ਦੇ ਦਰਬਾਰ ਵਿੱਚ ਗੂੰਜਣ ਦੇਵੇਗਾ। ਪਰ ਮਨ ਵਿੱਚ ਤੌਖਲਾ ਹੈ—ਕੀ ਦਿੱਲੀ ਵਾਲੇ ਤੁਹਾਨੂੰ ਪੰਜਾਬ ਦੇ ਹੱਕ ਵਿੱਚ ਅੜੀ-ਚੋਟੀ ਦਾ ਜ਼ੋਰ ਲਾਉਣ ਦੇਣਗੇ ? 75 ਸਾਲਾਂ ਤੋਂ ਪੰਜਾਬ ਨੇ ਧੋਖੇ ਹੀ ਸਹੇ ਹਨ। ਅਕਾਲੀਆਂ ਅਤੇ ਕਾਂਗਰਸੀਆਂ ਦਾ ਸਿਆਸੀ ਪਤਨ ਇਸੇ ਕਰਕੇ ਹੋਇਆ—ਉਨ੍ਹਾਂ ਨੇ ਪੰਜਾਬ ਦੇ ਪਾਣੀਆਂ ਅਤੇ ਬਿਜਲੀ ਦੀ ਲੁੱਟ ਕਰਵਾਈ, ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਨਾ ਦਿੱਤੀ ਅਤੇ ਪੰਜਾਬ ਦੇ ਹਿਤਾਂ ਨੂੰ ਕੇਂਦਰ ਦੀਆਂ ਰਹਿਮੋ-ਕਰਮ ’ਤੇ ਛੱਡ ਦਿੱਤਾ। ਭਗਵੰਤ ਸਿਆਂ, ਤੁਸੀਂ ਇੱਕ ਸਫ਼ਲ ਕਮੇਡੀਅਨ ਤੋਂ ਸਿਆਸਤਦਾਨ ਬਣੇ ਹੋ। ਤੁਹਾਡੇ ਅੰਦਰ ਲੋਕ-ਸੇਵਾ ਦਾ ਜਜ਼ਬਾ ਹੈ, ਜਿਸ ਨੇ ਲੋਕਾਂ ਦੇ ਦਿਲ ਜਿੱਤੇ। ਪਰ ਸੱਤਾ ਕੰਡਿਆਂ ਦੀ ਸੇਜ ਹੈ, ਅਤੇ ਪੰਜਾਬ ਦੀ ਸੱਤਾ ਤਾਂ ਦਿੱਲੀ ਦੀਆਂ ਚਾਲਾਂ ਦਾ ਸ਼ਿਕਾਰ ਰਹੀ ਹੈ। ਸਿਆਣਿਆਂ ਦੀ ਕਹਾਵਤ ਹੈ ਕਿ ਚੰਗੇ ਗੁਣ ਦੁਸ਼ਮਣ ਤੋਂ ਵੀ ਸਿੱਖ ਲੈਣੇ ਚਾਹੀਦੇ। ਤੁਹਾਨੂੰ ਤੇਲੰਗਾਨਾ ਦੇ ਸਾਬਕਾ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਤੋਂ ਸਿੱਖਣਾ ਚਾਹੀਦਾ, ਜਿਨ੍ਹਾਂ ਨੇ 2018-2023 ਦੌਰਾਨ ਕੇਂਦਰ ਦੀਆਂ ਮਨਮਾਨੀਆਂ ਖ਼ਿਲਾਫ਼ ਕਿਸਾਨਾਂ ਨੂੰ ਅੰਦੋਲਨ ਲਈ ਪ੍ਰੇਰਿਆ, ਆਪਣੀ ਪਾਰਟੀ ਨੂੰ ਸੰਘਰਸ਼ ਵਿੱਚ ਸ਼ਾਮਲ ਕੀਤਾ, ਅਤੇ ਗ੍ਰਾਮ ਪੰਚਾਇਤਾਂ ਤੋਂ ਲੈ ਕੇ ਜ਼ਿਲ੍ਹਾ ਪ੍ਰੀਸ਼ਦਾਂ ਤੱਕ ਮਤੇ ਪਾਸ ਕਰਵਾਏ। ਉਨ੍ਹਾਂ ਦੀ ਇਹ ਲੋਕ-ਪ੍ਰਸਤੀ ਨੇ ਉਨ੍ਹਾਂ ਨੂੰ ਲੋਕ-ਨਾਇਕ ਬਣਾਇਆ। ਅੱਜ ਪੰਜਾਬ ਦੀ ਹੋਣੀ ਤੁਹਾਡੇ ਹੱਥ ਹੈ। ਤੁਸੀਂ ਦੋ ਰਾਹਾਂ ਦੇ ਵਿਚਕਾਰ ਖੜ੍ਹੇ ਹੋ। ਇੱਕ ਰਾਹ ਦਿੱਲੀ ਦੀ ਚਾਪਲੂਸੀ ਦਾ ਹੈ, ਜੋ ਤੁਹਾਨੂੰ ਪੰਜਾਬ ਦੀ ਜਨਤਾ ਦੀਆਂ ਨਜ਼ਰਾਂ ਵਿੱਚ ਖਲਨਾਇਕ ਬਣਾਵੇਗਾ। ਦੂਜਾ ਰਾਹ ਪੰਜਾਬ ਦੀ ਗੈਰਤ, ਪਾਣੀਆਂ ਅਤੇ ਲੋਕਾਂ ਦੇ ਹੱਕ ਦਾ ਹੈ, ਜੋ ਤੁਹਾਨੂੰ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿੱਚ ਜੜ ਦੇਵੇਗਾ। ਪੰਜਾਬ-ਵਿਰੋਧੀ ਤਾਕਤਾਂ ਤੁਹਾਨੂੰ ਬੇਅੰਤ ਸਿੰਘ ਜਾਂ ਬਾਦਲ ਵਰਗਾ ਮੋਹਰਾ ਬਣਾਉਣ ਦੀ ਤਾਕ ਵਿੱਚ ਹਨ। ਪਰ ਜੇ ਤੁਸੀਂ ਪੰਜਾਬ ਦੇ ਹੱਕ ਵਿੱਚ ਡਟ ਗਏ, ਤਾਂ ਨਾ ਸਿਰਫ਼ ਪੰਜਾਬੀ ਜਨਤਾ, ਸਗੋਂ ਇਤਿਹਾਸ ਵੀ ਤੁਹਾਨੂੰ ਸਲਾਮ ਕਰੇਗਾ।

ਪੰਜਾਬੀ ਜਨਤਾ ਦੀਆਂ ਮੰਗਾਂ: ਐਸ.ਵਾਈ.ਐਲ. ਨਹਿਰ, ਹਿਮਾਚਲ ਦੀਆਂ ਮੰਗਾਂ ਅਤੇ ਹਰਿਆਣਾ ਦੀਆਂ ਮਨਮਾਨੀਆਂ ਖ਼ਿਲਾਫ਼ ਸਖ਼ਤ ਰੁਖ ਅਖ਼ਤਿਆਰ ਕਰੋ। ਪੰਜਾਬ ਦੀ ਦਾਅਵੇਦਾਰੀ ਨੂੰ ਮੁੜ ਸਥਾਪਿਤ ਕਰਨ ਲਈ ਵਿਧਾਨ ਸਭਾ ਵਿੱਚ ਮਤੇ ਪਾਸ ਕਰੋ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਓ, ਜਿਸ ਨਾਲ ਪੰਥਕ ਜਜ਼ਬਾਤਾਂ ਦਾ ਸਤਿਕਾਰ ਹੋਵੇ। ਪੰਜਾਬ ਦੀ ਜੁਆਨੀ ਨੂੰ ਨਸ਼ਿਆਂ ਦੀ ਬੁਰਾਈ ਤੋਂ ਬਚਾਉਣ ਲਈ ਠੋਸ ਕਦਮ ਚੁੱਕੋ।

(ਬਾਕੀ ਸਫ਼ਾ 30 ’ਤੇ)

# ਸਿੱਖ ਸ਼ਹੀਦਾਂ ਅਤੇ ਜਰਨੈਲਾਂ ਬਾਰੇ ਫ਼ਿਲਮਾਂ ਬਣਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ: ਜਥੇ. ਗੜਗੱਜ

## ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਵੱਲੋਂ ਫ਼ਿਲਮਾਂ ਸਬੰਧੀ ਸਿੱਖ ਵਿਦਵਾਨਾਂ, ਸੰਪਰਦਾਵਾਂ, ਸਭਾ ਸੁਸਾਇਟੀਆਂ ਦੇ ਪ੍ਰਤੀਨਿਧਾਂ ਨਾਲ ਮੀਟਿੰਗ

## ਸ਼੍ਰੋਮਣੀ ਕਮੇਟੀ ਵੱਲੋਂ 1934, 1940, 2003, 2015 ਅਤੇ 2022 ਵਿੱਚ ਫ਼ਿਲਮਾਂ ਬਾਰੇ ਲਏ ਗਏ ਫ਼ੈਸਲਿਆਂ ਦੀ ਪ੍ਰੋੜਤਾ



ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖਾਂ ਸਬੰਧੀ ਬਣਦੀਆਂ ਫ਼ਿਲਮਾਂ ਬਾਰੇ ਜਲਦੀ ਹੀ ਗੁਰੂ ਸਿਧਾਂਤ, ਪੰਥਕ ਰਵਾਇਤਾਂ ਦੀ ਰੌਸ਼ਨੀ ਵਿੱਚ ਠੋਸ ਨੀਤੀ ਅਤੇ ਨਿਯਮ ਬਣਾਉਣ ਸਬੰਧੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਪਿਛਲੇ ਦਿਨੀਂ ਸ੍ਰੀ ਅਕਾਲ ਤਖ਼ਤ ਵਿਖੇ ਇਸ ਸਬੰਧ ਵਿੱਚ ਸਿੱਖ ਵਿਦਵਾਨਾਂ, ਸੰਪਰਦਾਵਾਂ, ਸਭਾ ਸੁਸਾਇਟੀਆਂ ਆਦਿ ਦੇ ਪ੍ਰਤੀਨਿਧਾਂ ਨਾਲ ਮੀਟਿੰਗ ਕੀਤੀ ਹੈ। ਕਾਰਜਕਾਰੀ ਜਥੇਦਾਰ ਨੇ ਸਾਫ਼ ਕਰ ਦਿੱਤਾ ਕਿ ਸਿੱਖ ਜਰਨੈਲ ਹਰੀ ਸਿੰਘ ਨਲੂਆ ਬਾਰੇ ਫ਼ਿਲਮ ਬਣਾਉਣ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।

ਮੀਡੀਆ ਨਾਲ ਗੱਲ ਕਰਦਿਆਂ ਜਥੇਦਾਰ ਨੇ ਕਿਹਾ ਕਿ ਇਸ ਮੀਟਿੰਗ ਦੌਰਾਨ ਪ੍ਰਾਪਤ ਹੋਏ ਸੁਝਾਵਾਂ ’ਤੇ ਮੰਥਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਲਦੀ ਹੀ ਇੱਕ ਕਮੇਟੀ ਬਣਾ ਕੇ ਪੁੱਜੇ ਸੁਝਾਵਾਂ ਅਤੇ ਹੋਰ ਪਹਿਲੂਆਂ ’ਤੇ ਵਿਚਾਰ ਕਰਕੇ ਇਸ ਸਬੰਧੀ ਇੱਕ ਖਰੜਾ ਤਿਆਰ ਕੀਤਾ ਜਾਵੇਗਾ। ਮਗਰੋਂ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਇਸ ਸਬੰਧੀ ਇੱਕ ਠੋਸ ਨੀਤੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਭਵਿੱਖ ਵਿੱਚ ਵੀ ਵਿਚਾਰਾਂ ਦਾ ਸਿਲਸਿਲਾ ਜਾਰੀ ਰਹੇਗਾ, ਜਿਸ ਤਹਿਤ ਗੁਰੂ ਸਿਧਾਂਤ, ਪੰਥਕ ਰਵਾਇਤਾਂ ਦੀ ਰੋਸ਼ਨੀ ਵਿੱਚ ਠੋਸ ਨੀਤੀ ਅਤੇ ਨਿਯਮ ਬਣਾਉਣ ਦੀ ਕਾਰਵਾਈ ਹੋਵੇਗੀ। ਉਨ੍ਹਾਂ ਕਿਹਾ ਕਿ ਫ਼ਿਲਮਾਂ ਸਬੰਧੀ ਆਧੁਨਿਕ ਤਕਨਾਲੋਜੀ ਅਤੇ ਏ.ਆਈ. ਦੀ ਵਰਤੋਂ ਨਾਲ ਸਬੰਧਿਤ ਵਿਸ਼ਿਆਂ ਨੂੰ ਵਿਚਾਰਨ ਲਈ ਜਲਦੀ ਹੀ ਸਿੱਖ ਮਾਹਿਰਾਂ ਦੀ ਬੈਠਕ ਵੀ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਬੌਲੀਵੁੱਡ ਕਲਾਕਾਰ ਅਕਸ਼ੈ ਕੁਮਾਰ ਨੇ ਸਿੱਖ ਜਰਨੈਲ ਹਰੀ ਸਿੰਘ ਨਲੂਆ ਸਬੰਧੀ ਫ਼ਿਲਮ ਬਣਾਉਣ ਦੀ ਗੱਲ ਕੀਤੀ ਸੀ, ਜਿਸ ਨੂੰ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਹਰੀ ਸਿੰਘ ਨਲੂਆ ਸਿੱਖ ਕੌਮ ਦੇ ਮਹਾਨ ਜਰਨੈਲ ਹਨ, ਜੋ ਜਮਰੌਦ ਦੀ ਜੰਗ ਵਿੱਚ ਸ਼ਹੀਦ ਹੋਏ ਸਨ। ਉਨ੍ਹਾਂ ਕਿਹਾ ਕਿ ਸਿੱਖ ਸ਼ਹੀਦਾਂ ਉੱਤੇ ਫ਼ਿਲਮ ਬਣਾਉਣ ’ਤੇ ਪਹਿਲਾਂ ਹੀ ਰੋਕ ਲੱਗੀ ਹੋਈ ਹੈ। ਇਸ ਲਈ ਵਪਾਰਕ ਹਿਤਾਂ ਦਾ ਮਨੋਰਥ ਪੂਰਾ ਕਰਨ ਲਈ ਸਿੱਖ ਕੌਮ ਆਪਣੇ ਨਾਇਕਾਂ ਤੇ ਸ਼ਹੀਦਾਂ ਬਾਰੇ ਇਸ ਤਰ੍ਹਾਂ ਦੀਆਂ ਫ਼ਿਲਮਾਂ ਨਹੀਂ ਬਣਨ ਦੇਵੇਗੀ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਪਲਵਿੰਦਰ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਚਰਨ ਸਿੰਘ ਗਰੇਵਾਲ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਦਮਦਮੀ ਟਕਸਾਲ ਸੰਗਰਾਵਾਂ ਦੇ ਮੁਖੀ ਗਿਆਨੀ ਰਾਮ ਸਿੰਘ ਤੇ ਹੋਰ ਕਈ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਸਨ। ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ 1934, 1940, 2003, 2015 ਅਤੇ 2022 ਵਿੱਚ ਫ਼ਿਲਮਾਂ ਬਾਰੇ ਲਏ ਗਏ ਫ਼ੈਸਲਿਆਂ ਦੀ ਪ੍ਰੋੜਤਾ ਕੀਤੀ ਗਈ ਅਤੇ ਇਨ੍ਹਾਂ ਦੀ ਰੋਸ਼ਨੀ ਵਿੱਚ ਹੀ ਹੋਰ ਨਿਯਮ ਬਣਾਉਣ ਦੀ ਗੱਲ ਕੀਤੀ ਗਈ।

## ਪਾਣੀ ਮਾਮਲਾ ਰਿਪੇਰੀਅਨ ਕਾਨੂੰਨ ਦੇ ਮੁਤਾਬਿਕ ਹੱਲ ਹੋਣਾ ਚਾਹੀਦੈ: ਜਥੇ. ਗੜਗੱਜ



ਅੰਮ੍ਰਿਤਸਰ/ਏ.ਟੀ.ਨਿਊਜ਼: ਪੰਜਾਬ ਦੇ ਦਰਿਆਈ ਪਾਣੀਆਂ ਸਬੰਧੀ ਚੱਲ ਰਹੇ ਵਿਵਾਦ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਆਖਿਆ ਕਿ ਰਿਪੇਰੀਅਨ ਕਾਨੂੰਨ ਮੁਤਾਬਕ ਪੰਜਾਬ ਦੇ ਦਰਿਆਈ ਪਾਣੀਆਂ ’ਤੇ ਸੂਬੇ ਦਾ ਹੱਕ ਹੈ ਅਤੇ ਇਸ ਮਾਮਲੇ ਵਿੱਚ ਸਰਕਾਰਾਂ ਵੱਲੋਂ ਪੰਜਾਬ ਨਾਲ ਧੱਕਾ ਨਹੀਂ ਕੀਤਾ ਜਾਣਾ ਚਾਹੀਦਾ।

ਮੀਡੀਆ ਨਾਲ ਗੱਲ ਕਰਦਿਆਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਦਾ ਮੁੱਦਾ ਪੀਣ ਵਾਲੇ ਪਾਣੀ ਦਾ ਮਾਮਲਾ ਨਹੀਂ ਹੈ। ਜੇ ਪੀਣ ਵਾਲੇ ਪਾਣੀ ਦਾ ਮਾਮਲਾ ਹੈ ਤਾਂ ਪਹਿਲਾਂ ਹੀ ਵਾਧੂ ਪਾਣੀ ਜਾ ਰਿਹਾ ਹੈ ਜੋ ਕਿ ਦੇਸ਼ ਦੀ ਲੋੜ ਨੂੰ ਪੂਰਾ ਕਰ ਸਕਦਾ ਹੈ ਉਨ੍ਹਾਂ ਕਿਹਾ ਕਿ ਅਜਿਹਾ ਨਹੀਂ ਹੋਣਾ ਚਾਹੀਦਾ ਕਿ ਪੰਜਾਬ ਕੋਲੋਂ ਪਾਣੀ ਲੈ ਕੇ ਪੰਜਾਬ ਨੂੰ ਬੰਜਰ ਕਰ ਦਿੱਤਾ ਜਾਵੇ ਅਤੇ ਪੰਜਾਬ ਦੇ ਲੋਕਾਂ ਨੂੰ ਪ੍ਰਭਾਵਿਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਮਾਮਲਾ ਰਿਪੇਰੀਅਨ ਕਾਨੂੰਨ ਦੇ ਮੁਤਾਬਿਕ ਹੱਲ ਹੋਣਾ ਚਾਹੀਦਾ ਹੈ ਅਤੇ ਰਿਪੇਰੀਅਨ ਕਾਨੂੰਨ ਕਹਿੰਦਾ ਹੈ ਕਿ ਜਿਸ

(ਬਾਕੀ ਸਫ਼ਾ 31 ’ਤੇ)

# ਸ਼੍ਰੋਮਣੀ ਕਮੇਟੀ ਨੇ ਸ਼ੁਰੂ ਕੀਤੀ ਰਾਜੋਆਣਾ ਦੀ ਪਟੀਸ਼ਨ ਵਾਪਸੀ ਬਾਰੇ ਪ੍ਰਕਿਰਿਆ



ਅੰਮ੍ਰਿਤਸਰ/ਏ.ਟੀ.ਨਿਊਜ਼: ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਸਬੰਧੀ ਪਟੀਸ਼ਨ ਵਾਪਸ ਲੈਣ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਜਥੇਬੰਦੀਆਂ ਨਾਲ ਮੀਟਿੰਗਾਂ ਕਰ ਕੇ ਵਿਚਾਰ ਲੈਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਕੁਝ ਦਿਨ ਪਹਿਲਾਂ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਪਟਿਆਲਾ ਜੇਲ੍ਹ ਵਿੱਚ ਬੰਦ ਰਾਜੋਆਣਾ ਨੂੰ ਮਿਲ ਕੇ ਆਏ ਸਨ।

ਇਸ ਸਬੰਧ ਵਿੱਚ ਐਡਵੋਕੇਟ ਧਾਮੀ ਵੱਲੋਂ ਸਿੱਖ ਧਾਰਮਿਕ ਜਥੇਬੰਦੀਆਂ ਦੇ ਪ੍ਰਤੀਨਿਧਾਂ ਨਾਲ ਇੱਕ ਮੀਟਿੰਗ ਵੀ ਕੀਤੀ ਗਈ ਹੈ। ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸਮੂਹ ਸਿੱਖ ਜੱਥੇਬੰਦੀਆਂ ਦੇ ਪ੍ਰਤੀਨਿਧਾਂ ਦੀ ਇਸ ਸਬੰਧੀ ਮੀਟਿੰਗ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਸੱਦੀ ਜਾਵੇਗੀ। ਇਸ ਦੌਰਾਨ ਉਹ ਫੈਡਰੇਸ਼ਨਾਂ ਤੇ ਹੋਰ ਸਿੱਖ ਵਿਦਵਾਨਾਂ ਨਾਲ ਵੀ ਮੀਟਿੰਗਾਂ ਕਰਨਗੇ। ਉਨ੍ਹਾਂ ਦੱਸਿਆ ਕਿ ਭਾਈ ਰਾਜੋਆਣਾ ਦਾ ਕਹਿਣਾ ਹੈ ਕਿ ਉਸ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਸਬੰਧੀ ਦਾਇਰ ਕੀਤੀ ਹੋਈ ਪਟੀਸ਼ਨ ਨੂੰ ਵਾਪਸ ਲੈ ਲਿਆ ਜਾਵੇ। ਗ਼ੌਰਤਲਬ ਹੈ ਕਿ ਰਾਜੋਆਣਾ ਵੱਲੋਂ ਸ਼ੁਰੂ ਤੋਂ ਹੀ ਇਸ ਪਟੀਸ਼ਨ ਦਾ ਵਿਰੋਧ ਕੀਤੇ ਜਾਣ ਦੀਆਂ ਖ਼ਬਰਾਂ ਹਨ।

ਉਨ੍ਹਾਂ ਕਿਹਾ ਕਿ ਇਹ ਇੱਕ ਕੌਮੀ ਮੁੱਦਾ ਹੈ ਅਤੇ ਉਹ ਇਸ ਮੁੱਦੇ ’ਤੇ ਸਮੁੱਚੀ ਸਿੱਖ ਕੌਮ ਦੀ ਰਾਇ ਲੈਣਾ ਚਾਹੁੰਦੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਤੋਂ ਬਾਅਦ ਹੀ ਇਸ ਬਾਰੇ ਕੋਈ ਅਗਲਾ ਫੈਸਲਾ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇਸ ਪਟੀਸ਼ਨ ਸਬੰਧੀ ਕੋਈ ਅਗਲੇਰੀ ਕਾਰਵਾਈ ਨਹੀਂ ਕੀਤੀ ਜਾ ਰਹੀ। ਦੱਸਣਯੋਗ ਹੈ ਕਿ ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਭਾਰਤ ਦੇ ਰਾਸ਼ਟਰਪਤੀ ਕੋਲ ਫਾਂਸੀ ਦੀ ਸਜ਼ਾ ਮੁਆਫ਼ੀ ਸਬੰਧੀ ਪਟੀਸ਼ਨ ਦਾਇਰ ਕੀਤੀ ਗਈ ਸੀ।

ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਸਰਕਾਰ ਕੋਲੋਂ ਮੁਲਾਕਾਤ ਲਈ ਵੀ ਸਮਾਂ ਮੰਗਿਆ ਗਿਆ ਸੀ ਪਰ ਸਰਕਾਰ ਵੱਲੋਂ ਇਸ ਸਬੰਧੀ ਕੋਈ ਹਾਂ-ਪੱਖੀ ਹੁੰਗਾਰਾ ਨਹੀਂ ਭਰਿਆ ਗਿਆ।

## ਹਰ ਸਿੱਖ ਪਰਿਵਾਰ ਤਿੰਨ ਬੱਚੇ ਪੈਦਾ ਕਰੇ: ਜਥੇ. ਗੜਗੱਜ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖਾਂ ਦੀ ਘੱਟਦੀ ਜਾ ਰਹੀ ਗਿਣਤੀ ’ਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਹਰੇਕ ਸਿੱਖ ਪਰਿਵਾਰ ਨੂੰ ਘੱਟੋ-ਘੱਟ ਤਿੰਨ ਬੱਚੇ ਪੈਦਾ ਕਰਨ ਦੀ ਸਲਾਹ ਦਿੱਤੀ ਹੈ।

ਪਿਛਲੇ ਦਿਨੀਂ ਉਹ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਪੁੱਜੇ ਜਿਥੇ ਉਨ੍ਹਾਂ ਨੇ ਕਿਹਾ ਕਿ ਸਿੱਖਾਂ ਦੀ ਘੱਟਦੀ ਜਾ ਰਹੀ ਆਬਾਦੀ ਚਿੰਤਾ ਦਾ ਵਿਸ਼ਾ ਹੈ। ਇਹ ਇਸ ਲਈ ਹੈ ਕਿਉਂਕਿ ਅੱਜਕੱਲ੍ਹ ਹਰ ਸਿੱਖ ਇੱਕ ਜਾਂ ਦੋ ਬੱਚੇ ਪੈਦਾ ਕਰਨ ਤੱਕ ਸੀਮਿਤ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਹਰੇਕ ਸਿੱਖ ਪਰਿਵਾਰ ਨੂੰ ਜ਼ਿਆਦਾ ਨਹੀਂ ਤਾਂ ਘੱਟੋ-ਘੱਟ 3 ਬੱਚੇ ਜ਼ਰੂਰ ਪੈਦਾ ਕਰਨੇ ਚਾਹੀਦੇ ਹਨ।

ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਸਿੱਖ ਪਰਿਵਾਰ ਆਪਣੇ ਬੱਚਿਆਂ ਨੂੰ ਬਾਣੀ ਤੇ ਬਾਣੇ ਨਾਲ ਜੋੜਨ ਲਈ ਬਚਪਨ ਤੋਂ ਹੀ ਉਨ੍ਹਾਂ ਨੂੰ ਗੁਰੂ ਸਾਹਿਬਾਨ ਦੀਆਂ ਸਾਖੀਆਂ ਸੁਣਾਉਣ। ਬਾਣੀ ਨਾਲ ਜੋੜਣ ਲਈ ਨਿਤਨੇਮ ਲਈ ਪ੍ਰੇਰਿਤ ਕਰਨ ਤਾਂ ਜੋ ਉਹ ਵੱਡੇ ਹੋ ਕੇ ਪੂਰਨ ਸਿੱਖੀ ਸਰੂਪ ’ਚ ਸਜਣ।

(ਬਾਕੀ ਸਫ਼ਾ 30 ’ਤੇ)

# ਅਦਾਲਤਾਂ ਦੀ ਥਾਂ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਲਿਆਉਣ ਸਿੱਖ ਆਪਣੇ ਮਸਲੇ : ਜਥੇ. ਗੜਗੱਜ



ਅੰਮ੍ਰਿਤਸਰ/ਏ.ਟੀ.ਨਿਊਜ਼ : ਸਿੱਖਾਂ ਦੇ ਮਸਲਿਆਂ ’ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵੱਡਾ ਬਿਆਨ ਦਿਤਾ ਹੈ। ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖਾਂ ਦੇ ਮਸਲਿਆਂ ਨੂੰ ਅਦਾਲਤਾਂ ਵਿੱਚ ਲਿਜਾਣ ਦੀ ਬਜਾਏ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਲਿਆਉਣੇ ਚਾਹੀਦੇ ਹਨ ਕਿਉਂਕਿ ਗੁਰਮਤਿ ਦੇ ਸਿਧਾਂਤ ’ਤੇ ਚਲਦਿਆਂ ਹੋਇਆਂ ਹਰ ਮਸਲੇ ਦਾ ਹੱਲ ਸੰਵਾਦ ਰਾਹੀਂ ਕਢਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਤਾਂ ਹੀ ਛੇਵੇਂ ਪਾਤਸ਼ਾਹ ਮੀਰੀ-ਪੀਰੀ ਦੇ ਮਾਲਕ ਸ੍ਰੀ ਹਰਗੋਬਿੰਦ ਸਾਹਿਬ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ ਗਈ ਸੀ ਤਾਂ ਜੋ ਇਥੇ ਬੈਠ ਕੇ ਸਿੱਖਾਂ ਦੇ ਮਸਲਿਆਂ ਦੇ ਹੱਲ ਕੱਢੇ ਜਾ ਸਕਣ। ਜਥੇਦਾਰ ਗੜਗੱਜ ਖਮਾਣੋਂ ਦੇ ਇਤਿਹਾਸਕ ਅਸਥਾਨ ਪਾਤਸ਼ਾਹੀ ਛੇਵੀਂ ਅਤੇ ਦਸਵੀਂ ਗੁਰਦੁਆਰਾ ਸ੍ਰੀ ਗੋਬਿੰਦਗੜ੍ਹ ਸਾਹਿਬ ਰਾਣਵਾ ਸਾਹਿਬ ਵਿਖੇ ਧਾਰਮਿਕ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ ਸਨ।

ਉਨ੍ਹਾਂ ਮਾਨਵਤਾ ਨੂੰ ਸੁਨੇਹਾ ਦਿੰਦੇ ਕਿਹਾ ਕਿ ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਦਿਤੀਆਂ ਗਈਆਂ ਸਿਖਿਆਵਾਂ ’ਤੇ ਪਹਿਰਾ ਦਿੱਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਮੀਰੀ-ਪੀਰੀ ਦੇ ਮਾਲਕ ਸ੍ਰੀ ਹਰਗੋਬਿੰਦ ਸਾਹਿਬ ਵੱਲੋਂ ਹਰ ਸਿੱਖ ਨੂੰ ਅਪਣੇ ਕੋਲ ਰਵਾਇਤੀ ਹਥਿਆਰ (ਸ੍ਰੀ ਸਾਹਿਬ) ਰੱਖਣ ਦਾ ਹੁਕਮ ਦਿਤਾ ਸੀ ਜਿਸ ’ਤੇ ਅੱਜ ਦੇ ਮਾਹੌਲ ਨੂੰ ਵੇਖਦੇ ਹੋਏ ਸਮੁੱਚੀ ਸੰਗਤ ਨੂੰ ਅਮਲ ਕਰਨ ਦੀ ਲੋੜ ਹੈ ਅਤੇ ਹਰ ਸਿੱਖ ਨੂੰ ਅਪਣੇ ਕੋਲ ਸ੍ਰੀ ਸਾਹਿਬ ਵਰਗੇ ਹਥਿਆਰ ਰੱਖਣ ਦੀ ਲੋੜ ਹੈ ਤਾਂ ਜੋ ਲੋੜ ਪੈਣ ’ਤੇ ਮਜਲੂਮਾਂ ਦੀ ਰਖਿਆ ਕੀਤੀ ਜਾ ਸਕੇ ਅਤੇ ਨਾਲ ਹੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਿਆ ਜਾਵੇ।

## ਪੁਣਛ ਵਿਖੇ ਗੁਰਦੁਆਰਾ ਸਾਹਿਬ ’ਤੇ ਹਮਲਾ, ਰਾਗੀ ਸਿੰਘ ਸਮੇਤ ਤਿੰਨ ਦੀ ਮੌਤ

ਸ੍ਰੀਨਗਰ/ਏ.ਟੀ.ਨਿਊਜ਼ :- ਭਾਰਤ ਦੇ ਹਵਾਈ ਹਮਲੇ ਤੋਂ ਬਾਅਦ ਪਾਕਿਸਤਾਨ ਵਲੋਂ ਪੁਣਛ ਵਿਚ ਜਵਾਬੀ ਕਾਰਵਾਈ ਕੀਤੀ ਗਈ। ਇਸ ਵਿਚ ਉਨ੍ਹਾਂ ਵਲੋਂ ਗੁਰਦੁਆਰਾ ਸਿੰਘ ਸਭਾ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ ਹਮਲੇ ਵਿਚ ਗੁਰਦੁਆਰਾ ਸਾਹਿਬ ਦੇ ਰਾਗੀ ਸਿੰਘ ਸਮੇਤ ਤਿੰਨ ਦੀ ਮੌਤ ਹੋ ਗਈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਭਾਰਤ ਤੇ ਪਾਕਿਸਤਾਨ ਵਿਚਕਾਰ ਪੈਦਾ ਹੋਈ ਤਲਖ਼ੀ ਅਤੇ ਇੱਕ ਦੂਜੇ ਉੱਤੇ ਕੀਤੇ ਗਏ ਹਮਲਿਆਂ ਦੌਰਾਨ ਕਸ਼ਮੀਰ ਦੇ ਪੁਣਛ ਖੇਤਰ ਵਿੱਚ ਮਾਰੇ ਗਏ ਸਿੱਖਾਂ ਤੇ ਹੋਰ ਲੋਕਾਂ ਅਤੇ ਗੁਰਦੁਆਰਾ ਸਾਹਿਬ ਉੱਤੇ ਕੀਤੇ ਗਏ ਹਮਲੇ ਦੀ ਕਾਰਵਾਈ ਦੀ ਕਰੜੀ ਨਿੰਦਾ ਕੀਤੀ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਭਾਰਤ ਵੱਲੋਂ ਕੀਤੇ ਗਏ ਆਪ੍ਰੇਸ਼ਨ ਸਿੰਦੂਰ ਦੇ ਜਵਾਬੀ ਹਮਲੇ ਵਿੱਚ ਪਾਕਿਸਤਾਨ ਵੱਲੋਂ ਪੁਣਛ ਵਿਖੇ ਕੀਤੀ ਗਈ ਗੋਲਾਬਾਰੀ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੇਂਦਰੀ ਉੱਤੇ ਹਮਲਾ ਕੀਤਾ ਗਿਆ ਹੈ, ਇਸ ਦੌਰਾਨ ਤਿੰਨ ਗੁਰਸਿੱਖ ਭਾਈ ਅਮਰੀਕ ਸਿੰਘ ਰਾਗੀ, ਭਾਈ ਅਮਰਜੀਤ ਸਿੰਘ ਸਾਬਕਾ ਫੌਜੀ ਅਤੇ ਭਾਈ ਰਣਜੀਤ ਸਿੰਘ ਸਥਾਨਕ ਦੁਕਾਨਦਾਰ ਮਾਰੇ ਗਏ ਹਨ।

ਇਸ ਤੋਂ ਇਲਾਵਾ ਮਾਨਕੋਟ ਖੇਤਰ ਵਿੱਚ ਇੱਕ ਸਿੱਖ ਬੀਬੀ ਰੂਬੀ ਕੌਰ ਦੇ ਮਾਰੇ ਜਾਣ ਦੀ ਖ਼ਬਰ ਵੀ ਸਾਹਮਣੇ ਆ ਰਹੀ ਹੈ। ਇਸ ਦੌਰਾਨ ਪੁਣਛ ਵਿਖੇ ਹੋਰ ਲੋਕਾਂ ਦੇ ਮਾਰੇ ਜਾਣ ਦੀ ਗੱਲ ਵੀ ਸਾਹਮਣੇ ਆਈ ਹੈ। ਜਥੇਦਾਰ ਗੜਗੱਜ ਨੇ ਪੁਣਛ ਵਿਖੇ ਮਾਰੇ ਗਏ ਲੋਕਾਂ ਦੀ ਆਤਮਿਕ ਸ਼ਾਂਤੀ ਅਤੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ਲਈ ਅਰਦਾਸ ਵੀ ਕੀਤੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਪੰਜਾਬ ਦੀ ਭਲਾਈ ਲਈ ਇੱਕਜੁੱਟ ਹੋਣ ਸਿਆਸੀ ਪਾਰਟੀਆਂ

ਪੰਜਾਬ ਦਾ ਸਿਆਸੀ ਦ੍ਰਿਸ਼ ਅੱਜ-ਕੱਲ੍ਹ ਕੁੱਝ ਬਦਲਿਆ- ਬਦਲਿਆ ਦਿਖਾਈ ਦੇ ਰਿਹਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਪੰਜਾਬ ਦੇ ਪਾਣੀਆਂ ਦੇ ਮੁੱਦੇ 'ਤੇ ਪੰਜਾਬ ਵਿੱਚ ਵਿਚਰਦੀਆਂ ਸਾਰੀਆਂ ਸਿਆਸੀ ਪਾਰਟੀਆਂ ਇਕੱਠੀਆਂ ਹੋ ਗਈਆਂ ਹਨ, ਜਿਸ ਨੂੰ ਪੰਜਾਬ, ਪੰਜਾਬੀਅਤ ਅਤੇ ਪੰਜਾਬ ਦੀ ਸਿਆਸਤ ਲਈ ਸ਼ੁੱਭ ਸ਼ਗਨ ਵੀ ਕਿਹਾ ਜਾ ਸਕਦਾ ਹੈ। ਪਾਣੀਆਂ ਦੇ ਮੁੱਦੇ 'ਤੇ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਸਾਰੀਆਂ ਸਿਆਸੀ ਪਾਰਟੀਆਂ ਨੇ ਇਕਜੁੱਟਤਾ ਦਿਖਾਉਂਦਿਆਂ ਹਰਿਆਣਾ ਨੂੰ ਵਾਧੂ ਪਾਣੀ ਨਾ ਦੇਣ ਦਾ ਮਤਾ ਪਾਸ ਕਰ ਦਿੱਤਾ ਅਤੇ ਬੀ.ਬੀ.ਐੱਮ.ਬੀ. ਦੇ ਫ਼ੈਸਲੇ ਨਾ ਮੰਨਣ ਦਾ ਐਲਾਨ ਵੀ ਕਰ ਦਿੱਤਾ। ਭਾਵੇਂ ਕਿ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵਿਚਾਲੇ ਤਿੱਖੀ ਬਹਿਸ ਵੀ ਹੁੰਦੀ ਰਹੀ ਪਰ ਪਾਣੀਆਂ ਦੇ ਮੁੱਦੇ 'ਤੇ ਸਾਰੀਆਂ ਧਿਰਾਂ ਇੱਕਮਤ ਰਹੀਆਂ। ਇਸ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਪੰਜਾਬ ਦੇ ਪਾਣੀਆਂ ਦੇ ਮੁੱਦੇ 'ਤੇ ਸਰਬ ਪਾਰਟੀ ਮੀਟਿੰਗ ਵੀ ਕਰ ਚੁੱਕੇ ਹਨ ਅਤੇ ਪੰਜਾਬ ਵਿੱਚ ਸਰਗਰਮ ਸਾਰੀਆਂ ਪਾਰਟੀਆਂ ਦੇ ਆਗੂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਸਹਿਮਤੀ ਦੇ ਚੁੱਕੇ ਹਨ।


ਇਸ ਸਮੇਂ ਭਾਵੇਂ ਪੰਜਾਬ ਦੇ ਪਾਣੀਆਂ ਦਾ ਮੁੱਦਾ ਭੜਕਿਆ ਹੋਇਆ ਹੈ ਪਰ ਇਸ ਤੋਂ ਇਲਾਵਾ ਵੀ ਪੰਜਾਬ ਵਿੱਚ ਬਹੁਤ ਸਾਰੇ ਵੱਡੇ ਮਸਲੇ ਹਨ, ਜੋ ਕਿ ਲੰਬੇ ਸਮੇਂ ਤੋਂ ਲਮਕੇ ਹੋਏ ਹਨ। ਇਹਨਾਂ ਮਸਲਿਆਂ ਵਿੱਚ ਨਸ਼ਾ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਚੰਡੀਗੜ੍ਹ ਪੰਜਾਬ ਨੂੰ ਦੇਣ, ਪੰਜਾਬ ਤੋਂ ਵਿਦੇਸ਼ਾਂ ਨੂੰ ਹੋ ਰਿਹਾ ਪਰਵਾਸ ਅਤੇ ਦੂਜੇ ਰਾਜਾਂ ਤੋਂ ਵੱਡੀ ਗਿਣਤੀ ਲੋਕਾਂ ਦੀ ਹੋ ਰਹੀ ਆਮਦ, ਹਰ ਤਰ੍ਹਾਂ ਦਾ ਪ੍ਰਦੂਸ਼ਨ, ਜ਼ਹਿਰੀਲੀ ਹੋ ਰਹੀ ਖੇਤੀ, ਅਮਨ ਕਾਨੂੰਨ ਦੀ ਗੰਭੀਰ ਹੁੰਦੀ ਸਥਿਤੀ ਸ਼ਾਮਲ ਹਨ। ਪੰਜਾਬ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਇਹਨਾਂ ਮਸਲਿਆਂ ਦੇ ਹੱਲ ਲਈ ਅਕਸਰ ਹਰ ਵਾਰ ਦੀਆਂ ਚੋਣਾਂ ਮੌਕੇ ਦਾਅਵੇ ਕਰਦੀਆਂ ਹਨ ਪਰ ਇਹ ਮਸਲੇ ਅਜੇ ਵੀ ਪਹਿਲਾਂ ਵਾਂਗ ਹੀ ਮੌਜੂਦ ਹਨ। ਅਸਲ ਵਿੱਚ ਪੰਜਾਬ ਦੀਆਂ ਕਰੀਬ ਸਾਰੀਆਂ ਹੀ ਸਿਆਸੀ ਪਾਰਟੀਆਂ ਵੱਲੋਂ ਇਹ ਮਸਲੇ ਸਿਰਫ਼ ਚੋਣਾਂ ਵੇਲੇ ਹੀ ਉਠਾਏ ਜਾਂਦੇ ਹਨ ਅਤੇ ਚੋਣਾਂ ਤੋਂ ਬਾਅਦ ਫ਼ਿਰ ਠੰਡੇ ਬਸਤੇ ਵਿੱਚ ਪਾ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਸਮਾਂ ਬੀਤਣ ਦੇ ਨਾਲ ਹੀ ਇਹ ਮਸਲੇ ਹੋਰ ਗੰਭੀਰ ਹੋ ਗਏ ਹਨ।

ਪੰਜਾਬ ਵਿੱਚ ਇਸ ਸਮੇਂ ਰਾਜ ਕਰ ਰਹੀ ਆਮ ਆਦਮੀ ਪਾਰਟੀ ਨੇ ਨਸ਼ੇ ਖ਼ਿਲਾਫ਼ ਯੁੱਧ ਨਸ਼ੇ ਵਿਰੁੱਧ ਮੁਹਿੰਮ ਚਲਾਈ ਹੋਈ ਹੈ। ਸਰਕਾਰ ਦੇ ਦਾਅਵਿਆਂ ਅਨੁਸਾਰ ਭਾਵੇਂ ਇਸ ਮੁਹਿੰਮ ਦੇ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ ਪਰ ਇਸ ਦੇ ਬਾਵਜੂਦ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਨਸ਼ਾ ਪੰਜਾਬ ਵਿੱਚ ਅਜੇ ਵੀ ਪ੍ਰਚਲਿਤ ਹੈ। ਅਸਲ ਵਿੱਚ ਸਰਕਾਰ ਦੀ ਕੋਈ ਵੀ ਮੁਹਿੰਮ ਉਦੋਂ ਤੱਕ ਸਫ਼ਲ ਨਹੀਂ ਹੋ ਸਕਦੀ ਜਦੋਂ ਤੱਕ ਉਸ ਮੁਹਿੰਮ ਨੂੰ ਆਮ ਲੋਕ ਪੂਰੀ ਤਰ੍ਹਾਂ ਸਾਥ ਨਾ ਦੇਣ। ਨਸ਼ੇ ਵਿਰੁੱਧ ਮੁਹਿੰਮ ਨੂੰ ਭਾਵੇਂ ਆਮ ਲੋਕਾਂ ਵੱਲੋਂ ਚੰਗਾ ਕਿਹਾ ਜਾ ਰਿਹਾ ਹੈ ਪਰ ਅਜੇ ਵੀ ਵੱਡੀ ਗਿਣਤੀ ਲੋਕ ਨਸ਼ਾ ਤਸਕਰਾਂ ਵਿਰੁੱਧ ਖੁੱਲ੍ਹ ਕੇ ਸਾਹਮਣੇ ਨਹੀਂ ਆਏ। ਹੁਣ ਤਾਂ ਮਾਣਯੋਗ ਅਦਾਲਤ ਵੀ ਇਹ ਕਹਿ ਚੁੱਕੀ ਹੈ ਕਿ ਨਸ਼ਾ ਤਸਕਰਾਂ, ਕੁਝ ਪੁਲਿਸ ਵਾਲਿਆਂ ਅਤੇ ਕੁਝ ਸਿਆਸੀ ਨੇਤਾਵਾਂ ਦੇ ਕਥਿਤ ਗੱਠਜੋੜ ਹਨ। ਅਜਿਹੇ ਗਠਜੋੜਾਂ ਨੂੰ ਤੋੜੇ ਬਿਨਾਂ ਨਸ਼ੇ ਨੂੰ ਪੰਜਾਬ ਵਿਚੋਂ ਸਮਾਪਤ ਨਹੀਂ ਕੀਤਾ ਜਾ ਸਕਦਾ। ਦੂਜੇ ਪਾਸੇ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਨਸ਼ੇ ਵਿਰੁੱਧ ਮੁਹਿੰਮ ਨੂੰ ਪੰਜਾਬ ਦੀਆਂ ਵਿਰੋਧੀ ਸਿਆਸੀ ਪਾਰਟੀਆਂ ਵੱਲੋਂ ਕੋਈ ਸਹਿਯੋਗ ਨਹੀਂ ਦਿੱਤਾ ਜਾ ਰਿਹਾ, ਜਿਸ ਕਾਰਨ ਇਹ ਮੁਹਿੰਮ ਅਜੇ ਤੱਕ ਪੂਰੀ ਤਰ੍ਹਾਂ ਸਫ਼ਲ ਨਹੀਂ ਹੋ ਸਕੀ। ਇਹੋ ਹਾਲ ਪੰਜਾਬ ਦੀ 'ਆਪ' ਸਰਕਾਰ ਵੱਲੋਂ ਸ਼ੁਰੂ ਕੀਤੀ ਹੋਈ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਦਾ ਹੋਇਆ ਹੈ। ਭਾਵੇਂ ਕਿ ਇਸ ਮੁਹਿੰਮ ਤਹਿਤ ਅਨੇਕਾਂ ਭ੍ਰਿਸ਼ਟ ਸਰਕਾਰੀ ਮੁਲਾਜ਼ਮ ਫ਼ੜੇ ਵੀ ਗਏ ਹਨ ਪਰ ਅਜੇ ਵੀ ਕਿਹਾ ਜਾ ਸਕਦਾ ਹੈ ਕਿ ਪੰਜਾਬ ਵਿਚੋਂ ਭ੍ਰਿਸ਼ਟਾਚਾਰ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ। ਇਹ ਭ੍ਰਿਸ਼ਟਾਚਾਰ ਇਨਸਾਨ ਦੇ ਜਨਮ ਤੋਂ ਲੈ ਕੇ ਮੌਤ ਤੱਕ ਜਾਰੀ ਰਹਿੰਦਾ ਹੈ।

ਵੇਖਣ ਵਿੱਚ ਆਇਆ ਹੈ ਕਿ ਪੰਜਾਬ ਵਿੱਚ ਜੇ ਕੋਈ ਸਰਕਾਰ ਕੁਝ ਚੰਗਾ ਕਰਨਾ ਚਾਹੁੰਦੀ ਹੈ ਤਾਂ ਵਿਰੋਧੀ ਪਾਰਟੀਆਂ ਉਸ ਵਿੱਚ ਰੁਕਾਵਟ ਪਾ ਦਿੰਦੀਆਂ ਹਨ। ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਨਾਲ ਸਬੰਧਿਤ ਆਗੂ ਅਕਸਰ ਆਪਸ ਵਿੱਚ ਪਿੰਡਾਂ ਦੀਆਂ ਅਨਪੜ੍ਹ ਜ਼ਨਾਨੀਆਂ ਵਾਂਗੂੰ ਮਿਹਣੋ ਮਿਹਣੀ ਹੁੰਦੇ ਰਹਿੰਦੇ ਹਨ। ਅਜਿਹੇ ਮਾਹੌਲ ਵਿੱਚ ਪੰਜਾਬ ਦੇ ਸਰਬਪੱਖੀ ਵਿਕਾਸ ਅਤੇ ਪੰਜਾਬ ਦੀ ਭਲਾਈ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ।

ਹੁਣ ਭਾਵੇਂ ਪਾਣੀਆਂ ਦੇ ਮੁੱਦੇ 'ਤੇ ਹੀ ਸਹੀ ਪਰ ਪੰਜਾਬ ਦੀ ਸਿਆਸਤ 'ਚ ਠੰਡੀ ਹਵਾ ਦਾ ਬੁੱਲ੍ਹਾ ਤਾਂ ਆਇਆ ਹੈ। ਪੰਜਾਬ ਦੇ ਪਾਣੀਆਂ ਦੇ ਮੁੱਦੇ 'ਤੇ ਜਿਸ ਤਰੀਕੇ ਨਾਲ ਪੰਜਾਬ 'ਚ ਸਰਗਰਮ ਸਿਆਸੀ ਪਾਰਟੀਆਂ ਨੇ ਏਕਾ ਵਿਖਾਇਆ ਹੈ, ਉਸ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ ਅਤੇ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਪੰਜਾਬ ਦੇ ਮੁੱਖ ਮਸਲਿਆਂ ਦੇ ਹੱਲ ਲਈ ਵੀ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਇਸੇ ਤਰ੍ਹਾਂ ਏਕੇ ਦਾ ਸਬੂਤ ਦੇਣਗੀਆਂ। ਇਹ ਮਸਲੇ ਏਡੇ ਵੱਡੇ ਵੀ ਨਹੀਂ ਹਨ ਕਿ ਇਹਨਾਂ ਦਾ ਹੀ ਕੋਈ ਹੱਲ ਹੀ ਨਾ ਹੋ ਸਕੇ। ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਆਪਸੀ ਵੈਰ ਵਿਰੋਧ ਮਿਟਾ ਕੇ ਪੰਜਾਬ ਦੇ ਹੱਕਾਂ ਦੀ ਰਾਖੀ, ਪੰਜਾਬ ਦੇ ਸਰਬਪੱਖੀ ਵਿਕਾਸ ਅਤੇ ਭਲਾਈ ਲਈ ਇੱਕਜੁੱਟ ਹੋਣ ਦੀ ਲੋੜ ਹੈ।

# ਜਾਤੀ ਅਧਾਰਿਤ ਜਨਗਣਨਾ ਪਿੱਛੇ ਭਾਜਪਾ ਦੀ ਕੀ ਸਿਆਸਤ ਹੈ ?



ਅਪੂਰਵਾਨੰਦ





ਸਰਕਾਰ ਵੱਲੋਂ ਜਾਤੀ ਅਧਾਰਿਤ ਜਨਗਣਨਾ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਦੇ ਪਿੱਛੇ ਦੀ ਮੰਸ਼ਾ ਇਸ ਤੋਂ ਸਪੱਸ਼ਟ ਹੋ ਜਾਂਦੀ ਹੈ ਕਿ ਸਰਕਾਰ ਜਾਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸਮਰਥਕ ਇਸ ਦੀ ਤਾਰੀਫ਼ ਇਹ ਕਹਿ ਕੇ ਕਰ ਰਹੇ ਹਨ ਕਿ ਭਾਜਪਾ ਨੇ ਵਿਰੋਧੀ ਧਿਰ ਤੋਂ ਉਸ ਦਾ ਸਭ ਤੋਂ ਵੱਡਾ ਮੁੱਦਾ ਖੋਹ ਲਿਆ ਹੈ। ਦੂਜੇ ਪਾਸੇ, ਵਿਰੋਧੀ ਧਿਰ ਨੇ ਇਸ ਨੂੰ ਆਪਣੀ ਜਿੱਤ ਦੱਸਿਆ। ਉਨ੍ਹਾਂ ਕਿਹਾ ਕਿ ਜੋ ਭਾਜਪਾ ਜਾਤੀ ਅਧਾਰਿਤ ਜਨਗਣਨਾ ਦੀ ਮੰਗ ਨੂੰ ਹਿੰਦੂ ਸਮਾਜ ਨੂੰ ਵੰਡਣ ਦੀ ਸਾਜ਼ਿਸ਼ ਕਹਿੰਦੀ ਸੀ, ਉਹ ਹੁਣ ਖੁਦ ਜਾਤੀ ਜਨਗਣਨਾ ਦੇ ਐਲਾਨ ਲਈ ਮਜਬੂਰ ਹੋ ਗਈ ਹੈ। ਕਈ ਲੋਕਾਂ ਨੇ ਗੌਰ ਕੀਤਾ ਕਿ ਇਹ ਐਲਾਨ ਪਹਿਲਗਾਮ ਵਿੱਚ ਸੰਪ੍ਰਦਾਇਕ ਅੱਤਵਾਦੀ ਹਿੰਸਾ ਦੀ ਉਤੇਜਨਾ ਦੇ ਵਿਚਕਾਰ ਕੀਤਾ ਗਿਆ।

ਇਸ ਹਿੰਸਾ ਤੋਂ ਬਾਅਦ ਸਾਰੇ ਭਾਰਤ ਵਿੱਚ ਮੁਸਲਮਾਨ ਵਿਰੋਧੀ ਨਫ਼ਰਤ ਭੜਕ ਉੱਠੀ ਅਤੇ ਸਰਕਾਰ ਦੀ ਥਾਂ ਹਿੰਦੂ ਕਸ਼ਮੀਰੀਆਂ ਅਤੇ ਮੁਸਲਮਾਨਾਂ ਤੋਂ ਸਵਾਲ ਕੀਤੇ ਜਾਣ ਲੱਗੇ। ਮੁਸਲਮਾਨਾਂ 'ਤੇ ਹਮਲੇ ਹੋਏ। ਪਰ ਹੌਲੀ-ਹੌਲੀ ਲੋਕ ਇਹ ਵੀ ਪੁੱਛਣ ਲੱਗੇ ਕਿ ਆਖ਼ਰ 5 ਸਾਲਾਂ ਤੱਕ ਕਸ਼ਮੀਰ ਨੂੰ ਆਪਣੇ ਪੂਰੇ ਕਬਜ਼ੇ ਵਿੱਚ ਰੱਖਣ ਦੇ ਬਾਵਜੂਦ ਭਾਜਪਾ ਸਰਕਾਰ ਸੈਲਾਨੀਆਂ ਦੀ ਸੁਰੱਖਿਆ ਕਿਉਂ ਨਹੀਂ ਕਰ ਸਕੀ ? ਇਹ ਸਵਾਲ ਮਾਰੇ ਗਏ ਲੋਕਾਂ ਦੇ ਪਰਿਵਾਰ ਪੁੱਛ ਰਹੇ ਹਨ ਅਤੇ ਕਾਰਪੋਰੇਟ ਮੀਡੀਆ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਆਮ ਹਿੰਦੂ ਵੀ ਇਹ ਸਵਾਲ ਪੁੱਛਣ ਲੱਗਾ ਹੈ। ਇਸ ਸਵਾਲ ਨੂੰ ਸ਼ਾਂਤ ਕਰਨ ਲਈ ਹੀ ਸਰਕਾਰ ਨੇ ਜਾਤੀ ਅਧਾਰਤ ਜਨਗਣਨਾ ਦਾ ਐਲਾਨ ਕੀਤਾ। ਇਸ ਤਰ੍ਹਾਂ ਉਸ ਨੇ ਅਖਬਾਰਾਂ ਅਤੇ ਟੀਵੀ ਚੈਨਲਾਂ ਨੂੰ ਇੱਕ ਵਿਸ਼ਾ ਦਿੱਤਾ ਤਾਂ ਜੋ ਉਹ ਦੇਸ਼ ਦਾ ਧਿਆਨ ਇਸ ਸਵਾਲ ਤੋਂ ਹਟਾ ਸਕਣ। ਦੋਵਾਂ ਮਾਮਲਿਆਂ ਵਿੱਚ ਇਸ ਨੂੰ ਭਾਜਪਾ ਸਰਕਾਰ ਦੀ ਜਾਣੀ-ਪਛਾਣੀ ਚਤੁਰਾਈ ਵਜੋਂ ਦੇਖਿਆ ਜਾ ਰਿਹਾ ਹੈ।

ਲੋਕ ਕਹਿ ਰਹੇ ਹਨ ਕਿ ਵਿਰੋਧੀ ਧਿਰ ਨੂੰ ਜਾਮ ਕਰਨ ਅਤੇ ਕਸ਼ਮੀਰ ਵਿੱਚ ਨਾਗਰਿਕਾਂ ਨੂੰ ਸੁਰੱਖਿਅਤ ਰੱਖਣ ਵਿੱਚ ਆਪਣੀ ਅਸਫ਼ਲਤਾ ਦੀ ਆਲੋਚਨਾ ਤੋਂ ਬਚਣ ਲਈ ਸਰਕਾਰ ਨੇ ਇਹ ਕਦਮ ਚੁੱਕਿਆ ਹੈ। ਹੁਣ ਵਿਰੋਧੀ ਧਿਰ ਕੋਲ ਕੋਈ ਮੁੱਦਾ ਨਹੀਂ ਰਹਿ ਗਿਆ, ਇਹ ਕਹਿ ਕੇ ਭਾਜਪਾ ਸਮਰਥਕ ਖੁਸ਼ੀ ਮਨਾ ਰਹੇ ਹਨ। ਇਸ ਐਲਾਨ ਨੇ ਭਾਜਪਾ ਦੇ ਉਨ੍ਹਾਂ ਸਾਰੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ ਜਿਨ੍ਹਾਂ ਨੇ ਪਹਿਲਗਾਮ ਹਮਲੇ ਤੋਂ ਤੁਰੰਤ ਬਾਅਦ ਇਹ ਪੋਸਟਰ ਜਾਰੀ ਅਤੇ ਪ੍ਰਸਾਰਿਤ ਕੀਤਾ ਸੀ: ਧਰਮ ਪੁੱਛਿਆ, ਜਾਤੀ ਨਹੀਂ। ਇਸ ਇੱਕ ਪੋਸਟਰ ਨਾਲ ਭਾਜਪਾ ਦੀ ਜ਼ਾਲਮਾਨਾ ਅਸੰਵੇਦਨਸ਼ੀਲਤਾ ਸਾਹਮਣੇ ਆਈ। ਇਸ ਹਿੰਸਾ ਦੇ ਵਿਚਕਾਰ ਵੀ ਉਹ ਆਪਣੀ ਜਾਤੀਵਾਦੀ ਸਿਆਸਤ ਨੂੰ ਨਹੀਂ ਭੁੱਲੀ। ਇਸ ਹਿੰਸਾ ਦਾ ਲਾਭ ਉਠਾ ਕੇ ਉਹ ਹਿੰਦੂਆਂ ਨੂੰ ਦੱਸ ਰਹੀ ਸੀ ਕਿ ਉਨ੍ਹਾਂ ਦੀ ਸਭ ਤੋਂ ਅਹਿਮ ਸੱਚਾਈ ਉਨ੍ਹਾਂ ਦਾ ਧਰਮ ਹੈ, ਨਾ ਕਿ ਜਾਤੀ, ਕਿਉਂਕਿ ਉਨ੍ਹਾਂ ਦੇ ਦੁਸ਼ਮਣ ਉਨ੍ਹਾਂ 'ਤੇ ਧਰਮ ਪੁੱਛ ਕੇ ਹਮਲਾ ਕਰਦੇ ਹਨ, ਨਾ ਕਿ ਜਾਤੀ ਪੁੱਛ ਕੇ। ਪਰ ਹੁਣ ਉਹੀ ਸਰਕਾਰ ਭਾਰਤੀਆਂ ਤੋਂ ਉਨ੍ਹਾਂ ਦੀ ਜਾਤੀ ਪੁੱਛਣ ਜਾ ਰਹੀ ਹੈ। ਜਿਸ ਪ੍ਰਧਾਨ ਮੰਤਰੀ ਨੇ ਸਿਰਫ਼ ਇੱਕ ਸਾਲ ਪਹਿਲਾਂ ਜਾਤੀ ਅਧਾਰਿਤ ਜਨਗਣਨਾ ਦੀ ਮੰਗ ਕਰਨ ਵਾਲਿਆਂ ਨੂੰ ਸ਼ਹਿਰੀ ਨਕਸਲੀ ਕਿਹਾ ਸੀ, ਉਹ ਹੁਣ ਜਾਤੀ ਜਨਗਣਨਾ ਦੀ ਗੱਲ ਕਰ ਰਿਹਾ ਹੈ। ਜੋ ਲੋਕ ਜਾਤੀ ਜਨਗਣਨਾ ਦੀ ਮੰਗ ਕਰਨ ਵਾਲਿਆਂ ਨੂੰ ਰਾਵਣ ਕਹਿ ਰਹੇ ਸਨ, ਹੁਣ ਉਹ ਇਸ ਦੇ ਹੱਕ ਵਿੱਚ ਤਰਕ ਲੱਭ ਰਹੇ ਹਨ। 'ਵੰਡੋਗੇ ਤਾਂ ਕੱਟੋਗੇ' ਅਤੇ 'ਇੱਕ ਹਨ ਤਾਂ ਸੁਰੱਖਿਅਤ ਹਨ' ਵਰਗੇ ਨਾਅਰਿਆਂ ਦਾ ਕੀ ਹੋਵੇਗਾ ? ਭਾਜਪਾ ਇਨ੍ਹਾਂ ਨਾਅਰਿਆਂ ਰਾਹੀਂ ਇਹ ਕਹਿਣ ਦੀ ਕੋਸ਼ਿਸ਼ ਕਰਦੀ ਰਹੀ ਹੈ ਕਿ ਹਿੰਦੂ ਸਮਾਜ ਦੀ ਪਹਿਲੀ ਸੱਚਾਈ ਜਾਤੀ ਨਹੀਂ ਹੈ ਅਤੇ ਸਾਨੂੰ ਜਾਤੀ ਦੀ ਪਛਾਣ 'ਤੇ ਜ਼ੋਰ ਨਹੀਂ ਦੇਣਾ ਚਾਹੀਦਾ।



ਹਾਲ ਹੀ ਵਿੱਚ ਫ਼ੁਲੇ ਫ਼ਿਲਮ ਵਿੱਚ ਜਾਤੀ ਸੂਚਕ ਸ਼ਬਦਾਂ ਅਤੇ ਦ੍ਰਿਸ਼ਾਂ ਨੂੰ ਹਟਾਉਣ ਦਾ ਹੁਕਮ ਸੈਂਸਰ ਬੋਰਡ ਨੇ ਦਿੱਤਾ। ਇਸ ਤੋਂ ਇਲਾਵਾ, ਪਿਛਲੇ 10 ਸਾਲਾਂ ਤੋਂ ਸਕੂਲੀ ਕਿਤਾਬਾਂ ਵਿੱਚੋਂ ਜਾਤੀ ਨਾਲ ਜੁੜੇ ਪ੍ਰਸੰਗ ਹਟਾਏ ਜਾ ਰਹੇ ਹਨ। ਦਿੱਲੀ ਯੂਨੀਵਰਸਿਟੀ ਦੇ ਪਾਠਕ੍ਰਮਾਂ ਵਿੱਚੋਂ ਜਾਤੀ ਨਾਲ ਸੰਬੰਧਿਤ ਪ੍ਰਸੰਗਾਂ ਨੂੰ ਹਟਾਇਆ ਜਾ ਰਿਹਾ ਹੈ। ਇਹ ਦਿਲਚਸਪ ਹੈ ਕਿ ਜਿਸ ਦਿਨ ਜਾਤੀ ਅਧਾਰਿਤ ਜਨਗਣਨਾ ਦਾ ਐਲਾਨ ਹੋਇਆ, ਉਸੇ ਦਿਨ ਟੈਲੀਗ੍ਰਾਫ਼ ਅਖਬਾਰ ਨੇ ਖ਼ਬਰ ਛਾਪੀ ਕਿ ਐਨ.ਸੀ.ਈ.ਆਰ.ਟੀ. ਨੇ ਆਪਣੀ ਕਿਤਾਬ ਵਿੱਚ ਜਾਤੀ ਬਾਰੇ ਕਿਹਾ ਹੈ ਕਿ ਇਹ ਕੋਈ ਸਥਿਰ ਸਮਾਜਿਕ ਇਕਾਈ ਨਹੀਂ ਸੀ ਅਤੇ ਲੋਕਾਂ ਨੂੰ ਇੱਕ ਪੇਸ਼ੇ ਤੋਂ ਦੂਜੇ ਪੇਸ਼ੇ ਵਿੱਚ ਜਾਣ ਦੀ ਇਜਾਜ਼ਤ ਸੀ। ਇਹ ਕੋਈ ਦਮਨਕਾਰੀ ਵਿਵਸਥਾ ਨਹੀਂ ਸੀ ਅਤੇ ਸਮਾਜ ਨੂੰ ਸਥਿਰਤਾ ਪ੍ਰਦਾਨ ਕਰਦੀ ਸੀ। ਅੰਗਰੇਜ਼ਾਂ ਨੇ ਹੀ ਇਸ ਨੂੰ ਬਦਨਾਮ ਕੀਤਾ। ਜਾਤੀ ਨੂੰ ਲੈ ਕੇ ਭਾਜਪਾ ਜਾਂ ਇਸ ਦੇ ਮੂਲ ਸੰਗਠਨ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦਾ ਦੋਮੂੰਹਾਪਣ ਸਾਰਿਆਂ ਦੇ ਸਾਹਮਣੇ ਸਪੱਸ਼ਟ ਹੈ। ਉਹ ਜਾਣਦੇ ਹਨ ਕਿ ਹਿੰਦੂ ਆਪਣੀ ਜਾਤੀ ਨੂੰ ਕਦੇ ਨਹੀਂ ਭੁੱਲਣਗੇ ਅਤੇ ਜੀਵਨ ਦੇ ਸਾਰੇ ਮਹੱਤਵਪੂਰਨ ਫ਼ੈਸਲੇ ਉਹ ਜਾਤੀ ਦੇ ਸੰਦਰਭ ਵਿੱਚ ਹੀ ਲੈਂਦੇ ਹਨ। ਆਰ.ਐਸ.ਐਸ. ਜਾਤੀ ਵਿਰੋਧੀ ਦੀ ਮੁਹਿੰਮ ਨਹੀਂ ਚਲਾ ਸਕਦਾ। ਉਸ ਵਿੱਚ ਨਾ ਤਾਂ ਅੰਬੇਡਕਰ ਅਤੇ ਨਾ ਹੀ ਗਾਂਧੀ ਵਰਗਾ ਸਾਹਸ ਹੈ ਕਿ ਉਹ ਆਪਣੇ ਸਮਾਜ ਨੂੰ ਬਦਲਣ ਲਈ ਪ੍ਰੇਰਿਤ ਕਰ ਸਕੇ। ਯਾਦ ਰਹੇ ਕਿ ਫ਼ਿਰਕੂਵਾਦ ਵਿਰੁੱਧ ਉਨ੍ਹਾਂ ਦੀ ਮੁਹਿੰਮ ਕਾਰਨ ਗਾਂਧੀ 'ਤੇ ਜਾਨਲੇਵਾ ਹਮਲੇ ਹੋਏ ਸਨ ।ਅਸੀਂ ਇਹ ਵੀ ਜਾਣਦੇ ਹਾਂ ਕਿ ਹਿੰਦੂ ਏਕਤਾ ਦੀ ਗੱਲ ਕਰਨ ਵਾਲੀ ਭਾਜਪਾ ਆਪਣੇ ਸਾਰੇ ਸਿਆਸੀ ਫ਼ੈਸਲੇ ਜਾਤੀਗਤ ਸਮੀਕਰਨਾਂ ਦੇ ਅੰਦਰ ਹੀ ਲੈਂਦੀ ਹੈ।

2013-14 ਵਿੱਚ ਨਰਿੰਦਰ ਮੋਦੀ ਨੂੰ ਹਿੰਦੂ ਨਾਇਕ ਕਹਿਣ ਦੇ ਨਾਲ-ਨਾਲ ਪਿਛੜੀ ਜਾਤੀ ਦੇ ਨੇਤਾ ਵਜੋਂ ਪੇਸ਼ ਕੀਤਾ ਗਿਆ। ਮੋਦੀ ਨੇ ਵਾਰ-ਵਾਰ ਆਪਣੀ ਜਾਤੀਗਤ ਪਿਛੋਕੜ ਦਾ ਹਵਾਲਾ ਦੇ ਕੇ ਆਪਣੇ ਆਪ ਨੂੰ ਦੱਬੇ-ਕੁਚਲੇ ਵਜੋਂ ਪੇਸ਼ ਕਰਨ ਅਤੇ ਹਮਦਰਦੀ ਇਕੱਠੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਿਛੜੀਆਂ ਅਤੇ ਦਲਿਤ ਜਾਤੀਆਂ ਵਿੱਚ ਪ੍ਰਭਾਵਸ਼ਾਲੀ ਜਾਤੀਆਂ ਤੋਂ ਇਲਾਵਾ ਹੋਰ ਜਾਤੀਆਂ ਦਾ ਗਠਜੋੜ ਤਿਆਰ ਕਰਕੇ ਭਾਜਪਾ ਨੇ ਸਮਾਜਿਕ ਨਿਆਂ ਵਾਲੀ ਜਾਤੀ ਅਧਾਰਿਤ ਸਿਆਸਤ ਦਾ ਜਵਾਬ ਹਿੰਦੂਤਵਵਾਦੀ ਜਾਤੀਵਾਦੀ ਸਿਆਸਤ ਨਾਲ ਦਿੱਤਾ ਹੈ। ਯਾਨੀ ਭਾਜਪਾ ਜਾਤੀ ਦੀ ਸੱਚਾਈ ਨੂੰ ਜਾਣਦੀ ਹੈ ਅਤੇ ਇਸ ਦਾ ਲਾਭ ਵੀ ਉਠਾਉਂਦੀ ਰਹੀ ਹੈ। ਪਰ ਹਿੰਦੂਤਵਵਾਦੀ ਵਿਚਾਰਧਾਰਾ ਉਸ ਨੂੰ ਵਿਚਾਰਧਾਰਕ ਪੱਧਰ 'ਤੇ ਸਵੀਕਾਰ ਨਹੀਂ ਕਰ ਸਕਦੀ। ਜਾਤੀ ਦੀ ਧਾਰਨਾ ਨੂੰ ਉਹ ਇੱਕ ਬਸਤੀਵਾਦੀ ਸਾਜ਼ਿਸ਼ ਕਰਾਰ ਦਿੰਦੀ ਹੈ। ਭਾਜਪਾ ਜਾਤੀ ਦਾ ਲਾਭ ਤਾਂ ਉਠਾਉਣਾ ਚਾਹੁੰਦੀ ਹੈ ਪਰ ਉਸ ਨੂੰ ਸਿਧਾਂਤਕ ਤੌਰ 'ਤੇ ਸਵੀਕਾਰ ਨਹੀਂ ਕਰ ਸਕਦੀ ਕਿਉਂਕਿ ਅਜਿਹਾ ਕਰਨ ਨਾਲ ਉਸ ਦਾ ਸਮਰਸ ਹਿੰਦੂਪਣ ਦਾ ਭਰਮਲੋਕ ਟੁੱਟ ਜਾਂਦਾ ਹੈ। ਆਰ.ਐਸ.ਐਸ. ਦਾਅਵਾ ਕਰਦਾ ਹੈ ਕਿ ਉਸ ਦੀ ਛਤਰੀ ਹੇਠ ਸਾਰੇ ਹਿੰਦੂ ਹਨ, ਕੋਈ ਜਾਤੀ ਨਹੀਂ। ਪਰ ਭਵਰ ਮੇਘਵੰਸ਼ੀ ਦੀ ਕਿਤਾਬ ਪੜ੍ਹ ਕੇ ਆਰ.ਐਸ.ਐਸ. ਦਾ ਇਹ ਝੂਠ ਵੀ ਸਮਝ ਵਿੱਚ ਆ ਜਾਵੇਗਾ। ਬਹੁਤ ਸਾਰੇ ਲੋਕ ਜੋ ਭਾਜਪਾ ਦੇ ਨਹੀਂ ਹਨ, ਨੇਕ ਨੀਅਤ ਨਾਲ ਪੁੱਛਦੇ ਹਨ ਕਿ ਕੀ ਸਾਡੀ ਪਛਾਣ ਆਖ਼ਰਕਾਰ ਜਾਤੀ ਨਾਲ ਹੋਵੇਗੀ ? ਉਹ ਕਹਿੰਦੇ ਹਨ ਕਿ ਜਾਤੀ ਅਧਾਰਤ ਜਨਗਣਨਾ ਨਾਲ ਸਾਡੀ ਪਛਾਣ ਅੰਤ ਵਿੱਚ ਜਾਤੀ ਦੇ ਦਾਇਰੇ ਵਿੱਚ ਜੜ੍ਹ ਜਾਵੇਗੀ। ਪਰ ਅਸੀਂ ਜਾਣਦੇ ਹਾਂ ਕਿ ਜਾਤੀ ਅਧਾਰਤ ਜਨਗਣਨਾ ਦਾ ਇਸ ਸਵਾਲ ਨਾਲ ਕੋਈ ਲੈਣਾ-ਦੇਣਾ ਨਹੀਂ। ਜੀਵਨ ਦੇ ਹਰ ਸਮਾਜਿਕ ਅਤੇ ਸਿਆਸੀ ਖੇਤਰ ਵਿੱਚ ਸਾਡੇ ਫ਼ੈਸਲੇ ਜਾਤੀ ਨਾਲ ਜੁੜੇ ਹੁੰਦੇ ਹਨ, ਭਾਵੇਂ ਅਸੀਂ ਚਾਹੀਏ ਜਾਂ ਨਾ। ਇਸ ਲਈ ਜਾਤੀ ਆਧਾਰਿਤ ਜਨਗਣਨਾ ਨੂੰ ਤਾਂ ਦੋਸ਼ ਨਹੀਂ ਦਿੱਤਾ ਜਾ ਸਕਦਾ। ਹਿੰਦੂਆਂ ਨੂੰ ਵੰਡਣ ਲਈ ਜਾਤੀ ਅਧਾਰਿਤ ਜਨਗਣਨਾ ਦੀ ਲੋੜ ਨਹੀਂ। ਉਹ ਪਹਿਲਾਂ ਹੀ ਵੰਡੇ ਹੋਏ ਹਨ। ਉਨ੍ਹਾਂ ਵਿੱਚ ਕੋਈ ਅਰਥਪੂਰਨ ਸਾਂਝ ਨਹੀਂ ਹੈ।

ਇਸ ਲਈ ਇਸ ਵੰਡੇ ਹੋਏ ਸਮਾਜ ਨੂੰ ਹਿੰਦੂ ਬਣਾਉਣ ਦਾ ਇੱਕੋ-ਇੱਕ ਤਰੀਕਾ ਹੈ: ਇੱਕ ਸਾਂਝਾ ਦੁਸ਼ਮਣ, ਮੁਸਲਮਾਨ, ਨੂੰ ਸਾਹਮਣੇ ਰੱਖਣਾ, ਜਿਸ ਦੇ ਵਿਰੁੱਧ ਯੁੱਧ ਵਿੱਚ ਉਹ ਸਾਰੇ ਮਿਲ ਕੇ ਹਿੰਦੂ ਬਣ ਜਾਂਦੇ ਹਨ। ਫ਼ਿਰ ਵੀ, ਜਾਤੀ ਅਧਾਰਤ ਜਨਗਣਨਾ ਤੋਂ ਪੂਰੀ ਤਰ੍ਹਾਂ ਸੁਤੰਤਰ, ਇਹ ਸਵਾਲ ਹੈ ਕਿ ਕੀ ਬਾਬਾ ਸਾਹਿਬ ਦਾ ਜਾਤੀ ਨਾਸ਼ ਦਾ ਸੁਪਨਾ ਅੰਤ ਵਿੱਚ ਹਮੇਸ਼ਾ ਲਈ ਮੁਲਤਵੀ ਕਰ ਦਿੱਤਾ ਗਿਆ ਹੈ ? ਇਸ ਸਵਾਲ ਦਾ ਜਾਤੀ ਅਧਾਰਤ ਜਨਗਣਨਾ ਨਾਲ ਕੋਈ ਸੰਬੰਧ ਨਹੀਂ, ਪਰ ਲੋਕਤੰਤਰ ਲਈ ਇਸ ਸਵਾਲ ਦੀ ਮਹੱਤਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਸ ਜਾਤੀਵਾਦੀ ਵਿਵਸਥਾ ਨੂੰ ਖਤਮ ਕਰਨਾ ਜ਼ਰੂਰੀ ਹੈ ਜਿਸ ਨੇ ਸਮਾਜ ਦੇ ਬਹੁਗਿਣਤੀ ਹਿੱਸੇ ਨੂੰ ਵਿਅਕਤੀ ਬਣਨ ਹੀ ਨਹੀਂ ਦਿੱਤਾ। ਉਹ ਬਹੁਗਿਣਤੀ ਦਲਿਤ ਅਤੇ ਅਤਿ ਪਿਛੜੇ ਭਾਈਚਾਰਿਆਂ ਦੀ ਹੈ। ਉਨ੍ਹਾਂ ਦੇ ਵਿਅਕਤੀ ਬਣਨ ਦੇ ਰਾਹ ਵਿੱਚ ਜਾਤੀ ਅਧਾਰਿਤ ਜਨਗਣਨਾ ਕੋਈ ਰੁਕਾਵਟ ਨਹੀਂ ਸੀ। ਫ਼ਿਰ ਵੀ, ਭਾਰਤੀ ਲੋਕਤੰਤਰ ਦਾ ਇੱਕ ਵੱਡਾ ਲਾਲਚ ਇਹ ਹੈ ਕਿ ਜਾਤੀ ਨੂੰ ਕਦੇ ਖਤਮ ਨਾ ਹੋਣ ਦਿੱਤਾ ਜਾਵੇ, ਕਿਉਂਕਿ ਇਹ ਸਿਆਸੀ ਗੋਲਬੰਦੀ ਅਤੇ ਲੈਣ-ਦੇਣ ਦੀ ਸਭ ਤੋਂ ਸੌਖੀ ਇਕਾਈ ਹੈ। ਉਹ ਇਕਾਈ ਜਿਸ ਦੇ ਆਲੇ-ਦੁਆਲੇ ਜਨਮਤ ਨੂੰ ਸੌਖੀ ਤਰ੍ਹਾਂ ਇਕੱਠਾ ਕੀਤਾ ਜਾ ਸਕਦਾ ਹੈ। ਫ਼ਿਰ ਜਨਮਤ ਕੁਝ ਹੋਰ ਨਹੀਂ, ਸਗੋਂ ਜਾਤੀਗਤ ਜੋੜ-ਤੋੜ ਦਾ ਦੂਜਾ ਨਾਮ ਹੈ। ਪਰ ਜੇ ਅਸੀਂ ਹੁਣ ਮਨੁੱਖ ਬਣਨ ਦੀ ਇੱਛਾ ਨੂੰ ਹਮੇਸ਼ਾ ਲਈ ਮੁਲਤਵੀ ਕਰ ਦਿੰਦੇ ਹਾਂ, ਤਾਂ ਇਹ ਸਮਾਜ ਅਤੇ ਲੋਕਤੰਤਰ ਦੋਵਾਂ ਲਈ ਸ਼ੁਭ ਨਹੀਂ ਹੈ।

(ਲੇਖਕ ਦਿੱਲੀ ਯੂਨੀਵਰਸਿਟੀ ਵਿੱਚ ਪੜ੍ਹਾਉਂਦੇ ਹਨ।)

# ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਨਵੀਂ ਸੋਚ ਤੇ ਆਗੂਆਂ ਦੀ ਲੋੜ

ਇਕਬਾਲ ਸਿੰਘ ਲਾਲਪੁਰਾ

ਕੌਮ ਦੀ ਤਰੱਕੀ ਤੇ ਖ਼ੁਸ਼ਹਾਲੀ ਲਈ ਦੂਰ ਅੰਦੇਸ਼ ਤੇ ਸਮਰਪਿਤ ਆਗੂ ਹੋਣਾ ਜ਼ਰੂਰੀ ਹੈ। ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਨੰਦੇੜ ਤੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਥਾਪੜਾ ਦੇ ਕੇ ਪੰਜਾਬ ਵੱਲ ਭੇਜਿਆ ਅਤੇ ਉਸ ਨਾਲ ਜ਼ਿੰਮੇਵਾਰ ਸਿੰਘ ਵੀ ਸਹਾਇਕ ਤੇ ਸਲਾਹਕਾਰ ਵਜੋਂ ਭੇਜੇ, ਪਰ ਬਾਬਾ ਬੰਦਾ ਸਿੰਘ ਬਹਾਦਰ ਦੀ ਚੜ੍ਹਤ ਸਮੇਂ ਹੀ, ਮੁਗਲ ਸਰਕਾਰ ਖ਼ਾਲਸਾ ਪੰਥ ਅੰਦਰ ਫ਼ੁੱਟ ਪਾਉਣ ਵਿੱਚ ਸਫ਼ਲ ਰਹੀ। ਨਤੀਜਾ ਬਾਬਾ ਬੰਦਾ ਸਿੰਘ ਬਹਾਦਰ ਗੁਰਦਾਸ ਨੰਗਲ ਦੀ ਗੜ੍ਹੀ ਵਿੱਚੋਂ, ਅੱਠ ਮਹੀਨੇ ਬਾਹਰੋਂ ਸਹਾਇਤਾ ਦੀ ਆਸ ਕਰਦਾ ਹੀ ਗ੍ਰਿਫ਼ਤਾਰ ਹੋ ,1716 ਈ ਵਿੱਚ ਤਸੀਹੇ ਝੱਲ ਕੇ ਸੱਤ ਸੌ ਸਾਥੀਆਂ ਸਮੇਤ ਦਿੱਲੀ ਵਿਖੇ ਸ਼ਹੀਦ ਹੋ ਗਿਆ। ਮੁਗਲ ਸਰਕਾਰ ਦੀਆਂ ਸਾਜ਼ਿਸ਼ਾਂ ਨੇ ਸਿੱਖਾਂ ਨੂੰ ਬੰਦਈ ਸਿੱਖਾਂ ਤੇ ਤੱਤ ਖਾਲਸਾ ਦੋ ਧੜਿਆਂ ਵਿੱਚ ਵੰਡ ਦਿੱਤਾ। ਪੱਲੇ ਤੱਤ ਖ਼ਾਲਸਾ ਦੇ ਵੀ ਕੁੱਝ ਨਹੀਂ ਪਿਆ।

ਹੁਣ ਵਾਰੀ ਭਾਈ ਮਨੀ ਸਿੰਘ, ਸਰਦਾਰ ਦਰਬਾਰਾ ਸਿੰਘ ਦੀ ਸੀ। ਭਾਈ ਮਨੀ ਸਿੰਘ ਨੂੰ ਵੀ ਸ਼ਹਾਦਤ ਦੇਣੀ ਪਈ। ਗੱਲ ਖ਼ਾਲਸਾ ਦੇ ਜਥੇ ਬਣ ਅੱਗੇ ਤੁਰੀ, ਜਿਨ੍ਹਾਂ ਦੇ ਕੁੱਲ ਮੈਂਬਰਾਂ ਦੀ ਗਿਣਤੀ ਪੰਜ ਹਜ਼ਾਰ ਤੋਂ ਵੀ ਘੱਟ ਸੀ। ਪਰ ਨਿਸ਼ਾਨਾ ਸਪਸ਼ਟ ਸੀ, ਖ਼ਾਲਸਾ ਇਕੱਠੇ ਬੈਠ ਕੇ , ਗੁਰਮਤਾ ਜਾਂ ਫ਼ੈਸਲਾ ਕਰ, ਗੁਰੂ ਚਰਨਾਂ ਵਿੱਚ ਉਸ ਦੀ ਪੂਰਤੀ ਲਈ ਅਰਦਾਸ ਕਰਕੇ ਅੱਗੇ ਵਧਦਾ ਸੀ ਕਿ, ਖ਼ਾਲਸਾ ਨੇ ਨਿਆਂ ਦਾ ਰਾਜ ਕਾਇਮ ਕਰਕੇ, ਮੁਗਲ ਰਾਜ ਦੀ ਜੜ੍ਹ ਪੁੱਟਣੀ ਹੈ। ਨਵਾਬ ਕਪੂਰ ਸਿੰਘ ਦੀ ਨਿਯੁਕਤੀ ਤੋਂ ਬਾਅਦ, ਇੱਕ ਆਗੂ ਹੇਠ, ਸਾਂਝੇ ਫ਼ੈਸਲੇ ਨੂੰ ਅੱਗੇ ਵਧਦਾ ਸੀ , ਇਸ ਲਈ ਕੁਰਬਾਨੀਆਂ ਦੇਣ ਸਮੇਂ, ਕੋਈ ਵੀ ਪਿੱਛੇ ਨਹੀਂ ਰਿਹਾ। ਫ਼ੈਸਲੇ ਗੁਰੂ ਦੀ ਹਾਜ਼ਰੀ ਵਿੱਚ ਸਰਬ ਸੰਮਤੀ ਨਾਲ ਹੁੰਦੇ ਸਨ, ਪਰ ਆਗੂ ਇੱਕ ਹੀ ਹੁੰਦਾ ਸੀ। ਗਿਆਰਾਂ ਮਿਸਲਾਂ ਨੇ ਵੀ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ ਉਲ ਕੌਮ ਥਾਪ ਉਨ੍ਹਾਂ ਦੀ ਅਗਵਾਈ ਹੇਠ ਲਾਹੌਰ , ਸਰਹਿੰਦ ਤੇ ਦਿੱਲੀ ਦੇ ਤਖ਼ਤ ਤੇ ਕਬਜ਼ਾ ਕੀਤਾ।

ਆਪਸੀ ਫ਼ੁੱਟ ਤੋਂ ਬਚਣ ਲਈ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ 1783 ਈ ਵਿੱਚ ਦਿੱਲੀ ਦਾ ਤਖ਼ਤ ਜਿੱਤ ਕੇ ਵੀ , ਟੈਕਸ ਲਾ ਕੇ ਬਾਦਸ਼ਾਹ ਸ਼ਾਹ ਆਲਮ ਨੂੰ ਵਾਪਸ ਕਰ ਦਿੱਤਾ।

ਬਾਬਾ ਜੱਸਾ ਸਿੰਘ ਆਹਲੂਵਾਲੀਆ ਤੋਂ ਬਾਅਦ ਮਿਸਲਾਂ ਵੀ ਆਪਸ ਵਿੱਚ ਟਕਰਾਉਣ ਲੱਗ ਪਈਆਂ, ਸਾਂਝਾਂ ਤੇ ਸਰਬ ਪਰਵਾਨਿਤ ਆਗੂ ਕੋਈ ਨਾ ਬਣ ਸਕਿਆ। ਕਾਨਪੁਰ, ਤਰਾਈ ਤੇ ਰਾਜਸਥਾਨ ਤੱਕ ਸਰਦਾਰੀ ਕਰਦਾ, ਖ਼ਾਲਸਾ ਇਕ ਆਗੂ ਨਾ ਹੋਣ ਕਾਰਨ ਪੰਜਾਬ ਤੱਕ ਹੀ ਸੀਮਤ ਹੋ ਗਿਆ।



ਹੁਣ ਵਾਰੀ ਸ਼ੁਕਰਚਕੀਆ ਸਰਦਾਰ ਚੜ੍ਹਤ ਸਿੰਘ ਦੇ ਪੋਤਰੇ ਰਣਜੀਤ ਸਿੰਘ ਦੀ ਸੀ, ਜਿਸ ਨੇ ਸਰਦਾਰਨੀ ਸਦਾ ਕੌਰ ਨਾਲ ਮਿਲਕੇ, ਮੁੜ ਖ਼ਾਲਸਾ ਸ਼ਕਤੀ ਇਕੱਠੀ ਕਰਨ ਦੀ ਕੋਸ਼ਿਸ਼ ਕੀਤੀ, ਪਰ ਆਪੇ ਬਣੀ ਬਾਹਰਵੀਂ ਮਿਸਲ ਫ਼ੁਲਕੀਆ ਤੇ ਕੁਝ ਹੋਰ ਸਿੱਖ ਸਰਦਾਰ ਅੰਗਰੇਜ਼ਾਂ ਦੇ ਸਾਥੀ ਬਣ ਗਏ।

ਮਹਾਰਾਜਾ ਰਣਜੀਤ ਸਿੰਘ ਨੇ ਉਸ ਸਮੇਂ ਦੱਰਾ ਖ਼ੈਬਰ ਤੋਂ ਰੋਪੜ ਤੱਕ ਵੱਡਾ ਰਾਜ ਕਾਇਮ ਕਰ ਲਿਆ, ਜਿਸਦੀਆਂ ਸਰਹੱਦਾਂ ਚੀਨ ਤੇ ਸਿੰਧ ਨਾਲ ਲੱਗਦੀਆਂ ਸਨ ,ਪਰ ਕੌਮ ਵਿੱਚ, ਅੰਗਰੇਜ਼ ਸਰਕਾਰ ਦਾ ਵਫ਼ਾਦਾਰ ਇੱਕ ਧੜਾ ਵੀ ਪੈਦਾ ਹੋ ਗਿਆ। ਮਹਾਰਾਜਾ ਨੂੰ ਦਿੱਲੀ ਵੱਲ ਵਧਣ ਦੀ ਮਨਾਹੀ ਹੀ ਨਹੀਂ ਹੋਈ, ਬਲਕਿ ਜਿੱਤੇ ਹੋਏ ਕੁਝ ਇਲਾਕੇ ਵੀ ਖਾਲੀ ਕਰਨੇ ਪਏ। ਜੇਕਰ ਕੌਮ ਵਿੱਚ ਏਕਤਾ ਹੁੰਦੀ ਤਾਂ 1783 ਈ ਵਾਂਗ ਦਿੱਲੀ ਦੇ ਤਖ਼ਤ ’ਤੇ ਦੁਬਾਰਾ ਕਬਜ਼ਾ ਕਰਨਾ ਮਾਮੂਲੀ ਗੱਲ ਸੀ।

1839 ਈ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਨਾਲ ਹੀ, ਲਾਹੌਰ ਦਰਬਾਰ ਅੰਦਰ,ਅੰਗਰੇਜ਼ਾਂ ਦੇ ਸੂਹੀਏ ਤੇ ਸਾਥੀਆਂ ਨੇ ਸਾਜ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਅਗਲੇ ਛੇ ਸਾਲਾਂ ਵਿੱਚ ਤਿੰਨ ਬਾਦਸ਼ਾਹ ਖੜਕ ਸਿੰਘ ਨੌਨਿਹਾਲ ਸਿੰਘ, ਸ਼ੇਰ ਸਿੰਘ ਮਾਰੇ ਗਏ ਤੇ 1845- 1846 ਈ ਦੀ ਪਹਿਲੀ ਅੰਗਰੇਜ਼- ਖ਼ਾਲਸਾ ਜੰਗ ਤੋਂ ਬਾਅਦ, ਅੰਗਰੇਜ਼ੀ ਹਕੂਮਤ ਲਾਹੌਰ ’ਤੇ ਕਾਬਜ਼ ਹੋ ਗਈ।

ਫ਼ੇਰੂ ਸ਼ਹਿਰ ਦੀ ਜੰਗ ਸਮੇਂ ,ਖ਼ਾਲਸਾ ਦੀ ਹਾਰ ਦਾ ਕਾਰਨ ਬਿਆਨ ਕਰਦਾ, ਸ਼ਾਹ ਮੁਹੰਮਦ ਲਿਖਦਾ ਹੈ ?-

ਪਹਾੜਾ ਸਿੰਘ ਸੀ ਯਾਰ ਫ਼ਰੰਗੀਆ ਦਾ
ਸਿੰਘਾਂ ਨਾਲ ਸੀ ਉਸ ਸੀ ਗੈਰਸਾਲੀ
ਉਸ ਨੇ ਜਾ ਫ਼ਰੰਗੀ ਨੂੰ ਖ਼ਬਰ ਦਿੱਤੀ
ਗੱਲ ਦੱਸ ਦਿੱਤੀ ਸਾਰੀ ਭੇਦ ਵਾਲੀ
ਏਥੋਂ ਹੋ ਗਿਆ ਹਰਨ ਹੈ ਖ਼ਾਲਸਾ ਜੀ
ਚੌਦਾਂ ਹੱਥ ਦੀ ਮਾਰ ਕੇ ਮਿਰਗਛਾਲੀ
ਸਾਹ ਮੁਹੰਮਦਾ ਸਾਂਭ ਲਓ ਤੋਪਖ਼ਾਨੇ
ਛੱਡ ਗਏ ਨੇ ਸਿੰਘ ਮੈਦਾਨ ਖਾਲੀ
ਪਹਾੜਾ ਸਿੰਘ ਖ਼ਾਲਸਾ ਫ਼ੌਜ ਦਾ ਸਾਥੀ

ਤੇ ਰਹਿਬਰ ਨਹੀਂ ਬਣਿਆ।

ਗੱਲ ਆਪਸੀ ਫ਼ੁੱਟ, ਕੌਮੀ ਰੂਪ ਵਿੱਚ ਇਕੱਠੇ ਹੋਣ ਦੀ ਥਾਂ, ਵਿਰੋਧੀਆਂ ਤੋਂ ਰਾਜਾ ਦਾ ਖਿਤਾਬ ਤੇ ਕੁਝ ਜਮੀਨ ਲੈ ਕੇ, ਕੌਮੀ ਗੱਦਾਰੀ ਤੱਕ ਹੀ ਸੀਮਤ ਹੋ ਗਈ।

1849 ਈ ਵਿੱਚ ਲਾਹੌਰ ਦਰਬਾਰ ’ਤੇ ਕਬਜ਼ਾ ਤਾਂ ਇੱਕ ਛਲਾਵਾ ਸੀ ਅਸਲ ਕਬਜ਼ਾ ਤਾਂ ਪਹਿਲਾਂ ਹੀ ਹੋ ਗਿਆ ਸੀ, ਜਦੋਂ ਮਹਾਰਾਣੀ ਜਿੰਦਾਂ ਨੂੰ ਆਪਣੇ ਰਾਜ ਵਿੱਚ ਕੈਦ ਕਰ ਲਿਆ ਗਿਆ ਸੀ।

1849 ਈ ਤੋਂ ਬਾਅਦ ਅੰਗਰੇਜ਼ੀ ਹਕੂਮਤ ਨੇ, ਖ਼ਾਲਸਾ ਦੀ ਧਾਰਮਿਕ ਤੇ ਰਾਜਨੀਤਕ ਸ਼ਕਤੀ ਨੂੰ, ਸਿੱਖ ਸਰਦਾਰਾਂ ਰਾਹੀਂ ਹੀ ਬਰਬਾਦ ਕਰਵਾ ਦਿੱਤਾ।ਧਾਰਮਿਕ ਰੂਪ ਵਿੱਚ ਗੁਰੂ ਘਰਾਂ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਲਿਆ। ਸਰਬਰਾਹ ਜਾਂ ਮੈਨੇਜਰ ਸਰਕਾਰ ਨਿਯੁਕਤ ਕਰਨ ਲੱਗ ਪਈ। ਕੁੱਝ ਰਾਜੇ ਤੇ ਰਾਜ ਪਰਿਵਾਰ ਇਸਾਈ ਬਣ ਗਏ। ਬਾਕੀਆਂ ਨੇ ਅੰਗਰੇਜ਼ੀ ਜੀਵਨ ਸ਼ੈਲੀ ਅਪਣਾ ਲਈ।ਨਿਰਮਲ ਪੰਥ ਦਾ ਪ੍ਰਚਾਰ ਪ੍ਰਸਾਰ ਬੰਦ ਕਰਵਾ ਦਿੱਤਾ, ਕੁਝ ਫ਼ੌਜੀ ਬਾਬੇ ਬਣ ਵੱਖਰੇ ਡੇਰੇਦਾਰ ਤੇ ਟਕਸਾਲੀ ਬਣ ਗਏ।

ਦੂਜੇ ਧਰਮਾਂ ਵਿਚੋਂ ਸਿੱਖ ਧਰਮ ਵਿੱਚ ਆਏ ਪਰਿਵਾਰਾਂ ਨੂੰ ਮੁੜ ਪਿਛਲੇ ਧਰਮ ਵੱਲ ਮੋੜਨ ਲਈ ਮੁਹਿੰਮਾਂ ਚੱਲ ਪਈਆਂ।

ਪੰਜਾਬੀ ਸਮਾਜ, ਜਿਸ ਵਿੱਚ ਸਿੱਖ ਪੈਦਾ ਹੁੰਦੇ ਸਨ, ਨੂੰ ਵੰਡਣ ਦਾ ਕੰਮ ਵੀ ਨੀਤੀ ਨਾਲ ਹੋਇਆ। ਅੰਗਰੇਜ਼ ਹਕੂਮਤ ਨੇ ਲੇਖਕਾਂ ਨੂੰ ਵੀ ਫ਼ੁੱਟ ਪਾਉਣ ਦਾ ਕੰਮ ਸੌਂਪਿਆ ਤੇ ਉਸ ਵਿੱਚ ਉਹ ਕਾਮਯਾਬ ਵੀ ਹੋਏ।ਕੰਨਿਘਮ ਕੇ ਮੈਕਾਲਿਫ਼ , ਲੈਪਲ ਅੱਜ ਵੀ ਪ੍ਰਵਾਨਿਤ ਇਤਿਹਾਸਕਾਰ ਮੰਨੇ ਜਾਂਦੇ ਹਨ। ਗੁਰੂ ਕਾਲ ਤੋਂ ਬਾਅਦ ਕੋਈ ਉਪਰਾਲਾ ਸੰਸਥਾ ਦੇ ਰੂਪ ਵਿੱਚ ਸਿੱਖ ਧਰਮ ਤੇ ਇਤਿਹਾਸ ਬਾਰੇ ਖੋਜ ਕਰਨ ਤੇ ਆਮ ਆਦਮੀ ਤੱਕ ਪਹੁੰਚਾਉਣ ਦਾ ਨਹੀਂ ਹੋਇਆ। ਸੋਹਨ ਲਾਲ ਸੂਰੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਲਿਖਿਆ ਇਤਿਹਾਸ ਵੀ ਹੋਰ ਖੋਜ ਲਈ ਨਾ ਤਾਂ ਪੜ੍ਹਾਇਆ ਜਾ ਰਿਹਾ ਹੈ ਅਤੇ ਨਾ ਹੀ ਆਮ ਆਦਮੀ ਤੱਕ ਪੁੱਜਿਆ ਹੀ ਹੈ।

ਸ਼੍ਰੀ ਦਰਬਾਰ ਸਾਹਿਬ ਨੇੜੇ, ਸ਼੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ,ਖ਼ਾਲਸਾ ਸਰਦਾਰ ਇਕੱਠੇ ਹੋ, ਅਗਲੀਆਂ ਕਾਰਵਾਈਆਂ ਲਈ,ਅਠਾਰਵੀਂ ਸਦੀ ਵਿੱਚ ,ਗੁਰਮਤੇ ਕਰਕੇ ਉਨ੍ਹਾਂ ਦੀ ਸਫ਼ਲਤਾ ਲਈ, ਅਰਦਾਸ ਕਰਕੇ ਕਾਰਜ ਆਰੰਭ ਕਰਦੇ ਸਨ। ਵੱਡੀਆਂ ਸਫ਼ਲਤਾਵਾਂ ਤੇ ਕੌਮੀ ਫ਼ੈਸਲੇ ਇਸ ਤਰ੍ਹਾਂ ਹੀ ਹੁੰਦੇ ਸਨ। ਕੋਈ ਵੀ ਹੁਕਮਨਾਮਾ ਗੁਰੂ ਘਰਾਂ ਦੇ ਪੁਜਾਰੀ ਜਾਂ ਪ੍ਰਬੰਧਕ ਜਾਰੀ ਨਹੀਂ ਕਰਦੇ ਸਨ।

ਇਤਿਹਾਸਕਾਰਾਂ ਅਨੁਸਾਰ 1864 ਈ ਤੋਂ ਬਾਅਦ ਹੁਕਮਨਾਮੇ ਪੁਜਾਰੀਆਂ ਵੱਲੋਂ ਜਾਰੀ ਕੀਤੇ ਜਾਣੇ ਆਰੰਭ ਹੋਏ, ਪਰ ਕੌਮੀ ਏਕਤਾ, ਧਰਮ ਦਾ ਪ੍ਰਚਾਰ ਪ੍ਰਸਾਰ , ਵਿੱਦਿਆ ਜਾਂ ਰਾਜਨੀਤਕ ਸ਼ਕਤੀ ਮੁੜ ਪ੍ਰਾਪਤ ਕਰਨਾ, ਕਦੇ ਵੀ ਇਨ੍ਹਾਂ ਆਦੇਸ਼ਾਂ ਦਾ ਵਿਸ਼ਾ ਨਹੀਂ ਰਿਹਾ।

1849 ਈ ਤੇ ਬਾਅਦ ਕੋਈ ਮਜ਼ਬੂਤ ਸਿੱਖ ਆਗੂ ਜਾਂ ਜਥੇਬੰਦੀ, ਅੰਗਰੇਜ਼ ਵਿਰੁੱਧ ਸਿੱਖ ਭਾਈਚਾਰੇ ਵਿਚੋਂ ,ਖੜੀ ਨਹੀਂ ਹੋ ਸਕੀ। ਕੂਕਾ ਲਹਿਰ, ਸਿੰਘ ਸਭਾ ਲਹਿਰ ਅੰਗਰੇਜ਼ ਨੇ, ਫ਼ੁੱਟ ਪਾ ਕੇ ਜਾ ਸਖ਼ਤੀ ਨਾਲ ਦਬਾ ਦਿੱਤੀ। ਸਿੱਖ ਹਮਾਇਤੀ ਬਨਣ ਲਈ,ਚੀਫ਼ ਖ਼ਾਲਸਾ ਦੀਵਾਨ ਬਣਾ ਕੇ, ਅੰਗਰੇਜ਼ ਪ੍ਰਸਤ ਸਿੱਖਾਂ ਲੀਡਰਾਂ ਨੇ , ਵਿੱਦਿਆ ਲਈ ਕੰਮ ਆਰੰਭ ਕੀਤਾ, ਪਰ ਇਹ ਵੱਡੇ ਸਰਦਾਰ ਆਮ ਆਦਮੀ ਤੋਂ ਦੂਰ ਸਨ।

1920 ਈ ਵਿੱਚ ਕੌਮ ਨੂੰ ਦੁਬਾਰਾ ਗੁਰਦੁਆਰਾ ਸੁਧਾਰ ਲਹਿਰ ਨੇ ਜਾਗ੍ਰਿਤ ਕੀਤਾ, ਕੁਰਬਾਨੀਆਂ ਦੇ ਕੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ, ਸਿੱਖ ਗੁਰਦੁਆਰਾ ਪ੍ਰਬੰਧਕ ਐਕਟ 1925 ਈ. ਰਾਹੀਂ ਪ੍ਰਾਪਤ ਕਰ ਲਿਆ। ਇਹ ਸਮਾਂ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਕੰਮ ਕਰਨ ਦਾ ਸੀ। ਪਰ ਮਹਾਤਮਾ ਗਾਂਧੀ ਜੀ ਦੀ ਤਾਰ, ਕਿ ਸਿੱਖਾਂ ਨੇ ਅਜ਼ਾਦੀ ਦੀ ਪਹਿਲੀ ਜੰਗ ਜਿੱਤ ਲਈ ਹੈ, ਗੁਰਦੁਆਰਾ ਪ੍ਰਬੰਧ ਵਿੱਚ ਸੁਧਾਰ ਲਈ, ਅੱਗੇ ਹੋਏ ਆਗੂਆਂ ਨੂੰ, ਸਰਗਰਮ ਰਾਜਨੀਤੀ ਵੱਲ ਲੈ ਗਈ।

ਸਿੱਖ ਧਰਮ ਅਤੇ ਰਾਜਨੀਤੀ ਦੇ ਸੁਮੇਲ ਦੇ ਚਰਚੇ ਇਥੋਂ ਹੀ ਸ਼ੁਰੂ ਹੋਏ। ਇਸ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ, ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਨੇ ਰਾਜ ਸ਼ਕਤੀ ਹੋਣ ’ਤੇ ਵੀ , ਦੂਜੇ ਭਰਾਵਾਂ ਵਿਰੁੱਧ ਕੋਈ ਹੁਕਮਨਾਮਾ ਜਾਰੀ ਨਹੀਂ ਕੀਤਾ ਅਤੇ ਨਾ ਹੀ ਗੁਰੂ ਘਰਾਂ ਰਾਹੀਂ ਰਾਜ ਨੀਤੀ ਕੀਤੀ। ਰਾਜਨੀਤੀ ਵਿੱਚ ਲੱਗੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੂੰ, 1936 ਵਿੱਚ ਧਰਮ ਦੇ ਪਸਾਰ ਤੇ ਪ੍ਰਚਾਰ ਦੀ ਵਿਉਂਤਬੰਦੀ ਕਰਨ ਦਾ ਮੌਕਾ ਮਿਲਿਆ ,ਜਦੋਂ ਡਾਕਟਰ ਅੰਬੇਦਕਰ ਦਾ ਰੁਝਾਨ ਸਿੱਖ ਧਰਮ ਅਪਨਾਉਣ ਵੱਲ ਹੋਇਆ ਅਤੇ ਦੱਖਣ, ਪੱਛਮ ਤੇ ਮੱਧ ਭਾਰਤ ਵਿੱਚ ਪ੍ਰਚਾਰ ਕੇਂਦਰ ਸਥਾਪਤ ਕਰਨ ਦਾ ਫ਼ੈਸਲਾ ਕੀਤਾ ਗਿਆ।

(ਬਾਕੀ ਸਫ਼ਾ 31 ’ਤੇ)

# ਮੰਝਧਾਰ ’ਚ ਫ਼ਸੇ ਪੰਜਾਬ ਦੀ ਪੁਕਾਰ



ਗੁਨਬੀਰ ਸਿੰਘ

ਪਹਿਲਾਂ ਰਾਸ਼ਟਰੀ ਪੱਧਰ ’ਤੇ ਨੰਬਰ ਇੱਕ ਰਾਜ ਦਾ ਦਰਜਾ ਹਾਸਲ ਕਰਨ ਵਾਲਾ ਪੰਜਾਬ ਪਿਛਲੇ ਦੋ ਦਹਾਕਿਆਂ ਵਿੱਚ ਬੁਨਿਆਦੀ ਤੌਰ ’ਤੇ ਡਿੱਗ ਗਿਆ ਹੈ। ਵਧੇਰੇ ਚਿੰਤਾਜਨਕ ਤੱਥ ਇਹ ਹੈ ਕਿ ਇਹ ਪਿਛਲੇ ਦਸ ਸਾਲਾਂ ਤੋਂ ਰਾਸ਼ਟਰੀ ਪੱਧਰ ’ਤੇ ਲਗਾਤਾਰ ਅਠਾਰਵੇਂ ਸਥਾਨ ’ਤੇ ਬਣਿਆ ਹੋਇਆ ਹੈ।ਸੋਚਣ ਵਾਲੀ ਗੱਲ ਇਹ ਹੈ ਕਿ ਖਾੜਕੂਵਾਦ ਦੇ ਦੌਰ ਦੌਰਾਨ ਵੀ ਰਾਜ ਦੀ ਖੇਤੀ ਆਰਥਿਕਤਾ ਆਪਣੇ ਪੈਰਾਂ ’ਤੇ ਖੜ੍ਹੀ ਰਹੀ ਸੀ।

ਇਤਿਹਾਸਕ ਤੌਰ ’ਤੇ ਰਾਜ ਦੇ ਲੋਕ ਖ਼ੁਸ਼ਹਾਲ, ਪ੍ਰਗਤੀਸ਼ੀਲ ਅਤੇ ਬਹੁਤ ਮਿਹਨਤੀ ਰਹੇ ਹਨ। ਨੌਜਵਾਨਾਂ ਨੇ ਹਥਿਆਰਬੰਦ ਸੈਨਾਵਾਂ, ਪ੍ਰਸ਼ਾਸਕੀ ਸੇਵਾਵਾਂ, ਉਦਯੋਗ ਅਤੇ ਨਵੀਨਤਾਕਾਰੀ ਖੇਤੀ ਕੀਤੀ ਅਤੇ ਫ਼ਿਰ ਵੀ ਪੰਜਾਬ ਦੇ ਅਗਾਂਹਵਧੂ ਲੋਕ ਹੁਣ ਮਨਫ਼ੀ ਹੁੰਦੇ ਨਜ਼ਰ ਆ ਰਹੇ ਹਨ ਅਤੇ ਬਚਣ ਲਈ ਰਾਹ ਲੱਭ ਰਹੇ ਹਨ। ਸੰਨ 1947 ਦੀ ਵੰਡ ਤੋਂ ਬਾਅਦ ਭਾਰਤ-ਪਾਕਿ ਜੰਗਾਂ ਵਿਚ ਅਤੇ ਇਕ ਦਹਾਕੇ ਤੋਂ ਵੱਧ ਖਾੜਕੂਵਾਦ ਦੇ ਦੌਰ ਦੌਰਾਨ ਪੰਜਾਬ ਦੀ ਉਦਯੋਗਿਕ ਸ਼ਕਤੀ ਅਤੇ ਇਸ ਦੇ ਵਪਾਰ ਤੇ ਕਾਰੋਬਾਰ ਦੇ ਮੌਕਿਆਂ ਨੂੰ ਬਹੁਤ ਢਾਹ ਲੱਗੀ ਹੈ।

ਰਾਜ ਦਾ ਮਾਲੀਆ ਘਟਦਾ ਗਿਆ ਅਤੇ ਦੇਸ਼ ਦੇ ਇਸ ਰੱਖਿਅਕ ਨੇ ਕਰਜ਼ੇ ਦੇ ਭਾਰੀ ਬੋਝ ਨੂੰ ਵਧਾਉਣਾ ਜਾਰੀ ਰੱਖਿਆ।ਮਾਲੀਏ ਨੂੰ ਜ਼ਿਆਦਾ ਵਧਾਉਣ ਵਿੱਚ ਅਸਮਰੱਥ ਪੰਜਾਬ ਦਾ ਕਰਜ਼ਾ ਹੁਣ 3,50,000 ਕਰੋੜ ਰੁਪਏ ਤੋਂ ਵਧ ਗਿਆ ਹੈ ਅਤੇ ਸਾਲ-ਦਰ-ਸਾਲ ਆਧਾਰ ’ਤੇ ਉਧਾਰ ਲੈ ਕੇ ਇਸ ਵਿੱਚ 10% ਜੋੜਦਾ ਜਾ ਰਿਹਾ ਹੈ।ਇਹ ਤਾਂ ਸਿਰਫ਼ ਸਾਲਾਨਾ ਵਿਆਜ ਦੀਆਂ ਕਿਸ਼ਤਾਂ ਦਾ ਭੁਗਤਾਨ ਕਰਨ ਲਈ ਵੀ ਕਰਜ਼ੇ ’ਤੇ ਪੈਸਾ ਲੈਂਦਾ ਜਾ ਰਿਹਾ ਹੈ।

ਪੰਜਾਬ ਸਿਰਫ਼ ਆਰਥਿਕ ਪੱਖੋਂ ਹੀ ਹੇਠਾਂ ਨਹੀਂ ਖਿਸਕ ਰਿਹਾ ਹੈ, ਸਿਆਸੀ ਪੱਖੋਂ ਵੀ ਭਰੋਸੇ ਦੀ ਭਾਰੀ ਘਾਟ ਨਾਲ ਜੂਝ ਰਿਹਾ ਹੈ। ਪੰਜਾਬ ਦੀਆਂ ਅੱਜ ਦੀਆਂ ਸਮੱਸਿਆਵਾਂ ਨੂੰ ਹੋਂਦ ਦਾ ਹਾਣੀ ਕਰਾਰ ਦੇਣਾ ਕੋਈ ਵਧੀਕੀ ਨਹੀਂ ਹੋਵੇਗੀ। ਬਹੁਤ ਲੰਬੇ ਸਮੇਂ ਤੋਂ ਲੋਕਾਂ ਨੇ ਆਪਣੇ ਨੇਤਾਵਾਂ ਨੂੰ ਰਾਸ਼ਟਰੀ ਰਾਜਧਾਨੀ ਵੱਲ ਵਧਦੇ ਦੇਖਿਆ ਹੈ, ਆਪਣੀਆਂ ਛਾਤੀਆਂ ਠੋਕਦੇ ਹੋਏ, ਮੰਨੀਆਂ ਹੋਈਆਂ ਜਿੱਤਾਂ ਨੂੰ ਸਿਹਰੇ ਪਾ ਮਨਾਉਂਦਿਆਂ ਵੇਖਿਆ ਹੈ। ਅਫ਼ਸੋਸ, ਵਾਅਦਾਖ਼ਿਲਾਫ਼ੀ, ਆਸਾਨੀ ਨਾਲ ਪੰਜਾਬ ਵਿਰੋਧੀ ਸ਼ਕਤੀਆਂ ਦੁਆਰਾ ਦਿੱਤੇ ਧੋਖੇ ਅਤੇ ਬੇਵਕੂਫ਼ ਬਣ ਕੇ ਵਾਪਸ ਪਰਤਣ ਕਾਰਨ ਇਕ ਹੋਰ ਨਿਘਾਰ ਵਾਲਾ ਸੂਬਾ ਹੋਂਦ ’ਚ ਆ ਚੁੱਕਾ ਹੈ। ਇਸ ਤੋਂ ਵੀ ਅੱਗੇ, ਪੰਜਾਬ ਦੀਆਂ ਕੇਂਦਰ ਵਿੱਚ ਬੇਲੋੜੀਆਂ ਸਿਫ਼ਾਰਸ਼ਾਂ ਨਜ਼ਰ ਆਉਂਦੀਆਂ ਹਨ।

ਜ਼ਿਆਦਾਤਰ ਸਿਆਸਤਦਾਨਾਂ ਦੇ ਨਿੱਜੀ ਲਾਲਚ ਹਨ। ਜਦਕਿ ਦੇਸ਼ ਦੇ ‘ਬਿਮਾਰੂ’ ਰਾਜਾਂ ਨੇ ਰਾਜਨੀਤੀ ਦੇ ਨੰਬਰਾਂ ਦੀ ਖੇਡ ਵਿੱਚ ਬਹੁਤ ਸਾਰੇ ਲਾਭ ਪ੍ਰਾਪਤ ਕੀਤੇ ਹਨ। ਪਰ ਅੱਜ ਪੰਜਾਬ ਇੱਕ ਲਾਚਾਰ, ਰਾਜਨੀਤਕ ਤੌਰ ’ਤੇ ਮਹੱਤਵਹੀਣ ਅਤੇ ਕਰਜ਼ੇ ਵਿੱਚ ਡੁੱਬਿਆ ਹੋਇਆ ਰਾਜ ਹੈ।

ਇਸ ਤਰ੍ਹਾਂ ਅੱਗੇ ਵਧਣ ਲਈ ਸਪਸ਼ਟ ਸੋਚ, ਭਵਿੱਖ ਦੀ ਦ੍ਰਿਸ਼ਟੀ ਅਤੇ ਹਕੀਕਤ ਨੂੰ ਗ੍ਰਹਿਣ ਕਰਨ ਦੀ ਸਮਝਦਾਰੀ ਦੀ ਲੋੜ ਹੈ। ਆਪਣੇ ਆਲੇ-ਦੁਆਲੇ ਝਾਤੀ ਮਾਰੋ ਅਤੇ ਇੱਕ ਮੌਜੂਦਾ ਨੇਤਾ ਦਾ ਨਾਂ ਦੱਸੋ ਜੋ ਤੁਹਾਨੂੰ ਦਲਦਲ ਵਿੱਚੋਂ ਪਾਰ ਲੰਘਾ ਸਕਦਾ ਹੈ ਤੇ ਪੰਜਾਬ ਨੂੰ ਇਸ ਘੁੰਮਣਘੇਰੀ ਵਿੱਚੋਂ ਕੱਢ ਸਕਦਾ ਹੋਵੇ। ਮਹਾਰਾਜਾ ਰਣਜੀਤ ਸਿੰਘ ਦੀ ਖ਼ਾਲਸਾ ਸਰਕਾਰ ਦੇ ਅਧੀਨ, ਪੰਜਾਬ ਦੀਆਂ ਹੱਦਾਂ ਪੂਰੀ ਸਿੰਧੂ ਘਾਟੀ ਵਿੱਚ ਤਿੱਬਤ ਅਤੇ ਲੱਦਾਖ ਤੱਕ, ਖੈਬਰ ਤੱਕ ਅਤੇ ਹੇਠਾਂ ਦਿੱਲੀ ਤੱਕ ਫ਼ੈਲੀਆਂ ਹੋਈਆਂ ਸਨ।

ਵੀਹਵੀਂ ਸਦੀ ਦੌਰਾਨ ਰਾਜ ਕੋਲ ਇੱਕ ਵੀ ਅਜਿਹਾ ਆਗੂ ਨਹੀਂ ਸੀ ਜੋ ਪ੍ਰਤਾਪ ਸਿੰਘ ਕੈਰੋਂ ਦੀ ਦੂਰਅੰਦੇਸ਼ੀ ਅਤੇ ਗਤੀਸ਼ੀਲਤਾ ਨਾਲ ਮੇਲ ਖਾਂਦਾ ਹੋਵੇ, ਜਿਸ ਨੇ ਆਪਣੇ ਸਾਢੇ ਅੱਠ ਸਾਲਾਂ (1957-1964) ਦੇ ਕਾਰਜਕਾਲ ਵਿੱਚ ਨਾ ਸਿਰਫ਼ ਹਰੀ ਕ੍ਰਾਂਤੀ ਦੀ ਸ਼ੁਰੂਆਤ ਕੀਤੀ ਸਗੋਂ ਉਦਯੋਗਾਂ ਨੂੰ ਵੀ ਸੱਦਾ ਦਿੱਤਾ। ਇੱਥੋਂ ਤੱਕ ਕਿ ਉਸ ਨੇ ਕੋਰਬੁਜ਼ੀਅਰ ਪਾਸੋਂ ਰਾਜ ਦੀ ਨਵੀਂ ਰਾਜਧਾਨੀ ਚੰਡੀਗੜ੍ਹ ਦਾ ਨਿਰਮਾਣ ਵੀ ਕਰਵਾਇਆ।

ਇਹ 1965 ਵਿੱਚ ਉਸ ਦੀ ਹੱਤਿਆ ਤੋਂ ਬਾਅਦ ਸੀ ਕਿ ਪੰਜਾਬ ਰਾਜ ਦਾ ਭਾਸ਼ਾਈ ਆਧਾਰ ’ਤੇ ਪੁਨਰਗਠਨ ਕੀਤਾ ਗਿਆ ਜਿਸ ਦਾ ਕੈਰੋਂ ਨੇ ਪੂਰੀ ਤਾਕਤ ਨਾਲ ਵਿਰੋਧ ਕੀਤਾ ਸੀ। ਇਸ ਨਵੇਂ ਘਟਨਾਕ੍ਰਮ ਦੇ ਨਾਲ ਇਹ ਮਾਣਮੱਤਾ ਰਾਜ, ਜਿਸ ਨੇ ਉਪ-ਮਹਾਦੀਪ ਦੀ ਵੰਡ ਲਈ ਰੈੱਡਕਲਿਫ਼ ਦੁਆਰਾ ਖਿੱਚੀ ਗਈ ਲਕੀਰ ਕਾਰਨ ਆਪਣਾ 2,00,000 ਵਰਗ ਕਿੱਲੋਮੀਟਰ ਤੋਂ ਵੱਧ ਖੇਤਰ ਪਾਕਿਸਤਾਨ ਨੂੰ ਗੁਆ ਦਿੱਤਾ ਸੀ, ਤਿੰਨ-ਰਾਜੀ ਹੱਲ ਲਈ ਆਪਣੇ-ਆਪ ਦਾ ਹੋਰ 58.8% ਗੁਆ ਬੈਠਾ। ਪੰਜਾਬ ਦੀ ਮਹਾਨ ਧਰਤੀ ਜਿਸ ਵਿੱਚ ਆਜ਼ਾਦੀ ਤੋਂ ਪਹਿਲਾਂ 3,60,000 ਵਰਗ ਕਿੱਲੋਮੀਟਰ ਦਾ ਵੱਡਾ ਹਿੱਸਾ ਸੀ, ਨੂੰ ਸਿਰਫ਼ 50362 ਵਰਗ ਕਿੱਲੋਮੀਟਰ ਤੱਕ ਨਿਚੋੜ ਦਿੱਤਾ ਗਿਆ।

ਵੰਡ ਨੇ ਪੰਜਾਬ ਦੀਆਂ ਸਭ ਤੋਂ ਉਪਜਾਊ ਜ਼ਮੀਨਾਂ ਅਤੇ ਇੱਥੋਂ ਦੇ ਲੋਕਾਂ ਦੀ ਦੌਲਤ ਖੋਹ ਲਈ। ਇਸ ਤੋਂ ਇਲਾਵਾ ਇਸ ਤੱਥ ਨੂੰ ਸਮਝੋ ਕਿ ਸਿੱਖਾਂ ਨੂੰ ਉਨ੍ਹਾਂ ਦੇ ਮਹਾਰਾਜਾ, ਰਣਜੀਤ ਸਿੰਘ ਦੁਆਰਾ ਬਣਾਈ ਗਈ ਆਪਣੀ ਠੋਸ ਵਿਰਾਸਤ ਦਾ 80 ਪ੍ਰਤੀਸ਼ਤ ਤਿਆਗਣਾ ਪਿਆ ਸੀ।

ਪੰਜਾਬ ਨੇ ਆਪਣੇ ਲਗਪਗ ਤਿੰਨ ਦਰਿਆਵਾਂ ਨੂੰ ਗੁਆ ਦਿੱਤਾ ਅਤੇ ਬਾਅਦ ਵਿਚ ਤਿਕੋਣ ਦੇ ਨਾਲ ਆਪਣੇ ਜ਼ਿਆਦਾਤਰ ਪਾਣੀਆਂ, ਇਸ ਦੀ ਕੀਮਤੀ ਰਾਜਧਾਨੀ, ਇੱਥੋਂ ਤੱਕ ਕਿ ਨਿਆਂਪਾਲਿਕਾ ਦੇ ਗੜ੍ਹ ਹਾਈ ਕੋਰਟ ਨੂੰ ਵੀ ਵੰਡਣਾ ਪਿਆ। ਇਸ ਨੂੰ ਆਪਣੀਆਂ ਪਹਾੜੀਆਂ ਤੇ ਘਾਟੀਆਂ ਨੂੰ ਹਿਮਾਚਲ ਵੱਲ, ਅਤੇ ਰਾਸ਼ਟਰੀ ਰਾਜਧਾਨੀ ਨਾਲ ਨੇੜਲੀਆਂ ਥਾਵਾਂ ਸਮੇਤ ਬਹੁਤ ਸਾਰੀਆਂ ਜ਼ਮੀਨਾਂ ਹਰਿਆਣਾ ਨੂੰ ਦੇਣੀਆਂ ਪਈਆਂ। ਦਰਅਸਲ, ਕੱਦ ਅਤੇ ਆਕਾਰ ਪੱਖੋਂ ਪੰਜਾਬ ਘਟਦਾ ਹੀ ਗਿਆ।

ਸਿੱਖਾਂ ਨੇ ਸੁਤੰਤਰਤਾ ਅੰਦੋਲਨ ਦੀ ਅਗਵਾਈ ਕਰਦਿਆਂ ਸਭ ਤੋਂ ਵੱਧ ਜਾਨਾਂ ਕੁਰਬਾਨ ਕੀਤੀਆਂ ਤੇ ਪਰਵਾਸ ਦੀ ਸਭ ਤੋਂ ਵੱਧ ਕੀਮਤ ਚੁਕਾਈ। ਜਦਕਿ ਉਨ੍ਹਾਂ ਨੇ ਬਟਵਾਰੇ ਦੀ ਤ੍ਰਾਸਦੀ ਨੂੰ ਬਹਾਦਰੀ ਨਾਲ ਝੱਲਿਆ, ਅਕਾਲੀ ਦਲ ਦੇ ਦਬਾਅ ਹੇਠ, ਉਨ੍ਹਾਂ ਨੇ ਪੰਜਾਬੀ ਸੂਬਾ ਲਹਿਰ ਕਾਰਨ ਆਪਣੀਆਂ ਅੱਧੀਆਂ ਤੋਂ ਵੱਧ ਜ਼ਮੀਨਾਂ ਦੁਬਾਰਾ ਗੁਆ ਲਈਆਂ। ਸੰਨ 1947 ਵਿੱਚ ਵੰਡ ਵੇਲੇ ਪੰਜਾਬ ਦੀ ਵੰਡ ਧਾਰਮਿਕ ਵੰਡ ਦੇ ਆਧਾਰ ’ਤੇ ਹੋਈ ਸੀ, ਜਦਕਿ 1966 ਵਿੱਚ ਹੋਈ ਤਿੱਕੜੀ ਭਾਸ਼ਾਈ ਲੀਹਾਂ ’ਤੇ ਸੀ। ਮੁੱਖ ਤੌਰ ’ਤੇ ਪੰਜਾਬ ਦੇ ਖੇਤੀ ਪ੍ਰਧਾਨ ਸੂਬੇ ਦੇ ਨੌਜਵਾਨਾਂ ਦਾ ਆਪਣੇ ਪੁਰਖਿਆਂ ਦੀ ਮਿੱਟੀ ਨਾਲ ਭਾਵਨਾਤਮਕ ਬੰਧਨ ਟੁੱਟ ਰਿਹਾ ਹੈ, ਕਮਜ਼ੋਰ ਸਮਾਜਿਕ-ਸਿਆਸੀ ਮਾਹੌਲ ਅਤੇ ਆਰਥਿਕ ਸੰਕਟ ਚੜ੍ਹਦੇ ਸੂਰਜ ਦੇ ਚੜ੍ਹਦੇ ਪੰਜਾਬ ਲਈ ਇੱਕ ਵੱਡੀ ਚੁਣੌਤੀ ਹੈ। ‘ਬ੍ਰੇਨ-ਡਰੇਨ’ ਅਤੇ ‘ਬਰੌਨ ਐਕਸੋਡਸ’ ਬਹੁਤ ਜ਼ਿਆਦਾ ਹੋ ਗਿਆ ਹੈ।

ਅੱਜ ਪੰਜਾਬ ਦੀ ਵਿਡੰਬਨਾ ਦੇਖੋ ਕਿ ਜਿਵੇਂ ਅਸੀਂ ਅਸਲੀਅਤ ਨੂੰ ਪਛਾਣਨ ਤੋਂ ਅਸਮਰੱਥ ਹਾਂ। ਪੰਜਾਬ ਕਣਕ ਅਤੇ ਚਾਵਲ ਨੂੰ ਇੰਨੇ ਵੱਡੇ ਪੱਧਰ ’ਤੇ ਉਗਾਉਂਦਾ ਹੈ ਪਰ ਫ਼ਿਰ ਵੀ ਇਸ ਦੀ ਮਾਮੂਲੀ ਜਿਹੀ ਮਾਤਰਾ ਨੂੰ ਹੀ ਭੋਜਨ ਪਦਾਰਥਾਂ ਵਿੱਚ ਤਬਦੀਲ ਕਰਦਾ ਹੈ। ਇੱਕ ਹੋਰ ਉਦਾਹਰਨ ਦੇ ਤੌਰ ’ਤੇ ਪਵਿੱਤਰ ਹਰਿਮੰਦਿਰ ਸਾਹਿਬ ਦੇ ਸ਼ਹਿਰ ਅੰਮ੍ਰਿਤਸਰ ਵਿਖੇ ਬਹੁ-ਗਿਣਤੀ ਸ਼ਰਧਾਲੂ ਆਉਂਦੇ ਹਨ ਜਿਨ੍ਹਾਂ ਦੀ ਗਿਣਤੀ ਪ੍ਰਤੀ ਸਾਲ 40 ਮਿਲੀਅਨ ਦੇ ਲਗਪਗ ਹੈ ਪਰ ਇੱਥੇ ਸੈਰ-ਸਪਾਟੇ ਲਈ ਕੋਈ ਕਨਵੈਨਸ਼ਨ ਸੈਂਟਰ ਨਹੀਂ ਹੈ ਅਤੇ ਰਾਜ ਭਰ ਵਿੱਚ ਸਹਿਯੋਗੀ ਯਾਤਰਾਵਾਂ ਲਈ ਕੋਈ ਵੀ ਯੋਜਨਾ ਨਹੀਂ ਹੈ।

(ਬਾਕੀ ਸਫ਼ਾ 31 ’ਤੇ)

# ਉਦਯੋਗਿਕ ਕ੍ਰਾਂਤੀ: ਵਿਸ਼ਵ ਪੱਧਰ ’ਤੇ ਟੁੱਟ ਚੁੱਕੇ ਨੇ ਖੁਰਾਕ ਪ੍ਰਬੰਧ

**ਦਵਿੰਦਰ ਸ਼ਰਮਾ**



ਕਈ ਵਾਰ ਮੈਨੂੰ ਹੈਰਾਨੀ ਹੁੰਦੀ ਹੈ ਕਿ ਜੇਕਰ ਵਿਸ਼ਵ ਪੱਧਰ ’ਤੇ ਖੁਰਾਕ ਪ੍ਰਣਾਲੀ ਖੰਡਿਤ ਹੋ ਚੁੱਕੀ ਹੈ, ਜਿਵੇਂ ਕਿ ਹਰ ਕੋਈ ਅਜਿਹਾ ਕਹਿੰਦਾ ਨਜ਼ਰ ਆ ਰਿਹਾ ਹੈ ਤਾਂ ਇਸ ਨੂੰ ਠੀਕ ਕਰਨ ਲਈ ਕੋਈ ਗੰਭੀਰ ਯਤਨ ਕਿਉਂ ਨਹੀਂ ਕੀਤੇ ਜਾ ਰਹੇ ?

ਵੱਕਾਰੀ ਪੱਤ੍ਰਿਕਾ ਸਾਇੰਟਿਫਿਕ ਅਮਰੀਕਨ ਦੇ ‘ਅਰਥ ਟਾਕ’ ਕਾਲਮ ’ਚ ਸਹੀ ਹਵਾਲਾ ਦਿੱਤਾ ਗਿਆ ਹੈ ਕਿ ‘ਲੋਕ ਗ੍ਰਹਿ ਨੂੰ ਤਬਾਹ ਕੀਤੇ ਬਗੈਰ ਖੁਦ ਦਾ ਢਿੱਡ ਨਹੀਂ ਭਰ ਸਕਣਗੇ- ਜਦੋਂ ਤੱਕ ਅਸੀਂ ਉਦਯੋਗਿਕ ਕ੍ਰਾਂਤੀ ਦੇ ਪੈਮਾਨੇ ’ਤੇ ਵਿਸ਼ਵ ਪੱਧਰ ’ਤੇ ਖੁਰਾਕ ਪ੍ਰਣਾਲੀਆਂ ਨੂੰ ਬਦਲ ਨਹੀਂ ਸਕਦੇ।’ ਹਾਲਾਂਕਿ ਇਹ ਗੱਲ ਪੜ੍ਹੇ-ਲਿਖੇ ਕੁਲੀਨ ਵਰਗ ਦੇ ਲੋਕਾਂ ਦੀ ਸਮਝ ’ਚ ਆ ਸਕਦੀ ਹੈ ਕਿ ਧਿਆਨਪੂਰਵਕ ਅਧਿਐਨ ਕਰਨ ’ਤੇ ਪਤਾ ਚੱਲਦਾ ਹੈ ਕਿ ‘ਉਦਯੋਗਿਕ ਕ੍ਰਾਂਤੀ’ ਦੇ ਪੈਮਾਨੇ ’ਤੇ ਖੁਰਾਕ ਪ੍ਰਣਾਲੀ ਦੇ ਪਰਿਵਰਤਨ ਦੇ ਸੁਝਾਏ ਗਏ ਤਰੀਕੇ ਦੇ ਹੱਲ ਨੇ ਹੀ ਅਸਲ ’ਚ ਖੰਡਿਤ ਖੁਰਾਕ ਪ੍ਰਬੰਧ ਨੂੰ ਜਨਮ ਦਿੱਤਾ ਹੈ। ਇਸ ਲਈ ਖੰਡਿਤ ਹੋਈਆਂ ਖੁਰਾਕ ਪ੍ਰਣਾਲੀਆਂ ਨੂੰ ਠੀਕ ਕਰਨ ਦਾ ਇਹ ਸਹੀ ਤਰੀਕਾ ਨਹੀਂ ਹੈ।

ਆਕਸਫੋਰਡ ਯੂਨੀਵਰਸਿਟੀ ਤੇ ਲੰਡਨ ਸਕੂਲ ਆਫ ਇਕਨਾਮਿਕਸ ਦੇ ਖੋਜਕਰਤਾਵਾਂ ਦਾ ਕਹਿਣਾ ਹੈ ਕਿ ਵਰਤਮਾਨ ਸਮੇਂ ਸਾਡੀਆਂ ਭੋਜਨ ਪ੍ਰਣਾਲੀਆਂ ਖ਼ੁਰਾਕੀ ਉਤਪਾਦਨਾਂ ਮੁੱਲਾਂਕਣ ਕਰਨ ਨਾਲੋਂ ਜ਼ਿਆਦਾ ਉਨ੍ਹਾਂ ਨੂੰ ਤਬਾਹ ਕਰ ਦਿੰਦੀਆਂ ਹਨ, ਜੋ ਅੱਜ ਮੁਨਾਫ਼ਾ ਕਮਾਉਣ ਲਈ ਭਵਿੱਖ ਤੋਂ ਉਧਾਰ ਲੈਂਦੀਆਂ ਹਨ। ਸੰਯੁਕਤ ਰਾਸ਼ਟਰ ਦੇ ਖੁਰਾਕ ਤੇ ਖੇਤੀਬਾੜੀ ਸੰਗਠਨ (ਐਫ.ਓ.ਓ.) ਦਾ ਹਵਾਲਾ ਦਿੰਦਿਆਂ ਖੋਜਕਰਤਾਵਾਂ ਨੇ ਦੱਸਿਆ ਕਿ 2020 ’ਚ ਖੇਤੀ ਖੁਰਾਕ ਪ੍ਰਣਾਲੀ ਦੀਆਂ ਵਾਤਾਵਰਣ, ਸਮਾਜਿਕ ਤੇ ਸਿਹਤ ਸੰਬੰਧੀ ਛੁਪੀਆਂ ਹੋਈਆਂ ਲਾਗਤਾਂ 10 ਟ੍ਰਿਲੀਅਨ (ਦਸ ਲੱਖ ਕਰੋੜ) ਡਾਲਰ ਤੋਂ ਵੀ ਵੱਧ ਸਨ। ਇਸ ਲਈ ਖੁਰਾਕ ਪ੍ਰਣਾਲੀਆਂ ਨੂੰ ਬਦਲਣਾ- ਇੱਕ ਸਥਾਈ ਤਰਕਸੰਗਤ ਤੇ ਨਿਰਪੱਖ ਵਿਹਾਰ ਨਾਲ ਤੁਲਨਾਤਮਿਕ ਰੂਪ ’ਚ ਬਹੁਤ ਘੱਟ ਖਰਚੀਲਾ ਹੋਵੇਗਾ। ਜਿਵੇਂ ਕਿ ਬਰਤਾਨਵੀ ਦੇ ਖੁਰਾਕ ਪ੍ਰਣਾਲੀ ਇਕਨਾਮਿਕਸ ਕਮਿਸ਼ਨ ਦੁਆਰਾ ਪ੍ਰਕਾਸ਼ਿਤ ਗਲੋਬਲ ਪਾਲਿਸੀ ਰਿਪੋਰਟ ਲਈ ਲਾਗਤ ਵਿਸ਼ਲੇਸ਼ਣ ਦੀ ਅਗਵਾਈ ਕਰਨ ਵਾਲੇ ਆਕਸਫੋਰਡ ਯੂਨੀਵਰਸਿਟੀ ਦੇ ਵਾਤਾਵਰਨ ਪਰਿਵਰਤਨ ਸੰਸਥਾ ਦੇ ਡਾ. ਸਟੀਵਨ ਲਾਰਡ ਨੇ ਕਿਹਾ ਹੈ ਕਿ ਜੇਕਰ ਖੁਰਾਕ ਪ੍ਰਣਾਲੀ ਹਮੇਸ਼ਾ ਵਾਂਗ ਕਾਰੋਬਾਰ ਜਾਰੀ ਰੱਖਦੀ ਹੈ, ਤਾਂ ਬਚਾਉਣ ਯੋਗ ਅਜਿਹੀ ਟ੍ਰਿਲੀਅਨ ਡਾਲਰਾਂ ਦੀ ਲਾਗਤ ਆਵੇਗੀ, ਜੋ ਭਵਿੱਖ ਦੇ ਆਰਥਿਕ ਵਾਧੇ ਤੇ ਵਿਕਾਸ ਨੂੰ ਸੀਮਿਤ ਕਰ ਦੇਵੇਗੀ।

ਜਨਵਰੀ 2024 ’ਚ ਜਾਰੀ ਹੋਏ ਇੱਕ ਵਿਸ਼ਲੇਸ਼ਣ ’ਚ ਦੱਸਿਆ ਗਿਆ ਹੈ ਕਿ ਵਿਸ਼ਵ ਪੱਧਰ ’ਤੇ 2050 ਤੱਕ ਮੋਟਾਪਾ 70 ਫ਼ੀਸਦੀ ਤੱਕ ਵਧ ਜਾਵੇਗਾ, ਖੁਰਾਕ ਪ੍ਰਣਾਲੀਆਂ ਗਲੋਬਲ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਦਾ ਇੱਕ ਤਿਹਾਈ ਨਿਕਾਸ ਜਾਰੀ ਰੱਖਣਗੀਆਂ ਅਤੇ ਇਹ ਸਦੀ ਦੇ ਅੰਤ ਤੱਕ ਤਾਪਮਾਨ ’ਚ 2.7 ਡਿਗਰੀ ਤੱਕ ਵਾਧਾ ਕਰ ਦੇਣਗੀਆਂ। ਇਹ ਵਿਸਥਾਰਤ ਰਿਪੋਰਟ ਦਿਲਚਸਪ ਤੇ ਹੈਰਾਨੀਜਨਕ ਜਾਣਕਾਰੀ ਦਿੰਦਿਆਂ ਭਵਿੱਖ ਦਾ ਇੱਕ ਦ੍ਰਿਸ਼ ਪੇਸ਼ ਕਰਦੀ ਹੈ, ਜੋ ਇੱਕ ਸਮਝਦਾਰੀ ਨਾਲ ਕੀਤੀ ਤਬਦੀਲੀ ਨਾਲ ਹੋਣ ਵਾਲੇ ਲਾਭਾਂ ਨੂੰ ਸੂਚੀਬੱਧ ਕਰਦਾ ਹੈ। ਪਰ ਇਥੇ ਸਮਝਣਯੋਗ ਸ਼ਬਦ ਸਮਝਦਾਰੀ (ਸੈਂਸੀਬਲ) ਹੈ, ਜਿਸ ’ਤੇ ਮੈਨੂੰ ਯਕੀਨ ਨਹੀਂ ਕਿ ਦੁਨੀਆਂ ਖੁਰਾਕ ਤੇ ਖੇਤੀਬਾੜੀ ਪ੍ਰਣਾਲੀਆਂ ਨੂੰ ਕਿੰਨਾ ਬਦਲ ਸਕਦੀ ਹੈ। ਇਸ ਤੋਂ ਪਹਿਲਾਂ ਕਿ ਅਸੀਂ ਹੋਰ ਅੱਗੇ ਵਧੀਏ, ਆਓ ਵੇਖੀਏ ਕਿ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਨਟੋਨੀਓ ਗੁਟੇਰੇਸ ਨੇ ਕੀ ਕਿਹਾ ਹੈ, ਕਿ ਵਿਸ਼ਵ ਪੱਧਰ ’ਤੇ ਖੁਰਾਕ ਪ੍ਰਬੰਧ ਟੁੱਟ ਚੁੱਕੇ ਹਨ ਤੇ ਅਰਬਾਂ ਲੋਕ ਇਸ ਦੀ ਕੀਮਤ ਅਦਾ ਕਰ ਰਹੇ ਹਨ। ਉਨ੍ਹਾਂ ਇੱਕ ਹੋਰ ਮੌਕੇ ’ਤੇ ਅੱਗੇ ਬੋਲਦਿਆਂ ਕਿਹਾ ਕਿ ਮੁਨਾਫਾ ਅਧਾਰਿਤ ਨਿੱਜੀ ਕੰਪਨੀਆਂ ਦੇ ਬਜਾਏ ਲੋਕਾਂ ਵੱਲ ਵਧੇਰੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

ਇਹ ਮੁਨਾਫਾ ਅਧਾਰਿਤ ਕੰਪਨੀਆਂ ਲਈ ਇੱਕ ਧੱਕਾ ਹੈ, ਅਸਲੀਅਤ ’ਚ ਇਹ ਉਹੀ ਹਨ, ਜਿਨ੍ਹਾਂ ਵੱਲ ਇੱਕ ਟਿਕਾਊ ਖੁਰਾਕ ਭਵਿੱਖ ਦੀ ਦਿਸ਼ਾ ’ਚ ਦੁਨੀਆਂ ਵੇਖ ਰਹੀ ਹੈ। ਭਾਵੇਂ ਏਸ਼ੀਆ, ਲੈਟਿਨ ਅਮਰੀਕਾ ਤੇ ਅਫਰੀਕਾ ਹੋਵੇ, ਖੁਰਾਕ ਤੇ ਖੇਤੀ ਨੂੰ ਬਦਲਣ ਲਈ ਸਰਕਾਰਾਂ ’ਤੇ ਨੀਤੀਗਤ ਦਬਾਅ ਹੈ, ਜੋ ਅਸਲ ’ਚ ਖੁਰਾਕ ’ਤੇ ਕਾਰਪੋਰੇਟ ਕੰਟਰੋਲ ਲਈ ਇੱਕ ਉਤਸੁਕਤਾ ਹੈ ਤੇ ਚਿੰਤਾਜਨਕ ਦਰ ਨਾਲ ਇਹ ਅਮਲ ਅੱਗੇ ਵਧ ਰਿਹਾ ਹੈ। ਜਦਕਿ ਲੋੜ ਵਿਭਿੰਨਤਾ ਵਾਲੀ ਤੇ ਲਚਕੀਲੀ ਖੇਤੀ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਹੈ, ਜਿਸ ਦਾ ਅਰਥ ਹੈ ਕਿ ਖੇਤੀ-ਵਾਤਾਵਰਣ ਤੇ ਏਕੀਕ੍ਰਿਤ ਖੇਤੀ ਪ੍ਰਣਾਲੀਆਂ ’ਚ ਤਬਦੀਲੀਆਂ ਨੂੰ ਵਧਾਉਣ ਦੇ ਨਾਲ-ਨਾਲ ਕਿਸਾਨਾਂ ਲਈ ਇੱਕ ਗਾਰੰਟੀਸ਼ੁਦਾ ਆਮਦਨ ਨੂੰ ਯਕੀਨੀ ਬਣਾਉਣਾ, ਹਾਲਾਂਕਿ ਮੈਨੂੰ ਪਿਛਲੇ ਦਰਵਾਜ਼ੇ ਤੋਂ ਕਾਰਪੋਰੇਟ ਖੇਤੀ ਲਿਆਉਣ ਦੀ ਇੱਕ ਰਹੱਸਮਈ ਤੇ ਛੁਪਵੀਂ ਕੋਸ਼ਿਸ਼ ਵੀ ਲੱਗਦੀ ਹੈ।

ਭਾਰਤ ’ਚ ਤਿੰਨ ਵਿਵਾਦਤ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੇ ਬਾਅਦ ਵੀ ਅਜਿਹਾ ਨਹੀਂ ਹੈ ਕਿ ਖੇਤੀ ’ਤੇ ਕਾਰਪੋਰੇਟ ਕੰਟਰੋਲ ਦੀ ਪਹੁੰਚ ਵਧਾਉਣ ਦੀ ਕੋਸ਼ਿਸ਼ ਮਰ ਚੁੱਕੀ ਹੈ ਜਾਂ ਇਹ ਦਫਨ ਹੋ ਗਈ ਹੈ। ਕਿਸੇ ਵੀ ਮੌਕੇ ’ਤੇ ਅਤੇ ਕਿਸੇ ਵੀ ਢੁਕਵੇਂ ਤੰਤਰ ਰਾਹੀਂ ਕਾਰਪੋਰੇਟ ਖੇਤੀ ਲਈ ਯੋਗ ਵਾਤਾਵਰਨ ਬਣਾਉਣ ਦੀ ਕੋਸ਼ਿਸ਼ ਸ਼ਾਇਦ ਹੀ ਕਦੇ ਬੰਦ ਹੋਈ ਹੋਵੇ। ਚਾਹੇ ਇਹ ਡਿਜ਼ੀਟਲੀਕਰਨ ਜਾਂ ਨਵੀਆਂ ਤਕਨੀਕਾਂ ਦੇ ਲਈ ਵਧੀ ਹੋਏ ਬਜਟ ਦੀ ਮਦਦ ਜਾਂ ਰਾਸ਼ਟਰੀ ਖੇਤੀ ਕੋਡ ਬਣਾਉਣ ਜਾਂ ਖੇਤੀ ਤੇ ਪੇਂਡੂ ਪਰਿਵਰਤਨ ਲਈ ਰਾਸ਼ਟਰੀ ਪ੍ਰੀਸ਼ਦ (ਐਮ.ਸੀ.ਏ.ਆਰ.ਟੀ.) ਦੀ ਸਥਾਪਨਾ ਦੇ ਪ੍ਰਸਤਾਵ ਦੇ ਮਾਧਿਅਮ ਨਾਲ ਜਾਂ ਹਾਲ ਹੀ ’ਚ ਖੇਤੀ ਮੰਡੀਕਰਨ ਬਾਰੇ ਰਾਸ਼ਟਰੀ ਨੀਤੀ ਢਾਂਚੇ ਦੇ ਖਰੜੇ ਦੀ ਮਨਜ਼ੂਰੀ ਮੰਗਣ ਦੀ ਪਹਿਲ ਹੋਵੇ, ਇਨ੍ਹਾਂ ਸਭ ਕਦਮਾਂ ਦੇ ਅੰਤਰੀਵੀ ਉਦੇਸ਼ ਸਪੱਸ਼ਟ ਹਨ, ਇਸ ਸਭ ਦਾ ਮਕਸਦ ਖੇਤੀ ’ਤੇ ਕਾਰਪੋਰੇਟ ਦੇ ਕਬਜ਼ੇ ਦੀ ਨੀਂਹ ਰੱਖਣਾ ਹੈ। ਜਦੋਂ ਤੱਕ ਤੁਸੀਂ ਇਨ੍ਹਾਂ ਨੀਤੀਗਤ ਪਹਿਲਕਦਮੀਆਂ ਦੇ ਪ੍ਰਭਾਵ ਨੂੰ ਸਮਝਣਯੋਗ ਹੋ ਸਕੋਗੇ ਤਦ ਤੱਕ ਅੰਤਿਮ ਹਮਲੇ ਲਈ ਜ਼ਮੀਨ ਤਿਆਰ ਹੋ ਚੁੱਕੀ ਹੋਵੇਗੀ। ਇਸ ਪ੍ਰਕਿਰਿਆ ’ਚ ਜੋ ਗੱਲ ਛੁੱਟ ਰਹੀ ਹੈ, ਉਹ ਇਹ ਹੈ ਕਿ ਇਕ-ਇਕ ਕਰਕੇ ਜੋ ਮਾਪਦੰਡ ਪੇਸ਼ ਕੀਤੇ ਜਾ ਰਹੇ ਹਨ ਦਰਅਸਲ ਉਹ ਦੁਨੀਆਂ ’ਚ ਖੰਡਿਤ ਹੋਈਆਂ ਖੁਰਾਕ ਪ੍ਰਣਾਲੀਆਂ ਲਈ ਜ਼ਿੰਮੇਵਾਰ ਹਨ, ਜਿਨ੍ਹਾਂ ਵਿਚੋਂ ਸੰਸਾਰ ਆਪਣੇ-ਆਪ ਨੂੰ ਲੱਭਦਾ ਹੈ। ਇਹ ਦੋਸ਼ਪੂਰਨ ਨੁਸਖੇ ਵੀ ਕਾਰਪੋਰੇਟ ਵਿਚਾਰ ਪ੍ਰਕਿਰਿਆ ’ਚੋਂ ਨਿਕਲਦੇ ਹਨ। ਵਿਸ਼ਵ ਆਰਥਿਕ ਮੰਚ (ਡਬਲਿਊ.ਈ.ਐਫ.) ਜੋ ਅਮੀਰ ਤੇ ਸੁੰਦਰ ਲੋਕਾਂ ਦੀ ਮੌਜਮਸਤੀ ਦੇ ਇਕੱਠ (ਜੰਬੂਰੀ) ਵਜੋਂ ਸ਼ੁਰੂ ਹੋਇਆ ਸੀ, ਹੁਣ ਸਰਕਾਰਾਂ ਦੇ ਇੱਕ ਨੀਤੀਗਤ ਮੰਚ ਦੇ ਰੂਪ ’ਚ ਉੱਭਰਿਆ ਚੁੱਕਾ ਹੈ। ਇਸ ਲਈ ਇਹ ਜਾਨਣਾ ਬਹੁਤ ਦਿਲਚਸਪ ਹੋਵੇਗਾ ਕਿ ਡਬਲਿਊ.ਈ.ਐਫ. ਖੰਡਿਤ ਖੁਰਾਕ ਪ੍ਰਣਾਲੀਆਂ ਨੂੰ ਕਿਵੇਂ ਵੇਖਦਾ ਹੈ ਤੇ ਇਸ ਨੂੰ ਕਿਵੇਂ ਠੀਕ ਕਰਦਾ ਹੈ ? ਮੇਰਾ ਧਿਆਨ ਇੱਕ ਪੇਪਰ (ਅਖ਼ਬਾਰ) ਨੇ ਖਿੱਚਿਆ, ਜਿਸ ਦਾ ਸਿਰਲੇਖ ਸੀ- ਸਾਡੀ ਖੁਰਾਕ ਪ੍ਰਣਾਲੀ ਟੁੱਟ ਚੁੱਕੀ ਹੈ, ਇਥੇ ਇਸ ਨੂੰ ਠੀਕ ਕਰਨ ਦੇ ਤਿੰਨ ਤਰੀਕੇ ਦਿੱਤੇ ਗਏ ਸਨ। ਇਹ 2018 ਦਾ ਪੇਪਰ (ਜੋ ਹੁਣ ਪੁਰਾਣਾ ਹੋ ਚੁੱਕਾ ਹੈ, ਪਰ ਤੁਹਾਨੂੰ ਦੱਸਦਾ ਕਿ ਡਬਲਿਊ.ਈ.ਐਫ. ਇਸ ਚੁਣੌਤੀ ਨੂੰ ਕਿਵੇਂ ਵੇਖਦਾ ਹੈ) ਇਹ ਖੁਰਾਕ ਪ੍ਰਣਾਲੀਆਂ ਨੂੰ ਇੱਕ ਕਾਰੋਬਾਰ ਦੇ ਰੂਪ ’ਚ ਵੇਖਣ ਤੋਂ ਸ਼ੁਰੂ ਹੁੰਦਾ ਹੈ। ਇਹ ਲੇਖ ਸਵੀਕਾਰ ਕਰਦਾ ਹੈ ਕਿ ਖੁਰਾਕ ਪ੍ਰਣਾਲੀ ਅਨਿਯਮਿਤ, ਅਸੰਤੁਲਿਤ ਤੇ ਅਸਥਿਰ ਹੈ ਤੇ ਇਸ ’ਚ ਬਦਲਾਅ ਦੀ ਜ਼ਰੂਰਤ ਹੈ। ਇਹ ਲੇਖ ਖੁਰਾਕ ’ਤੇ ਸਾਡੇ ਸੋਚਣ ਤੇ ਕੰਮ ਕਰਨ ਦੇ ਤਰੀਕੇ ਨੂੰ ਬਦਲਣ ਦੇ ਮੂਲ ਤਰੀਕਿਆਂ ਨੂੰ ਸੂਚੀਬੱਧ ਕਰਦਾ ਹੈ। ਡਬਲਿਊ.ਈ.ਐਫ. ਦੇ ਲੇਖ ’ਚ ਦੱਸਿਆ ਗਿਆ ਹੈ ਕਿ ਜੇਕਰ ਕੋਈ ਸੀ.ਈ.ਓ. ਖਰੀਦਦਾਰੀ (ਸ਼ਾਪਿੰਗ) ਕਰਨ ਜਾਵੇ ਤਾਂ ਉਹ ਸੁਪਰ ਮਾਰਕੀਟ ਨੂੰ ਕਿਸ ਤਰ੍ਹਾਂ ਵੇਖੇਗਾ ? ਇਨ੍ਹਾਂ ਸੁਪਰ ਮਾਰਕੀਟ ਦੀਆਂ ਅਲਮਾਰੀਆਂ ’ਚ ਬਹੁਤ ਸਾਰੀਆਂ ਖਾਲੀ ਥਾਵਾਂ ਹਨ, ਜੋ ਭੋਜਨਾਂ ਨੂੰ ਥੋੜ੍ਹੇ ਜਿਹੇ ਕੀਮਤੀ ਪੋਸ਼ਣ ਮੁੱਲਾਂ ਨੂੰ ਆਕਰਸ਼ਿਤ ਕਰਨ ਲਈ ਸਮਰਪਿਤ ਹਨ। ਇਸ ਲੇਖ ਨੂੰ ਲਿਖਿਆਂ ਲਗਭਗ 6 ਸਾਲ ਹੋ ਚੁੱਕੇ ਹਨ ਤੇ ਸੁਪਰ ਮਾਰਕੀਟ ਦੀਆਂ ਅਲਮਾਰੀਆਂ ’ਚ ਸ਼ਾਇਦ ਹੀ ਹੁਣ ਕੋਈ ਖਾਲੀ ਥਾਂ ਬਚੀ ਹੋਵੇ ਅਤੇ ਵੇਖੋ ਕਿ ਇਨ੍ਹਾਂ ਖਾਲੀ ਅਲਮਾਰੀਆਂ ਨੂੰ ਭਰਨ ਲਈ ਸਾਨੂੰ ਕੀ ਮਿਲਿਆ ਹੈ: ਇੱਕ ਮੈਟਾ-ਅਧਿਐਨ ਤੋਂ ਪਤਾ ਚੱਲਦਾ ਹੈ ਕਿ ਸੁਪਰ ਮਾਰਕੀਟ ਦੀਆਂ ਅਲਮਾਰੀਆਂ ’ਚ ਪਿਆ ਲਗਭਗ 89 ਫ਼ੀਸਦੀ ਪ੍ਰੋਸੈਸਡ ਭੋਜਨ ਪਦਾਰਥ ਪੌਸ਼ਟਿਕ ਨਹੀਂ ਤੇ ਘਟੀਆ ਗੁਣਵੱਤਾ ਵਾਲਾ ਹੈ। ਜੇਕਰ ਪ੍ਰੋਸੈਸਿਡ ਭੋਜਨ ਉਦਯੋਗ ਨੇ ਲੋਕਾਂ ਨੂੰ ਇਹੀ ਕੁਝ ਦਿੱਤਾ ਹੈ ਤਾਂ ਹੁਣ ਇਸ ਨੂੰ ਠੀਕ ਕਰਨ ਦਾ ਸਮਾਂ ਆ ਗਿਆ ਹੈ। ਇਹ ਖੰਡਿਤ ਹੋਈ ਖੁਰਾਕ ਪ੍ਰਣਾਲੀ ਦਾ ਇੱਕ ਹਿੱਸਾ ਹੈ ਤੇ ਇਸ ਨੂੰ ਤੁਰੰਤ ਠੀਕ ਕੀਤੇ ਜਾਣ ਦੀ ਲੋੜ ਹੈ। ਤਾਕਤ ਤੇ ਲਾਭ ਕੌਣ ਕਮਾਉਂਦਾ ਹੈ ਤੇ ਦੁਨੀਆਂ ਨੂੰ ਲੋੜੀਂਦੀ ਖੁਰਾਕ ਪ੍ਰਣਾਲੀਆਂ ਦੀ ਅਗਵਾਈ ਕਰਨ ਦੀ ਗੱਲ ਕਰਦਿਆਂ ਲੇਖਕ ਆਖਰਕਾਰ ਦੱਸਦਾ ਹੈ ਕਿ ਅਸੀਂ ਵਿਸ਼ਵ ਆਰਥਿਕ ਮੰਚ ਦੇ ਖੁਰਾਕ ਸੁਰੱਖਿਆ ਤੇ ਖੇਤੀ ਬਾਰੇ ਗਲੋਬਲ ਫਿਊਚਰ ਕੌਂਸਿਲ ਦੇ ਮੈਂਬਰਾਂ ਨੂੰ ਜਾਣਦੇ ਹਾਂ ਤੇ ਉਹ ਕਿਸ ਦਾ ਪੱਖ ਪੂਰਦੇ ਹਨ, ਉਸ ਦਾ ਵੀ ਪਤਾ ਹੈ। ਦਰਅਸਲ ਲਾਭ ਇੰਨੇ ਵੱਡੇ ਹੁੰਦੇ ਹਨ ਕਿ ਉਨ੍ਹਾਂ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। **(ਬਾਕੀ ਸਫ਼ਾ 31 ’ਤੇ)**

# ਪੰਜਾਬ ਦੀਆਂ ਨਹਿਰਾਂ ਵਿੱਚ ਦੂਸ਼ਿਤ ਪਾਣੀ ਦਾ ਪ੍ਰਵਾਹ



**ਕੁੱਕੀ ਗਿੱਲ**



ਪੰਜਾਬ ਦੇ ਦੱਖਣ-ਪੱਛਮੀ ਹਿੱਸੇ ਵਿੱਚ ਫਿਰੋਜ਼ਪੁਰ, ਫਰੀਦਕੋਟ, ਮੁਕਤਸਰ ਅਤੇ ਫਾਜ਼ਿਲਕਾ ਜ਼ਿਲ੍ਹਿਆਂ ਵਿੱਚ ਨਹਿਰਾਂ ਵਿੱਚ ਲਗਭਗ ਇੱਕ ਮਹੀਨੇ ਤੋਂ ਦੂਸ਼ਿਤ ਪਾਣੀ ਦਾ ਪ੍ਰਵਾਹ ਹੋ ਰਿਹਾ ਹੈ। ਵਸਨੀਕ, ਖਾਸ ਕਰਕੇ ਕਿਸਾਨ, ਬਦਬੂਦਾਰ ਅਤੇ

ਪ੍ਰਦੂਸ਼ਿਤ ਪਾਣੀ ਬਾਰੇ ਚਿੰਤਾ ਪ੍ਰਗਟ ਕਰ ਰਹੇ ਹਨ। ਇਨ੍ਹਾਂ ਜ਼ਿਲ੍ਹਿਆਂ ਦੇ ਕਈ ਵਾਟਰ ਵਰਕਸ ਨੇ ਨਹਿਰੀ ਪਾਣੀ ਦੀ ਵਰਤੋਂ ਬੰਦ ਕਰ ਦਿੱਤੀ ਹੈ ਅਤੇ ਖਪਤਕਾਰਾਂ ਨੂੰ ਭੂਮੀਗਤ ਪਾਣੀ ਮੁਹੱਈਆ ਕਰਵਾ ਰਹੇ ਹਨ। ਹਾਲਾਂਕਿ, ਕੁਝ ਪੇਂਡੂ ਵਾਟਰ ਵਰਕਸ ਅਜੇ ਵੀ ਦੂਸ਼ਿਤ ਪਾਣੀ ’ਤੇ ਨਿਰਭਰ ਕਰ ਰਹੇ ਹਨ। ਹਰੀਕੇ ਬੈਰਾਜ ਤੋਂ ਸਰਹਿੰਦ ਫੀਡਰ ਨਹਿਰ ਵਿੱਚ ਵਹਿਣ ਵਾਲੇ ਦੂਸ਼ਿਤ ਪਾਣੀ ਕਾਰਨ ਇਹ ਸਥਿਤੀ ਪੈਦਾ ਹੋਈ ਹੈ। ਇਹ ਬੈਰਾਜ ਸਤਲੁਜ ਅਤੇ ਬਿਆਸ ਦਰਿਆਵਾਂ ਦੇ ਸੰਗਮ ’ਤੇ ਸਥਿਤ ਹੈ। ਸਤਲੁਜ ਬੁੱਢਾ ਨਾਲਾ ਦੁਆਰਾ ਪ੍ਰਦੂਸ਼ਿਤ ਹੁੰਦਾ ਹੈ, ਜੋ ਕਿ ਉਦਯੋਗਿਕ ਸ਼ਹਿਰ ਲੁਧਿਆਣਾ ਵਿੱਚੋਂ ਵਗਦਾ ਹੈ ਅਤੇ ਬਿਨਾਂ ਸੋਧੇ ਹੋਏ ਗੰਦੇ ਪਾਣੀ ਨੂੰ ਲੈ ਕੇ ਜਾਂਦਾ ਹੈ। ਬਿਆਸ ਮੁਕਾਬਲਤਨ ਸਾਫ਼ ਪਾਣੀ ਲੈ ਕੇ ਜਾਂਦਾ ਹੈ, ਜੋ ਹਰੀਕੇ ਵਿਖੇ ਸਤਲੁਜ ਨਾਲ ਮਿਲ ਜਾਂਦਾ ਹੈ। ਹਾਲਾਂਕਿ, ਇਸ ਵਾਰ, ਬਿਆਸ ਵਿੱਚ ਘੱਟ ਪਾਣੀ ਦੇ ਪੱਧਰ ਨੂੰ ਇੱਕ ਵੱਡਾ ਕਾਰਨ ਮੰਨਿਆ ਜਾਂਦਾ ਹੈ ਕਿ ਪ੍ਰਦੂਸ਼ਕ ਵਧੇਰੇ ਸਪੱਸ਼ਟ ਹਨ।

ਰਾਜਸਥਾਨ ਫੀਡਰ ਇਸ ਸਮੇਂ ਬੰਦ ਹੈ, ਪਰ ਪਾਣੀ ਅਜੇ ਵੀ ਸਰਹਿੰਦ ਫੀਡਰ ਨਹਿਰ ਵਿੱਚੋਂ ਵਗ ਰਿਹਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਹੇਠਾਂ ਵੱਲ ਸਪਲਾਈ ਘੱਟ ਹੋਣ ਕਾਰਨ ਹਰੀਕੇ ਜਲ ਭੰਡਾਰ ’ਤੇ ਪਾਣੀ ਦੀ ਖੜੋਤ ਆਈ। ਨਤੀਜੇ ਵਜੋਂ, ਪ੍ਰਦੂਸ਼ਕ ਅਤੇ ਗੰਦਗੀ ਵਧੇਰੇ ਦਿਖਾਈ ਦੇ ਰਹੀ ਹੈ। ਆਮ ਤੌਰ ’ਤੇ, ਸਰਹਿੰਦ ਫੀਡਰ ਰਾਜਸਥਾਨ ਫੀਡਰ ਦੇ ਨਾਲ ਹੀ ਬੰਦ ਹੁੰਦਾ ਹੈ। ਦੂਸ਼ਿਤ ਨਹਿਰੀ ਪਾਣੀ ਮਨੁੱਖੀ ਖਪਤ ਅਤੇ ਸਿੰਚਾਈ ਲਈ ਵਰਤਿਆ ਜਾ ਰਿਹਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਦੂਰ ਨਹੀਂ ਕੀਤਾ ਜਾ ਰਿਹਾ ਹੈ ਅਤੇ ਅਬੋਹਰ ਦੇ ਵਿਧਾਇਕ ਸੰਦੀਪ ਜਾਖੜ ਨੂੰ ਛੱਡ ਕੇ, ਕਿਸੇ ਹੋਰ ਸਿਆਸਤਦਾਨ ਨੇ ਇਹ ਮੁੱਦਾ ਨਹੀਂ ਉਠਾਇਆ। ਡਰ ਇਹ ਹੈ ਕਿ ਪ੍ਰਦੂਸ਼ਿਤ ਪਾਣੀ ਫਸਲਾਂ ਦੇ ਵਾਧੇ ਨੂੰ ਰੋਕ ਸਕਦਾ ਹੈ ਅਤੇ ਘੱਟ ਝਾੜ ਦਾ ਕਾਰਨ ਬਣ ਸਕਦਾ ਹੈ। ਚਮੜੀ ਅਤੇ ਗੈਸਟਰੋਇੰਟੇਸਟਾਈਨਲ ਬਿਮਾਰੀਆਂ ਦੇ ਵਧੇ ਹੋਏ ਜੋਖਮ ਨੂੰ ਵੀ ਉਜਾਗਰ ਕੀਤਾ ਜਾ ਰਿਹਾ ਹੈ। ਮਾਲਵਾ ਪੱਟੀ ਨੂੰ ਪਹਿਲਾਂ ਹੀ ਕੈਂਸਰ ਪੱਟੀ ਵਜੋਂ ਜਾਣਿਆ ਜਾਂਦਾ ਹੈ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਜਲ ਸਪਲਾਈ ਅਤੇ ਸੀਵਰੇਜ ਬੋਰਡ ਅਤੇ ਜਲ ਸਰੋਤ ਵਿਭਾਗ ਨੇ ਨਮੂਨੇ ਇਕੱਠੇ ਕਰਕੇ ਪਾਣੀ ਦੀ ਗੁਣਵੱਤਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਹਾਲਾਂਕਿ, ਕੁਝ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਪ੍ਰਦੂਸ਼ਕਾਂ ਦੇ ਕੁਦਰਤੀ ਤੌਰ ’ਤੇ ਪਤਲੇ ਹੋਣ ਦੀ ਉਡੀਕ ਕਰਨ ਤੋਂ ਇਲਾਵਾ ਬਹੁਤ ਘੱਟ ਕਰ ਸਕਦੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਨਹਿਰਾਂ ਵਿੱਚ ਪੂਰੀ ਪਾਣੀ ਦੀ ਸਪਲਾਈ ਮੁੜ ਸ਼ੁਰੂ ਹੋਣ ਤੋਂ ਬਾਅਦ ਕੁਝ ਦਿਨਾਂ ਵਿੱਚ ਸਥਿਤੀ ਆਮ ਹੋ ਜਾਵੇਗੀ। ਹਾਲਾਂਕਿ, ਕੁਝ ਕਾਰਕੁੰਨ ਅਤੇ ਕਿਸਾਨ ਸਵਾਲ ਕਰਦੇ ਹਨ ਕਿ ਕੀ ਸਿਰਫ਼ ਪਾਣੀ ਨੂੰ ਪਤਲਾ ਕਰਨ ਦੀ ਉਡੀਕ ਕਰਨਾ ਹੀ ਅਸਲ ਹੱਲ ਹੈ। ਉਹ ਪ੍ਰਦੂਸ਼ਕਾਂ ਲਈ ਸਖ਼ਤ ਸਜ਼ਾਵਾਂ ਅਤੇ ਸੁਤੰਤਰ ਪਾਣੀ ਦੀ ਗੁਣਵੱਤਾ ਦੀ ਨਿਗਰਾਨੀ ਦੀ ਮੰਗ ਕਰ ਰਹੇ ਹਨ।

ਕਿਸਾਨਾਂ ਦਾ ਤਰਕ ਹੈ ਕਿ ਆਪ ਸਰਕਾਰ ਵੱਲੋਂ ਰਾਜ ਵਿੱਚ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਸੋਧ ਐਕਟ, 2024 ਨੂੰ ਲਾਗੂ ਕਰਨ ਦੇ ਫੈਸਲੇ ਨਾਲ ਸੰਕਟ ਹੋਰ ਵੀ ਵਧ ਗਿਆ ਹੈ, ਜਿਸ ਵਿੱਚ ਉਦਯੋਗਾਂ ਨੂੰ 10,000 ਰੁਪਏ ਤੋਂ 15 ਲੱਖ ਰੁਪਏ ਤੱਕ ਦੇ ਵਿੱਤੀ ਜੁਰਮਾਨੇ ਦੇ ਬਦਲੇ ਪ੍ਰਦੂਸ਼ਕਾਂ ਨੂੰ ਜਲ ਸਰੋਤਾਂ ਵਿੱਚ ਛੱਡਣ ਦੀ ਆਗਿਆ ਦਿੱਤੀ ਗਈ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਪਹਿਲਾਂ, ਜਲ ਪ੍ਰਦੂਸ਼ਣ ਕਾਨੂੰਨਾਂ ਦੇ ਤਹਿਤ ਉਲੰਘਣਾ ਕਰਨ ’ਤੇ ਛੇ ਸਾਲ ਤੱਕ ਦੀ ਕੈਦ ਹੋ ਸਕਦੀ ਹੈ। ਕਰਨਲ ਜਸਜੀਤ ਸਿੰਘ ਗਿੱਲ (ਸੇਵਾਮੁਕਤ), ਜੋ ਬੁੱਢੇ ਨਾਲੇ ਨੂੰ ਪ੍ਰਦੂਸ਼ਣ ਤੋਂ ਮੁਕਤ ਕਰਨ ਦੀ ਮੁਹਿੰਮ ਦੀ ਅਗਵਾਈ ਕਰ ਰਹੇ ਹਨ, ਦਾ ਦਾਅਵਾ ਹੈ ਕਿ ਸੋਧ ਨੇ ਉਦਯੋਗਪਤੀਆਂ ਨੂੰ ਪੰਜਾਬ ਦੇ ਪਾਣੀਆਂ ਨੂੰ ਰਸਾਇਣਕ ਕਾਕਟੇਲ ਨਾਲ ਪ੍ਰਦੂਸ਼ਿਤ ਕਰਨ ਦੀ ਖੁੱਲ੍ਹ ਦੇ ਦਿੱਤੀ ਹੈ।

# ਸੰਸਾਰੀਕਰਨ ਦਾ ਹੁਣ ਤੱਕ ਪੰਜਾਬ ਉੱਪਰ ਕੀ ਪਿਆ ਪ੍ਰਭਾਵ ?



ਲਾਡੀ ਜਗਤਾਰ
9463603091

ਵਿਸ਼ਵੀਕਰਨ ਜਾਂ ਉਦਾਰੀਕਰਨ ਦੀ ਸ਼ੁਰੂਆਤ 1990 ਦੇ ਲਗਭਗ ਹੋਈ, ਜਦੋਂ ਮਲਟੀਨੈਸ਼ਨਲ ਕੰਪਨੀਆਂ ਨੇ ਦੁਨੀਆਂ ਵਿੱਚ ਫੈਲਣਾ ਸ਼ੁਰੂ ਕੀਤਾ। ਸਾਰੀ ਦੁਨੀਆਂ ਇੱਕ ਪਿੰਡ ਜਿਹਾ ਬਣ ਗਈ। ਆਉਣ ਜਾਣ ਦੇ ਰਾਹ ਮੋਕਲੇ ਹੋਏ। ਇੱਕ ਦੇਸ਼ ਦੀਆਂ ਵਸਤਾਂ ਦੂਜੇ ਦੇਸ਼ ਵਿੱਚ ਅਸਾਨੀ ਨਾਲ ਆਉਣ ਜਾਣ ਤੇ ਵਿਕਣ ਲੱਗ ਪਈਆਂ। ਇੱਕ ਦੂਜੇ ਦੇਸ਼ ਵਿੱਚ ਵਪਾਰ ਕਰਨਾ ਸੌਖਾ ਹੋ ਗਿਆ। ਇੱਕ ਦੂਜੇ ਦੇਸ਼ ਦਾ ਵੀਜ਼ਾ ਅਸਾਨੀ ਨਾਲ ਮਿਲਣ ਲੱਗ ਪਿਆ। ਇਹ ਨਿਸ਼ਚਿਤ ਹੀ ਸੀ ਕਿ ਇਸ ਨਾਲ ਇੱਕ ਦੇਸ਼, ਮਹਾਂਦੀਪ ਦਾ ਖਾਣ-ਪੀਣ, ਰਹਿਣ-ਸਹਿਣ, ਪਹਿਰਾਵਾ ਤੇ ਸੱਭਿਆਚਾਰ ਵੀ ਦੂਜੇ ਦੇਸ਼ ਜਾਂ ਮਹਾਂਦੀਪ ਵਿੱਚ ਜਾਣਗੇ।

ਵਿਸ਼ਵੀਕਰਨ ਹੈ ਕੀ? ਜੇਕਰ ਮਾਹਿਰਾਂ ਮੁਤਾਬਕ ਮੰਨੀਏ ਤਾਂ ਵਰਲਡ ਟਰੇਡ ਔਰਗੇਨਾਈਜੇਸ਼ਨ ਅਨੁਸਾਰ ਇਹ ਵਣਜ-ਵਪਾਰ, ਆਵਾਜਾਈ ਤੇ ਮਨੁੱਖ ਦੇ ਇੱਕ ਦੂਜੇ ਦੇਸ਼ ਵਿੱਚ ਆਉਣ-ਜਾਣ ਦੀ ਖੁੱਲ੍ਹ ਹੈ। ਭਾਰਤ ਦੀ ਮਜਬੂਰੀ ਜਾਂ ਲੋੜ ਸੀ ਕਿ ਭਾਰਤ ਨੂੰ ਵੀ ਇਸ ਲਈ ਆਪਣੇ ਦਰਵਾਜ਼ੇ ਖੋਲ੍ਹਣੇ ਪਏ। ਇਸਦੇ ਸੰਬੰਧੀ ਹਾਂ ਪੱਖੀ ਤੇ ਨਾਂਹ ਪੱਖੀ, ਦੋਵੇਂ ਤਰ੍ਹਾਂ ਦੇ ਵਿਚਾਰ ਪੇਸ਼ ਕੀਤੇ ਜਾਂਦੇ ਹਨ। ਕੁਝ ਇਸ ਨੂੰ ਵਿਰੋਧ ਦੇ ਤੌਰ 'ਤੇ ਲੈਂਦੇ ਹਨ, ਜਦੋਂ ਕਿ ਕੁਝ ਇਸਦੇ ਹੱਕ ਵਿੱਚ ਹਨ। ਇਸ ਨਾਲ ਤੁਸੀਂ ਆਪਣਾ ਮਾਲ ਵੱਡੀ ਮੰਡੀ ਤੇ ਖੁੱਲ੍ਹੇ ਮੁਕਾਬਲੇ ਵਿੱਚ ਵੇਚ ਸਕਦੇ ਹੋ। ਉੱਥੇ ਹੀ ਖੁੱਲ੍ਹੀ ਮੰਡੀ ਵਿੱਚੋਂ ਵਧੀਆ ਤੇ ਸਸਤੀਆਂ ਵਸਤੂਆਂ ਵੀ ਖਰੀਦ ਸਕਦੇ ਹੋ। ਭਾਰਤ ਵਿੱਚ ਜਦੋਂ ਇਸ ਲਈ ਰਾਹ ਪੱਧਰਾ ਕੀਤਾ ਗਿਆ ਤਾਂ ਵੱਡੀਆਂ ਕੰਪਨੀਆਂ ਇੱਥੋਂ ਦੀ ਅਬਾਦੀ ਅਤੇ ਮੰਗ ਨੂੰ ਦੇਖ ਕੇ, ਇੱਥੇ ਮਾਲ ਵੇਚਣ ਨੂੰ ਤਰਜੀਹ ਦੇਣ ਲੱਗੀਆਂ। ਇੱਥੇ ਥੋੜ੍ਹੇ ਸਾਲਾਂ ਵਿੱਚ ਹੀ ਕੰਪਨੀਆਂ ਆਪਣੇ ਫਰਿੱਜ, ਟੀਵੀ, ਓਵਨ, ਕਾਰਾਂ, ਸੌਫਟ ਡਰਿੰਕ ਹੋਰ ਬਹੁਤ ਕੁਝ ਲੈ ਆਈਆਂ। ਇੱਥੋਂ ਦੇ ਲੋਕ ਧੜਾਧੜ ਇਹਨਾਂ ਨੂੰ ਖਰੀਦਣ ਲੱਗ ਪਏ। ਇਸ ਨਾਲ ਲੋਕਾਂ ਨੂੰ ਆਮ ਵਸਤਾਂ ਸਸਤੀਆਂ ਤੇ ਵਧੀਆ ਉਪਲਬਧ ਹੋਣ ਲੱਗੀਆਂ। ਬਹੁਤੀਆਂ ਵਸਤਾਂ ਨੇ ਜੀਵਨ ਨੂੰ ਅਰਾਮਦਾਇਕ ਵੀ ਬਣਾ ਦਿੱਤਾ। ਮਸ਼ੀਨਾਂ ਘਰ, ਖੇਤੀਬਾੜੀ ਅਤੇ ਹੋਰ ਕੰਮਾਂ ਨੂੰ ਸੌਖਾ ਕਰਨ ਲੱਗੀਆਂ। ਲੋਕਾਂ ਦਾ ਜੀਵਨ ਪੱਧਰ ਉੱਪਰ ਉੱਠਿਆ। ਫਰਿੱਜ, ਟੀਵੀ, ਏਸੀ, ਸਕੂਟਰ, ਕਾਰਾਂ ਨੇ ਜੀਵਨ ਨੂੰ ਸੁਖਾਵਾਂ ਕਰ ਦਿੱਤਾ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤਰੱਕੀ ਹੋਈ ਹੈ। ਜਿੱਥੋਂ ਇਹ ਕੰਪਨੀਆਂ ਆਈਆਂ ਸਨ, ਉੱਥੋਂ ਉਨ੍ਹਾਂ ਦੇਸ਼ਾਂ ਦਾ ਸੱਭਿਆਚਾਰ ਵੀ ਨਾਲ ਹੀ ਆ ਗਿਆ। ਮਲਟੀਨੈਸ਼ਨਲ ਕੰਪਨੀਆਂ ਨੇ ਤਰ੍ਹਾਂ-ਤਰ੍ਹਾਂ ਦੇ ਪ੍ਰਚਾਰ ਰਾਹੀਂ ਹਰ ਘਰ ਤਕ ਦਸਤਕ ਦੇ ਦਿੱਤੀ। ਲੋਕਾਂ ਦੀ ਸੋਚ ਨੂੰ ਪ੍ਰਭਾਵਤ ਕੀਤਾ। ਕਰੋੜਾਂ ਰੁਪਏ ਪ੍ਰਚਾਰ ਉੱਤੇ ਖਰਚ ਕਰਕੇ ਲੋਕਾਂ ਨੂੰ ਆਪਣੀ ਸੋਚ, ਸੱਭਿਆਚਾਰ ਮੁਤਾਬਕ ਢਾਲ ਲਿਆ, ਜਿਸ ਨਾਲ ਇੱਥੇ ਖਾਣ-ਪੀਣ, ਪਹਿਨਣ, ਕੰਮਕਾਰ ਕਰਨ ਦੇ ਢੰਗ, ਰੀਤੀ ਰਿਵਾਜ਼, ਗੀਤ-ਸੰਗੀਤ ਵਿੱਚ ਬਹੁਤ ਤਬਦੀਲੀ ਆਈ।

ਸਿਆਣੇ ਦੱਸਦੇ ਹਨ ਕਿ ਉਹਨਾਂ ਨੇ ਆਪਣੀ ਉਮਰ ਦੇ ਪਹਿਲੇ ਸੱਠਾਂ ਵਿੱਚ ਉਹ ਤਬਦੀਲੀ ਨਹੀਂ ਦੇਖੀ ਜਿਹੜੀ ਕਿ ਆਪਣੀ ਉਮਰ ਦੇ ਅਖ਼ੀਰਲੇ ਵੀਹ ਸਾਲਾਂ ਵਿੱਚ ਦੇਖ ਲਈ ਹੈ। ਪੰਜਾਬ ਜੋ ਕਿ ਖੇਤੀਬਾੜੀ ਪ੍ਰਧਾਨ ਸੂਬਾ ਮੰਨਿਆ ਜਾਂਦਾ ਹੈ, ਇਸ ਵਿੱਚ ਹੋਰ ਰਾਜਾਂ ਦੇ ਮੁਕਾਬਲੇ ਜ਼ਿਆਦਾ ਬਦਲਾਅ ਦੇਖਣ ਨੂੰ ਮਿਲਿਆ ਹੈ। ਪੰਜਾਬੀ ਲੋਕਾਂ ਦੀ ਜ਼ਿੰਦਗੀ ਜਿਊਣ ਦਾ ਆਪਣਾ ਢੰਗ ਸੀ, ਆਪਣਾ ਸੱਭਿਆਚਾਰ, ਆਪਣਾ ਖਾਣ-ਪੀਣ ਅਤੇ ਆਪਣਾ ਗੀਤ-ਸੰਗੀਤ ਸੀ। ਇਸੇ ਸਾਰੇ ਸਿਸਟਮ ਵਿੱਚ ਵੱਡੀ ਤਬਦੀਲੀ ਆਈ ਹੈ। ਸਭ ਤੋਂ ਪਹਿਲਾਂ ਜੇ ਖਾਣ ਪੀਣ ਦੀ ਗੱਲ ਕਰੀਏ ਤਾਂ ਇਸਨੇ ਸਾਡੀ ਪੂਰੀ ਰਸੋਈ ਬਦਲ ਕੇ ਰੱਖ ਦਿੱਤੀ ਹੈ। ਰਸੋਈ ਦਾ ਕੁੱਲ ਹਾਰ ਸ਼ਿੰਗਾਰ ਹੀ ਬਦਲ ਗਿਆ ਹੈ। ਮਧਾਣੀਆਂ ਤੋਂ ਪਤੀਲੇ, ਬਾਟੀਆਂ ਤਕ ਸਭ ਕੁਝ ਬਦਲ ਕੇ ਰੱਖ ਦਿੱਤਾ ਹੈ। ਬਾਟੀਆਂ ਵਿੱਚ ਚਾਹ, ਲੱਸੀਆਂ ਪੀਣ ਵਾਲੇ ਹੁਣ ਕੱਪਾਂ ਗਲਾਸਾਂ 'ਤੇ ਆ ਗਏ ਹਨ।

ਖਾਣ ਪੀਣ ਵਿੱਚ ਹੁਣ ਸਰ੍ਹੋਂ ਦਾ ਸਾਗ, ਮੱਕੀ ਦੀ ਰੋਟੀ, ਬਾਜਰੇ ਦੀ ਖਿਚੜੀ, ਮਰੁੰਡੇ, ਘਿਓ, ਲੱਸੀਆਂ ਸਭ ਬਦਲ ਦਿੱਤੀਆਂ ਹਨ। ਬੱਚਿਆਂ ਦੀ ਪਸੰਦ ਨੂਡਲ, ਮਕਰੋਨੀ, ਚਿਪਸ, ਪਾਸਤੇ ਤੇ ਬਰਗਰ-ਪੀਜ਼ੇ ਬਣ ਗਏ ਹਨ। ਉਹਨਾਂ ਨੂੰ ਘਰੇ ਬਣਿਆ ਕੁਝ ਪਸੰਦ ਨਹੀਂ ਆਉਂਦਾ। ਮਾਵਾਂ ਵੀ ਬਾਹਰ ਦਾ ਖਾ ਕੇ ਖੁਸ਼ ਹਨ, ਉਹਨਾਂ ਨੂੰ ਘਰ ਰੋਟੀ ਪਕਾਉਣੀ ਔਖੀ ਲਗਦੀ ਹੈ। ਇਸਦਾ ਅਸਰ ਇਹ ਦਿਸ ਰਿਹਾ ਹੈ ਕਿ ਪੰਜਾਬੀ ਹੁਣ ਪਹਿਲਾਂ ਜਿਹੇ ਜੁੱਸਿਆਂ ਵਾਲੇ ਨਹੀਂ ਰਹੇ। ਜਿਹੜੇ ਪੰਜਾਬੀ ਦੁੱਧ ਮੱਖਣਾਂ ਨਾਲ ਪਲਦੇ ਸਨ, ਉਹਨਾਂ ਨੂੰ ਹੁਣ ਡਾਕਟਰ ਖਾਣ ਪੀਣ ਤੋਂ ਰੋਕ ਰਹੇ ਹਨ। ਪੰਜਾਬੀ ਵੱਖ ਵੱਖ ਤਰ੍ਹਾਂ ਦੇ ਅਟੈਕਾਂ ਦੇ ਸ਼ਿਕਾਰ ਹੋ ਰਹੇ ਹਨ। ਹਰੇਕ ਘਰ ਦਵਾਈਆਂ ਪਹੁੰਚ ਗਈਆਂ ਹਨ। ਪੰਜਾਬੀ ਸਿਹਤ ਪੱਖੋਂ ਨਿਵਾਣਾਂ ਵੱਲ ਜਾ ਰਹੇ ਹਨ। ਜ਼ਿਆਦਾਤਰ ਬੱਚਿਆਂ ਵਿੱਚ ਕਈ ਤਰ੍ਹਾਂ ਦੇ ਰੋਗ ਪਾਏ ਗਏ ਹਨ। ਉਹ ਮਲਟੀ ਵਿਟਾਮਿਨ ਦੀਆਂ ਗੋਲੀਆਂ ਨਾਲ ਤਾਕਤ ਪੂਰੀ ਕਰਦੇ ਹਨ। ਹੁਣ ਦਾਰਾ ਸਿੰਘ ਵਰਗੇ ਪਹਿਲਵਾਨ ਪੈਦਾ ਨਹੀਂ ਹੁੰਦੇ।

ਸੱਭਿਆਚਾਰ ਪੱਖੋਂ ਸਾਡਾ ਗੀਤ-ਸੰਗੀਤ, ਸਾਹਿਤ ਤੇ ਪਹਿਰਾਵਾ ਬਦਲ ਗਿਆ ਹੈ। ਜਿਸ ਪੱਧਰ ਦਾ ਸਾਹਿਤ ਪਹਿਲਾਂ ਰਚਿਆ ਗਿਆ ਸੀ, ਉਸ ਪੱਧਰ ਦੀ ਕੋਈ ਵੀ ਕਿਤਾਬ, ਗ੍ਰੰਥ ਇਸ ਗਲੋਬਲੀਕਰਨ ਤੋਂ ਬਾਅਦ ਨਹੀਂ ਛਪਿਆ। ਉੱਚ ਪਾਏ ਦੇ ਸਾਹਿਤ ਦਾ ਸੋਕਾ ਪੈ ਗਿਆ ਹੈ। ਪਹਿਲਾਂ ਵਾਲੇ ਕਵੀਆਂ, ਨਾਵਲਕਾਰਾਂ, ਜਾਂ ਵਾਰਤਕ ਲਿਖਣ ਵਾਲੇ ਸਾਹਿਤਕਾਰਾਂ ਦੀ ਘਾਟ ਹੈ। ਸਾਹਿਤ ਪੱਖੋਂ ਹਲਕੇ ਪੱਧਰ ਦਾ ਸਾਹਿਤ ਛਪ ਰਿਹਾ ਹੈ। ਨਾ ਹੀ ਉਹੋ ਜਿਹੇ ਪਾਠਕ ਲੱਭ ਰਹੇ ਹਨ। ਨਵੀਂ ਪੀੜ੍ਹੀ ਸਾਹਿਤ ਤੋਂ ਦੂਰ ਹੁੰਦੀ ਜਾ ਰਹੀ ਹੈ। ਉਹ ਆਪਣੇ ਸ਼ੋਰ-ਓ-ਗੁੱਲ (ਰੌਲ਼ੇ-ਰੱਪੇ) ਵਿੱਚ ਮਸਤ ਹੈ।

ਗੀਤ-ਸੰਗੀਤ ਵਿੱਚ ਢਾਡੀ ਵਾਰਾਂ, ਚਿੱਠੇ, ਕਵੀਸ਼ਰੀ, ਗੀਤ, ਲੋਕ-ਤੱਥ ਹੁਣ ਘੱਟ ਹੀ ਸੁਣਨ ਨੂੰ ਮਿਲਦੇ ਹਨ। ਹਲਕੇ ਪੱਧਰ ਦੇ ਗੀਤਾਂ ਨੇ ਵੱਡੇ ਵੱਡੇ ਸਪੀਕਰਾਂ ਵਿੱਚ ਵੱਜਣਾ ਸ਼ੁਰੂ ਕਰ ਦਿੱਤਾ ਹੈ। ਇਸ ਵਿੱਚ ਗੀਤ ਘੱਟ ਤੇ ਸਾਜ਼ ਜ਼ਿਆਦਾ ਰੌਲ਼ਾ ਪਾਉਂਦੇ ਹਨ। ਇਹ ਗੀਤ ਵੀ ਸ਼ਰਾਬ, ਕਲੱਬ ਕਲਚਰ, ਪਾਰਟੀ ਸੱਭਿਆਚਾਰ, ਹਥਿਆਰ, ਕੁੜੀਆਂ ਉੱਤੇ ਹੀ ਲਿਖੇ ਹੁੰਦੇ ਹਨ। ਸਾਡੀ ਸੁਣਨ ਦੀ ਬਿਰਤੀ ਹੀ ਅਜਿਹੀ ਬਣ ਗਈ ਹੈ, ਜਾਂ ਬਣਾ ਦਿੱਤਾ ਗਈ ਹੈ। ਅਸੀਂ ਜੋ ਸੁਣ ਰਹੇ ਹਾਂ, ਉਹ ਉਹੀ ਗਾ ਰਹੇ ਹਾਂ। ਗਾਇਕ ਜੋ ਗਾ ਰਹੇ ਹਨ, ਉਹੀ ਅਸੀਂ ਸੁਣ ਰਹੇ ਹਾਂ। ਪਹਿਰਾਵਾ ਵੀ ਬਦਲ ਗਿਆ ਹੈ। ਹੁਣ ਕੁੜਤੇ-ਚਾਦਰੇ, ਕੈਂਠੇ, ਕੱਢੀਆਂ ਜੁੱਤੀਆਂ ਨਜ਼ਰ ਨਹੀਂ ਪੈਂਦੀਆਂ। ਕੁੜੀਆਂ ਮੁੰਡੇ ਜੀਨ ਕਲਚਰ ਨੂੰ ਅਪਨਾ ਰਹੇ ਹਨ। ਕਈ ਵਾਰ ਤਾਂ ਕੁੜੀ ਮੁੰਡੇ ਵਿੱਚ ਅੰਤਰ ਕਰਨਾ ਔਖਾ ਹੋ ਜਾਂਦਾ ਹੈ। ਸ਼ਹਿਰ ਵਿੱਚ ਮਾਵਾਂ ਦੇ ਪਹਿਰਾਵੇ ਦਾ ਕਲਚਰ ਵੀ ਬਦਲ ਗਿਆ ਹੈ। ਕੰਪਨੀਆਂ ਨੇ ਮਾਰਕੀਟ ਵਿੱਚ ਕੱਪੜਿਆਂ ਦੇ ਢੇਰ ਲਗਾ ਦਿੱਤੇ ਹਨ। ਲੋਕ ਬਰਾਂਡ ਨੂੰ ਤਰਜੀਹ ਦਿੰਦੇ ਹਨ। ਕੱਪੜੇ ਸਰੀਰਕ ਲੋੜ ਨਾ ਬਣਕੇ ਇੱਕ ਫੈਸ਼ਨ ਬਣ ਗਿਆ ਹੈ। ਕਈ ਵਾਰ ਕਿਸੇ ਦੇ ਪਹਿਨੇ ਕੱਪੜੇ ਦੇਖ ਕੇ ਸਿਆਣੇ ਆਦਮੀ ਵੀ ਸ਼ਰਮ ਮਹਿਸੂਸ ਕਰਦੇ ਹਨ।

ਕੰਮਾਂ ਧੰਦਿਆਂ ਉੱਤੇ ਵੀ ਅਸਰ ਪਿਆ ਹੈ। ਪਿਤਾ ਪੁਰਖੀ ਕਿੱਤਿਆਂ ਨੂੰ ਮਸ਼ੀਨਾਂ ਖਾ ਗਈਆਂ ਹਨ। ਕੰਮ ਕਰਨ ਦੇ ਢੰਗ ਤਰੀਕੇ ਬਦਲ ਗਏ ਹਨ। ਬੇਰੁਜ਼ਗਾਰੀ ਵਧੀ ਹੈ ਕਿਉਂਕਿ ਕਈ ਬੰਦਿਆਂ ਦਾ ਕੰਮ ਹੁਣ ਮਸ਼ੀਨਾਂ ਹੀ ਕਰ ਦਿੰਦੀਆਂ ਹਨ। ਹੁਣ ਕੰਮਾਂ ਦੀ ਦਸ਼ਾ ਤੇ ਦਿਸ਼ਾ ਜਲਦੀ ਬਦਲ ਜਾਂਦੀ ਹੈ। ਮਕੈਨਿਕਾਂ ਦਾ ਕੰਮ ਘਟਿਆ ਹੈ, ਕਿਉਂਕਿ ਲੋਕ ਚੀਜ਼ ਖਰਾਬ ਹੋਏ ਤੋਂ ਨਵੀਂ ਲੈਣੀ ਪਸੰਦ ਕਰਦੇ ਹਨ। ਮੋਬਾਇਲ ਅਤੇ ਟੀਵੀ ਉੱਤੇ ਚੱਲ ਰਹੀਆਂ ਖੇਡਾਂ ਨੇ ਨਵੀਂ ਪੀੜ੍ਹੀ ਉੱਪਰ ਬਹੁਤ ਅਸਰ ਪਾਇਆ ਹੈ। ਬੱਚਿਆਂ ਲਈ ਮੋਬਾਈਲ ਇੱਕ ਬਿਮਾਰੀ ਬਣ ਗਿਆ ਹੈ। ਉਹ ਕਈ ਕਈ ਘੰਟੇ ਮੋਬਾਇਲ ਉੱਪਰ ਗੇਮਾਂ ਖੇਡਦੇ ਬਰਬਾਦ ਕਰ ਦਿੰਦੇ ਹਨ। ਉਹਨਾਂ ਨੂੰ ਖੇਡ ਮੈਦਾਨ ਭੁੱਲ ਗਏ ਹਨ। ਇਸ ਨਾਲ ਬੱਚੇ ਆਪਣੀ ਜ਼ਿੰਦਗੀ ਦੇ ਉਦੇਸ਼ ਤੋਂ ਭਟਕ ਰਹੇ ਹਨ ਤੇ ਨਾਲ ਹੀ ਮਾਨਸਿਕ ਅਤੇ ਸਰੀਰਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਇਹ ਵੱਡੀ ਚਿੰਤਾ ਦਾ ਵਿਸ਼ਾ ਬਣ ਗਿਆ ਹੈ।

ਖਪਤਕਾਰੀ ਸੱਭਿਆਚਾਰ ਵਧ ਗਿਆ ਹੈ। ਲੋਕ ਵੱਧ ਖਰਚ ਕਰਦੇ ਹਨ। ਉਹ ਕੱਪੜੇ, ਘਰ ਦੀਆਂ ਸਹੂਲਤਾਂ ਉੱਤੇ ਹੋਰ ਵਾਧੂ ਰੁਪਏ ਖਰਚ ਕਰਦੇ ਹਨ। ਸਮਾਨ ਨਾਲ ਘਰ ਭਰੇ ਪਏ ਹਨ। ਅਲਮਾਰੀਆਂ ਕੱਪੜਿਆਂ ਨਾਲ ਤੁੰਨੀਆਂ ਪਈਆਂ ਹਨ। ਕਈ ਵਾਰ ਅਸੀਂ ਉਹ ਚੀਜ਼ਾਂ ਵੀ ਖਰੀਦ ਕੇ ਲੈ ਆਉਂਦੇ ਹਨ, ਜਿਨ੍ਹਾਂ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਮਲਟੀਨੈਸ਼ਨਲ ਕੰਪਨੀਆਂ ਬਿਆਨੇ 'ਤੇ ਫਰਿੱਜ, ਕਾਰ, ਮਸ਼ੀਨਾਂ ਤੇ ਮੋਟਰਸਾਈਕਲ ਤੇ ਹੋਰ ਬਹੁਤ ਕੁਝ ਵੇਚ ਰਹੀਆਂ ਹਨ। ਸਾਨੂੰ ਕੰਪਨੀਆਂ ਆਪਣੇ ਮੁਤਾਬਿਕ ਚਲਾਉਂਦੀਆਂ ਹਨ। ਲੋਕਾਂ ਦਾ ਮਨ ਪੜ੍ਹਿਆ ਜਾਂਦਾ ਹੈ। ਔਰਤਾਂ ਨੂੰ ਇਸ ਕਾਰਜ ਲਈ ਫੋਟੋ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ। ਹਰੇਕ ਵਸਤ ਤੇ ਉਸ ਨੂੰ ਮਾਡਲ ਬਣਾਕੇ ਪੇਸ਼ ਕੀਤਾ ਜਾਂਦਾ ਹੈ। ਤੁਹਾਨੂੰ ਫਿਰ ਚੀਜ਼ ਵਰਤਣੀ ਹੀ ਪੈਂਦੀ ਹੈ। ਕੰਪਨੀਆਂ ਤੁਹਾਨੂੰ ਇਹ ਅਹਿਸਾਸ ਕਰਵਾ ਦਿੰਦੀਆਂ ਹਨ ਕਿ ਤੁਹਾਨੂੰ ਇਸ ਚੀਜ਼ ਦੀ ਬਹੁਤ ਜ਼ਰੂਰਤ ਹੈ, ਇਸਦੇ ਬਿਨਾਂ ਤੁਸੀਂ ਅਧੂਰੇ ਹੋ। ਆਦਮੀ ਇਹ ਮਹਿਸੂਸ ਕਰਨ ਲੱਗ ਜਾਂਦਾ ਕਿ ਜੇਕਰ ਇਹ ਚੀਜ਼ ਮੇਰੇ ਕੋਲ ਹੈ ਨਹੀਂ, ਜਾਂ ਮੈਂ ਇਹ ਚੀਜ਼ ਵਰਤੀ ਨਹੀਂ, ਜਾਂ ਮੈਂ ਇਹ ਖਰੀਦ ਨਹੀਂ ਸਕਦਾ ਤਾਂ ਮੇਰੇ ਵਿੱਚ ਕੋਈ ਘਾਟ। ਮਨੁੱਖ ਆਪਣੇ ਆਪ ਨੂੰ ਹੀਣਾ ਸਮਝਣ ਲੱਗ ਪੈਂਦਾ ਹੈ। ਇਹਨਾਂ ਸਾਧਨਾਂ ਨੂੰ ਖਰੀਦਣ ਅਤੇ ਚਲਦੇ ਰੱਖਣ ਖਰਚ ਵੀ ਵਧ ਗਏ, ਜਿਸ ਨਾਲ ਆਦਮੀ ਦੀ ਭੱਜ ਦੌੜ ਵਧ ਗਈ ਹੈ। ਹੁਣ ਦੋਵੇਂ ਮੀਆਂ ਬੀਵੀ ਕੰਮ ਕਰਕੇ ਵੀ ਇਸ ਦੌੜ ਵਿੱਚ ਪਿੱਛੇ ਰਹਿ ਰਹੇ ਮਹਿਸੂਸ ਕਰਦੇ ਹਨ। ਮਹਿੰਗਾਈ ਵਧ ਰਹੀ ਹੈ। ਆਮਦਨ ਦੇ ਸਾਧਨ ਘਟ ਰਹੇ ਹਨ।

ਪੰਜਾਬੀਆਂ ਵਿੱਚ ਬੱਚਤ ਕਰਨ ਦੀ ਪ੍ਰਵਿਰਤੀ ਘਟੀ ਹੈ। ਲੋਕ ਪੱਛਮੀ ਸੱਭਿਆਚਾਰ ਵਾਂਗ ਵਰਤਮਾਨ ਵਿੱਚ, ਜ਼ਿਆਦਾ ਐਸ਼ ਕਰਨ ਵਿੱਚ ਯਕੀਨ ਕਰਨ ਲੱਗੇ ਹਨ।

(ਬਾਕੀ ਸਫ਼ਾ 31 'ਤੇ)





ਡਾ. ਰਣਜੀਤ ਸਿੰਘ

# ਬਹੁ-ਪੱਖੀ ਹੋਵੇ ਨਸ਼ਿਆਂ ਵਿਰੁੱਧ ਯੁੱਧ

ਆਖ਼ਰ ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਮੁਹਿੰਮ ਸ਼ੁਰੂ ਕਰ ਹੀ ਦਿੱਤੀ ਹੈ। ਇਸ ਦਾ ਨਾਮ 'ਯੁੱਧ ਨਸ਼ਿਆਂ ਵਿਰੁੱਧ' ਰੱਖਿਆ ਹੈ। ਤਿੰਨ ਸਾਲ ਪੂਰੇ ਹੋਣ ਪਿੱਛੋਂ ਨਸ਼ਿਆਂ ਵਿਰੁੱਧ ਯੁੱਧ ਅਤੇ ਸਕੂਲ ਸੁਧਾਰ ਲਹਿਰ ਨੂੰ ਚਲਾਇਆ ਗਿਆ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਨਸ਼ੇ ਦੇ ਵਪਾਰੀਆਂ ਵਿਰੁੱਧ ਕਾਰਵਾਈ ਮੁੱਢਲੀ ਲੋੜ ਹੈ ਪਰ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਇਸ ਤੋਂ ਵੀ ਅੱਗੇ ਜਾਣ ਦੀ ਲੋੜ ਹੈ। ਬੱਚੇ ਦੇ ਸਭ ਤੋਂ ਪਹਿਲੇ ਸਾਥੀ ਉਸ ਦੇ ਮਾਪੇ ਹੁੰਦੇ ਹਨ।

ਮਾਪਿਆਂ ਦਾ ਰਹਿਣ-ਸਹਿਣ ਅਤੇ ਉਨ੍ਹਾਂ ਦਾ ਚਾਲ-ਚਲਨ ਬੱਚੇ ਦੀ ਸ਼ਖ਼ਸੀਅਤ ਉਸਾਰੀ ਉੱਤੇ ਸਭ ਤੋਂ ਵੱਧ ਪ੍ਰਭਾਵ ਪਾਉਂਦਾ ਹੈ। ਜੇਕਰ ਮਾਪੇ 'ਕਿਰਤ ਕਰਦੇ, ਵੰਡ ਛਕਦੇ ਅਤੇ ਨਾਮ ਜਪਦੇ' ਹੋਣ ਤਾਂ ਬੱਚਾ ਵੀ ਉਸੇ ਸੋਚ ਦਾ ਧਾਰਨੀ ਬਣ ਜਾਂਦਾ ਹੈ। ਸੱਚ, ਸੰਤੋਖ, ਗਿਆਨ ਦੇ ਆਧਾਰ ਉੱਤੇ ਚੜ੍ਹਦੀਕਲਾ ਵਿੱਚ ਰਹਿੰਦਿਆਂ ਆਪਸੀ ਪਿਆਰ ਅਤੇ ਮਿਲਵਰਤਨ ਨਾਲ ਜਿਹੜੇ ਮਾਪੇ ਜੀਵਨ ਜਿਉਂਦੇ ਹਨ ਉਹ ਆਪਣੇ ਬੱਚਿਆਂ ਲਈ ਆਦਰਸ਼ ਬਣ ਜਾਂਦੇ ਹਨ। ਜੇਕਰ ਪਿਤਾ ਰੋਜ਼ ਰਾਤ ਨੂੰ ਘਰ ਵਿੱਚ ਬੈਠ ਕੇ ਸ਼ਰਾਬ ਪੀਂਦਾ ਹੈ ਅਤੇ ਬੱਚੇ ਨੂੰ ਗਲਾਸ, ਬੋਤਲ, ਬਰਫ਼ ਜਾਂ ਹੋਰ ਵਸਤਾਂ ਫੜਾਉਣ ਲਈ ਆਖਦਾ ਹੈ ਤਾਂ ਬੱਚੇ ਦੇ ਮਨ ਵਿੱਚ ਵੀ ਇਸ ਬਾਰੇ ਸੋਚ ਸ਼ੁਰੂ ਹੋ ਜਾਵੇਗੀ। ਪਿਛਲੀ ਸਦੀ ਵਿੱਚ ਘਰ ਵਿੱਚ ਬੈਠ ਕੇ ਇੰਝ ਸ਼ਰਾਬ ਨਹੀਂ ਪੀਤੀ ਜਾਂਦੀ ਸੀ। ਆਮ ਤੌਰ ਉੱਤੇ ਘਰੋਂ ਬਾਹਰ ਹਵੇਲੀ ਜਾਂ ਬਾਹਰਲੀ ਬੈਠਕ ਵਿੱਚ ਬੈਠ ਕੇ ਇਸ ਦਾ ਸੇਵਨ ਕੀਤਾ ਜਾਂਦਾ ਸੀ। ਵਿਆਹਾਂ ਵਿੱਚ ਹੁਣ ਵਾਂਗ ਸ਼ਰਾਬ ਨਹੀਂ ਵਰਤਾਈ ਜਾਂਦੀ ਸੀ ਸਗੋਂ ਕਿਸੇ ਨਿਵੇਕਲੀ ਬੈਠਕ ਵਿੱਚ ਸ਼ਰਾਬ ਪੀਣ ਵਾਲਿਆਂ ਲਈ ਪ੍ਰਬੰਧ ਕਰ ਦਿੱਤਾ ਜਾਂਦਾ ਸੀ। ਮਾਪਿਆਂ ਤੋਂ ਅੱਗੇ ਜਾ ਕੇ ਅਧਿਆਪਕ ਦੀ ਭੂਮਿਕਾ ਅਹਿਮ ਹੈ। ਜੇਕਰ ਅਧਿਆਪਕ ਉੱਚੇ ਆਚਰਣ ਵਾਲਾ ਹੈ ਤੇ ਧੀਰਜ ਅਤੇ ਪਿਆਰ ਨਾਲ ਬੱਚਿਆਂ ਦੀ ਪੜ੍ਹਾਈ ਕਰਵਾਉਂਦਾ ਹੈ ਤਾਂ ਉਸ ਦੇ ਉਤਸ਼ਾਹੀ ਬੋਲ ਹਮੇਸ਼ਾ ਪ੍ਰਭਾਵ ਪਾਉਂਦੇ ਹਨ। ਸਕੂਲ ਵਿੱਚ ਘੱਟੋ-ਘੱਟ ਸਵੇਰ ਦੀ ਅਸੈਂਬਲੀ ਵੇਲੇ ਬੱਚਿਆਂ ਨੂੰ ਨੈਤਿਕਤਾ ਅਤੇ ਮਾਣਮੱਤੇ ਇਤਿਹਾਸ ਦਾ ਪਾਠ ਜ਼ਰੂਰ ਪੜ੍ਹਾਇਆ ਜਾਵੇ। ਪੰਜਾਬ ਵਿੱਚ ਪਿਛਲੇ ਕੁਝ ਸਮੇਂ ਤੋਂ ਧਾਰਮਿਕ ਅਸਥਾਨਾਂ ਅਤੇ ਧਰਮ ਪ੍ਰਚਾਰਕਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ ਪਰ ਉਸੇ ਤੇਜ਼ੀ ਨਾਲ ਨਸ਼ਿਆਂ ਦੀ ਵਰਤੋਂ 'ਚ ਵੀ ਵਾਧਾ ਹੋਇਆ ਹੈ। ਕੋਈ ਵੀ ਧਰਮ ਨਸ਼ਿਆਂ ਦੀ ਵਰਤੋਂ ਕਰਨ ਦੀ ਆਗਿਆ ਨਹੀਂ ਦਿੰਦਾ ਤਾਂ ਫਿਰ ਇਸ ਪ੍ਰਚਾਰ ਦਾ ਅਸਰ ਕਿਉਂ ਨਹੀਂ ਹੋ ਰਿਹਾ। ਸੱਚਾਈ ਇਹ ਹੈ ਕਿ ਬਹੁਤੇ ਪ੍ਰਚਾਰਕ ਸਮਾਜਿਕ ਕਦਰਾਂ-ਕੀਮਤਾਂ ਜਿਵੇਂ ਕਿ ਇਮਾਨਦਾਰੀ, ਆਪਸੀ ਮਿਲਵਰਤਨ ਨਸ਼ਾ ਰਹਿਤ ਜੀਵਨ ਬਾਰੇ ਪ੍ਰਚਾਰ ਕਰਦੇ ਹੀ ਨਹੀਂ ਹਨ ਸਗੋਂ ਕਰਮਾਤੀ ਸਾਖੀਆਂ ਸੁਣਾ ਕੇ ਸੰਗਤ ਨੂੰ ਕਰਮਕਾਂਡਾਂ ਵਿੱਚ ਉਲਝਾਉਂਦੇ ਹਨ। ਗੁਰੂ ਸਾਹਿਬਾਨ ਨੇ ਢਾਈ ਸਦੀਆਂ ਵਿੱਚ ਲੋਕਾਈ ਨੂੰ ਜਿਸ ਦਲਦਲ ਵਿੱਚੋਂ ਕੱਢਿਆ ਸੀ, ਹੁਣ ਦੇ ਪ੍ਰਚਾਰਕ ਮੁੜ ਲੁਕਾਈ ਨੂੰ ਉਸੇ ਦਲਦਲ ਦੇ ਰਾਹੇ ਪਾ ਰਹੇ ਹਨ। ਪੰਜਾਬ ਗੁਰੂਆਂ, ਪੀਰਾਂ, ਫ਼ਕੀਰਾਂ ਤੇ ਭਗਤਾਂ ਦੀ ਧਰਤੀ ਹੈ। ਇੱਥੇ ਹੀ ਪਵਿੱਤਰ ਰਾਮਾਇਣ ਅਤੇ ਮਹਾਂਭਾਰਤ ਦੀ ਰਚਨਾ ਹੋਈ। ਸੂਫ਼ੀ, ਫ਼ਕੀਰਾਂ ਨੇ ਇੱਥੇ ਹੀ ਰੱਬੀ ਪ੍ਰੇਮ ਅਤੇ ਸੱਚਾ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ। ਇਸੇ ਧਰਤੀ 'ਤੇ ਗੁਰੂ ਸਾਹਿਬਾਨ ਨੇ ਸੰਸਾਰ ਦੇ ਕਲਿਆਣ ਲਈ ਇੱਕ ਉੱਤਮ ਜੀਵਨ ਜਾਚ ਸੰਸਾਰ ਨੂੰ ਦਿੱਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਇਸੇ ਧਰਤੀ ਉੱਤੇ ਹੋਈ। ਸਾਰੇ ਹੀ ਮਹਾਂਪੁਰਖਾਂ ਨੇ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ। ਨਸ਼ਿਆਂ ਦੀ ਮਾਰ ਤੋਂ ਬਚੇ ਹੋਣ ਕਰਕੇ ਹੀ ਪੰਜਾਬੀ ਸੰਸਾਰ ਦੇ ਸਭ ਤੋਂ ਵਧੀਆ ਜਵਾਨ ਅਤੇ ਕਿਸਾਨ ਮੰਨੇ ਗਏ ਹਨ। ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘਾਂ ਨੇ ਇਤਿਹਾਸ ਦਾ ਰੁਖ਼ ਹੀ ਪਲਟ ਦਿੱਤਾ। ਸਦੀਆਂ ਤੋਂ ਜਿਹੜੀ ਕੌਮ ਗੁਲਾਮੀ ਦਾ ਨਰਕ ਭੋਗ ਰਹੀ ਸੀ ਉਸ ਨੂੰ ਆਜ਼ਾਦੀ ਅਤੇ ਬਰਾਬਰੀ ਦੇ ਸਵਰਗ ਦੀ ਦਾਤ ਬਖ਼ਸ਼ੀ। ਸਾਡੇ ਧਾਰਮਿਕ ਆਗੂਆਂ ਤੇ ਪ੍ਰਚਾਰਕਾਂ ਨੂੰ ਆਪਣੇ ਅੰਦਰ ਝਾਤ ਮਾਰਨੀ ਚਾਹੀਦੀ ਹੈ ਕਿ ਹੁਣ ਕੌਮ ਕਿਉਂ ਕੁਰਾਹੇ ਪੈ ਰਹੀ ਹੈ। ਉਨ੍ਹਾਂ ਦਾ ਕਾਰਜ ਕਮਾਈ ਦਾ ਸਾਧਨ ਨਹੀਂ ਹੈ ਸਗੋਂ ਕੌਮ ਦੀ ਰਹਿਨੁਮਾਈ ਕਰਨਾ ਹੈ। ਲੋਕਾਈ ਨੂੰ ਆਪਣੇ ਮਹਾਨ ਵਿਰਸੇ ਨਾਲ ਜੋੜ ਕੇ ਕੁਰਾਹੇ ਪੈਣ ਤੋਂ ਰੋਕਣਾ ਚਾਹੀਦਾ ਹੈ। ਇਨ੍ਹਾਂ ਮਹਾਂਪੁਰਖਾਂ ਦੇ ਬੋਲ ਅਸਰ ਕਰਦੇ ਹਨ। ਜੇ ਸਾਡੇ ਧਰਮ ਪ੍ਰਚਾਰਕ, ਧਾਰਮਿਕ ਆਗੂ, ਸੰਤ ਮਹਾਤਮਾ ਚਾਹੁਣ ਤਾਂ ਆਪਣੇ ਬਚਨਾਂ ਰਾਹੀਂ ਪੰਜਾਬੀਆਂ ਨੂੰ ਕੇਵਲ ਨਸ਼ਿਆਂ ਤੋਂ ਹੀ ਦੂਰ ਨਹੀਂ ਕਰ ਸਕਦੇ ਸਗੋਂ ਇੱਕ ਸੱਚਾ-ਸੁੱਚਾ ਜੀਵਨ ਜਿਉਣ ਲਈ ਪ੍ਰੇਰਨਾ ਸਰੋਤ ਬਣ ਸਕਦੇ ਹਨ।

ਇਸੇ ਤਰ੍ਹਾਂ ਨਸ਼ਿਆਂ ਦੀ ਰੋਕਥਾਮ ਵਿੱਚ ਸਾਡੇ ਰਾਜਸੀ ਆਗੂ ਅਹਿਮ ਭੂਮਿਕਾ ਨਿਭਾ ਸਕਦੇ ਹਨ। ਉਨ੍ਹਾਂ ਵੱਲੋਂ ਨਸ਼ਿਆਂ ਵਿਰੁੱਧ ਪ੍ਰਚਾਰ ਕਰਨ ਦੀ ਥਾਂ ਇੱਕ-ਦੂਜੇ ਉੱਤੇ ਚਿੱਕੜ ਸੁੱਟਿਆ ਜਾ ਰਿਹਾ ਹੈ। ਸਾਰੀਆਂ ਸਿਆਸੀ ਪਾਰਟੀਆਂ ਇੱਕ-ਦੂਜੇ ਨੂੰ ਨਸ਼ਿਆਂ ਲਈ ਜ਼ਿੰਮੇਵਾਰ ਦੱਸ ਰਹੀਆਂ ਹਨ। ਇਸ ਸਦੀ ਵਿੱਚ ਪੰਜਾਬ ਉੱਤੇ ਸਾਰੀਆਂ ਹੀ ਮੁੱਖ ਸਿਆਸੀ ਪਾਰਟੀਆਂ ਨੇ ਰਾਜ ਕੀਤਾ ਹੈ ਪਰ ਕਿਸੇ ਵੀ ਪਾਰਟੀ ਨੇ ਨਸ਼ੇ ਰੋਕਣ ਲਈ ਕੋਈ ਸਾਰਥਕ ਯਤਨ ਨਹੀਂ ਕੀਤੇ ਸਗੋਂ ਇਸ ਵਿੱਚ ਵਾਧਾ ਹੀ ਹੋਇਆ ਹੈ। ਅਸਲ ਵਿਚ ਨਸ਼ਿਆਂ ਨੂੰ ਉਤਸ਼ਾਹਤ ਕਰਨ ਵਿੱਚ ਸਾਡੇ ਲੀਡਰਾਂ ਦੀ ਅਹਿਮ ਭੂਮਿਕਾ ਹੈ। ਵੋਟ ਪ੍ਰਾਪਤੀ ਲਈ ਵੋਟਰਾਂ ਵਿੱਚ ਨਸ਼ੇ ਆਗੂ ਹੀ ਵੰਡਦੇ ਹਨ। ਨੌਜਵਾਨ ਪੀੜ੍ਹੀ ਨੂੰ ਆਪਣੇ ਜਲਸੇ-ਜਲੂਸਾਂ ਲਈ ਵਰਤਿਆ ਜਾਂਦਾ ਹੈ। ਉਨ੍ਹਾਂ ਨੂੰ ਸਮਾਜਿਕ ਕਦਰਾਂ-ਕੀਮਤਾਂ ਤੋਂ ਜਾਣੂ ਕਰਵਾਉਣ ਦੀ ਥਾਂ ਧੱਕੇਸ਼ਾਹੀ ਕਰਨ ਦੇ ਰਾਹੇ ਪਾਇਆ ਜਾਂਦਾ ਹੈ। ਚੋਣ ਪ੍ਰਚਾਰ ਕਰਨ ਪਿੱਛੋਂ ਰਾਤ ਨੂੰ ਉਨ੍ਹਾਂ ਦਾ ਥਕੇਵਾਂ ਲਾਹੁਣ ਲਈ ਨਸ਼ੇ ਵਰਤਾਏ ਜਾਂਦੇ ਹਨ। ਚੋਣਾਂ ਜਿੱਤਣ ਲਈ ਬੇਤਹਾਸ਼ਾ ਖ਼ਰਚ ਕੀਤਾ ਜਾਣ ਲੱਗ ਪਿਆ ਹੈ। ਇਸ ਖ਼ਰਚੇ ਨੂੰ ਪੂਰਾ ਕਰਨ ਲਈ ਇਹ ਆਖਿਆ ਜਾਂਦਾ ਹੈ ਕਿ ਕੁਝ ਅਖੌਤੀ ਆਗੂ ਵੀ ਨਸ਼ੇ ਦੇ ਵਪਾਰ ਵਿੱਚ ਸ਼ਾਮਲ ਹਨ। ਸਰਹੱਦ ਪਾਰੋਂ ਨਸ਼ਾ ਲਿਆਉਣਾ ਤੇ ਉਸ ਦੀ ਵੰਡ ਕਿਸੇ ਤਕੜੀ ਸਿਆਸੀ ਸ਼ਹਿ ਤੋਂ ਬਿਨਾਂ ਨਹੀਂ ਹੋ ਸਕਦੀ। ਲੀਡਰੀ ਲੋਕ ਸੇਵਾ ਹੈ। ਲੀਡਰ ਦਾ ਕੰਮ ਆਪਣੇ ਇਲਾਕੇ ਅਤੇ ਲੋਕ ਭਲਾਈ ਲਈ ਕਾਰਜ ਕਰਨੇ ਹਨ ਪਰ ਹੁਣ ਇਹ ਇੱਕ ਵਪਾਰ ਬਣਦਾ ਜਾ ਰਿਹਾ ਹੈ।




(ਬਾਕੀ ਸਫ਼ਾ 31 'ਤੇ)



# ਮਾਂ ਜੰਨਤ ਦਾ ਸਿਰਨਾਵਾਂ

## ਬੱਚੇ ਨੂੰ ਮੋਹ-ਪਿਆਰ ਕਰਨ ਦੇ ਨਾਲ-ਨਾਲ ਨੈਤਿਕ ਕਦਰਾਂ ਕੀਮਤਾਂ ਵੀ ਸਿਖਾਉਂਦੀਆਂ ਹਨ ਮਾਂ ਦੀਆਂ ਲੋਰੀਆਂ






ਮਾਂ ਇੱਕ ਸਰੀਰ ਦਾ ਨਾਂਅ ਨਹੀਂ ਸਗੋਂ ਮਾਂ ਇੱਕ ਸਾਧਨਾ, ਭਗਤੀ, ਪੂਜਾ, ਮਮਤਾ, ਤਿਆਗ ਅਤੇ ਮੋਹ-ਪਿਆਰ ਦੀ ਮੂਰਤ ਅਤੇ ਜੰਨਤ ਦਾ ਸਿਰਨਾਵਾਂ ਹੈ, ਮਾਂ ਇੱਕ ਵੱਡੇ ਸਮੁੰਦਰ ਵਾਂਗ ਹੁੰਦੀ ਹੈ, ਜਿਸਦਾ ਸਮੁੰਦਰ ਜਿੰਨਾ ਵਿਸ਼ਾਲ ਹਿਰਦਾ ਅਤੇ ਦਿਲ-ਦਿਮਾਗ ਵਿੱਚ ਹੀਰੇ ਮੋਤੀਆਂ ਵਰਗੇ ਵਿਚਾਰ ਅਤੇ ਸਰਵਉੱਚ ਗੁਣ ਹੁੰਦੇ ਹਨ।ਮਾਂ ਆਪਣੇ ਆਪ ਵਿੱਚ ਇੱਕ ਤੀਰਥ ਸਥਾਨ ਹੁੰਦੀ ਹੈ, ਜਿਸਦੀ ਮਹਾਨਤਾ ਰੱਬ ਵਾਂਗ ਹੁੰਦੀ ਹੈ। ਮਾਂ ਬੱਚਿਆਂ ਦਾ ਇੱਕ ਅਜਿਹਾ ਬੈਂਕ ਹੁੰਦੀ ਹੈ, ਜਿਸ ਵਿੱਚ ਬੱਚੇ ਆਪਣੇ ਸਾਰੇ ਦੁੱਖ-ਸੁੱਖ ਅਤੇ ਚਿੰਤਾਵਾਂ ਜਮਾਂ ਕਰਦੇ ਹਨ।

ਜਦੋਂ ਕੋਈ ਔਰਤ ਪਹਿਲੀ ਵਾਰ ਆਪਣੇ ਬੱਚੇ ਨੂੰ ਜਨਮ ਦਿੰਦੀ ਹੈ ਤਾਂ ਉਸਦੇ ਮਮਤਾਮਈ ਚਿਹਰੇ ਉਪਰ ਜੰਮਣ-ਪੀੜ੍ਹਾਂ ਦੇ ਦਰਦੀਲੇ ਪਰਛਾਂਵੇਂ ਦੇ ਬਾਵਜੂਦ ਇੱਕ ਵੱਡੀ ਖ਼ੁਸ਼ੀ ਵੀ ਪੂਰੀ ਤਰਾਂ ਝਲਕਦੀ ਦਿਖਾਈ ਦਿੰਦੀ ਹੈ, ਅਸਲ ਵਿੱਚ ਮਾਂ ਬਣਨ ਦਾ ਅਹਿਸਾਸ ਉਸਨੂੰ ਦੁਨੀਆਂ ਦੀ ਸਭ ਤੋਂ ਵੱਡੀ ਨਿਆਮਤ ਲੱਗਦਾ ਹੈ। ਅਸਲ ਵਿੱਚ ਇੱਕ ਔਰਤ ਉਦੋਂ ਹੀ ਸੰਪੂਰਨ ਔਰਤ ਬਣਦੀ ਹੈ, ਜਦੋਂ ਉਹ ਮਾਂ ਬਣਦੀ ਹੈ। ਮਾਂ ਆਪਣੇ ਜਿਗਰ ਦੇ ਟੁੱਕੜੇ ਨੂੰ ਆਪ ਗਿੱਲੇ ਥਾਂ ਪੈ ਕੇ , ਆਪ ਭੁੱਖੀ ਰਹਿ ਕੇ , ਆਪ ਸੌ ਔਕੜਾਂ ਸਹਿ ਕੇ ਪਾਲਦੀ ਹੈ। ਮਾਂ ਦੀਆਂ ਲੋਰੀਆਂ ਬੱਚੇ ਨੂੰ ਮੋਹ-ਪਿਆਰ ਕਰਨ ਦੇ ਨਾਲ- ਨਾਲ ਨੈਤਿਕ ਕਦਰਾਂ ਕੀਮਤਾਂ ਵੀ ਸਿਖਾਉਂਦੀਆਂ ਹਨ।

ਨਵ-ਜੰਮੇ ਬੱਚੇ ਦੇ ਮੂੰਹੋਂ ਜੋ ਪਹਿਲਾ ਸ਼ਬਦ ਨਿਕਲਦਾ ਹੈ, ਉਹ ਮਾਂ ਹੀ ਹੁੰਦਾ ਹੈ, ਜਿਸ ਨੂੰ ਸੁਣਕੇ ਮਾਂ ਨੂੰ ਅਲੌਕਿਕ ਖ਼ੁਸ਼ੀ ਮਹਿਸੂਸ ਹੁੰਦੀ ਹੈ। ਵਿਸ਼ਵ ਦੀਆਂ ਸਾਰੀਆਂ ਭਾਸ਼ਾਵਾਂ ਵਿੱਚ ਮਾਂ ਸ਼ਬਦ ਦੀ ਧੁਨੀ ਇਕੋ ਜਿਹੀ ਹੈ, ਇਹੀ ਕਾਰਨ ਹੈ ਕਿ ਦੁਨੀਆਂ ਦੇ ਹਰ ਹਿੱਸੇ ਵਿੱਚ ਮਾਵਾਂ ਦਾ ਪਿਆਰ ਵੀ ਇਕੋ ਜਿਹਾ ਹੁੰਦਾ ਹੈ।

ਅੱਜ ਦੇ ਖਪਤਕਾਰ ਅਤੇ ਪੂੰਜੀਵਾਦ ਵਾਲੇ ਯੁੱਗ ਵਿੱਚ ਆਲਮੀ ਕੰਪਨੀਆਂ ਨੇ ਆਪਣੇ ਮੋਟੇ ਮੁਨਾਫੇ ਲਈ ਹਰ ਦਿਨ ਨੂੰ ਕਿਸੇ ਨਾ ਕਿਸੇ ਮਨੁੱਖੀ ਭਾਵਨਾ ਨਾਲ ਜੋੜ ਦਿਤਾ ਹੈ, ਪਰ ਕੁਝ ਦਿਵਸ ਅਜਿਹੇ ਹੁੰਦੇ ਹਨ, ਜੋ ਕਿ ਸਾਡੀ ਰੂਹ ਨਾਲ ਜੁੜੇ ਹੁੰਦੇ ਹਨ। ਅਜਿਹਾ ਹੀ ਇੱਕ ਦਿਵਸ ਹੈ ਮਾਂ ਦਿਵਸ। ਸਭ ਤੋਂ ਪਹਿਲਾਂ ਸੰਨ 1872 ਦੌਰਾਨ ਯੂਨਾਈਟਿਡ ਸਟੇਟ ਅਮਰੀਕਾ ਵਿੱਚ ਜੂਲੀਆ ਵਾਰਡ ਹੁਈ ਨੂੰ ਮਾਂ ਦਿਵਸ ਮਨਾਉਣ ਬਾਰੇ ਖਿਆਲ ਆਇਆ ਸੀ ਤੇ ਉਸਨੇ ਆਪਣੇ ਇਸ ਵਿਚਾਰ ਨੂੰ ਪੂਰੀ ਦੁਨੀਆਂ ਵਿੱਚ ਹੀ ਫੈਲਾਉਣ ਦਾ ਯਤਨ ਕੀਤਾ ਸੀ ਤੇ ਮਾਂ ਦਿਵਸ ਮਨਾਉਣ ਦਾ ਹੋਕਾ ਦਿੱਤਾ ਸੀ । ਫਿਰ ਇਹ ਮਾਂ ਦਿਵਸ ਅੰਤਰਰਾਸ਼ਟਰੀ ਪੱਧਰ ਉੱਪਰ ਮਨਾਇਆ ਜਾਣ ਲਗਿਆ, ਹੁਣ ਤਾਂ ਹਰ ਸਾਲ ਹੀ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਮਾਂ ਦਿਵਸ ਮਨਾਇਆ ਜਾਂਦਾ ਹੈ, ਜਿਸ ਦਿਨ ਪੂਰੀ ਦੁਨੀਆਂ ਵਿੱਚ ਹੀ ਵੱਡੇ ਛੋਟੇ ਕਈ ਤਰ੍ਹਾਂ ਦੇ ਸਮਾਗਮ ਹੁੰਦੇ ਹਨ ਤੇ ਜਿਹਨਾਂ ਵਿੱਚ ਮਾਂ ਦੀ ਮਹਾਨਤਾ ਬਾਰੇ ਵੱਖ-ਵੱਖ ਬੁਲਾਰੇ ਵਿਚਾਰ ਪ੍ਰਗਟ ਕਰਦੇ ਹਨ।



ਹਰ ਮਾਂ ਸਾਰੀ ਉਮਰ ਰਸੋਈ ਵਿੱਚ ਕੰਮਾਂ ਕਾਰਾਂ ਵਿੱਚ ਹੀ ਉਲਝੀ ਹੋਈ ਆਪਣੀ ਜਿੰਦਗੀ ਬਤੀਤ ਕਰ ਲੈਂਦੀ ਹੈ ਪਰ ਰਸੋਈ ਵਿੱਚ ਕਦੇ ਵੀ ਆਪਣੀ ਪਸੰਦ ਦਾ ਕੁਝ ਨਹੀਂ ਬਣਾਉਂਦੀ ਸਗੋਂ ਹਮੇਸ਼ਾ ਆਪਣੇ ਬੱਚਿਆਂ ਦੀ ਪਸੰਦ ਦਾ ਹੀ ਖਾਣਾ ਜਾਂ ਕੁਝ ਹੋਰ ਬਣਾਉਂਦੀ ਹੈ। ਇਹ ਮਾਂ ਹੀ ਹੁੰਦੀ ਹੈ ਜੋ ਪਹਿਲਾਂ ਆਪਣੇ ਬੱਚਿਆਂ ਨੂੰ ਰੋਟੀ ਖਵਾਉਂਦੀ ਹੈ ਫਿਰ ਸਭ ਤੋਂ ਅੰਤ ਵਿੱਚ ਆਪ ਰੋਟੀ ਖਾਂਦੀ ਹੈ। ਸਵੇਰ ਵੇਲੇ ਪਹਿਲਾਂ ਬੱਚੇ ਤਿਆਰ ਕਰਕੇ ਮਾਂ ਉਹਨਾਂ ਨੂੰ ਸਕੂਲ ਭੇਜਦੀ ਹੈ ਤੇ ਫਿਰ ਬਚਿਆਂ ਦੇ ਡੈਡੀ ਨੂੰ ਦਫਤਰ ਤਿਆਰ ਕਰਕੇ ਜਾਂ ਕਰਵਾਕੇ ਭੇਜਦੀ ਹੈ। ਫਿਰ ਘਰ ਦੇ ਕੰਮ ਕਰਕੇ ਜਦੋਂ ਵਿਹਲੀ ਹੁੰਦੀ ਹੈ ਤਾਂ ਬੱਚੇ ਸਕੂਲੋਂ ਆ ਜਾਂਦੇ ਨੇ। ਫਿਰ ਬਚਿਆਂ ਦਾ ਦੁਪਿਹਰ ਦਾ ਖਾਣਾ, ਸਕੂਲ ਦਾ ਹੋਮਵਰਕ ਕਰਦੇ ਕਰਦੇ ਸ਼ਾਮ ਤੇ ਫਿਰ ਰਾਤ ਹੋ ਜਾਂਦੀ ਹੈ ਤੇ ਜੇ ਬੱਚਿਆਂ ਦਾ ਡੈਡੀ ਸ਼ਰਾਬੀ ਹੋਵੇ ਤਾਂ ਉਸ ਵੱਲੋਂ ਬੱਚਿਆਂ ਦੇ ਵੱਲ ਉਲਾਰੀ ਚਪੇੜ ਉਹ ਆਪ ਖਾਣ ਤੱਕ ਜਾਂਦੀ ਹੈ।ਆਪਣੇ ਬੱਚਿਆਂ ਕਾਰਨ ਕਈ ਵਾਰ ਹੀ ਅਸੀਂ ਗੁਆਢਣਾਂ ਨੂੰ ਆਪਸ ਵਿੱਚ ਲੜਦੇ ਵੇਖਦੇ ਹਾਂ,ਦੋਵੇਂ ਮਾਵਾਂ ਹੀ ਆਪੋ - ਆਪਣੇ ਬੱਚਿਆਂ ਨੂੰ ਸਹੀ ਦਸਦੀਆਂ ਹਨ। ਇਹ ਮਾਂ ਹੀ ਹੁੰਦੀ ਹੈ ਜੋ ਕਿ ਆਪਣੇ ਪੁੱਤ ਨੂੰ ਉਸਦੇ ਡੈਡੀ ਤੋਂ ਚੋਰੀ ਵੀ ਪੈਸੇ ਦਿੰਦੀ ਹੈ ਤੇ ਹੋਰ ਕਈ ਸਹੂਲਤਾਂ ਦਿੰਦੀ ਹੈ। ਇਸੇ ਤਰਾਂ ਹੀ ਮਾਵਾਂ ਆਪਣੇ ਪੁੱਤਾਂ ਦੇ ਕਈ ਉਹਲੇ ਵੀ ਉਸਦੇ ਡੈਡੀ ਕੋਲੋਂ ਰੱਖਦੀਆਂ ਹਨ।

ਕਿਹਾ ਜਾਂਦਾ ਹੈ ਕਿ ਜਦੋਂ ਪ੍ਰੇਮ ਵਿੱਚ ਅੰਨੇ ਹੋਏ ਇੱਕ ਨੌਜਵਾਨ ਨੂੰ ਇੱਕ ਮੁਟਿਆਰ ਨੇ ਕਿਹਾ ਕਿ ਉਹ ਉਸ ਨਾਲ ਉਦੋਂ ਹੀ ਵਿਆਹ ਕਰਵਾਏਗੀ ਜਦੋਂ ਉਹ ਨੌਜਵਾਨ ਆਪਣੀ ਮਾਂ ਦਾ ਦਿਲ ਕੱਢ ਕੇ ਲਿਆ ਕੇ ਉਸਦੀ ਹਥੇਲੀ ਉਪਰ ਰੱਖੇਗਾ। ਇਸ਼ਕ ਵਿੱਚ ਅੰਨਾ ਹੋਇਆ ਉਹ ਨੌਜਵਾਨ ਜਦੋਂ ਆਪਣੀ ਮਾਂ ਨੂੰ ਮਾਰ ਕੇ ਉਸਦਾ ਦਿਲ ਹੱਥ ਵਿੱਚ ਲੈ ਕੇ ਜਾ ਰਿਹਾ ਸੀ ਤਾਂ ਰਸਤੇ ਵਿੱਚ ਠੇਡਾ ਖਾ ਕੇ ਡਿੱਗ ਪਿਆ ਤਾਂ ਮਾਂ ਦੇ ਦਿਲ ਵਿਚੋਂ ਆਵਾਜ਼ ਆਈ ਕਿ ਪੁੱਤ ਸੱਟ ਤਾਂ ਨਹੀਂ ਲੱਗੀ ? ਇਹ ਹੁੰਦਾ ਹੈ ਮਾਂ ਦਾ ਪਿਆਰ । ਪ੍ਰੋ : ਮੋਹਣ ਸਿੰਘ ਨੇ ਵੀ ਤਾਂ ਬਿਲਕੁਲ ਸੱਚ ਕਿਹਾ ਹੈ ਕਿ 'ਮਾਂ ਵਰਗਾ ਘਣਛਾਵਾਂ ਬੂਟਾ, ਉਸਨੂੰ ਕਿਧਰੇ ਵੀ ਨਜ਼ਰ ਨਾ ਆਏ। ' ਇਸਤੋਂ ਇਲਾਵਾ ਹੋਰ ਵੀ ਅਨੇਕਾਂ ਹੀ ਕਵੀਆਂ ਤੇ ਸ਼ਾਇਰਾਂ ਨੇ ਮਾਂ ਦੀ ਸਿਫ਼ਤ ਵਿੱਚ ਕਵਿਤਾਵਾਂ ਲਿਖੀਆ ਨੇ।



ਜਦੋਂ ਕੋਈ ਨੌਜਵਾਨ ਆਪਣੇ ਕੰਮ ਤੋਂ ਜਾਂ ਨੌਕਰੀ ਤੋਂ ਸ਼ਾਮ ਨੂੰ ਘਰ ਆਉਂਦਾ ਹੈ ਤਾਂ ਪਿਤਾ ਉਸਨੂੰ ਪੁੱਛਦਾ ਹੈ ਕਿ ਕਿੰਨੇ ਪੈਸੇ ਕਮਾਏ, ਪਤਨੀ ਪੁੱਛਦੀ ਹੈ ਕਿ ਕਿੰਨੇ ਪੈਸੇ ਬਚੇ, ਪਰ ਸਿਰਫ ਮਾਂ ਹੀ ਹੁੰਦੀ ਹੈ ਜੋ ਪੁੱਛਦੀ ਹੈ ਕਿ ਦੁਪਿਹਰ ਵੇਲੇ ਰੋਟੀ ਖਾ ਲਈ ਸੀ ਕਿ ਨਹੀਂ। ਹੁਣ ਪਹਿਲਾਂ ਚਾਹ ਪੀਏਂਗਾ ਜਾਂ ਰੋਟੀ ਹੀ ਖਾਣੀ ਹੈ। ਇਸ ਤੋਂ ਵੀ ਮਾਂ ਦੇ ਪਿਆਰ ਦੀ ਝਲਕ ਮਿਲ ਜਾਂਦੀ ਹੈ। ਹੁਣ ਮਾਵਾਂ ਬਾਰੇ ਵੀ ਹੁਣ ਕੀ ਲਿਖਿਆ ਜਾਵੇ ਜਿਹਨਾਂ ਦੇ ਪੁੱਤ ਪਰਦੇਸੀ ਹਨ, ਜੋ ਕਿ ਪੰਜਾਂ ਕੁ ਸਾਲਾਂ ਬਾਅਦ ਅਜਨਬੀਆਂ ਵਾਂਗ ਹੀ ਪਿੰਡ ਗੇੜਾ ਮਾਰ ਜਾਂਦੇ ਹਨ ਤੇ ਮਾਂ ਨੂੰ ਵਿਦੇਸ਼ੀ ਬਾਣਾ /ਕੱਪੜੇ ਤੇ ਹੋਰ ਸਮਾਨ ਦੇਕੇ ਭਰਮਾਉਣ ਦਾ ਹੀ ਯਤਨ ਤਾਂ ਕਰਦੇ ਹਨ। ਇਹ ਮਾਂ ਹੀ ਹੁੰਦੀ ਹੈ ਜੋ ਕਿ ਪੰਜਾਬ ਵਿੱਚ ਮੀਂਹ ਪੈਣ ਤੇ ਵਿਦੇਸ਼ ਰਹਿੰਦੇ ਪੁੱਤ ਦਾ ਫਿਕਰ ਕਰਦੀ ਹੁੰਦੀ ਹੈ, ਉਸਨੂੰ ਇਹ ਫ਼ਿਕਰ ਹੁੰਦੈ ਕਿ ਵਿਦੇਸ਼ ਵਿੱਚ ਵੀ ਜੇ ਇਸ ਸਮੇਂ ਮੀਂਹ ਪੈਂਦਾ ਹੋਇਆ ਤਾਂ ਕੀ ਉਸਦਾ ਪੁੱਤ ਭਿੱਜਦਾ ਤਾਂ ਨਹੀਂ ਹੋਵੇਗਾ। ਜਦੋਂ ਪੰਜਾਬ ਵਿੱਚ ਬੈਠੀ ਪਰਦੇਸੀ ਜਾਂ ਫ਼ੌਜੀ ਪੁੱਤ ਦੀ ਮਾਂ ਰੋਟੀ ਬਣਾਉਣ ਲੱਗਦੀ ਹੈ ਤਾਂ ਉਸਦਾ ਧਿਆਨ ਪਰਦੇਸ ਜਾਂ ਫ਼ੌਜ ਵਿੱਚ ਬੈਠੇ ਪੁੱਤ ਵੱਲ ਵੀ ਜਾਂਦਾ ਹੈ ਕਿ ਚੰਦਰੇ ਨੇ ਪਤਾ ਨਹੀਂ ਰੋਟੀ ਖਾਧੀ ਹੋਵੇਗੀ ਕਿ ਨਹੀਂ । ਮਾਂ ਦੇ ਮਰਨ ਪਿਛੋਂ ਵੱਡੇ ਵੱਡੇ ਲੰਗਰ ਲਾਉਣ ਦੀ ਥਾਂ ਜੇ ਅਸੀਂ ਉਸਨੂੰ ਜਿਉਂਦੀ ਨੂੰ ਹੀ ਸਹੀ ਤਰੀਕੇ ਨਾਲ ਰੋਟੀ ਦੇ ਦੇਈਏ ਤਾਂ ਚੰਗੀ ਗੱਲ ਹੋਵੇਗੀ। ਜਦੋਂ ਅਸੀਂ ਸਾਰੀ ਉਮਰ ਹੀ ਮਾਂ ਵਰਗੇ ਘਣਛਾਵੇਂ ਬੂਟੇ ਦੀ ਛਾਂ ਮਾਣਦੇ ਜੰਨਤ ਦਾ ਸੁੱਖ ਮਾਣਦੇ ਹਾਂ ਤਾਂ ਸਾਡਾ ਵੀ ਫਰਜ ਬਣਦਾ ਹੈ ਕਿ ਅਸੀਂ ਬੁਢਾਪੇ ਵਿੱਚ ਮਾਂ ਦੀ ਡੰਗੋਰੀ ਬਣੀਏ ਤੇ ਸਹਾਰਾ ਦੇਈਏ।

ਸਾਡੀ ਜਿੰਦਗੀ ਦੀ ਅਸਲ ਬੁਨਿਆਦ ਹੀ ਮਾਂ ਦੀ ਮਮਤਾ, ਪਿਆਰ, ਅਤੇ ਤਿਆਗ 'ਤੇ ਟਿਕੀ ਹੋਈ ਹੈ, ਇਹ ਦੁਨੀਆਂ ਸਵਰਗ ਬਣ ਸਕਦੀ ਹੈ ਜੇ ਮਾਂ ਦੀ ਮਮਤਾਮਈ ਭਾਵਨਾ ਪੂਰੀ ਮਨੁੱਖਤਾ ਵਿੱਚ ਆ ਜਾਵੇ । ਮਾਂ ਦੀ ਮਮਤਾਮਈ ਸੋਚ ਨੂੰ ਪੂਰੀ ਮਨੁੱਖਤਾ ਵਿੱਚ ਪੈਦਾ ਕਰਕੇ ਦੁਨੀਆਂ ਦੇ ਸਾਰੇ ਝਗੜੇ-ਝੇੜੇ, ਮਨੁੱਖਤਾ ਦੇ ਕੀਤੇ ਜਾ ਰਹੇ ਕਤਲ ਰੋਕੇ ਜਾ ਸਕਦੇ ਹਨ।ਆਧੁਨਿਕ ਕਹੇ ਜਾਂਦੇ ਅਜੋਕੇ ਸਮਾਜ ਵਿੱਚ ਦਿਨੋਂ ਦਿਨ ਤਿੜਕ ਰਹੇ ਰਿਸ਼ਤਿਆਂ ਨੂੰ ਮਾਂ ਦੀ ਮਮਤਾ ਹੀ ਇੱਕ ਢਾਲ ਬਣ ਕੇ ਬਚਾ ਸਕਦੀ ਹੈ।





# ਹੁਕਮਨਾਮੇ: ਸਿੱਖ ਇਤਿਹਾਸ ਦੇ ਸਮਕਾਲੀ ਦਸਤਾਵੇਜ਼



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਹੁਕਮਨਾਮੇ ਸਿੱਖ ਇਤਿਹਾਸ ਦੀਆਂ ਸਮੱਸਿਆਵਾਂ ਅਤੇ ਘਟਨਾਵਾਂ ਨੂੰ ਸਮਝਣ ਦਾ ਮਹੱਤਵਪੂਰਨ ਸਰੋਤ ਹਨ ਜਿਹੜੇ ਕਿ ਪੁਰਾਤਨ ਸਿੱਖਾਂ ਦੇ ਹਾਲਾਤ, ਗੁਰੂ ਸਾਹਿਬਾਨ ਪ੍ਰਤੀ ਵਿਸ਼ਵਾਸ ਅਤੇ ਉਹਨਾਂ ਦੁਆਰਾ ਦ੍ਰਿੜ ਕਰਾਏ ਗਏ ਸਿਧਾਂਤਾਂ ਦਾ ਭਾਵਪੂਰਤ ਪ੍ਰਗਟਾਵਾ ਕਰਦੇ ਹਨ। ਇਹਨਾਂ ਤੋਂ ਇਲਾਵਾ ਉਹ ਹੁਕਮਨਾਮੇ ਵੀ ਸਿੱਖ ਇਤਿਹਾਸ ਦਾ ਅੰਗ ਹਨ ਜਿਹੜੇ ਕਿ ਗੁਰੂ ਸਾਹਿਬਾਨ, ਗੁਰੂ ਮਹਿਲਾਂ ਅਤੇ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਜਾਰੀ ਕੀਤੇ ਜਾਂਦੇ ਰਹੇ ਹਨ। ਮੌਜੂਦਾ ਸਮੇਂ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮੇ ਜਾਰੀ ਕਰਨ ਦੀ ਪਰੰਪਰਾ ਨਿਰੰਤਰ ਜਾਰੀ ਹੈ।

ਭਾਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਰੋਜਾਨਾਂ ਹੁਕਮਨਾਮਾ ਲੈਣ ਦੀ ਪਰੰਪਰਾ ਸਿੱਖ ਧਰਮ ਵਿਚ ਪ੍ਰਚੱਲਿਤ ਹੈ ਪਰ ਜਿਹੜੇ ਹੁਕਮਨਾਮਿਆਂ ਸੰਬੰਧੀ ਵਿਚਾਰ ਕੀਤੀ ਜਾ ਰਹੀ ਹੈ ਉਹ ਸਿੱਖਾਂ ਨੂੰ ਧਾਰਮਿਕ ਇਕਸੁਰਤਾ ਅਤੇ ਸਮਾਜਿਕ ਇਕਜੁੱਟਤਾ ਵਿੱਚ ਪਰੋ ਕੇ ਰੱਖਣ ਦਾ ਕਾਰਜ ਕਰਦੇ ਹਨ। ਇਹਨਾਂ ਹੁਕਮਨਾਮਿਆਂ ਦਾ ਆਧਾਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਮੰਨਿਆ ਜਾਂਦਾ ਹੈ ਜਿਹੜੀ ਕਿ ਇੱਕ ਸਿੱਖ ਨੂੰ ਅਧਿਆਤਮਿਕ ਮਾਰਗ 'ਤੇ ਲਿਜਾਣ ਅਤੇ ਦੁਨਿਆਵੀ ਸਰੋਕਾਰਾਂ ਪ੍ਰਤੀ ਸੁਚੇਤ ਕਰਦੀ ਹੈ। ਪਿਛਲੇ ਸਮੇਂ ਵਿੱਚ ਹੁਕਮਨਾਮਿਆਂ ਸੰਬੰਧੀ ਜਿਹੜੇ ਕਾਰਜ ਸਾਹਮਣੇ ਆਏ ਹਨ ਉਹਨਾਂ ਵਿਚੋਂ ਡਾ. ਗੰਡਾ ਸਿੰਘ ਅਤੇ ਸ. ਸਮਸ਼ੇਰ ਸਿੰਘ ਅਸ਼ੋਕ ਦੁਆਰਾ ਸੰਪਾਦਿਤ ਕੀਤੇ ਗਏ ਹੁਕਮਨਾਮਿਆਂ ਨੂੰ ਪ੍ਰਮੁੱਖ ਸਥਾਨ ਪ੍ਰਦਾਨ ਕੀਤਾ ਜਾਂਦਾ ਹੈ। ਇਹ ਸਮਝਿਆ ਜਾਂਦਾ ਰਿਹਾ ਹੈ ਕਿ ਲਗਪਗ ਸਮੂਹ ਹੁਕਮਨਾਮੇ ਇਹਨਾਂ ਪੁਸਤਕਾਂ ਰਾਹੀਂ ਸਾਹਮਣੇ ਆ ਗਏ ਹਨ ਪਰ ਸਿੱਖ ਵਿਦਵਾਨ ਨਿਰੰਤਰ ਯਤਨ ਕਰਦੇ ਰਹੇ ਕਿ ਨਵੇਂ ਹੁਕਮਨਾਮੇ ਵੀ ਲੱਭੇ ਜਾ ਸਕਦੇ ਹਨ ਅਤੇ ਕੁੱਝ ਇਕ ਵਿਦਵਾਨਾਂ ਨੇ ਇਸ ਦਿਸ਼ਾ ਵਿੱਚ ਯਤਨ ਵੀ ਕੀਤਾ ਹੈ।

ਮੌਜੂਦਾ ਸਮੇਂ ਵਿੱਚ ਹੁਕਮਨਾਮੇ : ਸਿੱਖ ਇਤਿਹਾਸ ਦੇ ਸਮਕਾਲੀ ਦਸਤਾਵੇਜ਼ ਸਿਰਲੇਖ ਅਧੀਨ ਇੱਕ ਨਵੀਂ ਪੁਸਤਕ ਸਾਹਮਣੇ ਆਏ ਹੈ ਜਿਹੜੀ ਕਿ ਡਾ. ਬਲਵੰਤ ਸਿੰਘ ਢਿੱਲੋਂ ਦੀ ਰਚਨਾ ਹੈ। ਇਹ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਕਾਰਜਸ਼ੀਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦੇ ਡਾਇਰੈਕਟਰ ਦੀ ਪਦਵੀ ਤੋਂ ਸੇਵਾ ਮੁਕਤ ਹੋਏ ਹਨ। ਇਹਨਾਂ ਨੇ ਆਪਣਾ ਸਾਰਾ ਜੀਵਨ ਗੁਰੂ ਸਾਹਿਬਾਨ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਸੰਬੰਧੀ ਤੱਥਾਂ ਨੂੰ ਸਮਝਣ ਅਤੇ ਉਹਨਾਂ ਨੂੰ ਵਿਗਿਆਨਕ ਢੰਗ ਨਾਲ ਪੇਸ਼ ਕਰਨ ਵਿੱਚ ਲਗਾਇਆ ਹੈ। ਗੁਰਮੁਖੀ, ਅੰਗਰੇਜ਼ੀ, ਦੇਵਨਾਗਰੀ ਅਤੇ ਉਰਦੂ ਭਾਸ਼ਾ ਦੇ ਨਾਲ-ਨਾਲ ਫ਼ਾਰਸੀ ਅਤੇ ਰਾਜਸਥਾਨੀ ਭਾਸ਼ਾ ਦੇ ਗਿਆਨ ਨੇ ਇਹਨਾਂ ਦੇ ਅਧਿਐਨ ਨੂੰ ਹੋਰ ਵਧੇਰੇ ਪ੍ਰਚੰਡ ਕੀਤਾ ਹੈ। ਸਿੱਖ ਇਤਿਹਾਸ ਦੇ ਮਹੱਤਵਪੂਰਨ ਅਤੇ ਅਣਗੌਲੇ ਸਰੋਤਾਂ ਸੰਬੰਧੀ ਇਹਨਾਂ ਦੀਆਂ ਇਕ ਦਰਜਨ ਤੋਂ ਵਧੇਰੇ ਪੁਸਤਕਾਂ ਸਿੱਖ ਅਧਿਐਨ ਦਾ ਸ਼ਿੰਗਾਰ ਹਨ।

ਹੁਕਮਨਾਮਿਆਂ ਸੰਬੰਧੀ ਹਥਲੀ ਪੁਸਤਕ ਵਿੱਚ ਗੁਰੂ ਹਰਿਗੋਬਿੰਦ ਸਾਹਿਬ, ਬਾਬਾ ਗੁਰਦਿੱਤਾ ਜੀ, ਗੁਰੂ ਹਰਿਕ੍ਰਿਸ਼ਨ ਜੀ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ, ਬਾਬਾ ਬੰਦਾ ਸਿੰਘ ਬਹਾਦਰ, ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਦੇਵੀ ਜੀ, ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ, ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਨਾਂਦੇੜ ਤੋਂ ਸਮੇਂ-ਸਮੇਂ 'ਤੇ ਜਾਰੀ ਕੀਤੇ ਗਏ 144 ਹੁਕਮਨਾਮੇ ਸ਼ਾਮਲ ਹਨ। ਇਸ ਪੁਸਤਕ ਵਿੱਚ ਜਿਹੜੇ ਹੁਕਮਨਾਮੇ ਸ਼ਾਮਲ ਕੀਤੇ ਗਏ ਹਨ ਉਹਨਾਂ ਵਿੱਚ ਆਖਰੀ ਹੁਕਮਨਾਮਾ 4




ਫ਼ਰਵਰੀ 1862 ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਜਾਰੀ ਕੀਤਾ ਗਿਆ ਸੀ। ਇਸ ਤਰ੍ਹਾਂ ਇਸ ਪੁਸਤਕ ਵਿੱਚ ਲਗਪਗ 250 ਸਾਲ ਵਿੱਚ ਜਾਰੀ ਕੀਤੇ ਗਏ ਹੁਕਮਨਾਮੇ ਸ਼ਾਮਲ ਹਨ ਜਿਹੜੇ ਕਿ ਸਿੱਖ ਧਰਮ ਅਤੇ ਇਤਿਹਾਸ ਦੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੇ ਹਨ।


ਲੇਖਕ ਨੇ ਪ੍ਰਾਪਤ ਹੋਏ ਹੁਕਮਨਾਮਿਆਂ ਨੂੰ ਅਸਲ ਰੂਪ ਵਿੱਚ ਪੇਸ਼ ਕਰਦੇ ਹੋਏ ਇਹਨਾਂ ਦਾ ਵਿਸਤ੍ਰਿਤ ਵਿਸ਼ਲੇਸ਼ਣ ਵੀ ਕੀਤਾ ਹੈ ਤਾਂ ਕਿ ਇਹਨਾਂ ਨੂੰ ਸੁਖੈਨ ਢੰਗ ਨਾਲ ਸਮਝਿਆ ਜਾ ਸਕੇ। ਖੁੱਲ੍ਹੇ ਮਨ ਨਾਲ ਉਹਨਾਂ ਸਮੂਹ ਸਰੋਤਾਂ ਦਾ ਜ਼ਿਕਰ ਕੀਤਾ ਹੈ ਜਿੱਥੋਂ ਇਹ ਹੁਕਮਨਾਮੇ ਪ੍ਰਾਪਤ ਹੋਏ ਹਨ ਜਾਂ ਜਿਹੜੇ ਪਰਿਵਾਰਾਂ ਕੋਲ ਇਹ ਸੰਭਾਲ ਕੇ ਰੱਖੇ ਹੋਏ ਸਨ। ਇਹਨਾਂ ਵਿੱਚ ਕੁੱਝ ਇੱਕ ਹੁਕਮਨਾਮੇ ਐਸੇ ਹਨ ਜਿਹੜੇ ਇਤਿਹਾਸ ਦੀਆਂ ਗੁੰਝਲਾਂ ਖੋਲਣ ਦਾ ਕਾਰਜ ਕਰਦੇ ਹਨ ਜਿਵੇਂ ਬਾਬਾ ਬੁੱਢਾ ਜੀ ਦੇ ਪਰਿਵਾਰ ਨੂੰ ਲਿਖੇ ਹੋਏ 7 ਨੰ. ਹੁਕਮਨਾਮੇ ਦਾ ਵਿਸ਼ਲੇਸ਼ਣ ਕਰਦੇ ਹੋਏ ਲੇਖਕ ਦੱਸਦਾ ਹੈ ਕਿ ਇਹ ਹੁਕਮਨਾਮਾ ਬਾਬਾ ਬਕਾਲਾ ਵਿਖੇ ਪੈਦਾ ਹੋਈ ਸੰਕਟਮਈ ਸਥਿਤੀ ਨੂੰ ਬਿਆਨ ਕਰਦਾ ਹੈ। 45 ਨੰ. ਹੁਕਮਨਾਮੇ ਵਿੱਚ ਸਾਹਜਾਦਪੁਰ ਵਿਖੇ ਗੁਰੂ ਤੇਗ ਬਹਾਦਰ ਜੀ ਦੇ ਡੇਰਾ ਕਰਨ ਦੀ ਜਾਣਕਾਰੀ ਮਿਲਦੀ ਹੈ ਜਿਸ ਤੋਂ ਉਹਨਾਂ ਦੀ ਪਟਨਾ ਤੋਂ ਢਾਕਾ ਦੀ ਯਾਤਰਾ ਦਾ ਮਾਰਗ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਜੀ ਮੁੰਗੇਰ, ਸਾਹਜਾਦਪੁਰ ਦੇ ਰਸਤਿਓਂ ਢਾਕਾ ਗਏ ਸਨ। ਕਈ ਗੁਰਮੁਖੀ ਸਰੋਤਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 1661 ਦਾ ਦੱਸਿਆ ਗਿਆ ਹੈ ਪਰ ਸਿੱਖ ਪੰਥ ਵਿੱਚ ਇਹ ਮਿਤੀ 1666 ਦੱਸੀ ਗਈ ਹੈ। ਹੁਕਮਨਾਮਾ ਨੰ. 46 ਅਤੇ 47 ਵਿਚੋਂ ਦਸਮੇਸ਼ ਪਿਤਾ ਜੀ ਦੇ ਪ੍ਰਕਾਸ਼ ਦੀ ਜਾਣਕਾਰੀ ਉਹਨਾਂ ਦਾ ਪ੍ਰਕਾਸ਼ 1666 ਵਿੱਚ ਹੋਇਆ ਸਿੱਧ ਕਰਦੀ ਹੈ।

ਹੁਕਮਨਾਮਿਆਂ ਦਾ ਵਿਸ਼ਲੇਸ਼ਣ ਕਰਦਿਆਂ ਇਤਿਹਾਸ ਦਾ ਇੱਕ ਹੋਰ ਅਜਿਹਾ ਅੰਸ਼ ਪ੍ਰਗਟ ਕੀਤਾ ਗਿਆ ਹੈ ਜਿਹੜਾ ਕਿ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਬਖ਼ਸ਼ਣ ਦੀ ਪ੍ਰੋੜਤਾ ਕਰਦਾ ਹੈ। ਗੁਰੂ ਹਰਿਕ੍ਰਿਸ਼ਨ ਜੀ ਦੇ ਹੁਕਮਨਾਮੇ ਵਿੱਚ ਪਾਕਪਟਨ ਦੇ ਭਾਈ ਬੱਠਾ ਦਾ ਜ਼ਿਕਰ ਆਇਆ ਹੈ ਜਿਹੜਾ ਕਿ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਵੀ ਉਸ ਇਲਾਕੇ ਦਾ ਮੁਖੀ ਸਿੱਖ ਸੀ। ਲੇਖਕ ਦੱਸਦਾ ਹੈ ਕਿ ਦੋਵੇਂ ਗੁਰੂ ਸਾਹਿਬਾਨ ਦੇ ਸਮੇਂ ਇਕੋ ਲਿਖਾਰੀ ਹੀ ਹੁਕਮਨਾਮੇ ਲਿਖਣ ਦੀ ਸੇਵਾ ਕਰ ਰਿਹਾ ਸੀ ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਅੱਠਵੇਂ ਪਾਤਸ਼ਾਹ ਦੇ ਦੀਵਾਨ, ਮੁਸੱਦੀਆਂ ਤੇ ਅਮਲੇ ਦੀਆਂ ਨਜ਼ਰਾਂ ਵਿੱਚ ਗੁਰੂ ਤੇਗ ਬਹਾਦਰ ਜੀ ਗੁਰਿਆਈ ਦੇ ਸਹੀ ਤੇ ਜਾਇਜ਼ ਵਾਰਸ ਸਨ, ਜਦੋਂ ਕਿ ਉਤਰਾਧਿਕਾਰ ਬਾਰੇ ਧੀਰ ਮੱਲ ਦੀ ਦਾਅਵੇਦਾਰੀ ਖ਼ੁਦਗਰਜ਼ੀ ਤੋਂ ਪ੍ਰੇਰਿਤ ਸੀ।

ਇਸੇ ਤਰ੍ਹਾਂ ਲਖਨਊ ਦੇ ਅਹੀਆ ਗੰਜ ਗੁਰਦੁਆਰੇ ਵਿੱਚ ਸੰਭਾਲ ਕੇ ਰੱਖੇ ਹੋਏ ਹੁਕਮਨਾਮੇ (ਨੰ. 93) 'ਤੇ ਲੱਗੀ ਹੋਈ ਮੋਹਰ ਦਾ ਜ਼ਿਕਰ ਕੀਤਾ ਗਿਆ ਹੈ ਜਿਸ 'ਤੇ ਇਹ ਇਬਾਰਤ ਲਿਖੀ ਹੋਈ ਹੈ '੧ਓਸਤਿਗੁਰ ਪ੍ਰਸਾਦਿ (ਦੇਗ ਤੇਗ ਫ਼ਤਿਹ) ਨੁਸਰਤ ਬੇਦਰੰਗ ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ਸ੍ਰੀ ਅਕਾਲ ਪੁਰਖ ਸਹਾਇ।' ਹੁਣ ਤੱਕ ਇਤਿਹਾਸਕਾਰਾਂ ਵੱਲੋਂ ਇਹ ਮੰਨਿਆ ਜਾਂਦਾ ਰਿਹਾ ਹੈ ਕਿ ਇਹ ਇਬਾਰਤ ਬਾਬਾ ਬੰਦਾ ਸਿੰਘ ਬਹਾਦਰ ਦੀ ਮੋਹਰ 'ਤੇ ਲੱਗੀ ਹੋਈ ਸੀ। ਇਸ ਤੋਂ ਇਲਾਵਾ ਹੋਰਨਾਂ ਸ਼ਸਤਰਾਂ ਅਤੇ ਸਾਹਿਤਕ ਕ੍ਰਿਤਾਂ ਦੇ ਹਵਾਲਿਆਂ ਨਾਲ ਇਹ ਸਿੱਧ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਸਭ ਤੋਂ ਪਹਿਲਾਂ ਇਹ ਇਬਾਰਤ ਦਸਮ ਪਾਤਸ਼ਾਹ ਵੱਲੋਂ ਲਿਖੀ ਗਈ ਸੀ।





ਹੁਕਮਨਾਮਿਆਂ ਵਿਚੋਂ ਸਿੱਖਾਂ ਦੇ ਆਚਾਰ, ਵਿਹਾਰ, ਪਾਸਾਰ ਅਤੇ ਮਨਾਏ ਜਾਂਦੇ ਤਿਉਹਾਰਾਂ ਦਾ ਜ਼ਿਕਰ ਮਿਲਦਾ ਹੈ। ਕੁੱਝ ਹੁਕਮਨਾਮੇ ਅਜਿਹੇ ਵੀ ਹਨ ਜਿਨ੍ਹਾਂ ਵਿੱਚ ਗੁਰੂ ਸਾਹਿਬ ਵੱਲੋਂ 100 ਤੋਲੇ ਸੋਨਾ, 700 ਰੁਪਏ, 900 ਰੁਪਏ ਆਦਿ ਭਾਰੀ ਮਾਇਆ ਦੀ ਮੰਗ ਕੀਤੀ ਗਈ ਹੈ। ਇਸ ਦੇ ਦੋ ਕਾਰਨ ਹੋ ਸਕਦੇ ਹਨ ਕਿ ਜਾਂ ਤਾਂ ਉਹਨਾਂ ਇਲਾਕਿਆਂ ਵਿੱਚ ਉਸ ਸਮੇਂ ਸਿੱਖੀ ਦਾ ਬੂਟਾ ਵਿਸ਼ਾਲ ਰੂਪ ਵਿੱਚ ਸਥਾਪਿਤ ਹੋ ਗਿਆ ਹੋਵੇਗਾ ਜਾਂ ਸੰਗਤ ਵਿੱਚ ਅਜਿਹੇ ਧਨਵਾਨ ਅਤੇ ਸ਼ਰਧਾਵਾਨ ਸਿੱਖ ਮੌਜੂਦ ਸਨ ਜਿਹੜੇ ਗੁਰੂ ਸਾਹਿਬ ਦੇ ਅਜਿਹੇ ਆਦੇਸ਼ਾਂ ਦੀ ਪਾਲਣਾ ਕਰਨ ਦੇ ਸਮਰੱਥ ਸਨ।

ਇਹ ਹੁਕਮਨਾਮੇ ਗੁਰੂ ਘਰ ਵਿੱਚ ਪੈਦਾ ਹੋਏ ਅੰਦਰੂਨੀ ਸੰਕਟ, ਬਾਹਰਮੁਖੀ ਚੁਣੌਤੀਆਂ, ਗੁਰੂ ਸਾਹਿਬਾਨ ਦਾ ਸਿੱਖਾਂ ਪ੍ਰਤੀ ਲਗਾਉ, ਸਿੱਖਾਂ ਨੂੰ ਅਧਿਆਤਮਿਕ ਮਾਰਗ 'ਤੇ ਚੱਲਣ ਦੀ ਪ੍ਰੇਰਨਾ, ਸਮਾਜ ਵਿੱਚ ਰਹਿੰਦੇ ਹੋਏ ਗੁਰੂ ਨੂੰ ਹਮੇਸ਼ਾ ਯਾਦ ਰੱਖਣ, ਗੁਰੂ 'ਤੇ ਭਰੋਸਾ ਰੱਖਣ, ਗੁਰੂ ਤੋਂ ਮੰਨਤਾਂ ਮੰਗਣ, ਗੁਰੂ ਘਰ ਦੀ ਸੇਵਾ ਕਰਨ, ਪਰਮਾਤਮਾ ਅੱਗੇ ਅਰਦਾਸ ਕਰਨ, ਦਸਵੰਧ ਗੁਰੂ ਘਰ ਭੇਜਣ ਆਦਿ ਦਾ ਜ਼ਿਕਰ ਕਰਦੇ ਹਨ। ਗੁਰੂ ਸਾਹਿਬਾਨ ਸਿੱਖਾਂ ਨੂੰ ਵਾਰ-ਵਾਰ ਸਦਾਚਾਰਿਕ ਜੀਵਨ ਬਸਰ ਕਰਨ ਅਤੇ ਪਰਮਾਤਮਾ ਦੇ ਮਾਰਗ 'ਤੇ ਚੱਲਣ ਦੀ ਵਾਰ-ਵਾਰ ਯਾਦ ਦਿਵਾਉਂਦੇ ਹਨ। ਸਿੱਖ ਸੰਗਤਾਂ ਦੀ ਗੁਰੂ ਸਾਹਿਬਾਨ ਪ੍ਰਤੀ ਦ੍ਰਿੜਤਾ ਦਾ ਜ਼ਿਕਰ ਕਰਦੇ ਹੋਏ ਲੇਖਕ ਦੱਸਦਾ ਹੈ ਕਿ ਇਹ ਸਭ ਕੁਝ ਗੁਰੂ ਸਾਹਿਬਾਨ ਦੀ ਕ੍ਰਿਸ਼ਮਈ ਸ਼ਖ਼ਸੀਅਤ ਅਤੇ ਪ੍ਰੇਮ-ਪਿਆਰ ਵਾਲੀ ਅਪਣੱਤ ਕਰਕੇ ਹੀ ਸੰਭਵ ਹੋ ਸਕਿਆ ਸੀ।

ਹੁਕਮਨਾਮਿਆਂ ਵਿਚੋਂ ਪ੍ਰਾਪਤ ਹੋਏ ਸੰਗਤਾਂ ਦੇ ਵੇਰਵੇ ਦੱਸਦੇ ਹਨ ਕਿ ਉਸ ਸਮੇਂ ਦੌਰਾਨ ਸਿੱਖੀ ਕਿੰਨੀ ਦੂਰ ਤੱਕ ਫ਼ੈਲ ਗਈ ਸੀ। ਸਾਧਨਾਂ ਦੀ ਘਾਟ ਦੇ ਬਾਵਜੂਦ ਵੀ ਸਿੱਖ ਗੁਰੂ ਘਰ ਨਾਲ ਜੁੜੇ ਰਹਿੰਦੇ ਸਨ ਅਤੇ ਸਾਲ ਵਿੱਚ ਦੋ ਵਾਰੀ ਦਿਵਾਲੀ ਅਤੇ ਵਿਸਾਖੀ ਦੇ ਮੌਕੇ ਗੁਰੂ ਘਰ ਆਉਣ ਵਿੱਚ ਮਾਣ ਮਹਿਸੂਸ ਕਰਦੇ ਸਨ। ਹੁਕਮਨਾਮੇ ਦੱਸਦੇ ਹਨ ਕਿ ਉਸ ਸਮੇਂ ਕਾਬੁਲ ਤੋਂ ਲੈ ਕੇ ਬੰਗਲਾਦੇਸ਼ ਦੇ ਵਿਭਿੰਨ ਇਲਾਕਿਆਂ ਵਿੱਚ ਸਿੱਖ ਵੱਸਦੇ ਸਨ ਜਿਸ ਦੇ ਅਧਾਰ 'ਤੇ ਲੇਖਕ ਇਹਨਾਂ ਨੂੰ 'ਸਿੱਖ ਪੰਥ ਦਾ ਭਾਰਤੀ ਧਿਓਸਪੋਰਓ' ਦੱਸਦਾ ਹੈ।

1978 ਤੋਂ ਇਸ ਖੋਜ ਕਾਰਜ ਵਿੱਚ ਲੱਗੇ ਹੋਏ ਵਿਦਵਾਨ ਲੇਖਕ ਨੇ ਯੂਨੀਵਰਸਿਟੀਆਂ, ਸਿੱਖ ਸੰਸਥਾਵਾਂ ਅਤੇ ਗੁਰਸਿੱਖ ਪਰਿਵਾਰਾਂ ਵੱਲੋਂ ਸੰਭਾਲ ਕੇ ਰੱਖੇ ਹੋਏ ਹੁਕਮਨਾਮਿਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਹੈ। ਇਹਨਾਂ ਨੇ ਪ੍ਰਾਪਤ ਹੁਕਮਨਾਮਿਆਂ ਨੂੰ ਦੇਖ ਕੇ ਜਿੱਥੇ ਖੁਸ਼ੀ ਮਹਿਸੂਸ ਕੀਤੀ ਉੱਥੇ ਇਹਨਾਂ ਦੀ ਸਾਂਭ-ਸੰਭਾਲ ਦੇ ਢੰਗ 'ਤੇ ਨਿਰਾਸ਼ਾ ਵੀ ਜਾਹਰ ਕੀਤੀ ਹੈ। ਇਹ ਮਹਿਸੂਸ ਕਰਦੇ ਹਨ ਕਿ ਜੁਗਾੜੂ ਅਤੇ ਗੈਰ-ਵਿਗਿਆਨਕ ਢੰਗ ਨਾਲ ਸੰਭਾਲ ਕੇ ਰੱਖੇ ਹੋਏ ਇਹਨਾਂ ਹੁਕਮਨਾਮਿਆਂ ਦੇ ਬਹੁਤੇ ਲੰਮੇ ਸਮੇਂ ਤੱਕ ਦਰਸ਼ਨ ਨਸੀਬ ਨਹੀਂ ਹੋ ਸਕਣਗੇ। ਜਿਹੜੀ ਪ੍ਰਮੁੱਖ ਸਿੱਖ ਸੰਸਥਾ ਕੋਲ ਇਹ ਹੁਕਮਨਾਮੇ ਅਸਲ ਰੂਪ ਵਿੱਚ ਮੌਜੂਦ ਸਨ, ਹੁਣ ਉਹਨਾਂ ਕੋਲ ਇਹਨਾਂ ਦੇ ਵਾਈਟ ਐਂਡ ਬਲੈਕ ਅਕਸ ਵੀ ਨਹੀਂ ਮਿਲਦੇ।

ਇਸ ਪੁਸਤਕ ਵਿੱਚ ਸ਼ਾਮਲ ਹੁਕਮਨਾਮੇ ਬਹੁਤ ਹੀ ਸਪਸ਼ਟ, ਸੁੰਦਰ, ਦਰਸ਼ਨੀ, ਦਿਲ-ਖਿੱਚਵੇਂ ਅਤੇ ਰੰਗਦਾਰ ਹਨ। ਹੁਕਮਨਾਮਿਆਂ ਨੂੰ ਇਸ ਰੂਪ ਵਿੱਚ ਦੇਖਣ ਨਾਲ ਹੀ ਪਾਠਕ ਦਾ ਮਨ ਇਹਨਾਂ ਨੂੰ ਪੜ੍ਹਨ ਅਤੇ ਸੰਭਾਲ ਕੇ ਰੱਖਣ ਦੀ ਰੁਚੀ ਪੈਦਾ ਕਰਦਾ ਹੈ। ਲੇਖਕ ਦੱਸਦਾ ਹੈ ਕਿ 17ਵੀਂ-18ਵੀਂ ਸਦੀ ਵਿੱਚ ਸਿੱਖ ਪੰਥ ਦੀ ਸੰਰਚਨਾ ਨੂੰ ਸਮਝਣ ਵਾਲੇ ਇਹ ਹੁਕਮਨਾਮੇ ਅੱਖਰਾਂ ਦੀ ਨੁਹਾਰ ਅਤੇ ਵਿਕਾਸ ਦਾ ਵੀ ਜ਼ਿੰਦਾ ਸਬੂਤ ਹਨ।

ਲੇਖਕ ਨੇ ਇਸ ਪੁਸਤਕ ਵਿੱਚ ਪੰਜ ਅਜਿਹੇ ਹੁਕਮਨਾਮੇ ਸ਼ਾਮਲ ਕੀਤੇ ਹਨ ਜਿਹੜੇ ਕਿ ਭਾਵੇਂ ਅਸਲ ਰੂਪ ਵਿੱਚ ਤਾਂ ਮੌਜੂਦ ਨਹੀਂ ਹਨ ਪਰ ਉਹਨਾਂ ਦਾ ਉਰਦੂ ਭਾਸ਼ਾ ਵਿੱਚ ਕੀਤਾ ਗਿਆ ਉਤਾਰਾ ਮੌਜੂਦ ਹੈ। ਇਸ ਤੋਂ ਇਲਾਵਾ ਲੇਖਕ ਨੇ ਚਾਰ ਜਾਅਲੀ ਹੁਕਮਨਾਮੇ (ਨੰ. 76, 103-04, 106) ਵੀ ਇਸ ਪੁਸਤਕ ਸ਼ਾਮਲ ਕੀਤੇ ਹਨ ਜਿਨ੍ਹਾਂ ਸੰਬੰਧੀ ਇਹ ਤਰਕ ਦਿੱਤਾ ਗਿਆ ਹੈ ਕਿ ਅਜਿਹੇ ਹੁਕਮਨਾਮਿਆਂ ਸੰਬੰਧੀ ਜਾਣਕਾਰੀ ਵੀ ਪਾਠਕਾਂ ਕੋਲ ਹੋਣੀ ਚਾਹੀਦੀ ਹੈ ਤਾਂ ਕਿ ਉਹ ਅਸਲ ਅਤੇ ਨਕਲ ਵਿੱਚ ਨਿਰਣਾ ਕਰ ਸਕਣ।

ਹੁਕਮਨਾਮਿਆਂ ਦਾ ਵਿਸ਼ਲੇਸ਼ਣ ਕਰਦਿਆਂ ਲੇਖਕ ਨੇ ਕਈ ਥਾਈਂ 'ਅਨੁਮਾਨ ਹੈ', 'ਕਿਆਸ ਹੀ ਹੈ', 'ਸਾਡੀ ਸਮਝ ਵਿੱਚ' ਆਦਿ ਸ਼ਬਦ ਵਰਤੇ ਹਨ ਜਿਹੜੇ ਕਿ ਸਿੱਖ ਇਤਿਹਾਸ ਦੇ ਖੋਜੀਆਂ ਵਿੱਚ ਬੇਚੈਨੀ ਪੈਦਾ ਕਰਨ ਵਾਲੇ ਜਾਂ ਹੋਰ ਵਧੇਰੇ ਖੋਜ ਕਰਨ ਵੱਲ ਰੁਚਿਤ ਕਰਦੇ ਹਨ। ਇਸ ਤੋਂ ਇਲਾਵਾ ਲੇਖਕ ਨੇ ਗੁਰੂ ਤੇਗ ਬਹਾਦਰ ਜੀ ਦਾ ਰਾਜਾ ਰਾਮ ਸਿੰਘ ਨਾਲ ਪਟਨਾ ਸਾਹਿਬ ਤੋਂ ਅਸਾਮ ਜਾਣ ਅਤੇ ਪਟਨਾ ਸਾਹਿਬ ਤੋਂ ਵਾਪਸ ਆਉਂਦੇ ਸਮੇਂ ਆਗਰੇ ਤੋਂ ਗ੍ਰਿਫ਼ਤਾਰੀ ਦਾ ਜ਼ਿਕਰ ਵੀ ਕੀਤਾ ਹੈ ਜਿਹੜਾ ਕਿ ਵਿਦਵਾਨਾਂ ਨੂੰ ਤੱਥਾਂ ਦੀ ਹੋਰ ਵਧੇਰੇ ਖੋਜ ਕਰਨ ਲਈ ਪ੍ਰੇਰਿਤ ਕਰਦਾ ਹੈ।

ਕੁੱਲ ਮਿਲਾ ਕੇ, ਲੇਖਕ ਨੇ ਸਾਲਾਂ ਬੱਧੀ ਯਤਨ ਅਤੇ ਮਿਹਨਤ ਕਰਨ ਉਪਰੰਤ ਮਹੱਤਵਪੂਰਨ ਹੁਕਮਨਾਮਿਆਂ ਨੂੰ ਇਕੱਤਰ ਕਰਕੇ ਪਾਠਕਾਂ ਅਤੇ ਸਿੱਖ ਅਧਿਐਨ ਦੇ ਖੋਜੀਆਂ ਤੱਕ ਪਹੁੰਚਾਉਣ ਦਾ ਸਫ਼ਲ ਯਤਨ ਕੀਤਾ ਹੈ। ਡਾ. ਗੰਡਾ ਸਿੰਘ ਅਤੇ ਸ. ਸ਼ਮਸ਼ੇਰ ਸਿੰਘ ਅਸ਼ੋਕ ਦੀਆਂ ਹੁਕਮਨਾਮਿਆਂ ਸੰਬੰਧੀ ਤਿਆਰ ਕੀਤੀਆਂ ਪੁਸਤਕਾਂ ਤੋਂ ਲਗਪਗ 60 ਸਾਲ ਬਾਅਦ ਸਾਹਮਣੇ ਆਈ ਇਹ ਸਰੋਤ ਪੁਸਤਕ ਸਿੱਖ ਅਧਿਐਨ ਦੇ ਖੋਜੀਆਂ ਲਈ ਨਿਸਚਿਤ ਰੂਪ ਵਿੱਚ ਲਾਹੇਵੰਦ ਸਾਬਿਤ ਹੋਵੇਗੀ, ਜਿਸ ਲਈ ਲੇਖਕ ਵਧਾਈ ਦਾ ਪਾਤਰ ਹੈ।



# ਸਿੱਖ ਵਿਗਿਆਨੀ ਹਰਪਿੰਦਰ ਰੰਧਾਵਾ ਨੇ ਕਣਕ ਦੀਆਂ ਦਰਜਨ ਕਿਸਮਾਂ ਤਿਆਰ ਕੀਤੀਆਂ

## ਕੈਨੇਡਾ ਦੇ ਖੇਤੀਬਾੜੀ ਵਿਭਾਗ ਵਿੱਚ ਸੀਨੀਅਰ ਰਿਸਰਚ ਸਾਇੰਟਿਸਟ ਨੇ ਰੰਧਾਵਾ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਆਫ਼ ਸਸਕੈਚਵਨ ਤੋਂ ਪੜ੍ਹਾਈ ਕਰ ਚੁੱਕੇ ਹਰਪਿੰਦਰ ਸਿੰਘ ਰੰਧਾਵਾ ਕਣਕ ਦੀਆਂ ਦਰਜਨ ਦੇ ਕਰੀਬ ਕਿਸਮਾਂ ਤਿਆਰ ਕਰਕੇ ਕੈਨੇਡੀਅਨ ਕਿਸਾਨਾਂ ਦੀਆਂ ਵੱਖ- ਵੱਖ ਸਮੱਸਿਆਵਾਂ ਨੂੰ ਖ਼ਤਮ ਕਰਨ ਵਿੱਚ ਮਦਦ ਕਰ ਚੁੱਕੇ ਹਨ। ਰੰਧਾਵਾ ਇਸ ਸਮੇਂ ਕੈਨੇਡਾ ਦੇ ਖੇਤੀਬਾੜੀ ਵਿਭਾਗ ਵਿੱਚ ਐਲਬਰਟਾ ਸੂਬੇ ਦੇ ਲੈਥਬ੍ਰਿਜ ਸ਼ਹਿਰ 'ਚ ਸੀਨੀਅਰ ਰਿਸਰਚ ਸਾਇੰਟਿਸਟ ਵਜੋਂ ਸੇਵਾਵਾਂ ਨਿਭਾ ਰਹੇ ਹਨ।

ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਨਾਲ ਸੰਬੰਧਿਤ ਹਰਪਿੰਦਰ ਰੰਧਾਵਾ ਨੇ ਖੇਤੀਬਾੜੀ ਦੀ ਮਾਸਟਰ ਡਿਗਰੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਕਰਨ ਤੋਂ ਬਾਅਦ ਕੁਝ ਸਮਾਂ ਪੰਜਾਬ ਵਿੱਚ ਨੌਕਰੀ ਕੀਤੀ ਅਤੇ 1997 ਵਿੱਚ ਕੈਨੇਡਾ ਦਾ ਰੁੱਖ ਕੀਤਾ। ਹਰਪਿੰਦਰ ਰੰਧਾਵਾ ਨੇ ਦੱਸਿਆ ਕਿ ਕੈਨੇਡਾ ਆਉਣ ਤੋਂ ਬਾਅਦ ਇੱਕ ਚੰਗੀ ਨੌਕਰੀ ਲਈ ਉਨਾਂ ਨੂੰ ਕਾਫ਼ੀ ਤਲਾਸ਼ ਕਰਨੀ ਪਈ ਅਤੇ ਉਨਾਂ ਨੇ ਪੀ.ਐਚ.ਡੀ. ਕਰਨ ਦਾ ਸੋਚਿਆ।

ਰੰਧਾਵਾ ਨੇ ਸਸਕੈਚਵਨ ਪ੍ਰੋਵਿੰਸ ਵਿੱਚ ਯੂਨੀਵਰਸਿਟੀ ਆਫ਼ ਸਸਕੈਚਵਨ ਤੋਂ ਪੀ.ਐਚ.ਡੀ. ਕੀਤੀ। ਕੁਝ ਸਮਾਂ ਯੂ.ਐਸ. ਵਿੱਚ ਕੰਮ ਕਰਨ ਉਪਰੰਤ ਰੰਧਾਵਾ ਨੇ 2007 ਤੋਂ ਕੈਨੇਡਾ ਦੇ ਖੇਤੀਬਾੜੀ ਵਿਭਾਗ ਵਿੱਚ ਕੰਮ ਕਰਨਾ ਸ਼ੁਰੂ ਕੀਤਾ।

ਕਿਸਾਨਾਂ ਲਈ ਦਰਜਨ ਕਿਸਮਾਂ ਤਿਆਰ ਕਰਨ ਦਾ ਮਾਣ

ਹਰਪਿੰਦਰ ਰੰਧਾਵਾ ਨੇ ਦੱਸਿਆ ਕਿ ਕੈਨੇਡਾ ਵਿੱਚ ਕਣਕ ਦੀ ਪੈਦਾਵਾਰ ਲੋੜ ਤੋਂ ਵਧੇਰੇ ਹੈ ਅਤੇ ਕਣਕ ਹੋਰਨਾਂ ਦੇਸ਼ਾਂ ਨੂੰ ਭੇਜੀ ਜਾਂਦੀ ਹੈ। ਰੰਧਾਵਾ ਨੇ ਕਿਹਾ ਕੈਨੇਡਾ ਵੱਲੋਂ 100 ਦੇ ਕਰੀਬ ਦੇਸ਼ਾਂ ਨੂੰ ਕਣਕ ਭੇਜੀ ਜਾਂਦੀ ਹੈ, ਜਿੱਥੇ ਇਹ ਬਰੈਡ , ਪਾਸਤਾ,




ਆਟੇ ਸਮੇਤ ਵੱਖ- ਵੱਖ ਤਰੀਕਿਆਂ ਨਾਲ ਖਾਧੀ ਜਾਂਦੀ ਹੈ। ਇਸ ਲਈ ਅਸੀਂ ਉਕਤ ਦੇਸ਼ਾਂ ਦੇ ਹਿਸਾਬ ਨਾਲ ਕਣਕ ਦੀਆਂ ਵੱਖ- ਵੱਖ ਕਿਸਮਾਂ ਲਗਾਤਾਰ ਤਿਆਰ ਕਰਦੇ ਰਹਿੰਦੇ ਹਾਂ। ਆਪਣੇ ਕੰਮ ਬਾਰੇ ਦੱਸਦਿਆਂ ਰੰਧਾਵਾ ਨੇ ਕਿਹਾ ਕਿ ਉਨ੍ਹਾਂ ਨੇ ਆਪਣੀਆਂ ਕਿਸਮਾਂ ਨਾਲ ਕਿਸਾਨਾਂ ਦੀਆਂ ਕਈ ਸਮੱਸਿਆਵਾਂ ਦਾ ਹੱਲ ਕੀਤਾ ਹੈ। ਅਸੀਂ ਵੈਸਟਲੌਕ ਕਿਸਮ ਨਾਲ ਕਣਕ ਨੂੰ ਲੱਗਣ ਵਾਲੀ ਉੱਲੀ ਦੀ ਰੋਕਥਾਮ ਕੀਤੀ। ਇਸ ਤੋਂ ਇਲਾਵਾ ਅਜਿਹੀਆਂ ਕਿਸਮਾਂ ਤਿਆਰ ਕੀਤੀਆਂ ਜਿਨ੍ਹਾਂ ਨੂੰ ਪੀਲੀ ਕੁੰਗੀ ਦੀ ਸਮੱਸਿਆ ਨਹੀਂ ਆਉਂਦੀ।

ਕਣਕ ਉੱਪਰ ਹੀ ਕੰਮ ਕਰਨ ਬਾਰੇ ਸਵਾਲ ਦੇ ਜਵਾਬ ਵਿੱਚ ਰੰਧਾਵਾ ਨੇ ਕਿਹਾ ਇੱਕ ਕਿਸਾਨੀ ਪਰਿਵਾਰ ਵਿੱਚੋਂ ਹੋਣ ਕਰਕੇ ਮੇਰਾ ਲਗਾਅ ਖੇਤੀ ਨਾਲ ਸੀ। ਪੜ੍ਹਾਈ ਦੌਰਾਨ ਵੀ ਮੈਂ ਕਣਕ ਦੀਆਂ ਕਿਸਮਾਂ ਉੱਪਰ ਕੰਮ ਕੀਤਾ, ਜਿਸ ਨਾਲ ਮੇਰਾ ਲਗਾਅ ਇਸ ਫ਼ਸਲ ਨਾਲ ਲਗਾਤਾਰ ਵਧਦਾ ਗਿਆ। ਹਰਪਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਜਿੱਥੇ ਨਵੀਂ ਕਿਸਮ ਤਿਆਰ ਕਰਨਾ ਇੱਕ ਚੁਣੌਤੀਪੂਰਨ ਕੰਮ ਹੈ, ਉਥੇ ਹੀ ਨਾਮ ਰੱਖਣਾ ਕੋਈ ਸੌਖਾ ਕੰਮ ਨਹੀਂ ਹੈ। ਰੰਧਾਵਾ ਨੇ ਕਿਹਾ ਕਿ ਸਾਨੂੰ ਅਜਿਹਾ ਨਾਮ ਰੱਖਣਾ ਪੈਂਦਾ ਹੈ ਜੋ ਦੁਨੀਆਂ ਵਿੱਚ ਕਿਸੇ ਹੋਰ ਨੇ ਨਾ ਰੱਖਿਆ ਹੋਵੇ। ਰੰਧਾਵਾ ਨੇ ਕਿਹਾ ਕਿ ਮੈਂ ਆਪਣੀਆਂ ਤਿਆਰ ਕੀਤੀਆਂ ਕਿਸਮਾਂ ਦਾ ਨਾਮ ਕਣਕ ਦੇ ਵੱਖ- ਵੱਖ ਗੁਣਾਂ, ਕੈਨੇਡਾ ਦੇ ਸ਼ਹਿਰਾਂ ਅਤੇ ਖਿੱਤਿਆਂ ਦੇ ਨਾਮ 'ਤੇ ਰੱਖਦਾ ਹਾਂ।

ਹਰਪਿੰਦਰ ਰੰਧਾਵਾ ਵੱਲੋਂ ਆਪਣੀ ਇੱਕ ਕਿਸਮ ਦਾ ਨਾਮ ਇੰਡਸ ਰੱਖਿਆ ਗਿਆ ਜੋ ਕਿ ਸਿੰਧੂ ਘਾਟੀ ਸੱਭਿਅਤਾ ਤੋਂ ਲਿਆ ਗਿਆ ਹੈ। ਇਸ ਤੋਂ ਇਲਾਵਾ ਐਲਬਰਟਾ ਦੇ ਸ਼ਹਿਰ, ਕਰੌਸਫ਼ੀਲਡ ਅਤੇ ਵੈਸਟਲੌਕ ਉੱਪਰ ਵੀ ਨਾਮ ਰੱਖੇ ਗਏ ਹਨ।

ਹਰਪਿੰਦਰ ਰੰਧਾਵਾ ਨੇ ਕਿਹਾ ਕਿ ਕਿਸਾਨਾਂ ਵੱਲੋਂ ਕੋਈ ਸਮੱਸਿਆ ਆਉਣ 'ਤੇ ਉਸਦਾ ਹੱਲ ਕਰਨ ਲਈ ਵਿਗਿਆਨੀਆਂ ਨੂੰ ਵਿਤੀ ਇਮਦਾਦ ਦਿੱਤੀ ਜਾਂਦੀ ਹੈ । ਉਨ੍ਹਾਂ ਦੱਸਿਆ ਕਿ ਵਿਗਿਆਨੀ ਕਈ ਸਾਲਾਂ ਦੀ ਮਿਹਨਤ ਤੋਂ ਬਾਅਦ ਨਵੀਂ ਕਿਸਮ ਦਾ ਬੀਜ ਤਿਆਰ ਕਰਦਾ ਹੈ, ਜਿਸਤੋਂ ਬਾਅਦ ਪ੍ਰਾਈਵੇਟ ਕੰਪਨੀਆਂ ਬੋਲੀ ਲਗਾ ਕੇ ਬੀਜ ਖ਼ਰੀਦ ਕੇ ਵੱਧ ਪੈਦਾਵਾਰ ਕਰਦੀਆਂ ਹਨ , ਜੋ ਕਿ ਵਿਕਰੀ ਲਈ ਤਿਆਰ ਹੁੰਦਾ ਹੈ। ਬੀਜ ਦੀ ਵਿਕਰੀ ਕਰਕੇ ਕੰਪਨੀਆਂ ਕੁਝ ਹਿੱਸਾ ਸਰਕਾਰੀ ਖੇਤੀਬਾੜੀ ਵਿਭਾਗ ਅਤੇ ਕਿਸਾਨਾਂ ਦੇ ਸੰਗਠਨਾਂ ਨੂੰ ਦਿੰਦੀਆਂ ਹਨ। ਹਰਪਿੰਦਰ ਰੰਧਾਵਾ ਨੇ ਕਿਹਾ ਕਿ ਕੋਈ ਵੀ ਨਵੀਂ ਕਿਸਮ ਨੂੰ ਤਿਆਰ ਹੋਣ ਵਿੱਚ ਦਹਾਕੇ ਦਾ ਸਮਾਂ ਲੱਗ ਜਾਂਦਾ ਹੈ ਪਰ ਅਸੀਂ ਸਮੇਂ ਨੂੰ ਘੱਟ ਕਰਨ ਲਈ ਕਈ ਤਕਨੀਕਾਂ ਦੀ ਵਰਤੋਂ ਕਰਦੇ ਹਾਂ। ਰੰਧਾਵਾ ਨੇ ਦੱਸਿਆ ਕਿ ਖ਼ੋਜ ਦੇ ਲਈ ਉਹ ਕੈਨੇਡਾ ਦੇ ਨਾਲ ਨਾਲ ਹੋਰਨਾਂ ਦੇਸ਼ਾਂ ਨੂੰ ਵੀ ਚੁਣਦੇ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਵਿੱਚ ਕਣਕ ਸਾਲ ਵਿੱਚ ਸਿਰਫ਼ ਇੱਕ ਵਾਰ ਹੁੰਦੀ ਹੈ ਅਤੇ ਅਜਿਹੇ ਵਿੱਚ ਨਵੀਂ ਕਿਸਮ ਪੈਦਾ ਕਰਨ ਦੇ ਸਮੇਂ ਨੂੰ ਘਟਾਉਣ ਲਈ ਅਸੀਂ ਉਹੀ ਕਿਸਮ ਨੂੰ ਹੋਰਨਾਂ ਦੇਸ਼ਾਂ ਵਿੱਚ ਵੀ ਟੈਸਟ ਕਰਦੇ ਹਾਂ। ਖੇਤੀਬਾੜੀ ਵਿਗਿਆਨੀ ਹਰਪਿੰਦਰ ਸਿੰਘ ਰੰਧਾਵਾ ਮੁਤਾਬਿਕ ਨਿਊਜ਼ੀਲੈਂਡ ਅਤੇ ਚਿੱਲੀ ਵਰਗੇ ਦੇਸ਼ਾਂ ਵਿੱਚ ਉਸ ਸਮੇਂ ਕਣਕ ਦੀ ਬਿਜਾਈ ਹੁੰਦੀ ਹੈ ਜਦੋਂ ਕੈਨੇਡਾ ਵਿੱਚ ਬਰਫ਼ ਪੈ ਰਹੀ ਹੁੰਦੀ ਹੈ ਅਤੇ ਇਸ ਨਾਲ ਸਮੇਂ ਦੀ ਬੱਚਤ ਹੁੰਦੀ ਹੈ।







# ਅਜੋਕੇ ਸਮੇਂ ਦੌਰਾਨ ਪਤੀ-ਪਤਨੀ ਦਾ ਪਵਿੱਤਰ ਰਿਸ਼ਤਾ ਐਨਾ ਬੇਵਿਸ਼ਵਾਸੀ ਵਾਲਾ ਕਿਉਂ ਹੋ ਗਿਆ ?



ਡਾ. ਅਮਨਪ੍ਰੀਤ ਸਿੰਘ ਬਰਾੜ



ਵਿਕਾਸ ਕਰਦੇ ਦੇਸ਼ ਦੇ ਸਮਾਜ ’ਚ ਅੱਜਕੱਲ੍ਹ ਪਤੀ-ਪਤਨੀ ਦਾ ਪਵਿੱਤਰ ਰਿਸ਼ਤਾ ਐਨਾ ਬੇਵਿਸ਼ਵਾਸੀ ਵਾਲਾ ਹੋ ਗਿਆ ਹੈ ਕਿ ਇਕ-ਦੂਜੇ ਨੂੰ ਮੌਤ ਦੇ ਘਾਟ ਉਤਾਰਨ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ। ਗ਼ੁੱਸਾ ਤੇ ਕਾਮ ਐਨਾ ਭਾਰੂ ਹੋ ਗਿਆ ਹੈ ਕਿ ਕਿਤੇ-ਕਿਤੇ ਆਪਣੇ ਪਾਲੇ-ਪੋਸੇ ਬੱਚਿਆਂ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਸਮਾਜ ’ਚ ਨਿੱਤ ਆਉਂਦੀਆਂ ਖ਼ਬਰਾਂ ਨੂੰ ਸੁਣ ਕੇ ਜਾਂ ਪੜ੍ਹ ਕੇ ਕੁਆਰੇ ਨੌਜਵਾਨ ਲੜਕੇ-ਲੜਕੀਆਂ ਦਾ ਵਿਆਹ ਤੋਂ ਵਿਸ਼ਵਾਸ ਹੀ ਉੱਠ ਗਿਆ ਹੈ, ਜਿਸ ਸਦਕਾ ਉਨ੍ਹਾਂ ਨੇ ਬਗੈਰ ਵਿਆਹ ਤੋਂ ਇਕੱਠੇ ਰਹਿਣ (ਲਿਵ ਇਨ ਰਿਲੇਸ਼ਨਸ਼ਿਪ) ਦੀ ਕਾਢ ਕੱਢ ਲਈ, ਜਿਸ ਨੂੰ ਭਾਰਤੀ ਸਮਾਜ ਮਾਨਤਾ ਨਹੀਂ ਦਿੰਦਾ। ਇਹ ਰਿਸ਼ਤਾ ਵੀ ਬਹੁਤੀ ਦੇਰ ਨਹੀਂ ਚੱਲਦਾ ਅਤੇ ਫਿਰ ਜਬਰ ਜਨਾਹ ਤੇ ਧੋਖਾਧੜੀ ਦੀ ਸ਼ਿਕਾਇਤ ਪੁਲਿਸ ਤੇ ਮਹਿਲਾ ਕਮਿਸ਼ਨ ਕੋਲ ਪਹੁੰਚ ਜਾਂਦੀ ਹੈ। ਉਂਝ ਤਾਂ ਸਮਾਜ ’ਚ ਹਰ ਪਾਸੇ ਹੀ ਨਿਘਾਰ ਵੱਧ ਰਿਹਾ ਹੈ ਪਰ ਮੈਂ ਇਸ ਰਿਸ਼ਤੇ ਦੇ ਨਿਘਾਰ ਵੱਲ ਜਾਣ ਦੇ ਕੁਝ ਕਾਰਨਾਂ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕਰਾਂਗਾ।

**ਮੋਬਾਈਲ ਫ਼ੋਨ ਕਾਰਨ ਵਿਗੜੇ ਰਿਸ਼ਤੇ**

ਬਹੁਤੀਆਂ ਸਮੱਸਿਆਵਾਂ ਦੀ ਜੜ੍ਹ ਤਕਨਾਲੋਜੀ ਹੀ ਹੈ, ਜਿਸ ’ਚ ਮੋਬਾਈਲ ਫ਼ੋਨ ਦਾ ਯੋਗਦਾਨ ਸਭ ਤੋਂ ਵੱਧ ਹੈ। ਬਹੁਤੀ ਵਾਰ 24 ਘੰਟਿਆਂ ’ਚ ਕਿੰਨੀ ਹੀ ਵਾਰ ਲੜਕੀ ਦੀ ਮਾਤਾ ਵੱਲੋਂ ਲੜਕੀ ਦੇ ਸਹੁਰੇ ਘਰ ਦਾ ਅੱਖੀਂ ਡਿੱਠਾ ਹਾਲ ਪੁੱਛਿਆ ਜਾਂਦਾ ਹੈ। ਕੁੜੀ ਅਜੇ ਡੋਲੀ ’ਚੋਂ ਉੱਤਰੀ ਵੀ ਨਹੀਂ ਹੁੰਦੀ ਕਿ ਪਿੱਛੋਂ ਫ਼ੋਨ ਆ ਜਾਂਦਾ ਹੈ ਕਿ ਤੈਨੂੰ ਮੂੰਹ ਵਿਖਾਈ ਦਾ ਕੀ ਦਿੱਤਾ, ਹੋਰ ਥੋੜ੍ਹੀ ਦੇਰ ਬਾਅਦ ਕੁਝ ਖਾ ਪੀ ਲਿਆ ਕਿ ਨਹੀਂ। ਇਸੇ ਤਰ੍ਹਾਂ ਅੱਗੇ ਤੋਂ ਅੱਗੇ ਗੱਲਾਂ ਦਾ ਸਿਲਸਿਲਾ ਚੱਲਦਾ ਹੈ ਫਿਰ ਸਲਾਹਾਂ ਤੱਕ ਪਹੁੰਚ ਜਾਂਦਾ ਹੈ, ਤੂੰ ਇਸ ਤਰ੍ਹਾਂ ਕਰ। ਇੱਥੋਂ ਸ਼ੁਰੂ ਹੋਈ ਦਖ਼ਲ ਅੰਦਾਜ਼ੀ, ਜੋ ਕਿਤੇ ਰੁਕਣ ਦਾ ਨਾਂਅ ਹੀ ਨਹੀਂ ਲੈਂਦੀ। ਔਰਤ ਆਪਣੀ ਧੀ ਦਾ ਘਰ ਵੀ ਤਾਂ ਆਪਣੀ ਮਰਜ਼ੀ ਨਾਲ ਚਲਾਉਣਾ ਚਾਹੁੰਦੀ ਹੈ ਪਰ ਜਦੋਂ ਉਸ ਦੀ ਨੂੰਹ ਆਪਣੀ ਮਾਂ ਨਾਲ ਗੱਲ ਵੀ ਕਰੇ ਤਾਂ ਫਿਰ ਸਾਡੇ ਘਰ ’ਚ ਦਖ਼ਲ ਅੰਦਾਜ਼ੀ ਨਾ ਕਰਨ ਦੀ ਨੂੰਹ ਨੂੰ ਹਦਾਇਤ ਦਿੱਤੀ ਜਾਂਦੀ ਹੈ। ਇਸ ਸਭ ਵਿੱਚ ਲੜਕੀ ਆਪਣਾ ਪੇਕਾ ਘਰ ਛੱਡਦੀ ਨਹੀਂ ਅਤੇ ਸਹੁਰੇ ਘਰ ਨੂੰ ਅਪਨਾਉਂਦੀ ਨਹੀਂ। ਅੱਜ ਸਮਝਣ ਦੀ ਲੋੜ ਹੈ ਕਿ, ਲੜਕੀ ਘਰ ਛੱਡ ਕੇ ਆਉਂਦੀ ਹੈ, ਦੂਜੇ ਘਰ ਵਿੱਚ ਆ ਕੇ ਸਿਸਟਮ ਸਮਝਣ ਲੱਗਿਆਂ ਸਮਾਂ ਲੱਗਦਾ ਹੈ। ਇਸ ਨੂੰ ਲੜਕੀ ਤੇ ਲੜਕੇ ਦਾ ਪਰਿਵਾਰ ਆਪਸੀ ਪਿਆਰ ਅਤੇ ਇੱਕ-ਦੂਜੇ ਦਾ ਵਿਸ਼ਵਾਸ ਜਿੱਤ ਕੇ ਜਲਦੀ ਠੀਕ ਕਰ ਸਕਦੇ ਹਨ। ਜਿੱਥੇ ਦੋਵੇਂ ਧਿਰਾਂ ਆਪਣੇ-ਆਪ ਨੂੰ ਇਕ-ਦੂਜੇ ਤੋਂ ਉੱਪਰ ਸਮਝਦੀਆਂ ਹੋਣ ਉੱਥੇ ਗੱਲ ਵਿਗੜ ਜਾਂਦੀ ਹੈ। ਅੱਜਕੱਲ੍ਹ ਇਕ ਨਵੀਂ ਗੱਲ ਚੱਲੀ ਹੈ ਕਿ ਮੈਂ ਥੱਲੇ ਨਹੀਂ ਲੱਗਣਾ। ਲੋਕੀਂ ਇਸ ਗੱਲ ਨੂੰ ਭੁੱਲੇ ਹੀ ਬੈਠੇ ਹਨ ਕਿ ਪਰਿਵਾਰ ਮਿਲ-ਜੁਲ ਕੇ ਚੱਲਦੇ ਹਨ, ਉੱਤੇ ਥੱਲੇ ਲੱਗ ਕੇ ਨਹੀਂ। ਅਸਲ ’ਚ ਜਿਹੜੀਆਂ ਥੋੜ੍ਹੀਆਂ ਪੜ੍ਹੀਆਂ-ਲਿਖੀਆਂ ਔਰਤਾਂ ਵਿਹਲੀਆਂ ਹਨ, ਘਰੇਲੂ ਕੰਮ ’ਤੇ ਮਾਈਆਂ ਲੱਗੀਆਂ ਹਨ, ਬੱਚੇ ਸਕੂਲ ਜਾਂ ਟਿਊਸ਼ਨ ’ਤੇ ਜਾਂਦੇ ਹਨ ਅਤੇ ਘਰ ਵਾਲਾ ਕੰਮ ’ਤੇ ਜਾਂਦਾ ਉਹ ਆਪ ਸਾਰਾ ਦਿਨ ਮੋਬਾਈਲ ’ਤੇ ਰੀਲਾਂ ਵੇਖਣ ਜਾਂ ਸਹੇਲੀਆਂ ਨਾਲ ਗੱਲਾਂ ਕਰਨ ਵਿੱਚ ਰੁੱਝੀਆਂ ਰਹਿੰਦੀਆਂ ਹਨ। ਜੇ ਉਨ੍ਹਾਂ ਨੂੰ ਘਰ ਦਾ ਕੋਈ ਕੰਮ ਕਰਨਾ ਪੈ ਜਾਵੇ ਤਾਂ ਸਮਝੋ ਘਰ ’ਚ ਲੜਾਈ ਪੈ ਜਾਂਦੀ ਹੈ। ਜੇ ਅੱਗੋਂ ਬੰਦਾ ਵੀ ਕੰਮ ਤੋਂ ਅੱਕਿਆ ਥੱਕਿਆ-ਆਇਆ ਹੈ ਤਾਂ ਸਮਝੋ ਮਹਾਭਾਰਤ ਘਰ ਵਿੱਚ ਹੀ ਸ਼ੁਰੂ ਹੋ ਸਕਦਾ ਹੈ।

**ਪੈਸੇ ਨੇ ਵਿਗਾੜੇ ਰਿਸ਼ਤੇ**

ਵਿਹਲੀ ਔਰਤ ਹਰ ਰੋਜ਼ ਆਪਣੇ ਪਤੀ ਕੋਲ ਨਵੀਂ ਫਰਮਾਇਸ਼ ਰੱਖਦੀ ਹੈ। ਇਨ੍ਹਾਂ ਖਾਹਿਸ਼ਾਂ ਨੇ ਦਿਲਾਂ ਦੇ ਪ੍ਰੇਮ ਨੂੰ ਬਨਾਵਟੀ ਚੀਜ਼ਾਂ ਦੇ ਰੰਗ ’ਚ ਬਦਲ ਦਿੱਤਾ ਹੈ। ਸਾਡੇ ਕੋਲ ਹਰ ਸੁੱਖ ਸਹੂਲਤ ਦਾ ਸਾਧਨ ਹੋਵੇ, ਦੂਜਿਆਂ ਨਾਲੋਂ ਨਵੀਂ ਚੀਜ਼ ਸਾਡੇ ਕੋਲ ਹੋਵੇ। ਬੰਦਾ ਦਿਨ-ਰਾਤ ਇਨ੍ਹਾਂ ਨੂੰ ਪੂਰੀਆਂ ਕਰਨ ਲਈ ਕਿਸ਼ਤਾਂ ਦੇ ਚੱਕਰ ’ਚ ਪੈ ਜਾਂਦਾ ਹੈ। ਆਮਦਨ ਤੋਂ ਵੱਧ ਖਰਚਾ ਲੜਾਈ-ਝਗੜੇ ਨੂੰ ਦਾਅਵਤ ਦਿੰਦਾ ਹੈ। ਹੁੰਦਾ ਕੀ ਹੈ ਕਿ ਇਸ ਸਭ ’ਚ ਮਾਨਸਿਕ ਤਣਾਅ ਵੱਧ ਜਾਂਦਾ ਹੈ ਅਤੇ ਇਕ-ਦੂਜੇ ਪ੍ਰਤੀ ਪ੍ਰੇਮ-ਪਿਆਰ ਘੱਟ ਜਾਂਦਾ ਹੈ, ਇਸ ਦੀ ਪੂਰਤੀ ਲਈ ਇਨਸਾਨ ਘਰ ਤੋਂ ਬਾਹਰ ਸਹਾਰਾ ਭਾਲਦਾ ਹੈ, ਜੋ ਕਈ ਨਾਜਾਇਜ਼ ਰਿਸ਼ਤਿਆਂ ਨੂੰ ਜਨਮ ਦਿੰਦਾ ਹੈ।

**ਕਾਰਪੋਰੇਟ ਵੀ ਜ਼ਿੰਮੇਵਾਰ**

ਕਾਰਪੋਰੇਟ ’ਚ ਕੰਮ ਕਰਦੇ ਨੌਜਵਾਨ ਜੋੜੇ ਅਕਸਰ ਘਰ ਸਿਰਫ ਸੌਣ ਹੀ ਜਾਂਦੇ ਹਨ। ਜੋ ਇਨਸਾਨ ਸਵੇਰੇ 5 ਜਾਂ 6 ਵਜੇ ਉੱਠ ਕਿ ਰਾਤ ਦੇ 8-9 ਵਜੇ ਤੱਕ ਕੰਮ ਕਰੇਗਾ। ਉਸ ਕੋਲ ਘਰ ਜਾ ਕੇ ਥਕਾਵਟ ਤੋਂ ਸਿਵਾਏ ਪੱਲੇ ਕੁਝ ਨਹੀਂ ਹੋਊਗਾ। ਜੇ ਕਿਤੇ ਦੋਵਾਂ ਵਿਚਾਰ-ਤਕਰਾਰ ਹੋ ਗਈ ਤਾਂ ਫਿਰ ਉਸ ਨੂੰ ਠੀਕ ਕਰਨ ਦਾ ਸਮਾਂ ਵੀ ਨਹੀਂ ਹੁੰਦਾ। ਆਖਿਰ ਉਹ ਜੋੜੇ ਆਪਣੀ ਇਸ ਸਥਿਤੀ ਬਾਰੇ ਆਪਣੀ ਕੰਮ ਵਾਲੀ ਥਾਂ ਉਪਰ ਕਿਸੇ ਨਾ ਕਿਸੇ ਨਾਲ ਗੱਲ ਸਾਂਝੀ ਕਰ ਲੈਂਦੇ ਹਨ। ਫਿਰ ਉਥੋਂ ਸ਼ੁਰੂ ਹੁੰਦੀ ਹੈ ਉਪਰੋਂ ਮਦਦ ਤੇ ਖ਼ੈਰਖੁਆਹ ਦਾ ਮਖੌਟਾ ਪਾਏ ਲੋਕਾਂ ਵਲੋਂ ਸਲਾਹ। ਉਸ ਨੂੰ ਕਾਨੂੰਨ ਸਿਖਾ ਕੇ ਆਪਣੇ ਜਾਲ ਵਿੱਚ ਫਸਾਇਆ ਜਾਂਦਾ ਹੈ। ਜਦੋਂ ਤੱਕ ਅਸਲੀਅਤ ਸਾਹਮਣੇ ਆਉਂਦੀ ਹੈ, ਉਸ ਵੇਲੇ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਘਰ ਦਾ ਖਿਲਾਰਾ ਪੰਚਾਇਤ ਜਾਂ ਫਿਰ ਕਚਹਿਰੀ ’ਚ ਪਹੁੰਚਦਾ ਹੈ। ਫਿਰ ਸਮਝ ਆਉਂਦੀ ਹੈ ਸਲਾਹ ਦੇਣ ਵਾਲੇ ਦੀ ਅੰਦਰੂਨੀ ਮਨਸ਼ਾ।

**ਬੰਦਿਆਂ ਦੀ ਘਟਦੀ ਅਹਿਮੀਅਤ**

ਜਦੋਂ ਤੋਂ ਔਰਤਾਂ ਦੀ ਬਰਾਬਰੀ ਦੀ ਗੱਲ ਚੱਲੀ ਹੈ ਅਤੇ ਕੁਝ ਸੀਰੀਅਲਾਂ ’ਚ ਬੰਦੇ ਨੂੰ ਥੱਪੜ ਪੈਂਦੇ ਹੀ ਪੈਂਦੇ ਹਨ। ਉਸ ਵੇਲੇ ਤੋਂ ਭਲੇਮਾਨਸ ਬੰਦਿਆਂ ਦਾ ਜਿਊਣਾ ਹਰਾਮ ਹੋ ਗਿਆ ਹੈ। ਬਹੁਤੇ ਕਾਨੂੰਨ ਇਕਪਾਸੜ ਹਨ। ਅੱਗੋਂ ਪੁਲਿਸ ਵੀ ਬੰਦੇ ਨੂੰ ਫੜਨਾ ਸੌਖਾ ਸਮਝਦੀ ਹੈ, ਜਨਾਨੀਆਂ ਤੋਂ ਪੁਲਿਸ ਵੀ ਡਰਦੀ ਹੈ ਕਿ ਕਿਤੇ ਕੰਮ ਉਲਟ ਨਾ ਪੈ ਜਾਵੇ। ਸਾਡੇ ਕਾਨੂੰਨ ਵੀ ਇਹੋ ਜਿਹੇ ਹਨ, ਜੇ ਝੂਠਾ ਕੇਸ ਦਰਜ ਹੋ ਗਿਆ ਤਾਂ ਬੰਦਾ ਆਪਣਾ ਕੇਸ ਲੜ ਕੇ ਕਚਹਿਰੀ ਵਿਚੋਂ ਬਰੀ ਵੀ ਹੋ ਜਾਵੇ ਤਾਂ ਵੀ ਝੂਠਾ ਕੇਸ ਦਰਜ ਕਰਵਾਉਣ ਵਾਲੇ ਨੂੰ ਕੋਈ ਸਜ਼ਾ ਨਹੀਂ। ਪੁਲਿਸ ਅਤੇ ਜੱਜਾਂ ਦਾ ਅੱਧਾ ਕੰਮ ਰਹਿ ਜਾਵੇ, ਜੇ ਝੂਠਾ ਕੇਸ ਕਰਨ ਵਾਲੇ ’ਤੇ ਸਰਕਾਰ ਕੇਸ ਚਲਾਵੇ।

**ਧਾਰਾ 498ਏ ਕੀ ਹੈ ?:**

ਆਈ.ਪੀ.ਸੀ. ਦੀ ਧਾਰਾ 498ਏ ਜਿਸ ਨੂੰ ਨਵੇਂ ਕਾਨੂੰਨ ਬੀ.ਐੱਨ.ਐੱਸ. ’ਚ 85 ਅਤੇ 86 ਅੰਕਿਤ ਕੀਤਾ ਗਿਆ ਹੈ, ਜਿਸ ’ਤੇ ਇਹ ਪਰਚਾ ਦਰਜ ਹੋ ਜਾਵੇ ਤੇ ਉਹ ਜੇਲ੍ਹ ਦੀ ਯਾਤਰਾ ਨਾ ਕਰੇ ਤਾਂ ਸਮਝ ਲਓ ਕਿ ਉਸ ’ਤੇ ਕੁਦਰਤ ਦੀ ਬਹੁਤ ਵੱਡੀ ਰਹਿਮਤ ਅਤੇ ਬਖਸ਼ਿਸ਼ ਹੈ। ਹਾਲਾਂਕਿ ਹੁਣ ਸੁਪਰੀਮ ਕੋਰਟ ਵੀ ਮੰਨਦੀ ਹੈ ਕਿ ਇਸ ਧਾਰਾ ਦੀ ਦੁਰਵਰਤੋਂ ਬਹੁਤ ਜ਼ਿਆਦਾ ਵੱਧ ਗਈ ਹੈ। ਮਾਣਯੋਗ ਅਦਾਲਤ ਵੱਲੋਂ ਵੱਖ-ਵੱਖ ਸਮੇਂ ’ਤੇ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ ਜਾਂਦੇ ਹਨ ਕਿ ਸਿੱਧੀ ਗ੍ਰਿਫ਼ਤਾਰੀ ਤਾਂ ਹੀ ਹੋਣੀ ਚਾਹੀਦੀ ਹੈ ਜੇ ਕੋਈ ਕੁੱਟਮਾਰ ਕਾਰਨ ਔਰਤ ਗੰਭੀਰ ਜ਼ਖ਼ਮੀ ਹੋਈ ਹੋਵੇ। ਦੂਜੀ ਗੱਲ ਇਹ ਹੈ ਜੇ ਸ਼ਿਕਾਇਤ ਆਉਂਦੀ ਹੈ ਤਾਂ ਉਸ ’ਤੇ 25 ਪੁਆਇੰਟਾਂ ’ਤੇ ਤਫਤੀਸ਼ ਕਰ ਕੇ ਜੇ ਸ਼ਿਕਾਇਤ ਸਹੀ ਨਿਕਲਦੀ ਹੈ ਤਾਂ ਹੀ ਗ੍ਰਿਫ਼ਤਾਰ ਕੀਤਾ ਜਾਵੇ, ਜਦੋਂ ਕਿ ਪੁਲਿਸ ਅੱਜ ਵੀ ਸਿੱਧਾ ਗ੍ਰਿਫ਼ਤਾਰੀ ਵੱਲ ਨੂੰ ਜਾਂਦੀ ਹੈ। ਜੇ ਔਰਤ ਦਾ ਪਤੀ ਜਾਂ ਕੋਈ ਹੋਰ ਰਿਸ਼ਤੇਦਾਰ ਔਰਤ ਨੂੰ ਜਾਂ ਉਸ ਨਾਲ ਜੁੜੇ ਵਿਅਕਤੀ ਨੂੰ ਮਜਬੂਰ ਕਰਕੇ ਉਸ ਤੋਂ ਕੋਈ ਚੱਲ-ਅਚੱਲ ਜਾਇਦਾਦ ਜਾਂ ਕੋਈ ਪੈਸੇ ਮੰਗੇ ਤਾਂ ਹੀ ਕੇਸ ਬਣਦਾ ਹੈ। (**ਬਾਕੀ ਸਫ਼ਾ 31 ’ਤੇ**)

---

ਹਰਕੀਰਤ ਕੌਰ
9779118066



# ਪਿਆਰ ਨਾਲ ਹੀ ਖ਼ਤਮ ਕੀਤੀ ਜਾ ਸਕਦੀ ਹੈ ਘਿਰਣਾ

ਘਿਰਣਾ ਤੋਂ ਭਾਵ ਨਫ਼ਰਤ, ਕਿਸੇ ਨਾਲ ਦਿਲੋਂ ਈਰਖਾ ਕਰਨਾ, ਦਵੇਸ਼ ਰੱਖਣਾ, ਮਾੜਾ ਚਿਤਵਨਾ, ਅਤੇ ਕਿਸੇ ਨੂੰ ਅੱਗੇ ਵੱਧਦੇ ਵੇਖ ਦੁਖੀ ਹੋਣਾ ਘਿਰਣਾ ਦੀਆਂ ਨਿਸ਼ਾਨੀਆਂ ਹਨ। ਮਨੁੱਖ ਜਿਆਦਾਤਰ ਉਹਨਾਂ ਲੋਕਾਂ ਨੂੰ ਪਸੰਦ ਕਰਦਾ ਹੈ, ਜੋ ਉਸਦੀਆਂ ਆਸਾਂ ਤੇ ਪੂਰਾ ਉੱਤਰਦੇ ਹਨ , ਉਸਦੇ ਹਰ ਵਿਚਾਰ ਨਾਲ ਸਹਿਮਤੀ ਜਤਾਉਂਦੇ ਹਨ। ਜਿਹੜੇ ਇਨਸਾਨ ਮਨੁੱਖ ਦੇ ਵਿਚਾਰਾਂ ਨਾਲ ਮੇਲ ਨਹੀ ਖਾਂਦੇ ਅਕਸਰ ਉਹ ਇੱਕ ਦੂਸਰੇ ਦੀ ਘਿਰਣਾ ਦੇ ਪਾਤਰ ਬਣ ਜਾਂਦੇ ਹਨ। ਕਿਉਂਕਿ ਇਹ ਮਨੁੱਖੀ ਸੁਭਾਅ ਦਾ ਗੁਣ ਹੈ ਕਿ ਇਹ ਆਪਣੇ ਆਪ ਨੂੰ ਸਰਵਉੱਚ ਅਤੇ ਹਰ ਜਗ੍ਹਾ ਸਹੀ ਸਮਝਦਾ ਹੈ।

ਮਨੋਵਿਗਿਆਨਕ ਸਿਧਾਂਤ ਹੈ ਕਿ ਇਸ ਕੁਦਰਤ ਵਿੱਚ ਤੁਸੀਂ ਜਿਵੇਂ ਦਾ ਕਿਸੇ ਬਾਰੇ ਸੋਚੋਗੇ ਉਹ ਵੀ ਤੁਹਾਡੇ ਬਾਰੇ ਉਸੇ ਤਰ੍ਹਾਂ ਦੇ ਵਿਚਾਰ ਹੀ ਰੱਖੇਗਾ। ਜੇਕਰ ਤੁਸੀਂ ਕਿਸੇ ਨੂੰ ਪਿਆਰ ਨਾਲ ਯਾਦ ਕਰ ਰਹੇ ਹੋ ਤਾਂ ਅਗਲਾ ਮਨੁੱਖ ਵੀ ਤੁਹਾਨੂੰ ਯਾਦ ਕਰ ਰਿਹਾ ਹੁੰਦਾ, ਇਸ ਦੀ ਇੱਕ ਬਹੁਤ ਹੀ ਆਮ ਜਿਹੀ ਉਦਾਹਰਣ ਹੈ ਕਿ ਅਕਸਰ ਕਿਸੇ ਕਰੀਬੀ ਨੂੰ ਯਾਦ ਕਰਦਿਆਂ, ਉਸ ਦਾ ਅਚਾਨਕ ਫੋਨ ਆ ਜਾਣਾ, ਜਾਂ ਉਸਦਾ ਤੁਹਾਡੇ ਸਾਹਮਣੇ ਆ ਜਾਣਾ ਇਸੇ ਵਰਤਾਰੇ ਦਾ ਨਤੀਜਾ ਹੈ ਕਿ ਉਹ ਮਨੁੱਖ ਵੀ ਤੁਹਾਨੂੰ ਯਾਦ ਕਰ ਰਿਹਾ ਹੁੰਦਾ ਹੈ। ਇਸੇ ਤਰ੍ਹਾਂ ਜੇਕਰ ਅਸੀਂ ਕਿਸੇ ਬਾਰੇ ਚੰਗਾ ਸੋਚਦੇ ਹਾਂ ਤਾਂ ਉਹ ਵੀ ਸਾਡੇ ਬਾਰੇ ਚੰਗਾ ਸੋਚਦਾ ਹੈ, ਪਰੰਤੂ ਜੇਕਰ ਸਾਡੇ ਦਿਲ ਵਿੱਚ ਕਿਸੇ ਪ੍ਰ‍ਤੀ ਨਫ਼ਰਤ ਘਰ ਕਰੀ ਬੈਠੀ ਹੈ ਤਾਂ ਯਕੀਨਨ ਉਹ ਵੀ ਤੁਹਾਨੂੰ ਘਿਰਣਾ ਹੀ ਕਰਦਾ ਹੋਵੇਗਾ।

ਜਦੋਂ ਕੋਈ ਕਿਸੇ ਦੀ ਘਿਰਣਾ ਦਾ ਸ਼ਿਕਾਰ ਹੁੰਦਾ ਹੈ ਤਾਂ ਇਸਦੇ ਕਈ ਕਾਰਣ ਹੋ ਸਕਦੇ ਹਨ, ਜਿਵੇ ਕਿ ਵਿਚਾਰਾਂ ਦਾ ਨਾ ਮਿਲਣਾ, ਬਦਲਾਖੋਰੀ, ਕਿਸੇ ਦੇ ਅੱਗੇ ਵੱਧਣਾ ਆਦਿ। ਅਕਸਰ ਪਰਿਵਾਰਾਂ ਵਿੱਚ, ਦਫਤਰਾਂ ਵਿੱਚ, ਸਮਾਜ ਵਿੱਚ ਜਦੋਂ ਮਨੁੱਖਾਂ ਦੇ ਇੱਕ ਦੂਸਰੇ ਨਾਲ ਵਿਚਾਰ ਨਹੀ ਮਿਲਦੇ ਤਾਂ ਉਹ ਆਪਣੇ ਆਪ ਨੂੰ ਸਹੀ ਸਾਬਿਤ ਕਰਨ ਲਈ ਦੂਸਰੇ ਨੂੰ ਨਿੰਦਣਾ ਸ਼ੁਰੂ ਕਰ ਦਿੰਦੇ ਹਨ, ਇਥੋਂ ਸ਼ੁਰੂ ਹੋਇਆ ਇਹ ਸਿਲਸਿਲਾ ਅੰਤ ਨਫ਼ਰਤ ਵਿੱਚ ਬਦਲ ਜਾਂਦਾ ਹੈ।

ਇਸ ਦੁਨੀਆਂ ਵਿੱਚ ਜਿੰਨੀਆਂ ਵੀ ਪ੍ਰਕਿਰਤੀਆਂ ਹਨ, ਹਰ ਕੋਈ ਇੱਕ ਦੂਸਰੇ ਤੋਂ ਵੱਖਰਾ ਹੈ। ਮਨੁੱਖੀ ਸ਼ਕਲਾਂ ਵੱਖਰੀਆਂ ਹਨ, ਮਨੁੱਖੀ ਸੁਭਾਅ ਵੱਖਰੇ ਹਨ, ਮਨੁੱਖ ਦੀ ਪਸੰਦ ਨਾਪਸੰਦ ਵੱਖਰੀ ਹੈ, ਅਤੇ ਵਿਚਾਰ ਵੱਖਰੇ ਵੱਖਰੇ ਹਨ। ਵਿਚਾਰਾਂ ਵਿੱਚ ਇਕਸਾਰਤਾ ਨਾ ਹੋਣ ਦਾ ਅਰਥ ਇਹ ਨਹੀਂ ਕਿ ਅਸੀਂ ਇੱਕ ਦੂਸਰੇ ਨੂੰ ਨਫ਼ਰਤ ਕਰਨਾ ਸ਼ੁਰੂ ਕਰ ਦੇਈਏ। ਹਰ ਮਨੁੱਖ ਦੇ ਵਿਚਾਰ , ਸੋਚ ਅਲੱਗ ਹੈ। ਕਿੰਨਾਂ ਵਧੀਆ ਹੋਵੇ ਜੇਕਰ ਅਸੀਂ ਇੱਕ ਦੂਸਰੇ ਦੇ ਵਿਚਾਰਾਂ ਦਾ ਨਿਰਾਦਰ ਕਰਨ ਦੀ ਬਜਾਇ ਉਹਨਾਂ ਦਾ ਸਤਿਕਾਰ ਕਰਨ ਲੱਗ ਜਾਈਏ। ਕਿੰਨਾ ਵਧੀਆ ਹੋਵੇ ਜੇਕਰ ਅਸੀਂ ਆਪਣੀ ਸਰਵਉੱਚਤਾ ਨੂੰ ਸਾਬਿਤ ਕਰਨ ਲਈ ਕਿਸੇ ਨੂੰ ਨੀਵਾਂ ਦਿਖਾਉਣਾ ਬੰਦ ਕਰ ਦੇਈਏ।

ਜ਼ਰੂਰੀ ਨਹੀਂ ਹੁੰਦਾ ਕਿ ਤੁਸੀਂ ਹਰ ਇੱਕ ਦੇ ਵਿਚਾਰਾਂ ਨਾਲ ਸਹਿਮਤ ਹੋਵੋ ਅਤੇ ਹਰ ਕੋਈ ਤੁਹਾਡੇ ਵਿਚਾਰਾਂ ਨਾਲ ਸਹਿਮਤ ਹੋਵੇ, ਬਲਕਿ ਕਿ ਜ਼ਰੂਰੀ ਇਹ ਹੈ ਕਿ ਤੁਸੀਂ ਆਪਣੇ ਵਿਚਾਰਾਂ ਦੇ ਨਾਲ ਨਾਲ ਦੂਸਰੇ ਦੇ ਪੱਖ ਨੂੰ ਵੀ ਸੁਣੋ। ਪਰਿਵਾਰਾਂ ਵਿੱਚ ਜਦੋਂ ਰਿਸ਼ਤੇ ਖਰਾਬ ਹੁੰਦੇ ਹਨ ਤਾਂ ਉਹਨਾਂ ਦਾ ਮੂਲ ਕਾਰਣ ਇੱਕ ਦੂਸਰੇ ਦੇ ਵਿਚਾਰਾਂ ਦਾ ਨਿਰਾਦਰ ਕਰਨਾ ਹੈ, ਜਦੋਂ ਕਿਸੇ ਵੀ ਪਰਿਵਾਰਿਕ ਮੈਂਬਰ ਦੀ ਪੂਰੀ ਗੱਲ ਸੁਣੇ ਬਿਨਾਂ ਉਸਨੂੰ ਚੁੱਪ ਕਰਵਾ ਦਿੱਤਾ ਜਾਂਦਾ ਹੈ ਜਾਂ ਅਣਗੋਲਿਆ ਕੀਤਾ ਜਾਂਦਾ ਹੈ ਤਾਂ ਅਜਿਹੇ ਵਿੱਚ ਉਸ ਵਿਅਕਤੀ ਦੇ ਦਿਲ ਵਿੱਚ ਪਰਿਵਾਰ ਪ੍ਰਤੀ ਪਿਆਰ ਅਤੇ ਸਤਿਕਾਰ ਘੱਟ ਜਾਂਦਾ ਹੈ, ਜਿਸਦੀ ਜਗ੍ਹਾ ਫਿਰ ਘਿਰਣਾ ਲੈ ਲੈਂਦੀ ਹੈ। ਇਸ ਸਭ ਵਰਤਾਰੇ ਦਾ ਨਤੀਜਾ ਕਲੇਸ਼, ਪਰਿਵਾਰਿਕ ਝਗੜੇ ਆਦਿ ਵੱਜੋਂ ਨਿਕਲਦੇ ਹਨ।

ਹੁਣ ਸਵਾਲ ਇਹ ਹੈ ਕਿ ਘਿਰਣਾ ਨੂੰ ਖਤਮ ਕਿਵੇਂ ਕੀਤਾ ਜਾ ਸਕਦਾ ਹੈ, ਇਸਦਾ ਬਹੁਤ ਹੀ ਆਸਾਨ ਜਵਾਬ ਹੈ ਪਿਆਰ। ਜੇਕਰ ਅਸੀਂ ਸੋਚੀਏ ਕਿ ਘਿਰਣਾ ਨੂੰ ਘਿਰਣਾ ਨਾਲ ਖ਼ਤਮ ਕੀਤਾ ਜਾ ਸਕਦਾ ਹੈ ਤਾਂ ਅਸੀਂ ਗਲਤ ਹਾਂ, ਘਿਰਣਾ, ਘਿਰਣਾ ਨਾਲ ਨਹੀਂ ਬਲਕਿ ਪਿਆਰ ਨਾਲ ਖਤਮ ਕੀਤੀ ਜਾ ਸਕਦੀ ਹੈ। ਸਾਡੇ ਮਨ, ਸੁਭਾਅ ਵਿੱਚ ਏਨੀ ਸ਼ਾਂਤੀ ਹੋਣੀ ਚਾਹੀਦੀ ਹੈ ਕਿ ਕਿਸੇ ਵੀ ਚੰਗੇ ਮਾੜੇ ਵਿਵਹਾਰ ਦਾ ਸਾਡੇ ਉੱਪਰ ਕੋਈ ਅਸਰ ਨਾ ਹੋ ਸਕੇ। ਜੇਕਰ ਤੁਸੀਂ ਕਿਸੇ ਦੇ ਵਿਚਾਰਾਂ ਨਾਲ ਅਸਹਿਮਤ ਹੋ ਤਾਂ ਤੁਸੀਂ ਉਸਨੂੰ ਜਲੀਲ ਜਾਂ ਉਸਦੀ ਨਿੰਦਿਆ ਕਰਨ ਦੀ ਬਜਾਇ ਇਹ ਕਹਿ ਸਕਦੇ ਹੋ ਕਿ ਮੈਂ ਤੁਹਾਡੇ ਵਿਚਾਰਾਂ ਦੀ ਕਦਰ ਕਰਦਾ ਹਾਂ ਪਰ ਮੇਰੇ ਵਿਚਾਰ ਕੁਝ ਅਲੱਗ ਹਨ। ਅਜਿਹੀ ਹਲੀਮੀ ਨਾਲ ਗੱਲ ਕਰਨ ਨਾਲ ਇੱਕ ਤਾਂ ਤੁਹਾਡੀ ਪ੍ਰਭਾਵਸ਼ਾਲੀ ਸ਼ਖਸੀਅਤ ਸਾਹਮਣੇ ਆਵੇਗੀ ਅਤੇ ਦੂਸਰਾ ਕੋਈ ਤੁਹਾਡੇ ਨਾਲ ਘਿਰਣਾ ਨਹੀਂ ਕਰੇਗਾ। ਦੂਸਰੇ ਪਾਸੇ ਜੇਕਰ ਕੋਈ ਤੁਹਾਡੇ ਨਾਲ ਸਹਿਮਤ ਨਹੀਂ ਹੈ ਤਾਂ ਉਸ ਨਾਲ ਨਫ਼ਰਤ ਕਰਨ ਦੀ ਬਜਾਇ ਉਸਦਾ ਪੱਖ ਸੁਣੋ ਅਤੇ ਉਸਦੇ ਵਿਚਾਰਾਂ ਦਾ ਸਤਿਕਾਰ ਕਰੋ। ਇਸ ਤੋਂ ਇਲਾਵਾ ਕਿਸੇ ਨੂੰ ਅੱਗੇ ਵੱਧਦਾ ਵੇਖ ਕੇ ਜੇਕਰ ਤੁਹਾਡੇ ਮਨ ਵਿੱਚ ਉਸ ਪ੍ਰਤੀ ਘਿਰਣਾ ਪੈਦਾ ਹੋ ਰਹੀ ਹੈ, ਇਹ ਤੁਹਾਡੇ ਵਿੱਚ ਬਹੁਤ ਵੱਡੀ ਕਮੀ ਹੈ, ਜੇਕਰ ਕੋਈ ਸਫ਼ਲ ਹੋ ਰਿਹਾ ਹੈ ਤਾਂ ਇਹ ਉਸਦੀ ਮਿਹਨਤ ਦਾ ਫ਼ਲ ਹੈ, ਅਜਿਹੇ ਵਿੱਚ ਤੁਹਾਨੂੰ ਚਾਹੀਦਾ ਹੈ ਕਿ ਕਿਸੇ ਨਾਲ ਨਫ਼ਰਤ ਕਰਨ ਦੀ ਬਜਾਇ ਤੁਸੀਂ ਵੀ ਮਿਹਨਤ ਕਰੋ ਅਤੇ ਸਫ਼ਲ ਹੋਵੋ। ਕਿਸੇ ਨੂੰ ਕਾਮਯਾਬ ਹੁੰਦੇ ਵੇਖ ਉਸ ਨਾਲ ਘਿਰਣਾ ਕਰਨੀ ਇੱਕ ਚੰਗੀ ਸ਼ਖਸੀਅਤ ਦਾ ਗੁਣ ਨਹੀਂ ਹੈ। ਤੁਹਾਡਾ ਫਰਜ਼ ਬਣਦਾ ਹੈ ਕਿ ਜੇਕਰ ਕੋਈ ਆਪਣੀ ਮਿਹਨਤ ਦੇ ਸਦਕਾ ਅੱਗੇ ਵੱਧ ਰਿਹਾ ਹੈ ਤਾਂ ਉਸਤੋਂ ਸਬਕ ਲਿਆ ਜਾਵੇ, ਉਸਦੀ ਹੌਸਲਾ ਅਫਜਾਈ ਕੀਤੀ ਜਾਵੇ।

ਅਸੀਂ ਸਾਰੇ ਇੱਕ ਪਰਮਾਤਮਾ ਦੇ ਬੱਚੇ ਹਾਂ ਅਤੇ ਸਾਰੇ ਬਰਾਬਰ ਹਾਂ, ਸਾਡਾ ਫ਼ਰਜ ਬਣਦਾ ਹੈ ਕਿ ਅਸੀਂ ਸਾਰੇ ਇੱਕ ਦੂਸਰੇ ਨਾਲ ਪਿਆਰ ਮੁੱਹਬਤ ਨਾਲ ਮਿਲਜੁਲ ਕੇ ਰਹੀਏ। ਹਰ ਇੱਕ ਬਾਰੇ ਚੰਗਾ ਸੋਚੀਏ ਤਾਂ ਜੋ ਸਾਡੇ ਬਾਰੇ ਵੀ ਹਰ ਕੋਈ ਚੰਗੀ ਸੋਚ ਰੱਖੇ।ਆਓ ਅਜਿਹਾ ਸਮਾਜ ਸਿਰਜੀਏ ਜਿਸ ਵਿੱਚ ਨਫ਼ਰਤ, ਦਵੇਸ਼, ਈਰਖਾ ਦਾ ਕੋਈ ਅੰਸ਼ ਨਾ ਹੋਵੇ ਬਲਕਿ ਹਰ ਪਾਸੇ ਆਪਸੀ ਪਿਆਰ ਅਤੇ ਮਿਲਵਰਤਨ ਦੀ ਖੁਸ਼ਬੂ ਆਉਂਦੀ ਹੋਵੇ। ਆਓ ਸਾਰੇ ਇੱਕ ਚੰਗੇ ਸਮਾਜ ਦੀ ਸਿਰਜਣਾ ਲਈ ਆਪਸੀ ਨਫ਼ਰਤ, ਵੈਰ ਵਿਰੋਧ ਨੂੰ ਖਤਮ ਕਰ ਪਿਆਰ ਨਾਲ ਮਿਲਜੁਲ ਕੇ ਰਹੀਏ ਕਿਉਂਕਿ ਘਿਰਣਾ ਸਿਰਫ਼ ਪਿਆਰ ਨਾਲ ਖਤਮ ਕੀਤੀ ਜਾ ਸਕਦੀ ਹੈ।

# ਪੰਜਾਬੀ ਨੌਜਵਾਨਾਂ ਨੂੰ ਕਾਨੂੰਨੀ ਢੰਗ ਨਾਲ ਪ੍ਰਵਾਸ ਕਰਨ 'ਚ ਸਰਕਾਰ ਦੀ ਕੀ ਭੂਮਿਕਾ ਹੋਵੇ ?

**ਡਾ. ਅੰਮ੍ਰਿਤ ਸਾਗਰ ਮਿੱਤਲ**
ਲੇਖਕ ਪੰਜਾਬ ਆਰਥਿਕ ਨੀਤੀ ਤੇ ਯੋਜਨਾ ਬੋਰਡ ਦੇ ਉਪ ਚੇਅਰਮੈਨ (ਕੈਬਨਿਟ ਮੰਤਰੀ ਰੈਂਕ) ਵੀ ਹਨ।

ਰਿਜ਼ਰਵ ਬੈਂਕ ਆਫ਼ ਇੰਡੀਆ (ਆਰ.ਬੀ.ਆਈ.) ਦੇ ਹਾਲੀਆ ਬੁਲੇਟਿਨ ਤੋਂ ਪਤਾ ਲੱਗਾ ਹੈ ਕਿ ਭਾਰਤ ਫਿਰ ਤੋਂ ਦੁਨੀਆਂ ਦਾ ਸਭ ਤੋਂ ਵੱਧ ਵਿਦੇਸ਼ੀ ਧਨ ਪ੍ਰਾਪਤ ਕਰਨ ਵਾਲਾ (ਰੈਮਿਟੈਂਸ) ਦੇਸ਼ ਬਣਿਆ ਹੋਇਆ ਹੈ, ਜਿਸ ਨੇ 2024 ਵਿੱਚ ਹੁਣ ਤੱਕ ਦੇ ਸਭ ਤੋਂ ਜ਼ਿਆਦਾ 129.1 ਅਰਬ ਅਮਰੀਕੀ ਡਾਲਰ ਪ੍ਰਾਪਤ ਕੀਤੇ ਹਨ ਜੋ ਰਾਸ਼ਟਰੀ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦਾ 3.4 ਫ਼ੀਸਦੀ ਅਤੇ ਵਿਸ਼ਵਵਿਆਪੀ ਪ੍ਰਵਾਹ ਦਾ 14.3 ਫ਼ੀਸਦੀ ਬਣਦਾ ਹੈ। ਇਹ ਕਮਾਈ ਦੇਸ਼ ਦੇ ਵਪਾਰਕ ਨਿਰਯਾਤ ਦੇ ਲਗਭਗ 30 ਫ਼ੀਸਦੀ ਦੇ ਬਰਾਬਰ ਹੈ। ਇਸ ਆਰਥਿਕ ਪ੍ਰਾਪਤੀ ਦੇ ਕੇਂਦਰ ਵਿੱਚ ਭਾਰਤੀ ਪ੍ਰਵਾਸੀ ਹਨ ਜੋ ਉਤਸ਼ਾਹਪੂਰਨ, ਅਨੁਕੂਲਤਾ, ਲਚਕੀਲੇ, ਸਾਧਨ ਭਰਪੂਰ ਤੇ ਵਿਸ਼ਵ ਪੱਧਰ 'ਤੇ ਢੁਕਵੇਂ ਹੋਣ ਦਾ ਪ੍ਰਤੀਕ ਹਨ।

ਪੰਜਾਬ ਲਈ ਪ੍ਰਵਾਸ ਇੱਕ ਅੰਕੜੇ ਤੋਂ ਕਿਤੇ ਵੱਧ ਕੇ ਹੈ, ਇਹ ਸਮਾਜਿਕ-ਆਰਥਿਕ ਤਾਣੇ-ਬਾਣੇ ਵਿੱਚ ਬੁਣੀ ਗਈ ਇੱਕ ਵਿਰਾਸਤ ਹੈ। ਸੂਬੇ ਨੂੰ 2024 ਵਿੱਚ ਪ੍ਰਵਾਸੀਆਂ ਰਾਹੀਂ 32,535 ਕਰੋੜ ਰੁਪਏ ਦੀ ਰਕਮ ਪ੍ਰਾਪਤ ਹੋਈ ਸੀ ਜੋ ਇਸ ਦੇ ਵਪਾਰਕ ਨਿਰਯਾਤ ਦੇ 56 ਫ਼ੀਸਦੀ ਤੋਂ ਵੱਧ ਅਤੇ ਇਸ ਦੀ ਜੀ.ਡੀ.ਪੀ. ਤੋਂ 4.6 ਫ਼ੀਸਦੀ ਤੋਂ ਵੱਧ ਹੈ, ਇਹ ਧਨ ਪ੍ਰਾਪਤੀ ਸਿੱਧੇ ਤੌਰ 'ਤੇ ਪੇਂਡੂ ਰੋਜ਼ੀ-ਰੋਟੀ ਨੂੰ ਮਜ਼ਬੂਤ ਕਰਦੀ ਹੈ ਅਤੇ ਸਥਾਨਕ ਅਰਥਚਾਰਿਆਂ ਨੂੰ ਵੀ ਉਤਸ਼ਾਹਿਤ ਕਰਦੀ ਹੈ। ਫਿਰ ਵੀ ਪੰਜਾਬ ਦੇ ਪ੍ਰਵਾਸ ਦੀ ਇਹ ਕਹਾਣੀ ਇੱਕ ਹਨੇਰੇ ਅੰਤਰ ਪ੍ਰਵਾਹ (ਅੰਡਰਕਰੰਟ) ਤੋਂ ਪ੍ਰਭਾਵਿਤ-ਅਸੁਰੱਖਿਅਤ 'ਡੰਕੀ ਰੂਟ', ਬੇਈਮਾਨ ਏਜੰਟਾਂ ਤੇ ਬਿਨਾਂ ਲਾਜ਼ਮੀ ਦਸਤਾਵੇਜ਼ਾਂ ਨਾਲ ਪ੍ਰਵਾਸ ਕਰਨ ਦੀ ਵਧਦੀ ਲਹਿਰ ਦੇ ਰੂਪ ਵਿੱਚ ਵੀ ਹੈ। ਹੁਣ ਮੁੜ ਤੋਂ ਸ਼ੁਰੂਆਤ ਕਰਨ ਦਾ ਸਮਾਂ ਹੈ। ਪੰਜਾਬ ਨੂੰ ਜ਼ਿੰਮੇਵਾਰ ਤੇ ਨਿਯੰਤ੍ਰਿਤ ਪ੍ਰਵਾਸ ਲਈ ਇੱਕ ਬਦਲਾਅ ਦੀ ਅਗਵਾਈ ਕਰਨੀ ਹੋਵੇਗੀ ਜੋ ਹੁਨਰ-ਨਿਰਮਾਣ, ਕਾਨੂੰਨੀ ਮਾਰਗਾਂ ਅਤੇ ਮਜ਼ਬੂਤ ਦੁਵੱਲੇ ਸਮਝੌਤਿਆਂ 'ਤੇ ਆਧਾਰਿਤ ਹੋਵੇ। ਜੋ ਇੱਕ ਜੀਵੰਤ ਪ੍ਰਵਾਸੀ ਭਾਈਚਾਰਾ (ਡਾਇਸਪੋਰਾ) ਅਤੇ ਮੌਕੇ ਦੀ ਭਾਲ ਲਈ ਤਤਪਰ ਨੌਜਵਾਨਾਂ ਦੇ ਇਸ ਪ੍ਰਵਾਸ ਨੂੰ ਰਾਜ ਖੁਦ ਗੈਰ-ਕਾਨੂੰਨੀ ਪ੍ਰਵਾਸ ਦੇ ਕੇਂਦਰ ਤੋਂ ਇਸ ਨੂੰ ਨੀਤੀ-ਆਧਾਰਿਤ, ਸੁਰੱਖਿਅਤ ਗਤੀਸ਼ੀਲਤਾ ਦੇ ਇੱਕ ਮਾਡਲ ਵਿੱਚ ਬਦਲ ਸਕਦਾ ਹੈ।

ਵਿਦੇਸ਼ ਮੰਤਰਾਲੇ ਦੁਆਰਾ ਪ੍ਰਸਤਾਵਿਤ ਓਵਰਸੀਜ਼ ਮੋਬਿਲਿਟੀ (ਸਹੂਲਤ ਤੇ ਭਲਾਈ) ਬਿੱਲ, 2024 ਜੋ 1983 ਦੇ ਪੁਰਾਣੇ ਇਮੀਗ੍ਰੇਸ਼ਨ ਐਕਟ ਨੂੰ ਸੁਰੱਖਿਅਤ ਤੇ ਢਾਂਚਾਗਤ ਵਿਦੇਸ਼ੀ ਰੁਜ਼ਗਾਰ ਲਈ ਇੱਕ ਵਿਆਪਕ ਢਾਂਚੇ ਨਾਲ ਬਦਲਣ ਦੀ ਕੋਸ਼ਿਸ਼ ਕਰਦਾ ਹੈ। ਪਰ ਇਕੱਲਾ ਕਾਨੂੰਨ ਬਣਾਉਣਾ ਹੀ ਕਾਫ਼ੀ ਨਹੀਂ ਹੋਵੇਗਾ। ਇੱਕ ਸੁਰੱਖਿਅਤ ਢਾਂਚਾਗਤ, ਪਾਰਦਰਸ਼ੀ, ਜਵਾਬਦੇਹ ਤੇ ਪ੍ਰਭਾਵਸ਼ਾਲੀ ਪ੍ਰਵਾਸ ਲਈ ਸ਼ਾਸਨ ਪ੍ਰਣਾਲੀ ਬਣਾਉਣ ਵਾਸਤੇ ਵਿਦੇਸ਼ ਮੰਤਰਾਲੇ ਵੱਲੋਂ ਸੂਬਾ ਸਰਕਾਰਾਂ ਨਾਲ ਤਾਲਮੇਲ ਕਰਨਾ ਬਹੁਤ ਜ਼ਰੂਰੀ ਹੈ। ਸਹੀ ਤਰੀਕੇ ਨਾਲ ਕੀਤਾ ਪ੍ਰਵਾਸ ਸਿਰਫ਼ ਜੀਵਤ ਰਹਿਣ ਦਾ ਸਾਧਨ ਨਹੀਂ ਹੋਵੇਗਾ, ਸਗੋਂ ਇਹ ਸਥਾਈ/ਟਿਕਾਊ ਖੁਸ਼ਹਾਲੀ ਵਾਲੀ ਰਣਨੀਤੀ ਹੋ ਸਕਦੀ ਹੈ।

## ਪੰਜਾਬ ਲਈ ਇੱਕ ਖਿੜਕੀ

ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ (ਓ.ਈ.ਸੀ.ਡੀ.) ਦੇ ਮੈਂਬਰ-ਅਮਰੀਕਾ, ਯੂ.ਕੇ., ਜਾਪਾਨ, ਜਰਮਨੀ ਅਤੇ ਫਰਾਂਸ ਸਮੇਤ ਉੱਚ-ਆਮਦਨ ਵਾਲੇ 38 ਦੇਸ਼ ਜੋ ਪ੍ਰਵਾਸੀ ਭਾਰਤੀਆਂ ਲਈ ਕਮਾ ਕੇ ਪੈਸੇ ਭੇਜਣ ਦਾ ਮੁੱਖ ਸਰੋਤ ਰਹੇ ਹਨ, ਇਹ ਦੇਸ਼ 2030 ਤੱਕ ਲਗਭਗ 4-5 ਕਰੋੜ ਕਾਰਜ ਬਲ (ਵਰਕ ਫੋਰਸ) ਦੀ ਕਮੀ ਦਾ ਸਾਹਮਣਾ ਕਰ ਰਹੇ ਹਨ, ਰਿਜ਼ਰਵ ਬੈਂਕ ਅਨੁਸਾਰ 2040 ਤੱਕ ਇਸ ਦੇ 16 ਕਰੋੜ ਤੱਕ ਵਧਣ ਦੀ ਉਮੀਦ ਹੈ। ਇਹ ਦੇਸ਼ ਸਿਹਤ ਸੰਭਾਲ, ਲੋਜਿਸਟਿਕਸ, ਨਿਰਮਾਣ, ਸਿੱਖਿਆ ਅਤੇ ਇੰਜੀਨੀਅਰਿੰਗ ਖੇਤਰ ਵਿੱਚ ਪਹਿਲਾਂ ਹੀ ਕਿਰਤ ਸ਼ਕਤੀ ਦੀ ਗੰਭੀਰ ਕਮੀ ਦਾ ਸਾਹਮਣਾ ਕਰ ਰਹੇ ਹਨ ਅਤੇ ਇਹ ਦੇਸ਼ ਇਨ੍ਹਾਂ ਖਾਲੀ ਥਾਂਵਾਂ ਨੂੰ ਭਰਨ ਲਈ ਵਿਦੇਸ਼ਾਂ ਵੱਲ ਵੇਖਦੇ ਹਨ। ਪੰਜਾਬ ਨੇ ਆਪਣੀ ਵਿਲੱਖਣ ਸਥਿਤੀ ਤੇ ਸਮਰੱਥਾ ਨਾਲ ਅਜਿਹੇ ਸ਼ਾਨਦਾਰ ਮੌਕਿਆਂ ਨੂੰ ਹਾਸਿਲ ਕਰਨ ਵਿੱਚ ਅਗਵਾਈ ਕੀਤੀ ਹੈ।

## ਨਿਵੇਸ਼ ਤੇ ਨਿਰਯਾਤ

ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਦੀ ਆਰਥਿਕ ਰਣਨੀਤੀ ਨੂੰ ਵਿਸ਼ਾਲ ਕੀਤਾ ਜਾਵੇ। 'ਪੰਜਾਬ ਵਿੱਚ ਨਿਵੇਸ਼ ਕਰੋ' ਪਹੁੰਚ ਪੂੰਜੀ ਨੂੰ ਆਕਰਸ਼ਿਤ ਕਰਨ 'ਤੇ ਕੇਂਦ੍ਰਿਤ ਹੈ, ਜਦਕਿ ਸੂਬੇ ਨੂੰ 'ਪੰਜਾਬ ਤੋਂ ਪ੍ਰਤਿਭਾ ਨਿਰਯਾਤ ਕਰੋ' ਪਹੁੰਚ ਅਪਨਾਉਣੀ ਚਾਹੀਦੀ ਹੈ। ਇਹ ਇੱਕ ਅਜਿਹਾ ਤਰੀਕਾ ਜੋ ਹੁਨਰਮੰਦ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਪ੍ਰਵਾਸ ਲਈ ਸਿਖਲਾਈ, ਸਮਰਥਨ ਅਤੇ ਕਾਨੂੰਨੀ ਤੌਰ 'ਤੇ ਸਹੂਲਤ ਪ੍ਰਦਾਨ ਕਰਦਾ ਹੈ। ਇਹ ਰਣਨੀਤੀ ਬੇਰੁਜ਼ਗਾਰੀ ਨੂੰ ਘਟਾ ਕੇ ਢਾਂਚਾਗਤ ਸ਼ਮੂਲੀਅਤ ਦੁਆਰਾ ਦਿਮਾਗੀ ਨਿਕਾਸ ਨੂੰ ਰੋਕ ਸਕਦੀ ਹੈ। ਇਸ ਪਹੁੰਚ ਦਾ ਸੰਭਾਵੀ ਆਰਥਿਕ ਪ੍ਰਭਾਵ ਕਾਫ਼ੀ ਜ਼ਿਆਦਾ ਹੈ ਅਤੇ ਇਹ ਸੂਬੇ ਲਈ ਇੱਕ ਨਵਾਂ ਮਾਲੀਆ ਸਰੋਤ ਪੈਦਾ ਕਰ ਸਕਦੀ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇੱਕ ਜ਼ਿੰਮੇਵਾਰ ਪ੍ਰਵਾਸ ਢਾਂਚਾ ਸਥਾਪਿਤ ਕਰਨਾ ਜ਼ਰੂਰੀ ਹੈ। ਅਜਿਹਾ ਢਾਂਚਾ ਗੈਰ-ਕਾਨੂੰਨੀ ਪ੍ਰਵਾਸ ਰੂਟਾਂ ਨਾਲ ਜੁੜੇ ਜੋਖ਼ਮਾਂ ਨੂੰ ਖ਼ਤਮ ਕਰੇਗਾ, ਜਿਸ ਨੇ ਅਕਸਰ ਪੰਜਾਬੀ ਨੌਜਵਾਨਾਂ ਨੂੰ ਖ਼ਤਰਨਾਕ ਤੇ ਸ਼ੋਸ਼ਣ ਵਾਲੀਆਂ ਸਥਿਤੀਆਂ ਵਿੱਚ ਪਾਇਆ ਹੈ।

## ਪੰਜਾਬ ਲਈ ਰਣਨੀਤਕ ਕਦਮ

ਪੰਜਾਬ ਕੋਲ ਕਾਨੂੰਨੀ ਪ੍ਰਵਾਸ ਦਾ ਲਾਭ ਉਠਾਉਣ ਲਈ ਇੱਕ ਰਾਸ਼ਟਰੀ ਮਾਡਲ ਵਜੋਂ ਉਭਰਨ ਦੀ ਸਮਰੱਥਾ ਹੈ, ਉਹ ਮੁਸੀਬਤ ਦੇ ਸੰਕੇਤ ਦੀ ਬਜਾਏ ਆਰਥਿਕ ਵਿਕਾਸ ਲਈ ਇੱਕ ਸ਼ਕਤੀਸ਼ਾਲੀ ਇੰਜਣ ਵਜੋਂ ਅੱਗੇ ਵਧ ਸਕਦਾ ਹੈ। ਆਪਣੇ ਨੌਜਵਾਨਾਂ ਦੀਆਂ ਇੱਛਾਵਾਂ ਨੂੰ ਵਿਸ਼ਵਵਿਆਪੀ ਕਾਰਜਬਲ ਦੀਆਂ ਮੰਗਾਂ ਨਾਲ ਰਣਨੀਤਕ ਤੌਰ 'ਤੇ ਜੋੜ ਕੇ ਪੰਜਾਬ ਰੁਜ਼ਗਾਰ ਦੇ ਭਰਪੂਰ ਮੌਕੇ ਪੈਦਾ ਕਰ ਸਕਦਾ ਹੈ। ਇਹ ਪਹਿਲ ਪੰਜਾਬ ਦੇ ਹੁਨਰਮੰਦ ਰਾਜਦੂਤਾਂ ਨੂੰ ਵਿਦੇਸ਼ ਭੇਜਣ ਬਾਰੇ ਹੈ, ਜੋ ਸਾਡੇ ਸੱਭਿਆਚਾਰ, ਪੇਸ਼ਵਾਰਤਾ ਅਤੇ ਮਾਣ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਲੈ ਜਾਣਗੇ।

1. ਵਿਦੇਸ਼ੀ ਰੁਜ਼ਗਾਰ ਲਈ ਇੱਕ ਸੰਸਥਾਗਤ ਢਾਂਚਾ ਸਥਾਪਿਤ ਕਰੋ- ਪੰਜਾਬ ਸਰਕਾਰ ਨੂੰ ਵਿਦੇਸ਼ ਮੰਤਰਾਲੇ ਨਾਲ ਮਿਲ ਕੇ ਇੱਕ ਸਮਰਪਿਤ ਵਿਦੇਸ਼ੀ ਰੁਜ਼ਗਾਰ ਤੇ ਪ੍ਰਵਾਸ ਵਿਭਾਗ ਸਥਾਪਿਤ ਕਰਨਾ ਚਾਹੀਦਾ ਹੈ। ਇਹ ਮਹੱਤਵਪੂਰਨ ਸੰਸਥਾ ਲਾਭਦਾਇਕ ਸੰਸਾਰਿਕ ਨੌਕਰੀ ਬਾਜ਼ਾਰਾਂ ਦੀ ਪਛਾਣ ਕਰ ਕੇ ਮਜ਼ਬੂਤ ਦੁਵੱਲੇ ਪ੍ਰਵਾਸ ਸਮਝੌਤਿਆਂ 'ਤੇ ਗੱਲਬਾਤ ਕਰੇਗੀ, ਜੋ ਅੰਤਰਰਾਸ਼ਟਰੀ ਮੰਗ ਨਾਲ ਹੁਨਰਾਂ ਨੂੰ ਇਕਸਾਰ ਕਰੇਗੀ ਅਤੇ ਕਾਮਿਆਂ ਦੇ ਅਧਿਕਾਰਾਂ ਦੀ ਸਖ਼ਤੀ ਨਾਲ ਰੱਖਿਆ ਕਰੇਗੀ।

2. ਹੁਨਰਾਂ ਨੂੰ ਗਲੋਬਲ ਮਿਆਰਾਂ ਨਾਲ ਇਕਸਾਰ ਕਰੋ-ਪੰਜਾਬ ਦੀਆਂ ਸਿੱਖਿਆ ਅਤੇ ਸਿਖਲਾਈ ਪ੍ਰਣਾਲੀਆਂ ਨੂੰ ਉੱਚ ਅੰਤਰਰਾਸ਼ਟਰੀ ਮੰਗ ਅਨੁਸਾਰ ਵਿਦੇਸ਼ੀ ਭਾਸ਼ਾਵਾਂ, ਹੁਨਰ ਤੇ ਤਕਨੀਕੀ ਯੋਗਤਾਵਾਂ ਅਨੁਸਾਰ ਏਕੀਕ੍ਰਿਤ ਕਰਨਾ ਚਾਹੀਦਾ ਹੈ। ਸੂਬਾ ਪ੍ਰਵਾਸ ਦੇ ਮੁੱਖ ਕਿਰਤ ਸ਼ਕਤੀ ਦੀ ਲੋੜ ਵਾਲੇ ਦੇਸ਼ਾਂ ਨਾਲ ਪੇਸ਼ਾਵਰਾਂ ਦੀਆਂ ਯੋਗਤਾਵਾਂ ਦੀ ਆਪਸੀ ਮਾਨਤਾ ਲਈ ਗਲੋਬਲ ਸੰਸਥਾਵਾਂ ਨਾਲ ਸਾਂਝੇ ਪ੍ਰਮਾਣੀਕਰਣਾਂ ਨੂੰ ਅੱਗੇ ਵਧਾਏ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੇ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਰੁਜ਼ਗਾਰ ਮਿਲ ਸਕੇ।

3. ਪ੍ਰਵਾਸੀਆਂ ਲਈ ਵਿੱਤੀ ਬੋਝ ਨੂੰ ਘੱਟ ਕਰੋ- ਸਿਖਲਾਈ, ਦਸਤਾਵੇਜ਼ੀਕਰਨ ਤੇ ਪ੍ਰਵਾਸ ਦੀਆਂ ਵਿੱਤੀ ਰੁਕਾਵਟਾਂ ਨੂੰ ਦੂਰ ਕੀਤਾ ਜਾਵੇ, ਜੋ ਅਕਸਰ ਖਾੜੀ ਦੇਸ਼ਾਂ ਲਈ 1-2 ਲੱਖ ਰੁਪਏ ਤੇ ਯੂਰਪ ਲਈ 5 ਤੋਂ 10 ਲੱਖ ਰੁਪਏ ਤੱਕ ਦਾ ਖ਼ਰਚ ਹੋ ਜਾਂਦਾ ਹੈ। ਪੰਜਾਬ ਨਵੀਆਂ ਵਿੱਤੀ ਵਿਧੀਆਂ ਪੇਸ਼ ਕਰਦਿਆਂ ਫਿਲੀਪੀਨਜ਼ ਦੇ ਮਾਲਕ ਸਟਾਫਿੰਗ ਏਜੰਸੀ-ਪੇ ਸਿਸਟਮ ਵਰਗਾ ਲਾਗਤ-ਵੰਡ ਮਾਡਲ ਲਾਗੂ ਕਰਨ ਲਈ ਮਾਲਕਾਂ ਨਾਲ ਭਾਈਵਾਲੀ ਕਰ ਸਕਦਾ ਹੈ।

4. ਮਜ਼ਬੂਤ ਦੁਵੱਲੇ ਸਮਝੌਤੇ ਕਰੋ-ਪੰਜਾਬ ਨੂੰ ਵੀਜ਼ਾ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ, ਨੌਕਰਸ਼ਾਹੀ ਰੁਕਾਵਟਾਂ ਨੂੰ ਖਤਮ ਕਰ ਕੇ ਪੰਜਾਬੀ ਹੁਨਰ ਯੋਗਤਾਵਾਂ ਦੀ ਪੂਰੀ ਮਾਨਤਾ ਨੂੰ ਯਕੀਨੀ ਬਣਾਉਣ ਲਈ ਮੰਜ਼ਿਲ ਵਾਲੇ ਦੇਸ਼ਾਂ ਨਾਲ ਸਰਗਰਮੀ ਨਾਲ ਜੁੜਨਾ ਚਾਹੀਦਾ ਹੈ। ਪੰਜਾਬ ਵੀ ਫਿਲੀਪੀਨਜ਼ ਵਾਂਗ ਅਜਿਹਾ ਕਰੇ, ਜਿਸ ਨੇ 65 ਤੋਂ ਵੱਧ ਦੇਸ਼ਾਂ ਨਾਲ ਸਮਝੌਤਿਆਂ ਸੰਬੰਧੀ ਗੱਲਬਾਤ ਕੀਤੀ ਹੈ ।5. ਇੱਕ ਗਤੀਸ਼ੀਲਤਾ ਉਦਯੋਗ ਸੰਸਥਾ ਬਣਾਓ-ਇੱਕ ਰਾਜ-ਪੱਧਰੀ ਗਤੀਸ਼ੀਲਤਾ ਕੌਂਸਲ ਸਥਾਪਿਤ ਕਰ ਕੇ ਭਰਤੀ ਏਜੰਸੀਆਂ, ਸਿਖਲਾਈ ਪ੍ਰਬੰਧਕਾਂ ਤੇ ਸਰਕਾਰੀ ਸੰਸਥਾਵਾਂ ਨੂੰ ਨਿੱਜੀ ਖੇਤਰ ਨਾਲ ਇਕਜੁੱਟ ਕੀਤਾ ਜਾਵੇ। ਅਭਿਆਸਾਂ ਨੂੰ ਮਿਆਰੀ ਬਣਾਉਣ, ਗੁਣਵੱਤਾ ਕੰਟਰੋਲ ਲਾਗੂ ਕਰਨ ਤੇ ਵਿਦੇਸ਼ੀ ਰੁਜ਼ਗਾਰ ਪ੍ਰਕਿਰਿਆ ਲਈ ਸੁਚਾਰੂ ਪ੍ਰਣਾਲੀ ਬਣਾਉਣ ਲਈ ਨਿੱਜੀ ਖੇਤਰ ਦੀ ਸ਼ਮੂਲੀਅਤ ਜ਼ਰੂਰੀ ਹੈ।

6. ਵਿਦੇਸ਼ਾਂ ਵਿੱਚ ਪ੍ਰਵਾਸੀ ਭਲਾਈ ਦੀ ਗਾਰੰਟੀ-ਅੰਤਰਰਾਸ਼ਟਰੀ ਕਿਰਤ ਸੰਗਠਨ (ਆਈ.ਐਲ.ਓ.) ਦੇ ਮਾਪਦੰਡਾਂ ਅਨੁਸਾਰ ਪੰਜਾਬ ਨੂੰ ਮਿਆਰੀ ਇਕਰਾਰਨਾਮਿਆਂ ਦੀ ਮੰਗ ਕਰਦਿਆਂ ਘੱਟੋ-ਘੱਟ ਉਜਰਤਾਂ ਨੂੰ ਲਾਗੂ ਕਰਨ, ਸਮੇਂ ਸਿਰ ਭੁਗਤਾਨ ਸੁਰੱਖਿਅਤ ਕਰਨ, ਸੁਰੱਖਿਅਤ ਰਿਹਾਇਸ਼ ਪ੍ਰਦਾਨ ਕਰਨ, ਸਿਹਤ ਸੰਭਾਲ ਨੂੰ ਯਕੀਨੀ ਬਣਾਉਣ ਲਈ ਸਾਡੇ ਪ੍ਰਵਾਸੀਆਂ ਲਈ ਕਾਨੂੰਨੀ ਸਹਾਇਤਾ ਦੀ ਗਾਰੰਟੀ ਦੇਣੀ ਪਵੇਗੀ। ਇਹ ਸੁਰੱਖਿਆਵਾਂ ਦੁਵੱਲੇ ਸਮਝੌਤਿਆਂ ਰਾਹੀਂ ਲਾਗੂ ਹੋ ਸਕਦੀਆਂ ਹਨ।

7. ਵਾਪਸ ਆਏ ਪ੍ਰਵਾਸੀਆਂ ਦਾ ਸਮਰਥਨ ਕਰੋ-ਵਿਦੇਸ਼ਾਂ ਤੋਂ ਵਾਪਸ ਆਉਣ ਵਾਲੇ ਪ੍ਰਵਾਸੀ ਇੱਕ ਅਨਮੋਲ ਸੰਪਤੀ ਹਨ ਜੋ ਹੁਨਰ, ਬੱਚਤ ਅਤੇ ਅੰਤਰਰਾਸ਼ਟਰੀ ਸੰਪਰਕ ਨੂੰ ਵਾਪਸ ਲੈ ਕੇ ਆਉਂਦੇ ਹਨ। ਪੰਜਾਬ ਯੋਜਨਾਬੱਧ ਢੰਗ ਨਾਲ ਛੋਟੇ ਕਾਰੋਬਾਰਾਂ ਲਈ ਸਹਾਇਤਾ ਦੇ ਕੇ ਵਾਪਸ ਆਉਣ ਵਾਲੇ ਪ੍ਰਵਾਸੀਆਂ ਦੇ ਵਿਸ਼ਵਵਿਆਪੀ ਤਜਰਬੇ ਦਾ ਖੇਤਰੀ ਵਿਕਾਸ ਵਿੱਚ ਲਾਭ ਉਠਾ ਸਕਦਾ ਹੈ।

## ਖੇਤਾਂ ਤੋਂ ਦੁਨੀਆਂ ਤੱਕ

ਪੰਜਾਬ ਦੀ ਤਾਕਤ ਸਿਰਫ਼ ਇਸ ਦੇ ਖੇਤੀਬਾੜੀ ਉਤਪਾਦਨ ਵਿੱਚ ਨਹੀਂ, ਸਗੋਂ ਇਸ ਦੇ ਲੋਕਾਂ ਦੇ ਅਟੁੱਟ ਸੁਪਨਿਆਂ ਵਿੱਚ ਹੈ। ਢਾਂਚਾਗਤ ਪ੍ਰਵਾਸ ਸਾਡੇ ਨੌਜਵਾਨਾਂ ਲਈ ਵਿਸ਼ਵਵਿਆਪੀ ਪੇਸ਼ੇਵਰ ਬਣਨ ਦਾ ਰਸਤਾ ਬਣਾ ਰਿਹਾ ਹੈ, ਜੋ ਪੰਜਾਬ ਦੀਆਂ ਕਦਰਾਂ-ਕੀਮਤਾਂ, ਹੁਨਰਾਂ ਅਤੇ ਮਾਣ ਨੂੰ ਦਰਸਾਉਂਦਾ ਹੈ। ਰਣਨੀਤਕ ਨੀਤੀਆਂ ਦੇ ਨਾਲ, ਪੰਜਾਬ ਬੇਰੁਜ਼ਗਾਰੀ ਤੇ ਅਸੁਰੱਖਿਅਤ ਪ੍ਰਵਾਸ ਦੀਆਂ ਚੁਣੌਤੀਆਂ ਤੋਂ ਉਭਰ ਕੇ ਜ਼ਿੰਮੇਵਾਰ, ਕਾਨੂੰਨੀ ਅਤੇ ਰਣਨੀਤਕ ਪ੍ਰਵਾਸ ਦਾ ਇਕ ਚਾਨਣ ਮੁਨਾਰਾ ਬਣ ਸਕਦਾ ਹੈ। ਸਾਨੂੰ ਸਿਰਫ਼ ਖੇਤੀਬਾੜੀ ਵਿੱਚ ਹੀ ਨਹੀਂ, ਸਗੋਂ ਮਨੁੱਖੀ ਪੂੰਜੀ ਦਾ ਇਕ ਵਿਸ਼ਵਵਿਆਪੀ ਭੰਡਾਰ ਬਣਾਉਣ ਵਿੱਚ ਵੀ ਅਗਵਾਈ ਕਰਨੀ ਪਵੇਗੀ। ਇਹੀ ਸਮਾਂ ਹੈ ਕਿ ਅਸੀਂ ਆਪਣੇ ਨੌਜਵਾਨਾਂ ਨੂੰ ਪ੍ਰਵਾਸੀਆਂ ਵਿੱਚ ਨਹੀਂ, ਸਗੋਂ ਵਿਸ਼ਵਵਿਆਪੀ ਰਾਜਦੂਤਾਂ ਵਿੱਚ ਬਦਲੀਏ। ਆਪਣੇ ਨੌਜਵਾਨਾਂ ਨੂੰ ਖੇਤਾਂ ਤੋਂ ਲੈ ਕੇ ਵਿਸ਼ਵਵਿਆਪੀ ਕਾਰਜ ਬਲ ਦੇ ਰੂਪ ਵਿੱਚ ਬਦਲਣ ਤੱਕ, ਅਸੀਂ ਖੁਸ਼ਹਾਲੀ ਹਾਸਿਲ ਕਰਨਗੇ। ਪੰਜਾਬ ਲਈ ਵਿਕਾਸ ਦੀ ਅਗਲੀ ਕਹਾਣੀ ਉਡੀਕ ਕਰ ਰਹੀ ਹੈ; ਸਾਨੂੰ ਖੇਤਾਂ ਤੋਂ ਲੈ ਕੇ ਨੌਜਵਾਨਾਂ ਦੀ ਵਿਸ਼ਵ ਪੱਧਰੀ ਕਾਰਜ ਬਲ ਬਣਨ ਤੱਕ ਅਗਵਾਈ ਕਰਨੀ ਪਵੇਗੀ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਓਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਘੁੰਮ ਚਰਖੜਿਆ ਘੁੰਮ ਵੇ...



ਕੁਲਦੀਪ ਸਿੰਘ ਸਾਹਿਲ

ਘੁੰਮ ਚਰਖੜਿਆ ਵੇ, ਤੇਰੀ ਕੱਤਣ ਵਾਲੀ ਜੀਵੇ,
ਨਲੀਆਂ ਵੱਟਣਿ ਵਾਲੀ ਜੀਵੇ।
ਬੁੱਢਾ ਹੋਇਓਂ ਸ਼ਾਹ ਹੁਸੈਨਾ, ਦੰਦੀਂ ਝੇਰਾਂ ਪਈਆਂ।
ਉਠਿ ਸਵੇਰੇ ਢੂੰਡਣਿ ਲੱਗੋਂ, ਸੰਝਿ ਦੀਆਂ ਜੋ ਗਈਆਂ।

ਸ਼ਾਹ ਹੁਸੈਨ ਦੀਆਂ ਕਾਫੀਆਂ ਇਨਸਾਨੀ ਜ਼ਿੰਦਗੀ ਬਾਰੇ ਬਹੁਤ ਕੁਝ ਬਿਆਨ ਕਰਦੀਆਂ ਹਨ। ਜ਼ਿਆਦਾਤਰ ਲੋਕ ਜ਼ਿੰਦਗੀ ਨੂੰ ਜਦੋਂ ਤੱਕ ਸਮਝਦੇ ਹਨ, ਉਦੋਂ ਤੱਕ ਸਮਾਂ ਬਹੁਤ ਗੁਜ਼ਰ ਚੁੱਕਾ ਹੁੰਦਾ ਹੈ। ਜ਼ਿੰਦਗੀ ਬਾਰੇ ਲੋਕਾਂ ਦੀ ਅਲੱਗ ਅਲੱਗ ਸੋਚ ਹੋ ਸਕਦੀ ਹੈ। ਇਹ ਸੋਚ ਉਨ੍ਹਾਂ ਦੇ ਰਹਿਣ-ਸਹਿਣ, ਅਮੀਰੀ ਅਤੇ ਗਰੀਬੀ, ਦੇਸ਼ ਅਤੇ ਵਿਚਾਰਧਾਰਾ ’ਤੇ ਨਿਰਭਰ ਕਰਦੀ ਹੈ ਜਿਵੇਂ ਕਿ ਬੱਚਿਆਂ ਲਈ ਜ਼ਿੰਦਗੀ ਇੱਕ ਖੇਡ ਹੈ, ਨੌਜਵਾਨਾਂ ਲਈ ਜ਼ਿੰਦਗੀ ਇੱਕ ਗੀਤ ਵੀ ਹੈ। ਇਸੇ ਤਰ੍ਹਾਂ ਕੋਈ ਜ਼ਿੰਦਗੀ ਨੂੰ ਕਲਾ ਦੱਸਦਾ ਹੈ, ਕੋਈ ਤਪੱਸਿਆ, ਕੋਈ ਜ਼ਿੰਦਗੀ ਨੂੰ ਜੱਦੋ-ਜਹਿਦ ਦੱਸਦਾ ਹੈ ਅਤੇ ਕੋਈ ਸਫ਼ਰ ਦਾ ਨਾਂ ਦਿੰਦਾ ਹੈ। ਕੋਈ ਜ਼ਿੰਦਗੀ ਨੂੰ ਗਲ਼ ਪਿਆ ਢੋਲ ਵਜਾਉਣਾ ਕਹਿੰਦਾ ਹੈ, ਕੋਈ ਇਸ ਨੂੰ ਜ਼ਿੰਦਾਦਿਲੀ ਵੱਜੋਂ ਮਾਣਦਾ ਹੈ। ਕੋਈ ਕਰਮਾਂ ਦਾ ਫਲ, ਕੋਈ ਕੰਡਿਆਂ ਦੀ ਸੇਜ। ਗੱਲ ਕੀ, ਜ਼ਿੰਦਗੀ ਦੇ ਸਬੰਧ ਵਿੱਚ ਅਣਗਿਣਤ ਧਾਰਨਾਵਾਂ ਹਨ। ਫਿਰ ਵੀ ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਦੇ ਵਿਚਕਾਰ ਬਚਪਨ ਤੋਂ ਜਵਾਨੀ, ਜਵਾਨੀ ਤੋਂ ਬੁਢਾਪਾ ਆਦਿ ਤੱਕ ਦਾ ਸਫ਼ਰ ਤੈਅ ਕਰਦਿਆਂ ਜਿਹੜਾ ਸਮਾਂ ਆ ਜਾਂਦਾ ਹੈ, ਉਹੀ ਜ਼ਿੰਦਗੀ ਹੈ। ਜ਼ਿੰਦਗੀ ਇੱਕ ਛੋਟਾ ਜਿਹਾ ਸ਼ਬਦ ਆਪਣੇ ਆਪ ਵਿੱਚ ਬਹੁਤ ਡੂੰਘੇ ਅਰਥ ਸਮੋਈ ਬੈਠਾ ਹੈ। ਜ਼ਿੰਦਗੀ ਨਾਂ ਹੈ ਦੁੱਖਾਂ ਅਤੇ ਸੁੱਖਾਂ ਦਾ, ਪਿਆਰ ਅਤੇ ਤਕਰਾਰ ਦਾ, ਦੋਸਤੀ ਅਤੇ ਚਾਹਤ ਦਾ, ਖ਼ੁਸ਼ੀਆਂ ਅਤੇ ਗ਼ਮੀਆਂ ਦਾ, ਪਾਉਣ ਅਤੇ ਗਵਾਉਣ ਦਾ, ਰੁੱਸਣ ਅਤੇ ਮਨਾਉਣ ਦਾ, ਇਹ ਆਸਾ ਅਤੇ ਨਿਰਾਸ਼ਾ ਦਾ ਇੱਕ ਸੰਗਮ ਹੈ।

ਅੰਗਰੇਜ਼ੀ ਕਵੀ ਵਿਲੀਅਮ ਸ਼ੇਕਸਪੀਅਰ ਅਨੁਸਾਰ, ‘ਜ਼ਿੰਦਗੀ ਇੱਕ ਰੰਗਮੰਚ ਹੈ, ਜਿੱਥੇ ਹਰ ਕੋਈ ਆਪਣਾ ਰੋਲ ਨਿਭਾ ਕੇ ਚਲਾ ਜਾਂਦਾ ਹੈ।’ ਗੋਰਕੀ ਅਨੁਸਾਰ ਜੀਵਨ ਚਾਬੁਕ ਮਾਰ ਕੇ ਚਲਾਉਣ ਵਾਲਾ ਘੋੜਾ ਨਹੀਂ ਹੈ। ਡਾਕਟਰ ਰਾਧਾ ਕ੍ਰਿਸ਼ਨਨ ਨੇ ਇੱਕ ਥਾਂ ਲਿਖਿਆ ਹੈ ਕਿ ਜ਼ਿੰਦਗੀ ਤਾਸ਼ ਦੇ ਪੱਤਿਆਂ ਦੀ ਵੰਡ ਵਾਂਗ ਹੈ। ਕਿਸੇ ਨੂੰ ਯੱਕੇ, ਬੇਗੀਆ ਅਤੇ ਬਾਦਸ਼ਾਹ ਵਰਗੇ ਭਾਰੀ ਪੱਤੇ ਆ ਜਾਂਦੇ ਹਨ ਅਤੇ ਕਿਸੇ ਨੂੰ ਕੇਵਲ ਦੁੱਕੀਆਂ ਤਿੱਕੀਆਂ ਹੀ ਆਉਂਦੀਆਂ ਹਨ। ਖੇਡਾਂ ਵਾਲੇ ਨੇ ਆਪਣੇ ਪੱਤਿਆਂ ਨਾਲ ਖੇਡਣਾ ਹੁੰਦਾ ਹੈ। ਵਧੀਆ ਖਿਡਾਰੀ ਓਹੀ ਗਿਣਿਆ ਜਾਂਦਾ ਹੈ ਜੋ ਜਿਹੜੇ ਵੀ ਪੱਤੇ ਉਸ ਦੇ ਹਿੱਸੇ ਆਏ ਹਨ, ਉਨ੍ਹਾਂ ਨੂੰ ਸਿਆਣਪ ਨਾਲ ਖੇਡੇ। ਕਈ ਵਾਰ ਬਾਦਸ਼ਾਹ ਨੂੰ ਵੀ ਦੁੱਕੀਆਂ ਤਿੱਕੀਆ ਦੀ ਈਨ ਮੰਨਣੀ ਪੈਂਦੀ ਹੈ।

ਮਨੋਵਿਗਿਆਨੀਆਂ ਨੇ ਵੀ ਵਿਗਿਆਨਕ ਆਧਾਰ ’ਤੇ ਤਜਰਬੇ ਕਰਕੇ ਵਾਰ ਵਾਰ ਸਿੱਧ ਕੀਤਾ ਹੈ ਕਿ ਸਕਾਰਾਤਮਕ ਸੋਚ, ਮਿਹਨਤ, ਪ੍ਰਤੀਬੱਧਤਾ, ਲਗਨ, ਦ੍ਰਿੜ ਵਿਸ਼ਵਾਸ ਦੇ ਸਾਹਮਣੇ ਸਭ ਮੁਸੀਬਤਾਂ ਸਿਰ ਝੁਕਾ ਦਿੰਦੀਆਂ ਹਨ ਅਤੇ ਅਜਿਹੇ ਮਨੁੱਖ ਦਾ ਕੁਦਰਤ ਵੀ ਸਾਥ ਦੇਣ ਲੱਗਦੀ ਹੈ। ਜ਼ਿੰਦਗੀ ਜਿਊਣਾ ਵੀ ਇੱਕ ਕਲਾ ਹੈ, ਕਲਾ ਹੀ ਨਹੀਂ ਸਗੋਂ ਇੱਕ ਤਪੱਸਿਆ ਹੈ। ਜੀਵਨ ਅੱਗੇ ਵਧਣ ਦਾ ਸਿਧਾਂਤ ਹੈ, ਸਥਿਰ ਰਹਿਣ ਦਾ ਨਹੀਂ। ਜ਼ਿੰਦਗੀ ਜਿਊਣਾ ਹੋਰ ਗੱਲ ਹੈ ਅਤੇ ਭੋਗਣਾ ਹੋਰ। ਇੱਕ ਚੰਗੀ ਜ਼ਿੰਦਗੀ ਜਿਊਣ ਵਾਲੇ ਬੰਦੇ, ਉਹ ਹੁੰਦੇ ਹਨ ਜੋ ਆਪਣੀ ਜ਼ਿੰਦਗੀ ਦੇ ਮਾਲਕ ਆਪ ਹੁੰਦੇ ਹਨ। ਆਪ ਇਸ ਨੂੰ ਸੇਧ ਦਿੰਦੇ ਹਨ, ਮਕਸਦ ਦਿੰਦੇ ਹਨ ਅਤੇ ਇਸ ਵਿੱਚ ਰੰਗ ਭਰਦੇ ਹਨ। ਜ਼ਿੰਦਗੀ ਭੋਗਣ ਜਾਂ ਕੱਟਣ ਵਾਲੇ ਉਹ ਇਨਸਾਨ ਹੁੰਦੇ ਹਨ ਜਿਨ੍ਹਾਂ ਨੂੰ ਜ਼ਿੰਦਗੀ ਆਪ ਚਲਾਉਂਦੀ ਹੈ। ਇਹੋ ਜਿਹੇ ਇਨਸਾਨ ਜਾਂ ਤਾਂ ਬੀਤੇ ਦਾ ਝੋਰਾ ਕਰਦੇ ਹਨ ਜਾਂ ਫਿਰ ਆਉਣ ਵਾਲੇ ਵਕਤ ਦੀ ਫ਼ਿਕਰ। ਉਹ ਵਰਤਮਾਨ ਵਿੱਚ ਜਿਊਣ ਦੀ ਕੋਸ਼ਿਸ਼ ਨਹੀਂ ਕਰਦੇ। ਉਹ ਹਮੇਸ਼ਾਂ ਜ਼ਿੰਦਗੀ ਦੇ ਗ਼ੁਲਾਮ ਬਣੇ ਰਹਿੰਦੇ ਹਨ। ਆਪਣੀ ਮੰਦਹਾਲੀ ਲਈ ਕਰਮਾਂ ਨੂੰ ਜਾਂ ਰੱਬ ਨੂੰ ਬੁਰਾ ਭਲਾ ਕਹਿੰਦੇ ਰਹਿੰਦੇ ਹਨ।

ਜ਼ਿੰਦਗੀ ਵਿੱਚ ਦੁੱਖ ਅਤੇ ਸੁੱਖ ਨਾਲ ਨਾਲ ਚੱਲਦੇ ਹਨ। ਦੁੱਖਾਂ ਵਿੱਚ ਸਾਨੂੰ ਘਬਰਾਉਣਾ ਨਹੀਂ ਚਾਹੀਦਾ, ਸਗੋਂ ਹਿੰਮਤ ਅਤੇ ਦਲੇਰੀ ਨਾਲ ਜ਼ਿੰਦਗੀ ਨੂੰ ਵਧੀਆ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇੱਕ ਵਾਰ ਕਿਸੇ ਬੰਦੇ ਨੇ ਇੱਕ ਸਾਧੂ ਨੂੰ ਸਵਾਲ ਕੀਤਾ ਕਿ ਕੋਈ ਅਜਿਹਾ ਵਚਨ ਕਰੋ ਜਿਸ ਨਾਲ ਆਤਮ ਵਿਸ਼ਵਾਸ ਮਜ਼ਬੂਤ ਹੋਵੇ ਤਾਂ ਉਸ ਸਿੱਧ ਪੁਰਖ ਨੇ ਜਵਾਬ ਦਿੱਤਾ; ਇਹ ਸਮਾਂ ਵੀ ਗੁਜ਼ਰ ਜਾਵੇਗਾ।

ਸੱਚਮੁੱਚ ਉਸ ਭਲੇ ਪੁਰਖ ਦਾ ਜਵਾਬ ਬਹੁਤ ਕਮਾਲ ਦਾ ਸੀ। ਸੁੱਖ ਵਿੱਚ ਵਿਅਕਤੀ ਨੂੰ ਆਪਣੇ ਪੈਰ ਨਹੀਂ ਛੱਡਣੇ ਚਾਹੀਦੇ ਅਤੇ ਦੁੱਖ ਵਿੱਚ ਹਿੰਮਤ। ਚੰਗਾ ਅਤੇ ਮਾੜਾ ਸਮਾਂ ਨਾਲ ਨਾਲ ਚੱਲਦਾ ਹੈ। ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਲੋਕ ਆਪਣੇ ਜੀਵਨ ਨੂੰ ਲੰਮਾ ਕਰਨਾ ਤਾਂ ਚਾਹੁੰਦੇ ਹਨ, ਪਰ ਸੁਧਾਰਨਾ ਨਹੀਂ। ਇੱਥੇ ਸਵਾਲ ਇਹ ਨਹੀਂ ਕਿ ਅਸੀਂ ਕਿੰਨਾ ਚਿਰ ਜਿਊਂਦੇ ਹਾਂ। ਸਵਾਲ ਇਹ ਹੈ ਕਿ ਅਸੀਂ ਕਿਵੇਂ ਜਿਊਂਦੇ ਹਾਂ। ਜ਼ਿੰਦਗੀ ਭਾਵੇਂ ਥੋੜ੍ਹੀ ਹੀ ਕਿਉਂ ਨਾ ਹੋਵੇ, ਪਰ ਚੰਗੀ ਹੋਣੀ ਚਾਹੀਦੀ ਹੈ। ਜ਼ਿੰਦਗੀ ਜ਼ਿੰਦਾਦਿਲੀ ਦਾ ਨਾਮ ਹੈ। ਦੁੱਖ ਅਤੇ ਸੁੱਖ ਜ਼ਿੰਦਗੀ ਵਿੱਚ ਨਾਲ ਨਾਲ ਚੱਲਦੇ ਹਨ, ਪਰ ਜ਼ਿੰਦਗੀ ਨੂੰ ਚੰਗਾ ਜਾਂ ਘਟੀਆ ਬਣਾਉਣਾ ਮਨੁੱਖ ਦੇ ਆਪਣੇ ਹੱਥ ਹੁੰਦਾ ਹੈ। ਕਈ ਲੋਕ ਛੋਟੀਆਂ ਛੋਟੀਆਂ ਗੱਲਾਂ ਵਿੱਚ ਵੀ ਵੱਡੀਆਂ ਖ਼ੁਸ਼ੀਆਂ ਦੀ ਤਲਾਸ਼ ਕਰ ਲੈਂਦੇ ਹਨ ਅਤੇ ਕਈ ਵੱਡੀਆਂ ਖ਼ੁਸ਼ੀਆਂ ਨੂੰ ਵੀ ਅਜਾਈਂ ਗਵਾ ਦਿੰਦੇ ਹਨ। ਜੋ ਕੁਝ ਕੋਲ ਮੌਜੂਦ ਹੈ, ਉਸ ਨੂੰ ਮਾਣਨ ਦੀ ਥਾਂ ਜੋ ਕੋਲ ਨਹੀਂ ਹੈ, ਉਸ ਦਾ ਰੋਣਾ ਰੋਂਦੇ ਰਹਿੰਦੇ ਹਨ। ਵਕਤ ਅਤੇ ਕਿਸਮਤ ਨੂੰ ਕੋਸਦੇ ਰਹਿੰਦੇ ਹਨ। ਹਰ ਇਨਸਾਨ ਆਪਣੀ ਜ਼ਿੰਦਗੀ ਵਿੱਚ ਸਫਲ ਹੋਣ ਦੀ ਕੋਸ਼ਿਸ਼ ਕਰਦਾ ਹੈ, ਕੋਈ ਬੰਦਾ ਅਸਫਲ ਨਹੀਂ ਹੋਣਾ ਚਾਹੁੰਦਾ। ਕਈ ਲੋਕ ਜ਼ਿੰਦਗੀ ਵਿੱਚ ਸਫਲਤਾ ਦੀਆਂ ਕਹਾਣੀਆਂ ਸਿਰਜ ਜਾਂਦੇ ਹਨ ਅਤੇ ਕਈ ਹੱਥ ਮਲਦੇ ਰਹਿ ਜਾਂਦੇ ਹਨ। ਕਈਆਂ ਦੇ ਦਰਵਾਜ਼ੇ ’ਤੇ ਸਫਲਤਾ ਵਾਰ ਵਾਰ ਦਸਤਕ ਦਿੰਦੀ ਹੈ ਅਤੇ ਕਈਆਂ ਕੋਲੋਂ ਸਫਲਤਾ ਮੂੰਹ ਮੋੜ ਕੇ ਲੰਘ ਜਾਂਦੀ ਹੈ। ਕਈ ਲੋਕਾਂ ਨਾਲ ਸਫਲਤਾ ਪਰਛਾਵਾਂ ਬਣ ਕੇ ਚੱਲਦੀ ਹੈ ਅਤੇ ਕਈਆਂ ਨੂੰ ਸਫਲਤਾ ਖ਼ੁਆਬਾਂ ਵਿੱਚ ਵੀ ਨਸੀਬ ਨਹੀਂ ਹੁੰਦੀ। ਅਜਿਹੀ ਸਥਿਤੀ ਵਿੱਚ ਮਨੁੱਖ ਨੂੰ ਹਿੰਮਤ ਨਹੀਂ ਹਾਰਨੀ ਚਾਹੀਦੀ।

ਜੇਕਰ ਅਸੀਂ ਅਸਫਲ ਵੀ ਹੁੰਦੇ ਹਾਂ ਤਾਂ ਸਾਨੂੰ ਇਸ ਨੂੰ ਵੀ ਸਕਾਰਾਤਮਕ ਪੱਖ ਤੋਂ ਕਬੂਲਣਾ ਚਾਹੀਦਾ ਹੈ। ਅਸਫਲਤਾ ਤੋਂ ਨਿਰਾਸ਼ ਹੋ ਕੇ ਯਤਨ ਨਹੀਂ ਛੱਡਣੇ ਚਾਹੀਦੇ। ਅਸਫਲ ਰਹਿਣ ਦਾ ਮਤਲਬ ਇਹ ਨਹੀਂ ਕਿ ਅਸੀਂ ਕੁਝ ਵੀ ਪ੍ਰਾਪਤ ਨਹੀਂ ਕੀਤਾ। ਇਸ ਤੋਂ ਸਾਨੂੰ ਇਸ ਗੱਲ ਦਾ ਪਤਾ ਲੱਗ ਜਾਂਦਾ ਹੈ ਕਿ ਅਸੀਂ ਮੰਜ਼ਿਲ ਪ੍ਰਾਪਤੀ ਤੋਂ ਕਿੰਨੀ ਦੂਰ ਹਾਂ। ਜਿੰਨੇ ਕਦਮ ਅਸੀਂ ਸਫਲਤਾ ਵੱਲ ਜਾਣ ਨੂੰ ਪੁੱਟੇ ਹਨ, ਉਹ ਆਉਣ ਵਾਲੇ ਸਮੇਂ ਵਿੱਚ ਸਾਡੀ ਬਣਨ ਵਾਲੀ ਸਫਲਤਾ ਦੀਆਂ ਨੀਹਾਂ ਵਿੱਚ ਇੱਟਾਂ ਦਾ ਕੰਮ ਕਰਨਗੇ। ਇਸ ਲਈ ਹਿੰਮਤ ਦਾ ਪੱਲਾ ਕਦੇ ਨਾ ਛੱਡੋ। ਜ਼ਿੰਦਗੀ ਇੱਕ ਰੰਗਮੰਚ ਹੈ। ਹਰ ਇਨਸਾਨ ਇਸ ਦੁਨੀਆ ਰੂਪੀ ਰੰਗਮੰਚ ਉੱਤੇ ਆਪਣਾ ਰੋਲ ਅਦਾ ਕਰਨ ਲਈ ਆਉਂਦਾ ਹੈ ਅਤੇ ਚਲਾ ਜਾਂਦਾ ਹੈ। ਇਸ ਲਈ ਸਾਨੂੰ ਹਰ ਰੋਲ ਬਾਖ਼ੂਬੀ ਨਿਭਾਉਣਾ ਚਾਹੀਦਾ ਹੈ।

ਇੰਨੀ ਸ਼ਿੱਦਤ ਨਾਲ ਨਿਭਾਓ
ਜ਼ਿੰਦਗੀ ਦਾ ਕਿਰਦਾਰ
ਕਿ ਪਰਦਾ ਡਿੱਗਣ ਤੋਂ ਬਾਅਦ
ਵੀ ਵੱਜਦੀਆਂ ਰਹਿਣ ਤਾੜੀਆਂ।

ਪੈਸੇ ਨਾਲ ਕਦੇ ਵੀ ਜ਼ਿੰਦਗੀ ਦੀਆਂ ਖ਼ੁਸ਼ੀਆਂ ਨਹੀਂ ਖ਼ਰੀਦੀਆਂ ਜਾ ਸਕਦੀਆਂ। ਮਿਹਨਤ ਕਰਕੇ ਪੈਸਾ ਕਮਾਉਣਾ ਮਾੜੀ ਗੱਲ ਨਹੀਂ, ਪਰ ਪੈਸੇ ਕਮਾ ਕੇ ਅਤੇ ਸਭ ਕੁਝ ਹੁੰਦਿਆਂ ਵੀ ਦੁਖੀ ਰਹਿਣਾ ਮਾੜੀ ਗੱਲ ਹੈ। ਮੈਂ ਬਹੁਤ ਸਾਰੇ ਅਮੀਰ ਲੋਕਾਂ ਦੇ ਚਿਹਰਿਆਂ ’ਤੇ ਹਮੇਸ਼ਾਂ ਉਦਾਸੀ ਵੇਖੀ ਹੈ ਅਤੇ ਬਹੁਤ ਵਾਰੀ ਬਿਨਾਂ ਛੱਤ ਤੋਂ ਅਤੇ ਰਾਤ ਨੂੰ ਭੁੱਖੇ ਸੌਣ ਵਾਲਿਆਂ ਨੂੰ ਵੀ ਮੁਸਕਰਾਉਂਦੇ ਵੇਖਿਆ ਹੈ। ਜ਼ਿੰਦਗੀ ਨੂੰ ਖ਼ੂਬਸੂਰਤ, ਰੰਗਦਾਰ ਅਤੇ ਖ਼ੁਸ਼ਹਾਲ ਅਸੀਂ ਆਪ ਹੀ ਬਣਾਉਣਾ ਹੁੰਦਾ ਹੈ, ਬਸ! ਇਸ ਨੂੰ ਸਮਝਣ ਦੀ ਲੋੜ ਹੈ। ਸਿਆਣੇ ਕਹਿੰਦੇ ਹਨ ਕਿ ਖ਼ੁਸ਼ੀਆਂ ਨੂੰ ਪੈਸੇ ਨਾਲ ਨਹੀਂ ਖ਼ਰੀਦਿਆ ਜਾ ਸਕਦਾ। ਇਹ ਪ੍ਰਸਥਿਤੀਆਂ ’ਤੇ ਨਿਰਭਰ ਕਰਦੀ ਹੈ ਜਿਵੇਂ ਇੱਕ ਬੱਚਾ ਗੁਬਾਰਾ ਵੇਚ ਕੇ ਖ਼ੁਸ਼ ਹੈ, ਦੂਜਾ ਗੁਬਾਰਾ ਖ਼ਰੀਦ ਕੇ ਅਤੇ ਤੀਜਾ ਬੱਚਾ ਉਸ ਗੁਬਾਰੇ ਨੂੰ ਤੋੜ ਕੇ। ਜੀਵਨ ਬਹੁਤ ਅਨਮੋਲ ਹੈ। ਇਸ ਨੂੰ ਬੇਮਤਲਬ ਤਾਣੀ ਵਾਂਗ ਨਾ ਉਲਝਾਓ, ਅਸਮਾਨ ’ਤੇ ਨਹੀਂ, ਧਰਤੀ ’ਤੇ ਜੀਓ, ਨਕਲੀ ਨਹੀਂ, ਅਸਲੀ ਜੀਵਨ ਜੀਓ। ਜ਼ਿੰਦਗੀ ਦੀ ਅਸਲੀ ਖ਼ੁਸ਼ੀ ਇਮਾਨਦਾਰੀ, ਸੱਚਾਈ ਅਤੇ ਸਾਦਗੀ ਵਿੱਚੋਂ ਲੱਭੀ ਜਾ ਸਕਦੀ ਹੈ। ਆਓ! ਆਪਣੀ ਅਤੇ ਦੂਜਿਆਂ ਦੀ ਜ਼ਿੰਦਗੀ ਨੂੰ ਖ਼ੁਸ਼ਗਵਾਰ ਬਣਾ ਕੇ ਜੀਵਨ ਬਤੀਤ ਕਰੀਏ। ਜ਼ਿੰਦਗੀ ਬਾਰੇ ਸ਼ਾਹ ਹੁਸੈਨ ਸੱਚ ਬਿਆਨ ਕਰਦੇ ਲਿਖਦੇ ਹਨ;

ਬਾਲਪਣ ਖੇਡ ਲੈ ਕੁੜੀਏ ਨੀ,
ਤੇਰਾ ਅੱਜ ਕਿ ਕੱਲ ਮੁਕਲਾਵਾ।
ਖੇਨੂੜਾ ਖਿਡੰਦੀਏ ਕੁੜੀਏ,
ਕੰਨੁ ਸੋਇਨੇ ਦਾ ਵਾਲਾ।
ਸਾਹੁਰੜੇ ਘਰਿ ਅਲਬਤ ਜਾਣਾ।
ਪੇਈਏ ਕੂੜਾ ਦਾਵਾ।
ਸਾਵਣ ਮਾਂਹ ਸੁਰੰਗੜਾ ਆਇਆ।
ਦਿੱਸਣ ਸਾਵੇਂ ਤੱਲੇ।
ਕਹੈ ਹੁਸੈਨ ਫ਼ਕੀਰ ਸਾਈਂ ਦਾ,
ਅੱਜ ਆਏ ਕੱਲ ਚੱਲੇ।

ਪਰਮਜੀਤ ਕੌਰ ਸਰਹਿੰਦ

# ਮਾਏ ਨੀਂ ਮੈਂ ਕੀਹਨੂੰ ਆਖਾਂ...



ਪੱਛਮੀ ਮੁਲਕਾਂ ਦੀ ਚਮਕ-ਦਮਕ ਵਾਲੀ ਜੀਵਨ ਜਾਚ ਦੇਖ ਕੇ ਅਸੀਂ ਸੁਭਾਵਿਕ ਹੀ ਮੋਹੇ ਜਾਂਦੇ ਹਾਂ। ਭਾਵੇਂ ਲੰਮੇ ਅਰਸੇ ਤੋਂ ਪੰਜਾਬੀ ਵਿਦੇਸ਼ਾਂ ਵਿੱਚ ਵਸ ਰਹੇ ਹਨ। ਉਨ੍ਹਾਂ ਦੀਆਂ ਪਰਿਵਾਰਕ, ਸਮਾਜਿਕ ਜਾਂ ਰਾਜਨੀਤਕ ਸਮੱਸਿਆਵਾਂ ਬਾਰੇ ਅਕਸਰ ਪੜ੍ਹਿਆ-ਸੁਣਿਆ ਵੀ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾ ਅਜਿਹੀਆਂ ਔਕੜਾਂ ਵੀ ਉਨ੍ਹਾਂ ਨੂੰ ਝੱਲਣੀਆਂ ਪੈਂਦੀਆਂ ਹਨ ਜਿਨ੍ਹਾਂ ਬਾਰੇ ਘੱਟ ਹੀ ਗੱਲ ਕੀਤੀ ਗਈ ਹੈ। ਪੰਜਾਬੀਆਂ ਦੇ ਦੂਜੀ-ਤੀਜੀ ਪੀੜ੍ਹੀ ਦੇ ਉੱਧਰ ਜੰਮੇ-ਪਲੇ ਬੱਚਿਆਂ ਨੂੰ ਕਰੀਬ ਦੋ-ਢਾਈ ਸਾਲ ਦੀ ਉਮਰ ਵਿੱਚ ਸਕੂਲ ਜਾਂ ਨਰਸਰੀ ਸਕੂਲ ਵਿੱਚ ਦਾਖਲ ਕਰਵਾ ਦਿੱਤਾ ਜਾਂਦਾ ਹੈ। ਨਿੱਕੇ-ਨਿੱਕੇ ਬੱਚੇ ਆਪਸ ਵਿੱਚ ਘਿਓ ਸ਼ੱਕਰ ਵਾਂਗ ਰਲਕੇ ਰਹਿੰਦੇ ਹਨ। ਜਿਉਂ ਹੀ ਬੁੱਧੀ ਤੀਖਣ ਹੁੰਦੀ ਹੈ ਉਹ ਪੰਜਾਬੀ ਖ਼ਾਸ ਕਰ ਸਿੱਖ ਸਰਦਾਰ ਬੱਚਿਆਂ ਦੇ ਸਿਰ ਉੱਤੇ ਕੀਤਾ ਕੇਸਾਂ ਦਾ ਜੂੜਾ ਤੇ ਬਾਂਹ ਵਿੱਚ ਲੋਹੇ ਦਾ ਕੜਾ ਪਾਇਆ ਦੇਖ ਕੇ ਸਵਾਲ-ਜਵਾਬ ਕਰਦੇ ਹਨ। ਕਈ ਵਾਰ ਮਜ਼ਾਕ ਵੀ ਉਡਾਉਂਦੇ ਹਨ, ਪਰ ਛੋਟੀ ਉਮਰ ਵਿੱਚ ਬੱਚੇ ਝੱਟ ਭੁੱਲ-ਭੁਲਾ ਜਾਂਦੇ ਹਨ।

ਚੌਥੀ-ਪੰਜਵੀਂ ਜਮਾਤ ਤੱਕ ਉਸ ਦੇ ਸਿਰ ’ਤੇ ਬੰਨ੍ਹੇ ਪਟਕੇ ਕੇਸਕੀ ਜਾਂ ਬਾਂਹ? ਵਿੱਚ ਪਾਏ ਕੜੇ ਵੱਲ ਜਮਾਤੀ ਮੁੰਡੇ-ਕੁੜੀਆਂ ਤਿਰਛੀ ਨਜ਼ਰ ਨਾਲ ਦੇਖਦੇ ਤੇ ਪੁੱਠੇ-ਸਿੱਧੇ ਸਵਾਲ ਵੀ ਕਰਦੇ ਹਨ। ਮੁੰਡੇ ਇਸ ਦੀ ਬਹੁਤੀ ਪਰਵਾਹ ਨਹੀਂ ਕਰਦੇ, ਪਰ ਕੁੜੀਆਂ ਵੱਧ ਸੰਵੇਦਨਸ਼ੀਲ ਹੋਣ ਕਾਰਨ ਇਸ ਗੱਲ ਨੂੰ ਮਨ ’ਤੇ ਲਾ ਲੈਂਦੀਆਂ ਹਨ। ਜਿਉਂ ਹੀ ਇਹ ਬਚਪਨ ਤੇ ਅੱਲੜ੍ਹ ਉਮਰ ਵਿਚਕਾਰਲੀ ਦਹਿਲੀਜ਼ ’ਤੇ ਪੈਰ ਧਰਦੇ ਹਨ ਤਾਂ ਇੱਕ ਬਹੁਤ ਵੱਡੀ ਔਕੜ ਸਾਡੇ ਪੰਜਾਬੀ ਬੱਚਿਆਂ ਖ਼ਾਸ ਕਰ ਕੁੜੀਆਂ ਨੂੰ ਆਉਂਦੀ ਹੈ। ਇਹ ਹੈ ਸਾਡੇ ਬੱਚਿਆਂ ਦਾ ਆਪਣੀ ਸੱਭਿਅਤਾ ਤੇ ਪਿਛੋਕੜ ਦੇ ਮੂਲ ਨਾਲ ਜੁੜੇ ਹੋਣਾ।

ਇਸ ਸਬੰਧੀ ਮੈਂ ਕਾਫ਼ੀ ਖੋਜ ਕੀਤੀ ਤੇ ਜਾਣਿਆ ਕਿ ਜਿਹੜੀ ਉੱਥੇ ਦੀ ਜੰਮੀ ਪਲੀ ਪੀੜ੍ਹੀ, ਅੱਜ ਪੰਝਤਾਲੀ-ਪੰਜਾਹ ਸਾਲ ਦੀ ਉਮਰ ਨੂੰ ਢੁੱਕ ਚੁੱਕੀ ਹੈ, ਉਸ ਨੇ ਵੀ ਇਹ ਸੰਤਾਪ ਝੱਲਿਆ, ਉਨ੍ਹਾਂ ਦੇ ਬੱਚਿਆਂ ਨੇ ਵੀ ਤੇ ਹੁਣ ਨਵੀਂ ਪੁੰਗਰਦੀ ਪਨੀਰੀ ਵੀ ਇਸ ਵਿੱਚੋਂ ਗੁਜ਼ਰ ਰਹੀ ਹੈ। ਨੌਰਵੇ ’ਚ ਜਨਮੇ ਸਾਡੇ ਦੋਹਤੇ ਨੂੰ ਵੀ ਥੋੜ੍ਹੀ ਬਹੁਤੀ ਦਿੱਕਤ ਆਈ। ਉਸ ਨੇ ਕੋਈ ਗੱਲ ਦਿਲ ’ਤੇ ਨਹੀਂ ਲਾਈ।

ਅਜਿਹੇ ਮਸਲਿਆਂ ਵਿੱਚ ਜੋ ਸਮੱਸਿਆ ਇਸ ਮੁਕਾਮ ’ਤੇ ਆ ਕੇ ਕੁੜੀਆਂ ਨੂੰ ਆਉਂਦੀ ਹੈ ਉਹ ਬਹੁਤ ਹੀ ਚਿੰਤਾਜਨਕ ਹੈ। ਅਸੀਂ ਪਹਿਲਾਂ ਤਾਂ ਇਸ ਨੂੰ ਨਸਲੀ ਵਿਤਕਰਾ ਹੀ ਸਮਝਦੇ ਰਹੇ, ਪਰ ਬਹੁਤ ਗਹਿਰਾਈ ਤੱਕ ਜਾ ਕੇ ਦੇਖਿਆ ਤਾਂ ਇਸ ਵਿੱਚ ਹੋਰ ਕਾਰਨ ਵੀ ਲੱਭਿਆ। ਉਹ ਸਾਡਾ ਮੁੱਢਮੂਲ ਹੈ। ਜਿਨ੍ਹਾਂ ਪਰਿਵਾਰਾਂ ਵਿੱਚ ਬੱਚਿਆਂ ਨੂੰ ਸਕੂਲੀ ਪੜ੍ਹਾਈ ਦੇ ਨਾਲ ਨੈਤਿਕ ਕਦਰਾਂ-ਕੀਮਤਾਂ ਵੀ ਸਿਖਾਈਆਂ ਜਾਂਦੀਆਂ ਹਨ ਜਾਂ ਉਹ ਖ਼ੁਦ ਸੁਭਾਵਿਕ ਹੀ ਗ੍ਰਹਿਣ ਕਰ ਲੈਂਦੇ ਹਨ ਉਨ੍ਹਾਂ ਬੱਚਿਆਂ ਨੂੰ ‘ਗੋਰੇ ਕਲਚਰ’ ਵਿੱਚ ਰਹਿਣ ਲਈ ਮੁਸ਼ਕਿਲ ਪੇਸ਼ ਆਉਂਦੀ ਹੈ। ਸਾਡੀ ਗਿਆਰਾਂ ਸਾਲਾਂ ਦੀ ਦੋਹਤੀ ਸੱਤਵੀਂ ਜਮਾਤ ਵਿੱਚ ਪੜ੍ਹਦੀ ਹੈ। ਦੋ ਸਾਲਾਂ ਤੋਂ ਉਹ ਮਾਨਸਿਕ ਤੌਰ ’ਤੇ ਉੱਖੜੀ-ਉੱਖੜੀ ਰਹੀ। ਉਹ ਘਰ ਆ ਕੇ ਆਪਣੀ ਮਾਂ ਨੂੰ ਦੱਸਦੀ ਵੀ ਰਹੀ ਕਿ ਇੱਕ-ਦੋ ਨੂੰ ਛੱਡ ਕੇ ਬਾਕੀ ਜਮਾਤਣਾਂ ਉਸ ਨਾਲ ਬਹੁਤ ਰੁੱਖਾ ਵਤੀਰਾ ਰੱਖਦੀਆਂ ਹਨ। ਸਾਡੀ ਧੀ ਨੇ ਉਸ ਨੂੰ ਪਰਵਾਹ ਨਾ ਕਰਨ ਬਾਰੇ ਕਹਿਣਾ, ਪਰ ਬੱਚੀ ਘਰ ਆ ਕੇ ਵੀ ਉਦਾਸ ਤੇ ਚੁੱਪ ਰਹਿਣ ਲੱਗੀ। ਪੁੱਛਣ ਤੋਂ ਉਸ ਨੇ ਦੱਸਿਆ ਕਿ ਨਾਲ ਦੀਆਂ ਕੁੜੀਆਂ ਖੇਡਣ ਵੇਲੇ ਵੀ ਉਸ ਨੂੰ ਨਾਲ ਨਹੀਂ ਖਿਡਾਉਂਦੀਆਂ ਤੇ ਜੇ ਕਿਸੇ ਦਾ ਜਨਮਦਿਨ ਹੁੰਦਾ ਹੈ ਤਾਂ ਇੱਕ-ਦੋ ਨੂੰ ਛੱਡ ਕੇ ਉਸ ਨੂੰ ਅਜਿਹੇ ਮੌਕੇ ਵੀ ਨਹੀਂ ਬੁਲਾਉਂਦੀਆਂ ਜਦਕਿ ਉਹ ਆਪ ਸਭ ਨੂੰ ਬੁਲਾਉਂਦੀ ਹੈ, ਪਰ ਆਉਂਦੀ ਕੋਈ ਨਹੀਂ।

ਪਰਿਵਾਰ ਨੇ ਸਕੂਲ ਜਾ ਕੇ ਅਧਿਆਪਕਾਂ ਨਾਲ ਗੱਲ ਕੀਤੀ। ਉਨ੍ਹਾਂ ਨੇ ਦੱਸਿਆ, “ਬੱਚੀ ਉਮਰ ਦੇ ਹਿਸਾਬ ਨਾਲ ਬਹੁਤ ਬੁੱਧੀਮਾਨ ਹੈ, ਇਸ ਲਈ ਉਸ ਨੂੰ ਲਾਇਬ੍ਰੇਰੀ ਇੰਚਾਰਜ, ਕਲਾਸ ਦੀ ਮੁਖੀ ਤੇ ਹੋਰ ਕਈ ਪਾਸੇ ਜ਼ਿੰਮੇਵਾਰ ਬਣਾਇਆ ਗਿਆ ਹੈ। ਆਪਣਾ ਸਿਲੇਬਸ ਤਾਂ ਇਸ ਨੇ ਦਿਨਾਂ ਵਿੱਚ ਹੀ ਪੂਰਾ ਕਰ ਲਿਆ ਤੇ ਅਸੀਂ ਇਸ ਨੂੰ ਅਗਲੀ ਜਮਾਤ ਵਿੱਚ ਭੇਜਿਆ ਤਾਂ ਉਹ ਵੀ ਇਸ ਨੇ ਨਿਪਟਾ ਲਿਆ ਹੈ।” ਅਧਿਆਪਕ ਬੱਚੀ ਤੋਂ ਬਹੁਤ ਪ੍ਰਭਾਵਿਤ ਹਨ, ਪਰ ਜੋ ਸਮੱਸਿਆ ਉਸ ਨੂੰ ਮਾਨਸਿਕ ਪੀੜਾ ਦੇ ਰਹੀ ਹੈ ਉਸ ਦਾ ਜਦੋਂ ਹੋਰ ਕੋਈ ਹੱਲ ਨਜ਼ਰ ਨਹੀਂ ਆਇਆ ਤਾਂ ਸਕੂਲ ਵਾਲਿਆਂ ਨੇ ਬੱਚੀ ਨੂੰ ਰੁਝੇਵੇਂ ਵਿੱਚ ਰੱਖਣ ਦਾ ਸੋਚਿਆ। ਨਿੱਕੀ ਉਮਰੇ ਉਹ ਵਿਸ਼ਵ ਪੱਧਰ ਦੇ ਇੱਕ ਮੈਗਜ਼ੀਨ ਦੀ ਸਭ ਤੋਂ ਛੋਟੀ ਤੇ ਪਹਿਲੀ ਪੰਜਾਬਣ ਸੰਪਾਦਕਾ ਹੋਣ ਦਾ ਮਾਣ ਵੀ ਪ੍ਰਾਪਤ ਕਰ ਚੁੱਕੀ ਹੈ, ਪਰ ਅਫ਼ਸੋਸ ਕਿ ਸਕੂਲ ਵਿੱਚ ਇਕੱਲ ਦਾ ਸੰਤਾਪ ਹੰਢਾਉਂਦੀ ਸਾਡੀ ਬੱਚੀ ਨੂੰ ਇਸ ਮੁਕਾਮ ਉੱਤੇ ਪੁੱਜਣ ਦੀ ਉਹ ਖ਼ੁਸ਼ੀ ਨਹੀਂ ਹੋਈ ਜੋ ਹੋਣੀ ਚਾਹੀਦੀ ਸੀ। ਅਦਾਰਾ ਮੈਗਜ਼ੀਨ ‘ਡੌਨਲਡ ਡੱਕ’, ਟੀਵੀ ਚੈਨਲਾਂ ਤੇ ਅਖ਼ਬਾਰਾਂ ਵਾਲਿਆਂ ਨੇ ਸਕੂਲ ਵਿੱਚ ਆ ਕੇ ਇਸ ਨੰਨ੍ਹੀ ਸੰਪਾਦਕਾ ਦਾ ਮਾਣ-ਸਨਮਾਨ ਕੀਤਾ, ਪਰ ਉਹਦੇ ਚਿਹਰੇ ’ਤੇ ਖੇੜਾ ਨਾ ਆਇਆ।

ਅਖ਼ੀਰ ਅਸੀਂ ਉਸ ਨੂੰ ਸਕੂਲ ਭੇਜਣੋ ਨਾਂਹ ਕਰ ਦਿੱਤੀ। ਦੂਜੇ ਪਾਸੇ ਸਕੂਲ ਨੇ ਉਸ ਦੀ ਬੁੱਧੀਮਾਨੀ ਨੂੰ ਦੇਖਦੇ ਹੋਏ ਉਸ ਨੂੰ ਕਿਸੇ ਹੋਰ ਸਕੂਲ ਭੇਜਣ ਤੋਂ ਇਨਕਾਰ ਕਰ ਦਿੱਤਾ। ਲੰਮੀ ਵਿਚਾਰ ਚਰਚਾ ਤੋਂ ਸਿੱਟਾ ਇਹ ਨਿਕਲਿਆ ਕਿ ਬੱਚਿਆਂ ਦਾ ਕੋਈ ਆਪਸੀ ਵੈਰ-ਵਿਰੋਧ ਨਹੀਂ ਹੈ ਸਿਰਫ਼ ਵਿਚਾਰਾਂ ਤੇ ਸੱਭਿਆਚਾਰ ਦਾ ਫ਼ਰਕ ਜਾਂ ਟਕਰਾਅ ਹੈ। ਪੰਜਾਬੀ-ਭਾਰਤੀ ਵਿਰਸਾ,ਰੰਗ-ਰੂਪ, ਕੱਦ-ਬੁੱਤ ਤੇ ਵਰਤਾਰਾ ਸਾਡੇ ਵਿੱਚ ਜੱਦੀ ਪੁਸ਼ਤੀ ਗੁਣ ਪੀੜ੍ਹੀ ਦਰ ਪੀੜ੍ਹੀ ਅੱਗੇ ਚੱਲਦੇ ਹਨ। ਸਾਡੀ ਬੱਚੀ ਦੇ ਇਹ ਗੁਣ ਹੀ ਜਮਾਤਣਾਂ ਨਾਲ ਪਏ ਪਾੜੇ ਦਾ ਕਾਰਨ ਬਣ ਗਏ। ਭਾਵੇਂ ਹੋਰ ਮੁਲਕਾਂ ਤੋਂ ਆਏ ਵਿਦਿਆਰਥੀ ਵੀ ਇਸ ਸਕੂਲ ਵਿੱਚ ਪੜ੍ਹਦੇ ਹਨ, ਪਰ ਉਹ ਸਿਰਫ਼ ਰੰਗ ਨਸਲ ਦਾ ਫ਼ਰਕ ਹੈ ‘ਗੁਣਾਂ’ ਦਾ ਨਹੀਂ। ਸਾਡੀ ਬੱਚੀ ਉਸ ਸਮੇਂ ਬਹੁਤ ਮਾਨਸਿਕ ਪੀੜਾ ’ਚੋਂ ਗੁਜ਼ਰੀ ਜਦੋਂ ਉਸ ਦੀ ਇੱਕੋ ਇੱਕ ਸਹੇਲੀ ਵੀ ਉਸ ਦਾ ਸਾਥ ਛੱਡ ਗਈ। ਹੁਣ ਸਾਡੀ ਬੱਚੀ ਦੀ ਹਾਲਤ ਟਹਿਣੀਓਂ ਟੁੱਟੇ ਫੁੱਲ ਵਰਗੀ ਹੋ ਗਈ।

ਸਕੂਲ ਦੇ ਸਟਾਫ਼ ਵੱਲੋਂ ਬੱਚੀ ਦਾ ਪੂਰਾ ਧਿਆਨ ਰੱਖਿਆ ਜਾਂਦਾ ਹੈ। ਦਫ਼ਤਰ ਬੈਠੇ ਵੀ ਉਹ ਕੈਮਰੇ ਵਿੱਚੋਂ ਬੱਚੀ ਦਾ ਧਿਆਨ ਰੱਖਦੇ ਹਨ, ਪਰ ਉਹ ਨਾ ਸਾਡੀ ਬੱਚੀ ਦੀ ਮਾਨਸਿਕਤਾ ਬਦਲਣ ਵਿੱਚ ਕਾਮਯਾਬ ਹੋ ਰਹੇ ਹਨ ਨਾ ਦੂਜੀਆਂ ਕੁੜੀਆਂ ਦੀ।

(ਬਾਕੀ ਸਫ਼ਾ 31 ’ਤੇ)

# ਰਾਮਗੜ੍ਹੀਆ ਮਿਸਲ ਦਾ ਬਾਨੀ: ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ



ਡਾ.ਚਰਨਜੀਤ ਸਿੰਘ
ਗੁਮਟਾਲਾ
9417533060

ਜਦ ਅਸੀਂ ਸ. ਜੱਸਾ ਸਿੰਘ ਰਾਮਗੜ੍ਹੀਆ ਦੇ ਪਿਛੋਕੜ ਬਾਰੇ ਝਾਤ ਪਾਉਂਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਹ ਸਾਰਾ ਪਰਿਵਾਰ ਹੀ ਗੁਰੂ ਘਰ ਨੂੰ ਸਮਰਪਿਤ ਸੀ। ਇਨ੍ਹਾਂ ਦੇ ਦਾਦਾ ਭਾਈ ਹਰਦਾਸ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਛੱਕਿਆ । ਉਹ ਪਹਿਲਾਂ ਗੁਰੂ ਜੀ ਦੀ ਫ਼ੌਜ ਵਿੱਚ ਇੱਕ ਜੁਝਾਰੂ ਸਿਪਾਹੀ ਦੇ ਰੂਪ ਵਿੱਚ ਲੜਦਾ ਰਿਹਾ ਅਤੇ ਫਿਰ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿੱਚ ਜਾ ਮਿਲਿਆ ਅਤੇ ਅੰਤ ਵਿੱਚ ਬੰਦਾ ਸਿੰਘ ਬਹਾਦਰ ਦੀ ਬਜਵਾੜੇ ਦੀ ਲੜਾਈ ਵਿੱਚ ਸ਼ਹੀਦੀ ਪ੍ਰਾਪਤ ਕੀਤੀ।

ਹਰਦਾਸ ਸਿੰਘ ਦਾ ਆਪਣੇ ਪੁੱਤਰ ਗਿਆਨੀ ਭਗਵਾਨ ਸਿੰਘ ਉੱਪਰ ਡੂੰਘਾ ਪ੍ਰਭਾਵ ਸੀ। ਉਹ ਆਪਣੇ ਸਮਿਆਂ ਸਮੇਂ ਮੰਨਿਆ ਹੋਇਆ ਧਾਰਮਿਕ ਪ੍ਰਚਾਰਕ ਸੀ। ਅਬਦੁੱਸ ਸਮਦ ਦੀ 1727 ਈ. ਵਿੱਚ ਮੌਤ ਤੋਂ ਬਾਅਦ ਉਸ ਦਾ ਪੁੱਤਰ ਜ਼ਕਰੀਆ ਖਾਨ ਲਾਹੌਰ ਦਾ ਗਵਰਨਰ ਬਣਿਆ ਜੋ ਪਿਉ ਤੋਂ ਕਿਤੇ ਵੱਧ ਜ਼ਾਲਮ ਸੀ। ਉਸ ਸਮੇਂ ਗਿਆਨੀ ਭਗਵਾਨ ਸਿੰਘ ਵਰਗਿਆਂ ਦਾ ਜਿਊਣਾ ਬਹੁਤ ਮੁਸ਼ਕਿਲ ਸੀ। ਇਨ੍ਹਾਂ ਸਮਿਆਂ ਵਿੱਚ ਹੀ ਉਸ ਦੇ ਪਿਤਾ ਭਾਈ ਹਰਨਾਮ ਸਿੰਘ ਆਪਣੀ ਜੱਦੀ ਪਿੰਡ ਸੁਰ ਸਿੰਘ ਛੱਡ ਕੇ ਲਾਹੌਰ ਦੇ ਪੂਰਬ ਦੇ ਪਾਸੇ ਬਾਰਾਂ ਮੀਲਾਂ ਦੀ ਵਿੱਥ ਈਚੋ ਗਿੱਲ ਪਿੰਡ ਆ ਗਏ। ਭਾਈ ਹਰਦਾਸ ਸਿੰਘ ਗੁਰੂ ਗੋਬਿੰਦ ਸਿੰਘ ਦੀ ਫ਼ੌਜ ਲਈ ਸ਼ਸਤਰ ਬਣਾਉਂਦੇ ਰਹੇ ਤੇ ਹੋਰ ਸੇਵਾ ਵੀ ਕਰਦੇ ਰਹੇ।

ਗਿਆਨੀ ਭਗਵਾਨ ਸਿੰਘ ਦੇ ਘਰ ਪੰਜ ਪੁੱਤਰ ਜੱਸਾ ਸਿੰਘ, ਜੈ ਸਿੰਘ, ਖੁਸ਼ਹਾਲ ਸਿੰਘ, ਮਾਲੀ ਸਿੰਘ ਤੇ ਤਾਰਾ ਸਿੰਘ ਪੈਦਾ ਹੋਏ। ਇਨ੍ਹਾਂ ਵਿੱਚੋਂ ਜੱਸਾ ਸਿੰਘ ਸਭ ਤੋਂ ਵੱਡਾ ਸੀ ਤੇ ਉਸ ਦਾ ਜਨਮ 5 ਮਈ 1723 ਈ. ਵਿੱਚ ਹੋਇਆ। ਘਰ ਵਿੱਚ ਹੀ ਉਨ੍ਹਾਂ ਨੇ ਆਪਣੇ ਪਿਤਾ ਪਾਸੋਂ ਗੁਰਮੁੱਖੀ ਸਿੱਖੀ, ਜਿਸ ਕਰਕੇ ਉਹ ਛੇਤੀ ਹੀ ਨਿਤਨੇਮ ਦਾ ਪਾਠ ਕਰਨਾ ਸਿੱਖ ਗਿਆ ਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਦੇ ਯੋਗ ਹੋ ਗਿਆ। ਉਨ੍ਹਾਂ ਨੇ ਸ. ਗੁਰਦਿਆਲ ਸਿੰਘ ਪੰਜਵੜ, ਹੱਥੋਂ ਪਾਹੁਲ ਲਈ ਸੀ।ਜੱਸਾ ਸਿੰਘ ਦੀ ਸ਼ਾਦੀ ਸ੍ਰੀਮਤੀ ਗੁਰਦਿਆਲ ਕੌਰ ਨਾਲ ਹੋਈ, ਜਿਸ ਤੋਂ ਉਸ ਦੇ ਘਰ ਦੋ ਪੁੱਤਰਾਂ ਜੋਧ ਸਿੰਘ ਤੇ ਵੀਰ ਸਿੰਘ ਨੇ ਜਨਮ ਲਿਆ।

ਨਾਦਰ ਸ਼ਾਹ ਤੇ ਜ਼ਕਰੀਆ ਖ਼ਾਨ ਦੀਆਂ ਫ਼ੌਜਾਂ ਦਾ ਟਾਕਰਾ 1738 ਈ. ਵਿੱਚ ਵਜ਼ੀਰਾਬਾਦ (ਜ਼ਿਲ੍ਹਾ ਗੁਜਰਾਂਵਾਲਾ ਪਾਕਿਸਤਾਨ) ਦੇ ਨੇੜੇ ਹੋਇਆ। ਇਸ ਲੜਾਈ ਵਿੱਚ ਭਗਵਾਨ ਸਿੰਘ ਤੇ ਜੱਸਾ ਸਿੰਘ ਨੇ ਬੜੀ ਬਹਾਦਰੀ ਵਿਖਾਈ, ਜਿਸ ਦਾ ਜ਼ਕਰੀਆ ਖ਼ਾਂ ਉੱਤੇ ਬੜਾ ਪ੍ਰਭਾਵ ਪਿਆ। ਅੰਤ ਵਿੱਚ ਗਿਆਨੀ ਭਗਵਾਨ ਸਿੰਘ ਨੇ ਸ਼ਹੀਦੀ ਪ੍ਰਾਪਤ ਕੀਤੀ। ਜ਼ਕਰੀਆ ਖਾਂ ਨੇ ਭਾਈ ਭਗਵਾਨ ਦੇ ਪਰਿਵਾਰ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪੰਜ ਪਿੰਡ-ਵੱਲਾ, ਵੇਰਕਾ, ਸੁਲਤਾਨਵਿੰਡ, ਤੁੰਗ ਤੇ ਚੱਬਾ ਦੀ ਜਾਗੀਰ ਦੇ ਦਿੱਤੀ ਅਤੇ ਜੱਸਾ ਸਿੰਘ ਨੂੰ ਰਸਾਲਦਾਰ ਦੀ ਪਦਵੀ ਦੇ ਦਿੱਤੀ। ਜਾਗੀਰ ਵਿੱਚੋਂ ਵੱਲਾ ਪਿੰਡ ਜੱਸਾ ਸਿੰਘ ਦੇ ਹਿੱਸੇ ਆਇਆ। ਇਸ ਪਿੰਡ ਵਿੱਚ ਰਹਿੰਦਿਆਂ ਉਸ ਦੀ ਜਲੰਧਰ ਦੁਆਬੇ ਦੇ ਫ਼ੌਜਦਾਰ ਅਦੀਨਾ ਬੇਗ ਨਾਲ ਹੱਦਾਂ ਦੀ ਵੰਡ ਨੂੰ ਲੈ ਕੇ ਨੌਂਗਾਬਾਦ ਦੇ ਸਥਾਨ 'ਤੇ ਲੜਾਈ ਹੋਈ ਜੋ ਕਿ ਵੱਲੇ ਦੀ ਲੜਾਈ ਕਰਕੇ ਮਸ਼ਹੂਰ ਹੈ।

1747 ਈ. ਵਿਸਾਖੀ ਦੇ ਪੁਰਬ ਉੱਤੇ ਅੰਮ੍ਰਿਤਸਰ ਵਿੱਚ ਬੜਾ ਭਾਰੀ ਇਕੱਠ ਹੋਇਆ, ਜਿਸ ਵਿੱਚ ਸਰਬ ਸੰਮਤੀ ਨਾਲ ਆਪਣੇ ਕਿਲ੍ਹੇ ਉਸਾਰਨ ਦਾ ਫੈਸਲਾ ਕੀਤਾ ਗਿਆ।' ਅੰਮ੍ਰਿਤਸਰ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂ 'ਤੇ 'ਰਾਮ ਰਾਉਣੀ' ਕਿਲ੍ਹਾ ਉਸਾਰਨ ਦਾ ਗੁਰਮਤਾ ਪਾਸ ਹੋ ਗਿਆ। ਇਸ ਦੀ ਉਸਾਰੀ ਜਲਦੀ ਕੀਤੀ ਗਈ ਤੇ ਜੱਸਾ ਸਿੰਘ ਨੂੰ ਇਸ ਦਾ ਕਿਲ੍ਹੇਦਾਰ ਥਾਪਿਆ ਗਿਆ। ਬਾਅਦ ਵਿੱਚ ਇਸ ਦਾ ਨਾਂ ਰਾਮਗੜ੍ਹ ਰਖਿਆ ਗਿਆ ਤੇ ਉਸ ਨੂੰ 'ਰਾਮਗੜ੍ਹੀਏ' ਦੀ ਪਦਵੀ ਨਾਲ ਨਿਵਾਜਿਆ ਗਿਆ ਤੇ ਉਸ ਦੁਆਰਾ ਕਾਇਮ ਕੀਤੀ ਗਈ ਮਿਸਲ 'ਰਾਮਗੜ੍ਹੀਆ ਮਿਸਲ' ਦੇ ਨਾਂ ਨਾਲ ਮਸ਼ਹੂਰ ਹੋਈ।

ਰਾਮਗੜ੍ਹ ਦਾ ਕਿਲ੍ਹਾ ਜੋ ਅਠਾਰਵੀਂ ਸਦੀ ਵਿੱਚ ਸਿੱਖਾਂ ਦੀ ਸ਼ਾਨ ਤੇ ਸ਼ਕਤੀ ਦਾ ਪ੍ਰਤੀਕ ਬਣ ਚੁੱਕਾ ਸੀ । ਮੁਗਲਾਂ ਤੇ ਪਠਾਣਾਂ ਨੇ ਇਸ ਕਿਲ੍ਹੇ ਨੂੰ ਧਰਤੀ ਨਾਲ ਕਈ ਵੇਰ ਮਿਲਾਇਆ ਪ੍ਰੰਤੂ ਹਰ ਵਾਰੀ ਜੱਸਾ ਸਿੰਘ ਨੇ ਪੂਰਨ ਲਗਨ ਤੇ ਪਿਆਰ ਨਾਲ ਇਸ ਦੀ ਮੁੜ ਉਸਾਰੀ ਕੀਤੀ ਅਤੇ ਇਸ ਦੇ ਨਾਂ ਅਤੇ ਹੋਂਦ ਨੂੰ ਕਾਇਮ ਰੱਖਣ ਦਾ ਮਾਣ ਉਸੇ ਨੂੰ ਮਿਲਦਾ ਰਿਹਾ।ਤੈਮੂਰ ਨੇ ਵੀ 1757ਈ. ਨੂੰ ਨਾ ਕੇਵਲ ਕਿਲ੍ਹਾ ਢਾਹਿਆ, ਸਗੋਂ ਹਰਿਮੰਦਰ ਸਾਹਿਬ ਦਾ ਸਰੋਵਰ ਮਿੱਟੀ ਨਾਲ ਪੂਰ ਦਿੱਤਾ। ਜੱਸਾ ਸਿੰਘ ਨੇ ਮੁੜ ਕਿਲ੍ਹਾ ਉਸਾਰਿਆ ਤੇ ਕਿਲ੍ਹੇ ਦੇ ਨਜ਼ਦੀਕ ਇੱਕ ਬਸਤੀ 'ਕਟੜਾ ਰਾਮਗੜ੍ਹੀਆ' ਉਸਾਰੀ ।

ਵੱਡੇ ਘਲੂਘਾਰੇ ਤੋਂ ਪਿੱਛੋਂ ਸਿੱਖਾਂ ਨੇ ਵੱਡੀ ਲੜਾਈ ਦੀ ਤਿਆਰੀ ਕੀਤੀ। 17 ਅਕਤੂਬਰ 1762 ਨੂੰ ਅਬਦਾਲੀ ਅਜੇ ਲਾਹੌਰ ਵਿੱਚ ਸੀ ਕਿ ਲਗਭਗ 60 ਹਜ਼ਾਰ ਸਿੱਖ ਅੰਮ੍ਰਿਤਸਰ ਇਕੱਠੇ ਹੋਏ ਤੇ ਅਬਦਾਲੀ ਨਾਲ ਟੱਕਰ ਲੈਣ ਦਾ ਪ੍ਰਣ ਕੀਤਾ। ਅਬਦਾਲੀ ਨੂੰ ਖ਼ਬਰ ਮਿਲਦਿਆਂ ਉਸ ਨੇ ਹਮਲਾ ਕਰ ਦਿੱਤਾ। ਸਵੇਰ ਤੋਂ ਸ਼ਾਮ ਤੀਕ ਜ਼ਬਰਦਸਤ ਲੜਾਈ ਹੋਈ ਜਿਸ ਵਿੱਚ ਅਬਦਾਲੀ ਨੂੰ ਹਾਰ ਹੋਈ ਤੇ ਉਹ ਰਾਤ ਦੇ ਹਨੇਰੇ ਵਿੱਚ ਜਾਨ ਬਚਾ ਕੇ ਨੱਸ ਗਿਆ। ਉਹ ਦਸੰਬਰ 1762 ਈ. ਵਿੱਚ ਅਫ਼ਗਾਨਿਸਤਾਨ ਵਿਖੇ ਗੜਬੜ ਹੋਣ ਕਰਕੇ ਕਾਬਲ ਵਾਪਸ ਚਲਾ ਗਿਆ।






ਜੱਸਾ ਸਿੰਘ ਰਾਮਗੜ੍ਹੀਆ ਨੇ 1767 ਤੋਂ ਪਿੱਛੋਂ ਕਈ ਇਲਾਕਿਆਂ 'ਤੇ ਕਬਜ਼ਾ ਕੀਤਾ। ਸਭ ਤੋਂ ਪਹਿਲਾਂ ਬਟਾਲਾ, ਕਲਾਨੌਰ, ਦੀਨਾਨਗਰ, ਸ੍ਰੀ ਹਰਿਗੋਬਿੰਦਪੁਰ, ਸ਼ਾਹਪੁਰ ਕੰਢੀ, ਕਾਦੀਆਂ ਅਤੇ ਘੁੰਮਣ 'ਤੇ ਕਬਜ਼ਾ ਕੀਤਾ। ਇਹ ਇਲਾਕਾ ਗੁਰਦਾਸਪੁਰ ਤੇ ਅੰਮ੍ਰਿਤਸਰ ਦੇ ਜ਼ਿਲ੍ਹਿਆਂ ਵਿੱਚੋਂ ਸਭ ਤੋਂ ਉਪਜਾਊ ਸੀ ਇਸ ਨੂੰ ਰਿਆੜਕੀ ਕਰਕੇ ਸੱਦਿਆ ਜਾਂਦਾ ਸੀ। ਇਨ੍ਹਾਂ ਇਲਾਕਿਆਂ ਤੋਂ ਉਸ ਨੂੰ ਛੇ ਤੋਂ ਲੈ ਕੇ ਦੱਸ ਲੱਖ ਰੁਪਏ ਤੱਕ ਦੀ ਸਾਲਾਨਾ ਕਮਾਈ ਹੁੰਦੀ ਸੀ। ਇਸ ਤੋਂ ਪਿੱਛੋਂ ਉਸ ਨੇ ਮੌਜੂਦਾ ਹੁਸ਼ਿਆਰਪੁਰ ਜ਼ਿਲ੍ਹੇ ਦੇ ਨਾਲ ਲੱਗਦੇ ਇਲਾਕਿਆਂ ਵੱਲ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ। ਛੇਤੀ ਹੀ ਮਨੀਵਾਲ, ਉੜਮੜ ਟਾਂਡਾ, ਸਰਹੀ, ਮੰਗੇਵਾਲ, ਮਿਆਣੀ, ਦੀਪਾਲਪੁਰ, ਰੋਹਿਲ ਤੇ ਸ਼ਰੀਫ਼ ਜੰਗ ਆਦਿ ਇਲਾਕੇ ਆਪਣੇ ਅਧੀਨ ਕਰ ਲਏ। ਇਹ ਇਲਾਕੇ ਆਉਣ ਨਾਲ ਉਸ ਦੀ ਆਮਦਨ ਦਸ ਲੱਖ ਰੁਪਏ ਸਲਾਨਾ ਤੋਂ ਵੱਧ ਗਈ।

ਕਾਂਗੜਾ ਤੇ ਹੋਰ ਪਹਾੜੀ ਰਾਜਿਆਂ ਨੇ ਜੱਸਾ ਸਿੰਘ ਰਾਮਗੜ੍ਹੀਆਂ ਦੀ ਈਨ ਮੰਨ ਕੇ ਸਾਲਾਨਾ ਕਰ ਦੇਣਾ ਪ੍ਰਵਾਨ ਕਰ ਲਿਆ। ਜਸਵਾਂ, ਦੀਪਾਲਪੁਰ, ਅਨਾਰਪੁਰ, ਹਰੀਪੁਰ, ਦਾਤਾਰਪੁਰ ਤੇ ਜੇਠੋਂਵਾਲ ਦੀਆਂ ਛੋਟੀਆਂ ਛੋਟੀਆਂ ਰਿਆਸਤਾਂ ਆਪਣੇ ਅਧੀਨ ਕਰ ਲਈਆਂ। ਇਨ੍ਹਾਂ ਤੋਂ ਦੋ ਲੱਖ ਰੁਪਏ ਸਾਲਾਨਾ ਕਰ ਆਉਂਦਾ ਸੀ।ਇਨ੍ਹਾਂ ਜਿੱਤਾਂ ਨਾਲ ਉਸ ਦੇ ਰਾਜ ਦੀਆਂ ਹੱਦਾਂ ਦੂਰ ਦੂਰ ਤੀਕ ਵਧ ਗਈਆਂ।ਬਿਆਸ ਅਤੇ ਰਾਵੀ ਦੇ ਵਿਚਕਾਰ ਦਾ ਸਾਰਾ ਇਲਾਕਾ ਅਤੇ ਜਲੰਧਰ ਦੁਆਬੇ ਦਾ ਮੈਦਾਨੀ ਇਲਾਕਾ ਉਸ ਦੇ ਰਾਜ ਵਿੱਚ ਸ਼ਾਮਲ ਸੀ ।ਉਸ ਨੇ ਸੋਚ ਵਿਚਾਰ ਕਰਕੇ ਸ੍ਰੀ ਹਰਿਗੋਬਿੰਦਪੁਰ ਨੂੰ ਆਪਣੀ ਰਾਜਧਾਨੀ ਬਣਾਇਆ ਜੋ ਕਿ ਜਿੱਤੇ ਇਲਾਕਿਆਂ ਦੇ ਐਨ ਵਿਚਕਾਰ ਸੀ ।ਪਹਿਲਾਂ ਰਾਮਗੜ੍ਹ ਰਾਜਧਾਨੀ ਸੀ।

ਪਹਾੜੀ ਰਿਆਸਤਾਂ ਰਿਆੜਕੀ ਅਤੇ ਦੁਆਬ ਦੀ ਜਿੱਤ ਨੇ ਜੱਸਾ ਸਿੰਘ ਦਾ ਤੇਜ ਪ੍ਰਤਾਪ ਸਿਖਰਾਂ 'ਤੇ ਪਹੁੰਚਾ ਦਿੱਤਾ। ਪਰ ਪਿੱਛੋਂ ਐਸੇ ਹਾਲਾਤ ਪੈਦਾ ਹੋ ਗਏ ਕਿ ਮਿਸਲਾਂ ਵਿੱਚ ਆਪਸੀ ਗ੍ਰਹਿ ਯੁੱਧ ਸ਼ੁਰੂ ਹੋ ਗਏ।ਪਠਾਨਕੋਟ ਨੂੰ ਲੈ ਕੇ ਇਨ੍ਹਾਂ ਵਿੱਚ ਅਣਬਣ ਹੋ ਗਈ। ਭੰਗੀਆਂ ਨੇ ਪਠਾਨਕੋਟ ਉੱਤੇ ਧਾਵਾਂ ਬੋਲ ਦਿੱਤਾ । ਤਵੀ ਨਦੀ ਦੇ ਨੇੜੇ ਬੜੀ ਭਾਰੀ ਲੜਾਈ ਹੋਈ। ਭੰਗੀ, ਰਾਮਗੜ੍ਹੀਏ. ਰਣਜੀਤ ਦਿਓ ਤੇ ਪੀਰ ਮੁਹੰਮਦ ਚੱਠਾ ਇੱਕ ਪਾਸੇ, ਕੰਨ੍ਹਈਏ, ਆਹਲੂਵਾਲੀਏ ਤੇ ਸ਼ੁਕਰਚੱਕੀਏ ਦੂਜੇ ਪਾਸੇ। ਅਖ਼ੀਰ ਭੰਗੀਆਂ ਦੀ ਹਾਰ ਹੋਈ। ਇਸਦਾ ਸਭ ਤੋਂ ਮਾੜਾ ਸਿੱਟਾ ਇਹ ਨਿਕਲਿਆ ਕਿ ਆਹਲੂਵਾਲੀਏ ਤੇ ਸ਼ੁੱਕਰਚਕੀਏ, ਜੱਸਾ ਸਿੰਘ ਦੇ ਪੱਕੇ ਦੁਸ਼ਮਣ ਬਣ ਗਏ। ਆਪਣੀ ਸ਼ਾਨ ਨੂੰ ਘੱਟਦੇ ਵੇਖ ਕੇ ਜੱਸਾ ਸਿੰਘ ਨੇ ਕਪੂਰਥਲਾ ਦੇ ਰਾਇ ਨੂੰ ਚੁੱਕਿਆ ਕਿ ਉਹ ਆਹਲੂਵਾਲੀਏ ਨੂੰ ਕਰ ਦੇਣ ਤੋਂ ਇਨਕਾਰ ਕਰ ਦੇਵੇ ਪਰ ਜੱਸਾ ਸਿੰਘ ਦੀ ਇਹ ਚਾਲ ਸਫ਼ਲ ਨਾ ਹੋ ਸਕੀ ਕਿਉਂਕਿ ਆਹਲੂਵਾਲੀਏ ਨੇ ਆਪਣੀ 30 ਹਜ਼ਾਰ ਫ਼ੌਜ ਨਾਲ ਕਪੂਰਥਲੇ 'ਤੇ ਹਮਲਾ ਕਰਕੇ ਉਸ ਨੂੰ ਆਪਣੇ ਅਧੀਨ ਕਰ ਲਿਆ।

ਜੱਸਾ ਸਿੰਘ ਆਹਲੂਵਾਲੀਆ ਅਜਿਹੇ ਮੌਕੇ ਦੀ ਭਾਲ ਵਿੱਚ ਸੀ ਕਿ ਉਹ ਰਾਮਗੜ੍ਹੀਆ ਪਾਸੋਂ ਇਸਦਾ ਬਦਲਾ ਲਵੇ। 1775 ਈ. ਵਿੱਚ ਬਿਆਸ ਦੇ ਕੰਢੇ ਜ਼ਹੂਰੇ ਪਿੰਡ ਵਿੱਚ ਇੱਕ ਛੋਟੀ ਜਿਹੀ ਮੁਠਭੇੜ ਹੋਈ ਜਿਸ ਵਿੱਚ ਜੱਸਾ ਸਿੰਘ ਰਾਮਗੜ੍ਹੀਆ, ਆਹਲੂਵਾਲੀਏ ਦੀ ਗੋਲੀ ਨਾਲ ਫੱਟੜ ਹੋ ਗਿਆ ਤੇ ਇਹ ਇਲਾਕਾ ਰਾਮਗੜ੍ਹੀਆ ਦੇ ਹੱਥੋਂ ਨਿਕਲ ਗਿਆ।

ਇੱਕ ਵਾਰੀ ਜੱਸਾ ਸਿੰਘ ਆਹਲੂਵਾਲੀਆ ਸ਼ਿਕਾਰ ਖੇਡਦਾ ਨੰਗਲ ਪਿੰਡ ਨੇੜੇ ਆ ਨਿਕਲਿਆ। ਜੱਸਾ ਸਿੰਘ ਰਾਮਗੜ੍ਹੀਏ ਦੇ ਭਰਾ ਮਾਲੀ ਸਿੰਘ ਨੇ ਆਹਲੂਵਾਲੀਏ 'ਤੇ ਹਮਲਾ ਕਰਕੇ ਉਸ ਨੂੰ ਫੱਟੜ ਕਰਕੇ ਕੈਦ ਕਰ ਲਿਆ ਤੇ ਉਸ ਨੂੰ ਸ੍ਰੀ ਹਰਿਗੋਬਿੰਦਪੁਰ ਲੈ ਗਿਆ। ਇਸ ਘਟਨਾ ਨਾਲ ਸਾਰੇ ਸਰਦਾਰ ਰਾਮਗੜ੍ਹੀਏ ਦੇ ਵਿਰੁੱਧ ਹੋ ਗਏ। ਇਸ ਖਿਚੋਤਾਣ ਵਿੱਚ ਰਾਮਗੜ੍ਹੀਆ ਤੇ ਸ਼ੁਕਰਚਕੀਆ ਵਿੱਚ ਲੜਾਈ ਹੋ ਗਈ ਤੇ ਜੱਸਾ ਸਿੰਘ ਨੇ ਚੜ੍ਹਤ ਸਿੰਘ ਨੂੰ ਹਾਰ ਦਿੱਤੀ ਤੇ ਉਸ ਦੀਆਂ ਬੰਦੂਕਾਂ ਤੇ ਹੋਰ ਬਹੁਤ ਸਾਰਾ ਜੰਗੀ ਸਮਾਨ ਕਾਬੂ ਕਰ ਲਿਆ।

1776 ਈ. ਵਿੱਚ ਰਾਮਗੜ੍ਹੀਏ ਸਰਦਾਰ ਨੂੰ ਖ਼ਤਮ ਕਰਨ ਲਈ ਆਹਲੂਵਾਲੀਏ ਨੇ ਬਾਕੀ ਦੇ ਸਰਦਾਰਾਂ ਪਾਸੋਂ ਮਦਦ ਮੰਗੀ। ਚੜ੍ਹਤ ਸਿੰਘ ਸ਼ੁਕਰਚੱਕੀਏ ਤੇ ਜੈ ਸਿੰਘ ਕੰਨ੍ਹਈਏ ਤੋਂ ਇਲਾਵਾ ਭੰਗੀ ਸਰਦਾਰ ਵੀ ਆਹਲੂਵਾਲੀਆ ਦੀ ਮਦਦ ਲਈ ਆ ਗਏ। ਇਨ੍ਹਾਂ ਚੋਹਾਂ ਮਿਸਲਾਂ ਦੀਆਂ ਸਾਂਝੀਆਂ ਫੌਜਾਂ ਨੇ ਸ੍ਰੀ ਹਰਿਗੋਬਿੰਦਪੁਰ 'ਤੇ ਹਮਲਾ ਕੀਤਾ। ਰਾਮਗੜ੍ਹੀਆ ਦੀ ਪੇਸ਼ ਨਾ ਗਈ ਤੇ ਉਸ ਨੇ ਸ਼ਹਿਰ ਖਾਲੀ ਕਰ ਦਿੱਤਾ। ਇਸ ਤੋਂ ਪਿੱਛੋਂ ਉਨ੍ਹਾਂ ਬਟਾਲੇ 'ਤੇ ਕਬਜ਼ਾ ਕੀਤਾ। ਇਸ ਪਿੱਛੋਂ ਕਲਾਨੌਰ ਉੱਤੇ ਧਾਵਾ ਬੋਲਿਆ। ਇਸ ਲੜਾਈ ਵਿੱਚ ਜੱਸਾ ਸਿੰਘ ਦਾ ਛੋਟਾ ਭਰਾ ਤਾਰਾ ਸਿੰਘ ਮਾਰਿਆ ਗਿਆ ਤੇ ਇਸ ਦਾ ਕਬਜ਼ਾ ਹਕੀਕਤ ਸਿੰਘ ਕੰਨ੍ਹਈਏ ਨੂੰ ਦੇ ਦਿੱਤਾ। ਇਸ ਪਿੱਛੋਂ ਸਾਂਝੀਆਂ ਫੌਜਾਂ ਨੇ ਨਾ ਕੇਵਲ ਉਸ ਨੂੰ ਉਸ ਦੇ ਇਲਾਕੇ ਵਿੱਚੋਂ ਕੱਢ ਦਿੱਤਾ ਸਗੋਂ ਸਤਲੁਜੋਂ ਪਾਰ ਜਾਣ ਲਈ ਮਜ਼ਬੂਰ ਕਰ ਦਿੱਤਾ।

ਮੁਗ਼ਲ ਬਾਦਸ਼ਾਹ ਸ਼ਾਹ ਆਲਮ ਨੇ ਰਿਆਸਤ ਪਟਿਆਲਾ ਨੂੰ ਆਪਣੇ ਅਧੀਨ ਕਰਨ ਲਈ ਹਮਲਾ ਕਰ ਦਿੱਤਾ। ਜਦ ਸ਼ਾਹੀ ਫ਼ੌਜਾਂ ਕਰਨਾਲ ਨੇੜੇ ਪੁੱਜੀਆਂ ਤਾਂ ਕਈ ਸਰਦਾਰ ਜਿਵੇਂ ਸਾਹਿਬ ਸਿੰਘ ਕਾਂਡੀ, ਦੀਵਾਨ ਸਿੰਘ, ਬਘੇਲ ਸਿੰਘ ਅਤੇ ਦੇਸਾ ਸਿੰਘ ਕੈਂਥਲੀਆ ਆਦਿ ਜਿਨ੍ਹਾਂ ਦੀ ਰਾਜਾ ਅਮਰ ਸਿੰਘ ਨਾਲ ਲੱਗਦੀ ਸੀ ਵੀ ਮੁਗ਼ਲ ਫੌਜ ਦੀ ਮਦਦ ਲਈ ਆ ਗਏ। ਜੱਸਾ ਸਿੰਘ ਰਾਮਗੜ੍ਹੀਆ ਤੇ ਉਸ ਦਾ ਸੁਪੁੱਤਰ ਜੋਧ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਵੀ ਉਸ ਦੀ ਸਹਾਇਤਾ ਲਈ ਪੁੱਜ ਗਏ। ਰਾਜਾ ਅਮਰ ਸਿੰਘ ਦੀਆਂ ਫ਼ੌਜਾਂ ਨੂੰ ਭਾਰੀ ਜਿੱਤ ਹੋਈ ਤੇ ਪਾਨੀਪਤ ਵੱਲ ਨੂੰ ਨੱਸੀਆਂ ਜਾਂਦੀਆਂ ਸ਼ਾਹੀ ਫ਼ੌਜਾਂ ਦਾ ਪਿੱਛਾ ਕਰਕੇ ਸਿੱਖਾਂ ਨੇ ਲੁੱਟ ਦੇ ਮਾਲ ਨਾਲ ਖੂਬ ਹੱਥ ਰੰਗੇ।


ਜੱਸਾ ਸਿੰਘ ਰਾਮਗੜ੍ਹੀਏ ਨੇ ਬਘੇਲ ਸਿੰਘ ਅਤੇ ਗੁਰਦਿੱਤ ਸਿੰਘ ਦੀ ਸਹਾਇਤਾ ਨਾਲ ਤੀਹ ਹਜ਼ਾਰ ਫੌਜ ਲੈ ਕੇ ਮੁਜ਼ਫਰਪੁਰ ਤੇ ਮੀਰਾਂਪੁਰ ਦੇ ਇਲਾਕੇ ਵਿੱਚ ਲੁੱਟ ਮਾਰ ਕੀਤੀ ਤੇ ਫਿਰ ਮਾਰੋ ਮਾਰ ਕਰਦੇ ਮੇਰਠ ਸ਼ਹਿਰ ਵਿੱਚ ਜਾ ਨਿਕਲੇ।ਇਸ ਇਲਾਕੇ ਦੇ ਜ਼ਬੀਤਾ ਖ਼ਾਨ ਨੂੰ ਘੇਰ ਲਿਆ ਤੇ ਦਸ ਹਜ਼ਾਰ ਰੁਪਏ ਕਰ ਵਸੂਲ ਕੀਤਾ।ਉਸ ਨੇ ਹਰ ਸਾਲ ਕਰ ਦੇਣ ਦਾ ਇਕਰਾਰ ਵੀ ਕੀਤਾ। ਇੱਥੋਂ ਅੱਗੇ ਜੱਸਾ ਸਿੰਘ ਤੇ ਬਘੇਲ ਸਿੰਘ ਦੀਆਂ ਫੌਜਾਂ ਨੇ ਉੱਤਰ ਪ੍ਰਦੇਸ਼ ਦੇ ਉੱਘੇ ਵਪਾਰਕ ਕੇਂਦਰ ਚੌਣਸੀ ਉੱਤੇ ਹਮਲਾ ਕੀਤਾ, ਜਿੱਥੋਂ ਕਈ ਲੱਖ ਰੁਪਿਆ ਉਨ੍ਹਾਂ ਦੇ ਹੱਥ ਲੱਗਾ।

ਕੁਝ ਸਮੇਂ ਬਾਅਦ ਸਿੱਖ ਸਰਦਾਰਾਂ ਨੇ ਦਿੱਲੀ ਉਪਰ ਧਾਵਾ ਕਰਨ ਦਾ ਮਤਾ ਪਕਾਇਆ। ਮਾਰਚ 1783 ਵਿੱਚ ਸਿੱਖ ਦਿੱਲੀ ਸ਼ਹਿਰ ਵਿੱਚ ਦਾਖਲ ਹੋਏ। ਮੁਗ਼ਲ ਬਾਦਸ਼ਾਹ, ਸ਼ਾਹ ਆਲਮ ਦੂਜਾ ਉਨ੍ਹਾਂ ਦੇ ਮੁਕਾਬਲੇ ਲਈ ਤਿਆਰ ਨਹੀਂ ਸੀ। ਇਸ ਲਈ ਸਿੱਖ ਕਈ ਦਿਨ ਦਿੱਲੀ ਦੇ ਮਾਲਕ ਬਣੇ ਰਹੇ।ਜੱਸਾ ਸਿੰਘ ਰਾਮਗੜ੍ਹੀਆ ਹੋਰ ਸਰਦਾਰਾਂ ਤੋਂ ਵੱਖਰੇ ਹੋ ਕੇ ਹਮਲੇ ਕਰਦਾ ਰਿਹਾ। ਪਹਿਲਾਂ ਉਸ ਨੇ ਮੁਗ਼ਲਪੁਰੀ ਖ਼ਤਮ ਕੀਤਾ ਤੇ ਫਿਰ ਲਾਲ ਕਿਲ੍ਹੇ ਜਾ ਵੜਿਆ। ਉੱਥੋਂ ਧਨ ਤੋਂ ਇਲਾਵਾ ਮੁਗ਼ਲ ਦੇ ਤੋਪਖਾਨੇ ਦੀਆਂ ਚਾਰ ਬੰਦੂਕਾਂ ਤੇ ਮੁਗ਼ਲਾਂ ਦੇ ਤਾਜਪੋਸ਼ੀ ਵਾਲੀ ਰੰਗ ਬਰੰਗੇ ਪੱਥਰ ਦੀ ਇੱਕ ਸੁੰਦਰ ਸਿੱਲ ਹੱਥ ਲੱਗੀ। ਇਹ 6 ਫੁੱਟ ਲੰਬੀ, 4 ਫੁੱਟ ਚੌੜੀ ਤੇ 9 ਇੰਚ ਮੋਟੀ ਸਿੱਲ ਇਸ ਸਮੇਂ ਰਾਮਗੜ੍ਹੀਏ ਬੁੰਗੇ ਵਿੱਚ ਪਈ ਹੈ।

1783 ਈ. ਵਿੱਚ ਜੱਸਾ ਸਿੰਘ ਆਹਲੂਵਾਲੀਆ ਅਕਾਲ ਚਲਾਣਾ ਕਰ ਗਿਆ। ਜੱਸਾ ਸਿੰਘ ਰਾਮਗੜ੍ਹੀਆ ਨੇ ਵਾਪਸ ਪੰਜਾਬ ਆ ਕੇ ਆਪਣੇ ਇਲਾਕੇ ਮੁੜ ਪ੍ਰਾਪਤ ਕਰ ਲਏ।ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ 'ਤੇ 1799 ਈ. ਵਿੱਚ ਮੁੜ ਕਬਜ਼ਾ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਨੇ ਰਾਮਗੜ੍ਹੀਆ ਦੇ ਉੱਘੇ ਕਿਲ੍ਹੇ ਮਿਆਣੀ ਉਪਰ ਹਮਲਾ ਕਰਕੇ ਉਸ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ। ਇਸ ਲੜਾਈ ਵਿੱਚ ਭਾਗ ਸਿੰਘ ਆਹਲੂਵਾਲੀਆ ਨੇ ਮਹਾਰਾਜਾ ਰਣਜੀਤ ਸਿੰਘ ਦੀ ਮਦਦ ਕੀਤੀ। ਜੱਸਾ ਸਿੰਘ ਰਾਮਗੜ੍ਹੀਆ ਨੇ ਇਸ ਦਾ ਬਦਲਾ ਲੈਣ ਲਈ ਆਹਲੂਵਾਲੀਆ ਸਰਦਾਰ ਦੇ ਇਲਾਕੇ ਉੱਤੇ ਹੱਲਾ ਬੋਲ ਦਿੱਤਾ। ਕਾਂਗੜੇ ਦਾ ਰਾਜਾ ਸੰਸਰ ਚੰਦ ਕਟੋਚ ਵੀ ਮਹਾਰਾਜਾ ਰਣਜੀਤ ਸਿੰਘ ਦੀ ਵੱਧਦੀ ਤਾਕਤ ਤੋਂ ਖ਼ਤਰਾ ਮਹਿਸੂਸ ਕਰਦਾ ਸੀ, ਉਸ ਨੇ ਵੀ ਜੱਸਾ ਸਿੰਘ ਰਾਮਗੜ੍ਹੀਆ ਦਾ ਸਾਥ ਦਿੱਤਾ। ਭਾਗ ਸਿੰਘ ਆਹਲੂਵਾਲੀਆ ਨੇ ਆਪਣੇ ਜਰਨੈਲ ਹਮੀਰ ਸਿੰਘ ਨੂੰ ਭੇਜਿਆ ਪ੍ਰੰਤੂ ਹਮੀਰ ਸਿੰਘ ਨੂੰ ਇਸ ਲੜਾਈ ਵਿੱਚ ਹਾਰ ਹੋਈ ਤੇ ਉਹ ਜ਼ਖ਼ਮੀ ਹੋ ਗਿਆ। ਫਗਵਾੜਾ ਪਹੁੰਚ ਕੇ ਆਹਲੂਵਾਲੀਆ ਸਰਦਾਰ ਕੁਝ ਦਿਨਾਂ ਦੀ ਬਿਮਾਰੀ ਤੋਂ ਬਾਅਦ ਅਕਾਲ ਚਲਾਣਾ ਕਰ ਗਿਆ।80 ਸਾਲ ਦੀ ਉਮਰ ਭੋਗ ਕੇ 1803 ਈ. ਵਿੱਚ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਅਕਾਲ ਚਲਾਣਾ ਕਰ ਗਿਆ। ਉਸ ਦੇ ਪੁੱਤਰ ਜੋਧ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਦੋਸਤੀ ਪਾ ਲਈ ਤੇ ਉਸ ਦੇ ਜੀਉਂਦੇ ਜੀਅ 1816 ਈ. ਤੱਕ ਮਹਾਰਾਜਾ ਰਣਜੀਤ ਸਿੰਘ ਨੂੰ ਲੜਾਈ ਕਰਨ ਦਾ ਕਦੇ ਖਿਆਲ ਨਾ ਆਇਆ।

ਹਵਾਲਾ ਪੁਸਤਕਾਂ :- 1. ਕਪੂਰ, ਪ੍ਰੋ. ਪ੍ਰਿਥੀਪਾਲ ਸਿੰਘ, ਸ. ਜੱਸਾ ਸਿੰਘ ਰਾਮਗੜ੍ਹੀਆ, ਸਿੰਘ ਬਰਦਰਜ਼, ਅੰਮ੍ਰਿਤਸਰ 2010

2. ਰਾਏ, ਪ੍ਰੋ. ਗੁਰਨਾਮ ਸਿੰਘ, ਜੱਸਾ ਸਿੰਘ ਰਾਮਗੜ੍ਹੀਆ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2012



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਪਹਿਲੀ ਸਿੱਖ ਜੰਗ

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੁਗ਼ਲ ਬਾਦਸ਼ਾਹ ਜਹਾਂਗੀਰ ਨਾਲ ਸਬੰਧ ਬੜੀ ਪ੍ਰਖ ਪ੍ਰਣਾਲੀ ਵਿੱਚੋਂ ਲੰਘੇ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਜਦੋਂ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਤਲਬ ਕੀਤਾ, ਤਾਂ ਗੁਰਾਂ ਨੇ ਜਾਣ ਲਿਆ ਸੀ ਕਿ ਸਿੰਘਾਂ ਨੂੰ ਆਉਣ ਵਾਲੇ ਸਮੇਂ ਵਿੱਚ ਜ਼ੁਲਮ ਦੇ ਟਾਕਰੇ ਲਈ ਹਥਿਆਰ ਚੁੱਕਣੇ ਪੈਣਗੇ। ਉਹਨਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਸੌਂਪਦਿਆਂ ਹਿਦਾਇਤ ਕੀਤੀ ਕਿ ਗੁਰਗੱਦੀ ’ਤੇ ਹਥਿਆਰਬੰਦ ਹੋ ਕੇ ਰਹਿਣਾ ਹੈ ਅਤੇ ਫ਼ੌਜ ਵੀ ਰੱਖਣੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ ’ਤੇ ਬੈਠਦਿਆਂ, ਦੋ ਤਲਵਾਰਾਂ ਧਾਰਨ ਕੀਤੀਆਂ। ਇੱਕ ਮੀਰੀ ਦੀ, ਇੱਕ ਪੀਰੀ ਦੀ। ਇੱਕ ਆਤਮਿਕ ਅਗਵਾਈ, ਦੂਸਰੀ ਸੰਸਾਰਕ ਅਗਵਾਈ ਵਾਸਤੇ। ਗੁਰੂ ਜੀ ਨੇ ਭੇਟਾ ਵਿੱਚ ਚੰਗੀ ਨਸਲ ਦੇ ਘੋੜੇ, ਚੰਗੇ ਸ਼ਸਤਰ ਅਤੇ ਸੁਡੌਲ ਜਵਾਨਾਂ ਦੀ ਮੰਗ ਰੱਖੀ। ਗੁਰਮੁਖਾਂ ਨੂੰ ਸਰੀਰਕ ਤੌਰ ’ਤੇ ਤੰਦਰੁਸਤ ਹੋ ਕੇ ਘੋੜ ਸਵਾਰੀ ਅਤੇ ਸ਼ਸਤਰ ਵਿਦਿਆ ਵਿੱਚ ਨਿਪੁੰਨ ਹੋਣ ਦਾ ਉਪਦੇਸ਼ ਦਿੱਤਾ। ਕੌਮ ਉਸਾਰੀ ਦੇ ਕਾਰਜਾਂ ਵਿੱਚ ਅੰਮ੍ਰਿਤਸਰ ਨਗਰ ਨੂੰ ਆਤਮ ਨਿਰਭਰ ਅਤੇ ਸਵੈ ਰਖਿਅਕ ਬਣਾਉਣ ਲਈ ‘ਲੋਹਗੜ੍ਹ’ ਕਿਲ੍ਹੇ ਦਾ ਨਿਰਮਾਣ ਕੀਤਾ। ਸੂਰਬੀਰਤਾ ਦਾ ਪ੍ਰਤੀਕ ਅਕਾਲ ਤਖਤ ਸਾਹਿਬ ਸਥਾਪਤ ਕੀਤਾ। ਧਾਰਮਿਕ ਗੁਰਮਤਿ ਉਪਦੇਸ਼ ਦੇ ਨਾਲ ਕੌਮ ਵਿੱਚ ਬੀਰ ਰਸ ਭਰਿਆ। ਗੁਰੂ ਜੀ ਨੇ ਸਾਂਝੀਵਾਲਤਾ ਨੂੰ ਇੱਕ ਸ਼ਕਤੀ ਮੰਨਿਆ। ਮਿਲ-ਜੁਲ ਕੇ ਰਹਿਣ ਦਾ ਉਪਦੇਸ਼ ਦਿੱਤਾ। ਮੱਤ-ਭੇਦ ਹੋ ਜਾਣ ’ਤੇ ਸੰਗਤਾਂ ਦੇ ਫੈਸਲੇ ਗੁਰੂ ਜੀ ਖੁਦ ਕਰਦੇ। ਗੁਰੂ ਜੀ ਨੇ 52 ਯੋਧਿਆਂ ਦੀ ਨਿੱਜੀ ਫ਼ੌਜ ਭਰਤੀ ਕਰ ਲਈ। ਬਕਾਇਦਾ ਤੌਰ ’ਤੇ ਫ਼ੌਜੀ ਖ਼ਾਲਸਾ ਹੋਣ ਦਾ ਐਲਾਨ ਕਰ ਦਿੱਤਾ। ਯੋਧੇ ਗੁਰੂ ਜੀ ਲਈ ਮਰ ਮਿਟਣ ਲਈ ਹਮੇਸ਼ਾ ਤਿਆਰ ਰਹਿਣ ਲੱਗੇ। ਫ਼ੌਜੀ ਸਿਖਲਾਈ ਨੇ ਕੌਮ ਵਿੱਚ ਸੂਰਬੀਰਤਾ ਦੀ ਨਵੀਂ ਜਾਨ ਭਰੀ।

ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਈਰਖਾਲੂ ਅਹਿਲਕਾਰਾਂ ਨੇ ਬਾਦਸ਼ਾਹ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਜੀ ਨੇ ਫ਼ੌਜ ਰੱਖ ਲਈ ਹੈ। ਨਗਾਰੇ ਵੱਜਦੇ, ਨਿਸ਼ਾਨ ਸਾਹਿਬ ਝੂਲਦੇ, ਗੁਰੂ ਜੀ ਤਖ਼ਤ ’ਤੇ ਬੈਠਦੇ, ਸ਼ਿਕਾਰ ਖੇਡਦੇ, ਸੰਗਤਾਂ ਦੇ ਫੈਸਲੇ ਆਪ ਕਰਦੇ, ਫ਼ੌਜੀ ਦਸਤੇ ਮਿਸਾਲਾਂ ਬਾਲ ਕੇ ਰਾਤਾਂ ਨੂੰ ਸ਼ਹਿਰ ਵਿੱਚ ਗਸ਼ਤ ਕਰਦੇ। ਬਾਦਸ਼ਾਹਾਂ ਵਾਲੀ ਠਾਠ ਬਾਠ ਬਣਾ ਲਈ ਹੈ। ਉਹ ਰਾਜਸੀ ਤੌਰ ’ਤੇ ਮਜ਼ਬੂਤ ਹੋ ਰਹੇ ਹਨ। ਉਹ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਦਾ ਬਦਲਾ ਲੈਣਗੇ। ਇਸ ਬਾਗੀ ਤਾਕਤ ਨੂੰ ਹੁਣੇ ਦਬਾ ਦੇਣਾ ਚਾਹੀਦਾ ਹੈ।

ਬਾਦਸ਼ਾਹ ਨੇ ਸਿੱਖਾਂ ਦੀ ਤਾਕਤ ਦਾ ਭੇਦ ਜਾਨਣ ਲਈ ਗੁਰੂ ਜੀ ਵੱਲ ਦੋਸਤੀ ਦਾ ਹੱਥ ਵਧਾਇਆ। ਗੁਰੂ ਜੀ ਨਾਲ ਨੇੜਤਾ ਹੋ ਜਾਣ ’ਤੇ ਉਸਨੇ ਜਾਣ ਲਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਭੈ ਭੀਤ ਨਹੀਂ ਕੀਤਾ। ਉਹ ਤਾਂ ਹੋਰ ਵੀ ਮਜ਼ਬੂਤ ਇਰਾਦੇ ਵਾਲੇ ਹੋ ਰਹੇ ਹਨ। ਬਾਦਸ਼ਾਹ ਨੇ ਗੁਰੂ ਜੀ ਦੀ ਵੱਧਦੀ ਤਾਕਤ ਵੇਖ ਕੇ ਦਬਾਉਣ ਲਈ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿੱਚ ਕੈਦ ਕਰ ਦਿੱਤਾ। ਉਥੇ ਪਹਿਲਾਂ ਵੀ 52 ਰਾਜੇ ਰਾਜਸੀ ਕੈਦੀ ਸਨ। ਉਹ ਬੜੀ ਮਾੜੀ ਹਾਲਤ ਵਿੱਚ ਜੀਵਨ ਬਿਤਾ ਰਹੇ ਸਨ। ਗੁਰੂ ਜੀ ਨੇ ਸ਼ਾਹੀ ਕੈਦੀ ਹੁੰਦਿਆਂ, ਉਹਨਾਂ ਦੀ ਚੰਗੀ ਖ਼ੁਰਾਕ ਤੇ ਪੁਸ਼ਾਕ ਦਾ ਪ੍ਰਬੰਧ ਕਰਵਾ ਲਿਆ। ਉਹ ਗੁਰੂ ਜੀ ਦੇ ਸਤਿਸੰਗੀ ਬਣ ਗਏ। ਗੁਰੂ ਜੀ ਦੀ ਕੈਦ ਲੰਮੇਰੀ ਹੁੰਦੀ ਵੇਖ ਕੇ ਸਿੰਘ ਰੋਹ ਵਿੱਚ ਆ ਗਏ। ਬਾਦਸ਼ਾਹ ਨੇ ਵਿਦਰੋਹ ਦੇ ਹਾਲਾਤ ਵੇਖ ਕੇ ਗੁਰੂ ਜੀ ਨੂੰ ਤੁਰੰਤ ਰਿਹਾਅ ਕਰਨ ਦਾ ਮਨ ਬਣਾਇਆ, ਪਰ ਗੁਰੂ ਜੀ ਨੇ ਕਿਹਾ ਕਿ ਸਾਡੇ ਨਾਲ 52 ਰਾਜੇ , ਜੋ ਰਾਜਸੀ ਕੈਦੀ ਹਨ, ਪਹਿਲਾਂ ਹੀ ਲੰਮੀ ਸਜ਼ਾ ਭੁਗਤ ਚੁੱਕੇ ਹਨ, ਵੀ ਰਿਹਾਅ ਕੀਤੇ ਜਾਣ। ਬਾਦਸ਼ਾਹ ਨੇ 52 ਰਾਜਿਆਂ ਨੂੰ ਵੀ ਗੁਰੂ ਜੀ ਨਾਲ ਰਿਹਾਅ ਕਰ ਦਿੱਤਾ। ਰਿਹਾਈ ਤੋਂ ਬਾਅਦ ਗੁਰੂ ਜੀ ਅੰਮ੍ਰਿਤਸਰ ਪੁੱਜੇ ਤਾਂ ਸ਼ਹਿਰ ਨਿਵਾਸੀਆਂ ਨੇ ਦੀਪਮਾਲਾ ਕਰਕੇ ਗੁਰੂ ਜੀ ਦਾ ਸਵਾਗਤ ਕੀਤਾ। “ਬੰਦੀਛੋੜ” ਦਾਤਾ ਕਹਿ ਕੇ ਸਨਮਾਨ ਕੀਤਾ। ਬਾਦਸ਼ਾਹ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਬਾਦਸ਼ਾਹ ਨੂੰ ਨਿਸ਼ਚਾ ਹੋ ਗਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਲਈ ਉਸ ਨੂੰ ਗੁੰਮਰਾਹ ਕੀਤਾ ਗਿਆ ਹੈ। ਉਸਨੇ ਦੋਸ਼ੀਆਂ ਨੂੰ ਗੁਰੂ ਜੀ ਹਵਾਲੇ ਕਰ ਦਿੱਤਾ। ਸੰਗਤਾਂ ਨੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ। ਗੁਰੂ ਜੀ ਦੇ ਸਬੰਧ ਭੇਦ ਭਾਵ ਤੋਂ ਬਾਅਦ ਸੁਖਾਂਵੇ ਹੋ ਗਏ। ਗੁਰੂ ਜੀ ਨੇ ਮੌਕਾ ਵੇਖ ਕੇ ਗੁਰਮਤਿ ਪ੍ਰਚਾਰ ਜ਼ੋਰਾਂ ਨਾਲ ਕੀਤਾ। ਦੂਸਰੇ ਧਰਮਾਂ ਦੇ ਲੋਕ ਵੀ ਗੁਰੂ ਜੀ ਦੇ ਨਾਲ ਆਣ ਪੁੱਜੇ। ਗੁਰੂ ਜੀ ਨੇ ਕਈ ਨਗਰ ਵਸਾਏ। ਸਿੱਖ ਧਰਮ ਫੈਲਾਉਣ ਦੇ ਉਸਾਰੂ ਯਤਨ ਕੀਤੇ। ਨਵੰਬਰ 8, 1627 ਵਿੱਚ ਬਾਦਸ਼ਾਹ ਜਹਾਂਗੀਰ ਦੀ ਮੌਤ ਹੋ ਗਈ। ਉਸ ਦਾ ਪੁੱਤਰ ਸ਼ਾਹ ਜਹਾਨ 6 ਫਰਵਰੀ 1628 ਨੂੰ ਤਖਤ ’ਤੇ ਬੈਠਾ। ਉਸਨੇ ਬੜੀ ਸਖ਼ਤ ਧਾਰਮਿਕ ਨੀਤੀ ਅਪਣਾਈ। ਉਸਨੇ ਦੂਸਰੇ ਧਰਮਾਂ ਦੇ ਪ੍ਰਚਾਰ ਤੇ ਪਾਬੰਦੀ ਲਗਾ ਦਿੱਤੀ। ਉਸ ਨੂੰ ਇਸ ਗਲ ਦੀ ਈਰਖਾ ਸੀ ਕਿ ਮੁਸਲਮਾਨ ਵੀ ਸਿੱਖ ਧਰਮ ਵਿੱਚ ਜਾ ਰਹੇ ਹਨ। ਉਸਨੇ ਹਿੰਦੂਆਂ ਦੇ ਮੰਦਰ ਢਾਹ ਕੇ ਮਸਜਿਦਾਂ ਬਣਾ ਲਈਆਂ। ਦੂਸਰੇ ਧਰਮਾਂ ਦੇ ਨਵੇਂ ਅਸਥਾਨ ਬਣਾਉਣ ਦੀ ਮਨਾਹੀ ਕਰ ਦਿੱਤੀ। ਸਿੱਖ ਧਰਮ ਦੀ ਡੱਬੀ ਬਜ਼ਾਰ ਲਾਹੌਰ ਵਿੱਚ ਬਣੀ ਬਾਉਲੀ ਨੂੰ ਪੂਰ ਦਿੱਤਾ। ਲੰਗਰ ਦੀ ਥਾਂ ਮਸੀਤ ਬਣਾ ਲਈ। ਸਿੱਖਾਂ ਦਾ ਰੋਹ ਜਾਗਣਾ ਕੁਦਰਤੀ ਸੀ। ਮੁਗ਼ਲ ਹਕੂਮਤ ਵੀ ਸਿੱਖਾਂ ਨਾਲ ਜੰਗ ਦਾ ਬਹਾਨਾ ਲੱਭ ਰਹੀ ਸੀ।

ਜੰਗ ਉਦੋਂ ਸ਼ੁਰੂ ਹੋਈ ਕਿ ਸਿੱਖਾਂ ਦਾ ਜਥਾ ਸ਼ਿਕਾਰ ਖੇਡਦਾ ਉਸ ਅਸਥਾਨ ’ਤੇ ਪੁੱਜ ਗਿਆ, ਜਿਥੇ ਬਾਦਸ਼ਾਹ ਸ਼ਾਹਜਹਾਨ ਵੀ ਸ਼ਿਕਾਰ ਖੇਡ ਰਿਹਾ ਸੀ। ਸ਼ਾਹੀ ਬਾਜ਼ ਸਿੰਘ ਦੇ ਜਥੇ ਵਿੱਚ ਆ ਗਿਆ। ਬਾਦਸ਼ਾਹ ਦੀ ਸ਼ਿਕਾਰੀ ਟੋਲੀ ਬੜੇ ਰੋਹਬ ਨਾਲ ਸ਼ਾਹੀ ਸ਼ਹਿ ’ਤੇ ਬਾਜ਼ ਵਾਪਿਸ ਮੰਗਣ ਆਈ। ਸਿੰਘਾਂ ਨੇ ਕਿਹਾ ਕਿ ਬਾਜ਼ ਆਪ ਆਇਆ ਹੈ, ਜੋ ਮੋੜਨਾ ਨਹੀਂ ਬਣਦਾ। ਨਾਲੇ ਅਸੀਂ ਤੁਹਾਨੂੰ ਜਾਣਦੇ ਨਹੀਂ ਕਿ ਇਹ ਬਾਜ਼ ਤੁਹਾਡਾ ਹੈ। ਬਾਦਸ਼ਾਹ ਦੇ ਸ਼ਿਕਾਰੀ ਟੋਲੇ ਨੇ ਇਸ ਬਾਰੇ ਲਾਹੌਰ ਦੇ ਗਵਰਨਰ ਕੁਲੀਜ਼ ਖਾਨ ਕੋਲ ਜਾ ਕੇ ਸ਼ਿਕਾਇਤ ਕੀਤੀ। ਉਸਨੇ ਬਹਾਨੇ ਨਾਲ ਸਿੰਘਾਂ ਨੂੰ ਖਤਮ ਕਰਨ ਲਈ 7000 ਦੀ ਫ਼ੌਜ ਅੰਮ੍ਰਿਤਸਰ ’ਤੇ ਹਮਲਾ ਕਰਨ ਲਈ ਭੇਜ ਦਿੱਤੀ।

15 ਮਈ 1628 ਨੂੰ ਹਮਲੇ ਦੀ ਖ਼ਬਰ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਮਿਲੀ, ਤਾਂ ਉਹਨਾਂ ਨੇ ਸਿੰਘਾਂ ਨੂੰ ਟਾਕਰਾ ਕਰਨ ਲਈ ਕਿਹਾ। ਤਿੰਨ ਦਿਨਾਂ ਬਾਅਦ ਗੁਰੂ ਜੀ ਦੀ ਸਪੁੱਤਰੀ ਬੀਬੀ ਵੀਰੋ ਦਾ ਵਿਆਹ ਅੰਮ੍ਰਿਤਸਰ ਵਿਖੇ ਹੋਣਾ ਤੈਅ ਸੀ। ਗੁਰੂ ਜੀ ਨੇ ਵਿਆਹ ਦੀ ਜਗ੍ਹਾ ਝਬਾਲ ਤੈਅ ਕਰਕੇ ਪ੍ਰਵਾਰ ਨੂੰ ਉਥੇ ਭੇਜ ਦਿੱਤਾ।

ਸਿੱਖ-ਮੁਗ਼ਲਾਂ ਦੀ ਇਹ ਪਹਿਲੀ ਜੰਗ ਪਿੱਪਲੀ ਸਾਹਿਬ, ਹੁਣ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸਥਾਨ ’ਤੇ ਹੋਈ। ਦੋਹਾਂ ਪਾਸਿਆਂ ਤੋਂ ਯੋਧਿਆਂ ਨੇ ਜੰਗੀ ਜੌਹਰ ਵਿਖਾਏ। ਸਿੰਘ ਯੋਧੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਅਣਖ ਅਤੇ ਆਜ਼ਾਦੀ ਲਈ ਡੱਟ ਗਏ। ਇਕ ਖੋਖਲੀ ਲੱਕੜ ਦੀ ਬਣੀ ਤੋਪ ਦੀ ਵਰਤੋ ਕੀਤੀ ਗਈ। ਜੋ ਖੇਮਕਰਨ ਦੇ ਮੋਹਰੀ ਕਾਰੀਗਰ ਨੇ ਬਣਾਈ ਸੀ। ਦੁਸ਼ਮਣ ਵੱਲੋਂ ਮੁਖਲਿਸ ਖਾਂ ਬੜੇ ਜੋਸ਼ ਨਾਲ ਮੈਦਾਨ ਪੁੱਜਾ, ਉਸ ਨੂੰ ਸ਼ਾਹੀ ਫ਼ੌਜ ’ਤੇ ਬੜਾ ਮਾਣ ਸੀ। ਸਿੱਖਾਂ ਵੱਲੋਂ ਜੰਗ ਦੀ ਕਮਾਨ ਗੁਰੂ ਜੀ ਨੇ ਖੁਦ ਸੰਭਾਲ ਲਈ। ਉਹਨਾਂ ਦਾ ਸਾਥ ਦੇ ਰਹੇ ਸਨ ਸੂਰਬੀਰ ਯੋਧੇ ਭਾਈ ਬਿਧੀ ਸਿੰਘ, ਭਾਈ ਜੇਠਾ,ਪੈਂਦੇ ਖਾਂ ਆਦਿ। ਪਹਿਲੇ ਦਿਨ ਦੀ ਜੰਗ ਮੁਕਾਬਲੇ ਦੀ ਸੀ। ਦੂਸਰੇ ਦਿਨ ਮੁਕਾਬਲਾ ਹੋਰ ਸਖ਼ਤ ਹੋ ਗਿਆ। ਤੀਸਰੇ ਦਿਨ ਵੱਡੇ ਪੱਧਰ ’ਤੇ ਕਤਲੇਆਮ ਹੋਇਆ। ਜਿਸ ਵਿੱਚ ਵੈਰੀ ਦਾ ਵੱਡਾ ਨੁਕਸਾਨ ਹੋਇਆ। ਮਕਾਲਿਫ਼ ਅਨੁਸਾਰ ਇਹ ਜੰਗ ਅੰਮ੍ਰਿਤਸਰ ਤੋਂ ਚਾਰ ਮੀਲ ਦੱਖਣ ਦੇ ਘੇਰੇ ਵਿੱਚ ਹੋਈ। ਜਿੱਤ ਦੀ ਯਾਦਗਾਰ ਵਿੱਚ ਗੁਰਦੁਆਰਾ ਸੰਗਰਾਣਾ ਸਾਹਿਬ ਹੈ। ਫੈਸਲਾਕੁੰਨ ਜੰਗ ਵਿੱਚ ਮੁਗ਼ਲ ਸੈਨਾ ਦੀ ਗਿਣਤੀ ਕਿਤੇ ਵੱਧ ਸੀ। ਅੰਤ ਵਿੱਚ ਗੁਰੂ ਜੀ ਦੇ ਖੰਡੇ ਨਾਲ ਮੁਖਲਿਸ ਖਾਂ ਟੋਟੇ ਟੋਟੇ ਹੋ ਗਿਆ। ਉਸ ਦੇ ਮਰਦਿਆਂ ਹੀ ਉਸ ਦੀ ਫ਼ੌਜ ਜੰਗ ਦੇ ਮੈਦਾਨ ਵਿਚੋਂ ਭੱਜ ਗਈ। ਮੁਗ਼ਲ ਫ਼ੌਜ ਨੇ ਸ਼ਹਿਰ ਨੂੰ ਲੁੱਟ ਲਿਆ। ਜੰਗ ਖਤਮ ਹੋਣ ’ਤੇ ਗੁਰੂ ਜੀ ਝਬਾਲ ਗਏ, ਜਿਥੇ ਬੀਬੀ ਵੀਰੋ ਜੀ ਦਾ ਵਿਆਹ ਚੌਧਰੀ ਭਾਈ ਲੰਗਾਹ ਦੇ ਘਰ ਹੋਇਆ। ਇਹ ਸਿੱਖ ਮੁਗ਼ਲਾਂ ਦੀ ਪਹਿਲੀ ਜੰਗ ਵਜੋਂ ਇਤਿਹਾਸ ਵਿੱਚ ਦਰਜ਼ ਹੋਈ, ਜਿਸ ਵਿੱਚ ਸਿੰਘਾਂ ਦੀ ਅਸਾਵੀਂ ਫ਼ੌਜ ਦੀ ਜਿੱਤ ਹੋਈ।








# ਭੈਣਾਂ ਵਰਗਾ ਸਾਕ ਨਾ ਕੋਈ...

**ਭੋਲਾ ਸਿੰਘ**

ਰਿਸ਼ਤਿਆਂ ਦਾ ਤਾਣਾ ਬਾਣਾ ਜ਼ਿੰਦਗੀ ਨੂੰ ਜਿਊਣ ਜੋਗੀ ਕਰੀ ਰੱਖਦਾ ਹੈ। ਕੁੱਝ ਰਿਸ਼ਤੇ ਹੰਢਾਉਣੇ ਪੈਂਦੇ ਨੇ ਤੇ ਕੁੱਝ ਰਿਸ਼ਤੇ ਨਿਭਾਉਣੇ ਪੈਂਦੇ ਨੇ, ਪ੍ਰੰਤੂ ਕੁੱਝ ਰਿਸ਼ਤੇ ਹੱਡਾਂ ਨਾਲ ਜੁੜੇ ਹੁੰਦੇ ਨੇ ਜਿਨ੍ਹਾਂ ਨੂੰ ਅੰਦਰਲੀ ਖਿੱਚ ਮਰਨ ਨਹੀਂ ਦਿੰਦੀ। ਇੱਕ ਧੀ ਦਾ ਪੇਕਿਆਂ ਨਾਲ ਮੋਹ ਉਸ ਦੇ ਹੱਡਾਂ ਵਿੱਚੋਂ ਕਦੇ ਮਨਫੀ ਨਹੀਂ ਹੋ ਸਕਦਾ। ਪੇਕਿਆਂ ਦਾ ਮੋਹ ਉਸ ਦੇ ਇਕੱਲੇ ਘਰ ਤੱਕ ਹੀ ਸੀਮਤ ਨਹੀਂ ਹੁੰਦਾ, ਸਗੋਂ ਪਿੰਡ ਦੀਆਂ ਜੂਹਾਂ ਵਿੱਚ ਵੀ ਸਮਾਇਆ ਹੁੰਦਾ ਹੈ।

ਧੀ ਦੇ ਹੱਡਾਂ ਵਿੱਚ ਪੇਕਿਆਂ ਦਾ ਮੋਹ ਉਸ ਦੇ ਰੋਮ-ਰੋਮ ਵਿੱਚ ਸਮਾਇਆ ਹੁੰਦਾ ਹੈ। ਭਰਜਾਈ ਭਾਵੇਂ ਲੱਖ ਨੱਕ-ਬੁੱਲ੍ਹ ਕੱਢਦੀ ਹੋਵੇ, ਪ੍ਰੰਤੂ ਭੈਣ ਦੇ ਸੀਨੇ ਵਿੱਚ ਭਰਾ ਪ੍ਰਤੀ ਮੋਹ ਸਦਾ ਹੀ ਤਰੋ-ਤਾਜ਼ਾ ਰਹਿੰਦਾ ਹੈ। ਜਦੋਂ ਵੀਰ ਦੇ ਘਰ ਪੁੱਤਰ ਪੈਦਾ ਹੁੰਦਾ ਹੈ ਤਾਂ ਉਸ ਨੂੰ ਆਪਣੇ ਬਾਬਲ ਦੀ ਵੇਲ ਵਧਦੀ ਨਜ਼ਰ ਆਉਂਦੀ ਹੈ। ਉਸ ਦੇ ਅੰਦਰਲਾ ਵਜੂਦ ਲੋਕ-ਬੋਲੀ ਬਣ ਕੇ ਉੱਛਲ ਪੈਂਦਾ ਹੈ;

ਚੰਨ ਚੜ੍ਹ ਆ ਬਾਪ ਦੇ ਵਿਹੜੇ
ਵੀਰ ਘਰ ਪੁੱਤ ਜੰਮਿਆ।

ਧੀ ਦੇ ਅੰਦਰਲੀ ਤੜਫ਼ ਪੇਕਿਆਂ ਦੇ ਮੋਹ ਨੂੰ ਖੁਰਨ ਨਹੀਂ ਦਿੰਦੀ। ਪੇਕੇ ਪਰਿਵਾਰ ਨਾਲ ਜੁੜੇ ਭਾਵੇਂ ਸਾਰੇ ਹੀ ਰਿਸ਼ਤੇ ਉਸ ਨੂੰ ਸਕੂਨ ਬਖ਼ਸ਼ਦੇ ਹਨ, ਪ੍ਰੰਤੂ ਇੱਕ ਭੈਣ ਦਾ ਆਪਣੇ ਭਰਾ ਪ੍ਰਤੀ ਮੋਹ ਸਮੁੰਦਰ ਦੀਆਂ ਲਹਿਰਾਂ ਵਾਂਗ ਉੱਛਲਦਾ ਦਿਖਾਈ ਦਿੰਦਾ ਹੈ। ਭੈਣ ਭਾਵੇਂ ਆਪ ਵੀ ਬਾਲ-ਬੱਚੇ ਵਾਲੀ ਹੋਵੇ, ਪ੍ਰੰਤੂ ਆਪਣੇ ਭਤੀਜੇ-ਭਤੀਜੀਆਂ ਦਾ ਹੇਜ ਸਦਾ ਹੀ ਮੋਹ ਦੇ ਅੱਥਰੂ ਬਣ ਕੇ ਸਿੰਮਦਾ ਰਹਿੰਦਾ ਹੈ। ਲੋਕ-ਬੋਲੀਆਂ ਤੇ ਲੋਕ-ਗੀਤ ਮਨੁੱਖੀ ਜਾਮੇ ਦੀ ਕਿਸੇ ਵੀ ਭਾਵਨਾ ਨੂੰ ਛੁਪਿਆਂ ਨਹੀਂ ਰਹਿਣ ਦਿੰਦੇ। ਲੋਕ-ਬੋਲੀਆਂ ਮਨੁੱਖੀ ਹਿਰਦਿਆਂ ਵਿੱਚ ਧੜਕਦੇ ਵਲਵਲਿਆਂ ਨੂੰ ਜੀਭ ਲਾ ਦਿੰਦੀਆਂ ਹਨ। ਗਿੱਧੇ ਦੇ ਪਿੜ ਵਿੱਚ ਮਨੁੱਖੀ ਸਰੋਕਾਰਾਂ ਨਾਲ ਜੁੜੇ ਸਾਰੇ ਹੀ ਸੱਚ ਭਾਂਬੜ ਬਣ ਕੇ ਨੱਚ ਉੱਠਦੇ ਹਨ। ਕੋਈ ਰਿਸ਼ਤਾ ਲੋਕ-ਬੋਲੀਆਂ ਤੋਂ ਮੂੰਹ ਪਾਸੇ ਨਹੀਂ ਕਰ ਸਕਦਾ। ਭੈਣ ਦੇ ਮੂੰਹੋਂ ਗਿੱਧੇ ਦੇ ਪਿੜ ਵਿੱਚ ਭਰਾ ਪ੍ਰਤੀ ਮੋਹ ਦਾ ਪ੍ਰਗਟਾਵਾ ਇਉਂ ਦਿਖਾਈ ਦਿੰਦਾ ਹੈ;

ਕਾਲੇ ਸੂਟ ’ਤੇ ਸਜੇ ਜੰਜ਼ੀਰੀ
ਰੋਜ਼ ਰੋਜ਼ ਨਾ ਪਾਵਾਂ।
ਨੀਂ ਸੋਹਣੇ ਵੀਰਨ ਦੀ
ਸਹੁੰ ਝੂਠੀ ਨਾ ਖਾਵਾਂ।

ਜ਼ਮਾਨੇ ਨੇ ਕਰਵੱਟ ਬਦਲੀ ਹੈ। ਇੱਕ ਸਮਾਂ ਸੀ ਜਦੋਂ ਬਹੁਤਿਆਂ ਭਰਾਵਾਂ ਵਾਲੀ ਦੀ ਸਹੁਰੇ ਘਰ ਵੀ ਕਦਰ ਹੁੰਦੀ ਸੀ। ਲੋਕਾਂ ਦਾ ਮੁੱਖ ਕਿੱਤਾ ਖੇਤੀ ਹੋਣ ਕਰਕੇ ਬਹੁਤੇ ਭਰਾਵਾਂ ਦੀ ਖੇਤੀ ਦੇ ਕਾਰੋਬਾਰ ਵਿੱਚ ਵੱਧ ਲੋੜ ਹੁੰਦੀ ਸੀ, ਪਰ ਹੁਣ ਧਾਰਨਾ ਉਲਟ ਹੈ। ਹੁਣ ਜਿੰਨੇ ਭਰਾ ਘੱਟ ਹੋਣਗੇ, ਸਮਾਜਿਕ ਤੌਰ ’ਤੇ ਉਸ ਦੀ ਓਨੀ ਕਦਰ ਵੱਧ ਪਵੇਗੀ। ਧੀ ਦਾ ਬਾਪ ਵੀ ਹੁਣ ਉੱਥੇ ਹੀ ਸਾਕ ਕਰਨ ਨੂੰ ਪਹਿਲ ਦਿੰਦਾ ਹੈ ਜਿੱਥੇ ਪੁੱਤਰ ਇਕੱਲਾ-ਕੈਰ੍ਹਾ ਹੋਵੇ। ਜਦੋਂ ਬਹੁਤਿਆਂ ਭਰਾਵਾਂ ਵਾਲਾ ਸਮਾਂ ਮਾਨਯੋਗ ਹੁੰਦਾ ਸੀ, ਉਦੋਂ ਬਹੁਤਿਆਂ ਭਰਾਵਾਂ ਵਾਲੀ ਭੈਣ ਵੀ ਫੁੱਲੀ ਨਹੀਂ ਸੀ ਸਮਾਉਂਦੀ;

ਮਹਿੰਦੀ ਮਹਿੰਦੀ ਸਭ ਜੱਗ ਕਹਿੰਦਾ
ਮੈਂ ਵੀ ਆਖਾਂ ਮਹਿੰਦੀ।
ਘੋਟ-ਘੋਟ ਕੇ ਹੱਥਾਂ ’ਤੇ ਲਾਵਾਂ
ਬੱਤੀਆਂ ਬਣ ਬਣ ਲਹਿੰਦੀ।
ਫੌਜ ਭਰਾਵਾਂ ਦੀ
ਤਖ਼ਤਪੋਸ਼ ’ਤੇ ਬਹਿੰਦੀ।

ਭੈਣ ਦੇ ਮੋਹ ਨੂੰ ਕਿਸੇ ਵੀ ਤਰਾਜ਼ੂ ਨਾਲ ਤੋਲਿਆ ਨਹੀਂ ਜਾ ਸਕਦਾ। ਜਦੋਂ ਵੀਰ, ਭੈਣ ਨੂੰ ਮਿਲ ਕੇ ਵਾਪਸ ਜਾਣ ਲਈ ਖੜ੍ਹਾ ਹੁੰਦਾ ਹੈ ਤਾਂ ਭੈਣ ਦਾ ਕਲੇਜਾ ਪਾਟਣ ਨੂੰ ਆਉਂਦਾ ਹੈ। ਬੇਸ਼ੱਕ ਭੈਣ ਆਪਣੀ ਇਸ ਵੇਦਨਾ ਨੂੰ ਪ੍ਰਗਟ ਨਾ ਕਰੇ, ਪ੍ਰੰਤੂ ਗਿੱਧੇ ਦੇ ਪਿੜ ਵਿੱਚ ਭੈਣ ਦਾ ਦਰਦ ਚੀਕਾਂ ਮਾਰ ਉੱਠਦਾ ਹੈ;

ਆਉਂਦੇ ਵੀਰ ਦਾ ਬੋਤਾ ਸਿਆਣਿਆ
ਜਾਂਦੇ ਵੀਰ ਦੀ ਲੋਈ।
ਵੀਰਾ ਲੈ ਚੱਲ ਵੇ
ਤੈਨੂੰ ਵੇਖ ਕੇ ਰੋਈ।

ਸਾਡੇ ਸਮਾਜਿਕ ਰਿਸ਼ਤਿਆਂ ਵਿੱਚ ਜਦੋਂ ਕੋਈ ਦੋ ਰੂਹਾਂ (ਭਾਵੇਂ ਕੋਈ ਵੀ ਹੋਣ) ਇੱਕ ਦੂਜੇ ਪ੍ਰਤੀ ਸੱਚੀ-ਸੁੱਚੀ ਮੁਹੱਬਤ ਦੇ ਰੰਗ ਵਿੱਚ ਰੰਗੀਆਂ ਗਈਆਂ ਹੋਣ ਤਾਂ ਦੋਹਾਂ ਧਿਰਾਂ ਵਿੱਚ ਜਦੋਂ ਕੋਈ ਹੋਰ ਤੀਜੀ ਧਿਰ ਮੁਹੱਬਤ ਦੇ ਤੰਦ ਪਾਉਣੇ ਸ਼ੁਰੂ ਕਰ ਦੇਵੇ ਤਾਂ ਪਹਿਲੀਆਂ ਦੋਹੇਂ ਧਿਰਾਂ ਵਿੱਚੋਂ ਇੱਕ ਨੂੰ ਸੜੇਵਾਂ ਹੋਣਾ ਕੁਦਰਤੀ ਹੈ। ਭਰਾ ਭਰਜਾਈ ਦੇ ਲਾਡ-ਪਿਆਰ ਤੋਂ ਭੈਣ ਨੂੰ ਸ਼ੰਕਾ ਹੋ ਜਾਂਦਾ ਹੈ ਕਿ ਕਿਤੇ ਭਰਾ ਸਾਰਾ ਮੋਹ ਭਰਜਾਈ ਦੀ ਝੋਲੀ ਵਿੱਚ ਨਾ ਪਾ ਦੇਵੇ ਤੇ ਭੈਣ ਆਪਣੇ ਹਿੱਸੇ ਦੇ ਮੋਹ ਤੋਂ ਵੀ ਕਿਤੇ ਵਾਂਝੀ ਨਾ ਹੋ ਜਾਵੇ। ਅਜਿਹੇ ਮੌਕੇ ਭੈਣ ਆਪਣੇ ਵੀਰ ਨੂੰ ਇੱਕ ਨਸੀਹਤ ਦਿੰਦੀ ਹੈ। ਇਹ ਲੋਕ ਬੋਲੀ ਭੈਣ ਦੀ ਭਾਵਨਾ ਦਰਸਾ ਰਹੀ ਹੈ;

ਬਾਰੀਂ ਵਰਸੀਂ ਖੱਟਣ ਗਿਆ ਸੀ
ਖੱਟ ਕੇ ਲਿਆਂਦੀ ਸੂਤ ਦੀ ਅੱਟੀ।
ਔਖਾ ਹੋਵੇਂਗਾ ਵੀਰਾ
ਭਾਬੋ ਲਾਡਲੀ ਰੱਖੀ।

ਜਦ ਵੀਰ, ਭੈਣ ਦੇ ਘਰ ਜਾਂਦਾ ਹੈ ਤਾਂ ਭੈਣ ਨੂੰ ਚਾਅ ਚੜ੍ਹ ਜਾਂਦਾ ਹੈ। ਵੀਰ ਨੂੰ ਰੋਟੀ ਖਵਾਉਂਦਿਆਂ ਹੀ ਭੈਣ ਦੀ ਭੁੱਖ ਲਹਿ ਜਾਂਦੀ ਹੈ। ਭੈਣ ਚਾਵਾਂ ਨਾਲ ਖੀਰ ਬਣਾਉਂਦੀ ਹੈ। ਕਿਸੇ ਕਾਰਨ ਵੀਰ ਨੇ ਖੀਰ ਨਹੀਂ ਖਾਧੀ। ਭੈਣ ਦੇ ਅੰਦਰੋਂ ਕੁੱਝ ਖੁੱਸਣ ਲੱਗਦਾ ਹੈ। ਭੈਣ ਦੇ ਅੰਦਰਲਾ ਦੁੱਖ ਬੋਲੀ ਬਣ ਕੇ ਬੁੱਲ੍ਹਾਂ ’ਤੇ ਆ ਜਾਂਦਾ ਹੈ;

ਵੀਰਵਾਰ ਦੀ ਰੱਖੀ ਥੇਈ
ਵਧੀਆ ਖੀਰ ਬਣਾਈ।
ਹੋਰ ਤਾਂ ਸਾਰੇ ਖਾ ਗਏ ਬਹਿ ਕੇ
ਤੈਂ ਬੁਰਕੀ ਨਾ ਲਾਈ।
ਰੋਟੀ ਖਾ ਵੀਰਾ
ਭੈਣ ਫਿਰੇ ਕੁਮਲਾਈ।

ਭੈਣ ਦੇ ਘਰ ਭਾਵੇਂ ਕੁਦਰਤ ਨੇ ਸਾਰੀਆਂ ਸੁਗਾਤਾਂ ਦਿੱਤੀਆਂ ਹੋਣ। ਕਬੀਲਦਾਰੀ ਪੱਖੋਂ ਸੌਖੀ ਹੋਣ ਕਰਕੇ ਉਸ ਨੂੰ ਭਾਵੇਂ ਕਿਸੇ ਵੀ ਚੀਜ਼ ਦੀ ਭੁੱਖ ਨਹੀਂ ਹੁੰਦੀ, ਪ੍ਰੰਤੂ ਪੇਕਿਆਂ ਤੋਂ ਮਿਲਣ ਵਾਲੀ ਸੌਗਾਤ ਦਾ ਇੱਕ ਭੈਣ ਨੂੰ ਵੱਖਰਾ ਜਿਹਾ ਸੁਆਦ ਤੇ ਮਾਣ ਮਹਿਸੂਸ ਹੁੰਦਾ ਹੈ। ਆਪਣੇ ਭਰਾਵਾਂ ਦੀਆਂ ਕਬੀਲਦਾਰੀਆਂ ਦਾ ਵੀ ਭੈਣ ਨੂੰ ਅਹਿਸਾਸ ਹੁੰਦਾ ਹੈ। ਕਿਸੇ ਭੈਣ ਦਾ ਇੱਕ ਭਰਾ ਕਬੀਲਦਾਰੀ ਨੇ ਕੁੱਬਾ ਕੀਤਾ ਹੋਇਆ ਹੈ। ਛੋਟਾ ਭਰਾ ਕਬੀਲਦਾਰੀ ਵਿੱਚ ਕੁੱਝ ਸੌਖਾ ਹੈ। ਇੱਕ ਭੈਣ ਆਪਣੇ ਛੋਟੇ ਭਰਾ ਕੋਲ ਵੱਡੇ ਵੀਰ ਦੀ ਟੁੱਟੀ ਹੋਈ ਆਰਥਿਕਤਾ ਦਾ ਵਾਸਤਾ ਪਾਉਂਦੀ ਹੋਈ ਉਸ ਤੋਂ ਆਪਣੇ ਲਈ ਇੱਕ ਸੂਟ ਦੀ ਇਉਂ ਮੰਗ ਕਰਦੀ ਹੈ;

ਵੱਡੇ ਵੀਰ ਦੀ ਕਬੀਲਦਾਰੀ ਭਾਰੀ
ਛੋਟੇ ਵੀਰਾ ਲੈ ਦੇ ਕੁੜਤੀ।

***

ਵੀਰ ਵੱਲੋਂ ਲਿਆਂਦਾ ਸੰਧਾਰਾ ਭੈਣ ਲਈ ਇੱਕ ਮਾਣਮੱਤੀ ਕਿਰਿਆ ਹੁੰਦੀ ਹੈ। ਇਹ ਸੌਗਾਤ ਸਿਰਫ਼ ਭੈਣ ਲਈ ਹੀ ਨਹੀਂ ਹੁੰਦੀ, ਸਗੋਂ ਸਮਾਜਿਕ ਤੌਰ ’ਤੇ ਲੋਕ-ਵਿਖਾਵਾ ਵੀ ਹੁੰਦੀ ਹੈ। ਭਰਾ ਵੱਲੋਂ ਲਿਆਂਦਾ ਸੰਧਾਰਾ ਭੈਣ ਦੇ ਚਾਵਾਂ ਵਿੱਚ ਢੇਰ ਸਾਰਾ ਵਾਧਾ ਕਰਦਾ ਹੈ। ਇੱਕ ਭੈਣ ਨਹੀਂ ਚਾਹੁੰਦੀ ਕਿ ਉਸ ਦਾ ਭਰਾ ਉਸ ਤੋਂ ਦੂਰ ਹੋਵੇ। ਭੈਣ ਦੀਆਂ ਸੱਧਰਾਂ ਦੀ ਤਰਜ਼ਮਾਨੀ ਕਰਦੀ ਇੱਕ ਲੋਕ-ਬੋਲੀ ਇਉਂ ਬਿਆਨ ਕਰਦੀ ਹੈ;

ਧਾਵੇ-ਧਾਵੇ-ਧਾਵੇ
ਮੋੜੋ ਵੇ ਲੋਕੋ
ਮੇਰਾ ਵੀਰ ਫੌਜ ਨੂੰ ਜਾਵੇ।
ਉੱਡਦਾ ਰੁਮਾਲ ਦਿਸੇ
ਗੱਡੀ ਚੜ੍ਹਦਾ ਨਜ਼ਰ ਨਾ ਆਵੇ।
ਆਵਦੇ ਵੀਰ ਬਿਨਾਂ
ਕੌਣ ਸੰਧਾਰਾ ਲਿਆਵੇ।

ਭੈਣ ਨੂੰ ਪੇਕਿਆਂ ਦਾ ਮੋਹ ਸਿਰਫ਼ ਸੌਗਾਤਾਂ ਤੱਕ ਹੀ ਸੀਮਤ ਨਹੀਂ ਹੁੰਦਾ ਸਗੋਂ ਉਸ ਦੇ ਅੰਗ-ਸੰਗ ਤੇ ਦੁੱਖ-ਸੁੱਖ ਵਿੱਚ ਵੀ ਭਰਾਵਾਂ ਦਾ ਖੜ੍ਹਨਾ ਇੱਕ ਸਮਾਜਿਕ ਮਾਣ-ਤਾਣ ਵਾਲੀ ਗੱਲ ਹੁੰਦੀ ਹੈ। ਜਿਨ੍ਹਾਂ ਭੈਣਾਂ ਦੇ ਵੀਰ ਖੱਬੀਖਾਨ ਤੇ ਗੁਜ਼ਾਰੇ ਵਾਲੇ ਹੁੰਦੇ ਹਨ, ਉਨ੍ਹਾਂ ਭੈਣਾਂ ਦਾ ਸਿਰ ਵੀ ਮਾਣ ਨਾਲ ਉੱਚਾ ਹੋ ਜਾਂਦਾ ਹੈ। ਭੈਣਾਂ ਦਾ ਇਹ ਰੂਪ ਲੋਕ-ਬੋਲੀਆਂ ਵਿੱਚ ਪ੍ਰਗਟ ਹੋ ਉੱਠਦਾ ਹੈ;

ਸਹੁਰੀਂ ਰਹਿੰਦੀਆਂ ਜ਼ੋਰ ਨਾਲ ਭੈਣਾਂ
ਜਿਨ੍ਹਾਂ ਦੇ ਪਿੱਛੇ ਵੀਰ ਤਕੜੇ।

ਜਿੱਥੇ ਭੈਣਾਂ ਤਕੜੇ ਵੀਰਾਂ ਦੇ ਸਿਰ ’ਤੇ ਮਾਣ ਨਾਲ ਰਹਿੰਦੀਆਂ ਹਨ, ਉੱਥੇ ਭੈਣਾਂ ਨੂੰ ਇੱਕ ਚਿੰਤਾ ਵੀ ਸਤਾਉਂਦੀ ਰਹਿੰਦੀ ਹੈ ਕਿ ਕਿਤੇ ਉਸ ਦਾ ਵੀਰ ਕਿਸੇ ਗੱਲੋਂ ਗੁੱਸੇ ਹੋ ਕੇ ਨਾ ਬੈਠ ਜਾਵੇ। ਭੈਣ ਦੇ ਅੰਦਰਲਾ ਡਰ ਲੋਕ-ਬੋਲੀਆਂ ਵਿੱਚ ਉਨ੍ਹਾਂ ਦੇ ਗੁੱਝੇ ਤੇ ਛੁਪੇ ਭਾਵਾਂ ਦਾ ਰੂਪ ਬਣ ਕੇ ਗਿੱਧੇ ਦੇ ਪਿੜ ਵਿੱਚ ਪ੍ਰਗਟ ਹੋ ਜਾਂਦਾ ਹੈ;

ਭੈਣਾਂ ਵਰਗਾ ਸਾਕ ਨਾ ਕੋਈ
ਵੇ ਟੁੱਟ ਕੇ ਨਾ ਬਹਿਜੀਂ ਵੀਰਨਾ।

# ਔਰਤ ਹੀ ਹੁੰਦੀ ਹੈ ਔਰਤ ਦੀ ਤਾਕਤ



**ਹਰਪ੍ਰੀਤ ਕੌਰ ਸੰਧੂ**

ਸਾਡੇ ਸਮਾਜ ਵਿੱਚ ਇੱਕ ਗੱਲ ਆਮ ਪ੍ਰਚੱਲਿਤ ਹੈ ਕਿ ਔਰਤ-ਔਰਤ ਦੀ ਦੁਸ਼ਮਣ ਹੈ। ਯਕੀਨਨ ਅਜਿਹਾ ਨਹੀਂ ਹੈ। ਪਰ ਔਰਤਾਂ ਨੂੰ ਇਹ ਕੁਝ ਇਸ ਤਰ੍ਹਾਂ ਸਮਝਾਇਆ ਜਾਂਦਾ ਹੈ ਕਿ ਉਨ੍ਹਾਂ ਦੇ ਦਿਲ ਵਿੱਚ ਇਹ ਗੱਲ ਬੈਠ ਜਾਂਦੀ ਹੈ। ਸਾਡੇ ਸਮਾਜ ਦਾ ਇੱਕ ਹਿੱਸਾ ਇਹ ਸੋਚਦਾ ਹੈ ਕਿ ਜੇ ਔਰਤਾਂ ਇਕੱਠੀਆਂ ਹੋ ਜਾਣਗੀਆਂ ਤਾਂ ਸ਼ਾਇਦ ਹੋਰ ਮਜ਼ਬੂਤ ਹੋ ਜਾਣਗੀਆਂ। ਉਨ੍ਹਾਂ ਨੂੰ ਇਕਮੁੱਠ ਨਾ ਹੋਣ ਦੇਣ ਕਰ ਕੇ ਹੀ ਇਹ ਨੈਗੇਟਿਵ ਸਿਰਜਿਆ ਜਾਂਦਾ ਹੈ। ਦਰਅਸਲ ਔਰਤ ਹੀ ਔਰਤ ਦੀ ਤਾਕਤ ਹੁੰਦੀ ਹੈ। ਕਦੀ ਸੋਚਿਆ ਹੈ ਸੱਸਾਂ ਤੇ ਨੂੰਹਾਂ ਦੀਆਂ ਬੋਲੀਆਂ ਕਿਉਂ ਬਣੀਆਂ। ਸਾਡਾ ਸਮਾਜ ਦਰਅਸਲ ਚਾਹੁੰਦਾ ਹੀ ਨਹੀਂ ਕਿ ਔਰਤਾਂ ਦਾ ਆਪਸੀ ਤਾਲਮੇਲ ਇੰਨਾ ਹੋ ਜਾਵੇ ਕਿ ਉਹ ਇਕ ਦੂਜੇ ਲਈ ਆਵਾਜ਼ ਉਠਾਉਣ। ਜੇਕਰ ਅਜਿਹਾ ਹੋ ਜਾਵੇ ਤਾਂ ਮਰਦ ਦੇ ਹੱਥੋਂ ਸੱਤਾ ਖਿਸਕ ਜਾਵੇਗੀ। ਇਹ ਮਰਦ ਨੂੰ ਕਿਵੇਂ ਮਨਜ਼ੂਰ ਹੋਵੇ। ਔਰਤਾਂ ਨੂੰ ਇਸ ਗੱਲ ਦੀ ਬਹੁਤ ਜ਼ਰੂਰਤ ਹੈ ਕਿ ਉਹ ਮਿਲ ਕੇ ਰਹਿਣ। ਇੱਕ ਦੂਜੇ ਦੀ ਤਾਕਤ ਬਣਨ। ਅੱਜ ਦੇ ਸਮੇਂ ਵਿੱਚ ਸਾਡੇ ਕੋਲ ਆਪਣੇ ਲਈ ਸਮਾਂ ਬਹੁਤ ਘੱਟ ਹੈ। ਜਿੱਥੇ ਵੀ ਅਸੀਂ ਕੰਮ ਕਰਦੇ ਹਾਂ ਉਥੇ ਹੀ ਆਪਣੇ ਨਾਲ ਦੀਆਂ ਆਪਣੀਆਂ ਸਹਿਕਰਮੀ ਔਰਤਾਂ ਨਾਲ ਅਸੀਂ ਚੰਗੇ ਸੰਬੰਧ ਬਣਾ ਕੇ ਰੱਖੀਏ।

ਸਾਡੀ ਵਰਕ ਪਲੇਸ ’ਤੇ ਅਸੀਂ ਕੰਮ ਕਰਨ ਜਾਂਦੇ ਹਾਂ। ਹਰੇਕ ਨੇ ਆਪਣਾ-ਆਪਣਾ ਕੰਮ ਕਰਨਾ ਹੈ। ਇਸ ਲਈ ਇੱਕ ਦੂਜੇ ਨਾਲ ਕਿਸੇ ਕਿਸਮ ਦਾ ਵੈਰ-ਵਿਰੋਧ ਰੱਖਣ ਦਾ ਕੋਈ ਫ਼ਾਇਦਾ ਹੀ ਨਹੀਂ ਅਤੇ ਨਾ ਹੀ ਜ਼ਰੂਰਤ ਹੈ। ਸਾਨੂੰ ਜਿਥੋਂ ਤੱਕ ਹੋ ਸਕੇ, ਇਕ-ਦੂਜੇ ਦੀ ਮਦਦ ਕਰਨੀ ਚਾਹੀਦੀ ਹੈ। ਜਿੰਨਾ ਹੋ ਸਕੇ ਨਿੰਦਿਆ ਚੁਗ਼ਲੀ ਤੋਂ ਦੂਰ ਰਹਿਣਾ ਚਾਹੀਦਾ ਹੈ। ਜੇਕਰ ਤੁਹਾਡੇ ਕੋਲ ਕੋਈ ਕਿਸੇ ਦੀ ਗੱਲ ਕਰਦਾ ਹੈ ਤਾਂ ਉਸ ਨੂੰ ਤੁਰੰਤ ਜਵਾਬ ਦੇ ਦਿਓ ਕਿ ਇਸ ਗੱਲ ਦਾ ਕੋਈ ਫ਼ਾਇਦਾ ਨਹੀਂ। ਗੱਲ ਉਹ ਕਰੋ ਜਿਸ ਵਿੱਚ ਦੋਵਾਂ ਧਿਰਾਂ ਦਾ ਫ਼ਾਇਦਾ ਹੋਵੇ। ਇੱਕ-ਦੂਜੇ ਲਈ ਮਦਦਗਾਰ ਸਾਬਿਤ ਹੋਵੋ। ਕੋਈ ਔਰਤ ਤੁਹਾਨੂੰ ਨਹੀਂ ਪਤਾ ਕਿ ਕਿਸ ਹਾਲਾਤ ਵਿੱਚੋਂ ਗੁਜ਼ਰ ਰਹੀ ਹੈ। ਉਸ ਦੇ ਘਰ ਵਿੱਚ ਕੀ ਹਾਲਾਤ ਹਨ। ਉਸਦੀ ਜ਼ਿੰਦਗੀ ਵਿੱਚ ਕਿੰਨੀਆਂ ਮੁਸ਼ਕਿਲਾਂ ਹਨ। ਜੇਕਰ ਅਸੀਂ ਉਨ੍ਹਾਂ ਮੁਸ਼ਕਿਲਾਂ ਦਾ ਹੱਲ ਨਹੀਂ ਕਰ ਸਕਦੇ ਤਾਂ ਘਟੋ-ਘੱਟ ਉਨ੍ਹਾਂ ਨੂੰ ਵਧਾਈਏ ਹੀ ਨਾ। ਸੁਣੀ ਸੁਣਾਈ ਗੱਲ ’ਤੇ ਭਰੋਸਾ ਕਦੀ ਨਾ ਕਰੋ ਜੇਕਰ ਤੁਹਾਨੂੰ ਲੱਗਦਾ ਹੈ ਕਿ ਕਿਸੇ ਦੇ ਮਨ ਵਿੱਚ ਤੁਹਾਡੇ ਪ੍ਰਤੀ ਕੋਈ ਰੋਸ ਹੈ ਤਾਂ ਉਸ ਨਾਲ ਸਪੱਸ਼ਟ ਗੱਲ ਕਰੋ। ਆਪਣਾ ਪੱਖ ਉਸ ਦੇ ਸਾਹਮਣੇ ਰੱਖੋ। ਜੇਕਰ ਕਿਸੇ ਵਿੱਚ ਕੋਈ ਕਮੀ ਨਜ਼ਰ ਆਉਂਦੀ ਹੈ ਤਾਂ ਉਹ ਵੀ ਉਸ ਨੂੰ ਸਪੱਸ਼ਟ ਰੂਪ ਵਿੱਚ ਦੱਸੋ। ਸਾਡੀ ਮਾਂ ਸਾਡੀਆਂ ਭੈਣਾਂ ਤੇ ਹੋਰ ਰਿਸ਼ਤੇਦਾਰ ਔਰਤਾਂ ਹਮੇਸ਼ਾ ਸਾਡੇ ਨਾਲ ਨਹੀਂ ਹੁੰਦੀਆਂ। ਸਾਡੀਆਂ ਸਹਿਕਰਮੀ ਔਰਤਾਂ ਸਾਡੀਆਂ ਅਸਲ ਭੈਣਾਂ ਹਨ। ਉਨ੍ਹਾਂ ਨਾਲ ਸਬੰਧ ਇੰਨੇ ਸੁਖਾਵੇਂ ਰੱਖੋ ਕਿ ਉਨ੍ਹਾਂ ਨੂੰ ਵੀ ਹਲਕਾ ਮਹਿਸੂਸ ਹੋਵੇ ਤੇ ਤੁਸੀਂ ਵੀ ਖੁਸ਼ ਰਹੋ। ਕਿਸੇ ਦੀ



ਨਿੰਦਿਆ ਚੁਗ਼ਲੀ ਕਰ, ਕਿਸੇ ਦਾ ਬੁਰਾ ਤੱਕ, ਕਿਸੇ ਬਾਰੇ ਅਫ਼ਵਾਹਾਂ ਫੈਲਾ ਕੇ ਅਸੀਂ ਚੰਗੇ ਨਹੀਂ ਬਣ ਜਾਵਾਂਗੇ। ਹਰ ਔਰਤ ਜਿਥੇ ਵੀ ਖੜ੍ਹੀ ਹੈ, ਪਤਾ ਨਹੀਂ ਕਿੰਨੇ ਮੁਹਾਜ਼ ਉਸ ਦੇ ਸਾਹਮਣੇ ਹਨ। ਪਤਾ ਨਹੀਂ ਕਿੰਨੀਆਂ ਮੁਸ਼ਕਿਲਾਂ ਦਾ ਉਹ ਸਾਹਮਣਾ ਕਰ ਰਹੀ ਹੈ। ਜਦੋਂ ਅਸੀਂ ਔਰਤਾਂ ਭੈਣਾਂ ਦੇ ਰੂਪ ਵਿੱਚ ਸਹੇਲੀਆਂ ਦੇ ਰੂਪ ਵਿੱਚ ਇੱਕ-ਦੂਜੇ ਦਾ ਹੱਥ ਫੜ ਕੇ ਅਗਾਂਹ ਵਧਾਂਗੀਆਂ ਤਾਂ ਕੋਈ ਵੀ ਤਾਕਤ ਸਾਨੂੰ ਰੋਕ ਨਹੀਂ ਸਕੇਗੀ। ਜ਼ਿੰਦਗੀ ਵਿਚ ਸਹਾਰਾ ਮਰਦ ਤੋਂ ਵੱਧ ਔਰਤਾਂ ਹੀ ਦਿੰਦੀਆਂ ਹਨ ਔਰਤਾਂ ਨੂੰ। ਇਹ ਔਰਤਾਂ ਮਾਂ ਦੇ ਰੂਪ ਵਿੱਚ ਹੋਣ ਭੈਣ ਦੇ ਰੂਪ ਵਿੱਚ ਹੋਣ ਸੱਸ ਦੇ ਰੂਪ ਵਿੱਚ ਹੋਣ ਨਨਾਣ ਦੇ ਰੂਪ ਵਿੱਚ ਹੋਣ ਚਾਹੇ ਕਿਸੇ ਰਿਸ਼ਤੇਦਾਰ ਦੇ ਰੂਪ ਵਿੱਚ ਜਾਂ ਫਿਰ ਸਾਡੀਆਂ ਸਹਿਕਰਮੀ ਔਰਤਾਂ ਹੋਣ ਅਸਲ ਵਿੱਚ ਸਾਡੀ ਧਿਰ ਹੁੰਦੀ ਹਨ। ਔਰਤ ਦੀ ਪੀੜਾ ਨੂੰ ਮਰਦ ਕਦੀ ਨਹੀਂ ਸਮਝ ਸਕਦਾ। ਕੁਝ ਕੁ ਹੁੰਦੇ ਹਨ ਸੰਵੇਦਨਸ਼ੀਲ ਪੁਰਸ਼ ਸਾਰੇ ਨਹੀਂ।

ਆਪਣੇ ਆਲੇ-ਦੁਆਲੇ ਆਪਣੀਆਂ ਸਹੇਲੀਆਂ ਦਾ ਘੇਰਾ ਇੰਨਾ ਬੁਲੰਦ ਰੱਖੋ ਕਿ ਤੁਹਾਨੂੰ ਜ਼ਿੰਦਗੀ ਦੀ ਹਰ ਮੁਸੀਬਤ ਛੋਟੀ ਮਹਿਸੂਸ ਹੋਵੇ। ਜਿਸ ਦਿਨ ਤੁਸੀਂ ਇਕ-ਦੂਸਰੇ ਦੀ ਤਾਕਤ ਬਣੋਗੀਆਂ ਕੋਈ ਹਰਾ ਨਹੀਂ ਸਕੇਗਾ। ਜੀਵਨ ਵਿੱਚ ਛੋਟੀਆਂ ਗੱਲਾਂ ਨੂੰ ਕਦੇ ਵੀ ਬਹੁਤਾ ਮਹੱਤਵ ਨਾ ਦਿਓ।

**ਔਖੇ ਵੇਲੇ ਕੰਮ ਆਉਂਦੀ ਸਹੇਲੀ**

ਕੋਈ ਕੀ ਸੋਚਦਾ ਹੈ, ਕੀ ਕਹਿੰਦਾ ਹੈ, ਤੋਂ ਉਸ ਪ੍ਰਤੀ ਕੋਈ ਰਾਇ ਨਾ ਬਣਾਓ। ਜਿੱਥੋਂ ਤੱਕ ਹੋ ਸਕੇ ਆਪਣੀਆਂ ਸਹਿਕਰਮੀ ਮਹਿਲਾਵਾਂ ਦੀ ਮਦਦ ਕਰੋ। ਸਹੇਲੀਆਂ ਬਣ ਕੇ ਰਹੋ ਜੋ ਸੁੱਖ-ਦੁੱਖ ਦੀਆਂ ਸਾਂਝੀ ਹੁੰਦੀਆਂ ਹਨ। ਜਿਨ੍ਹਾਂ ਔਰਤਾਂ ਦੀ ਜ਼ਿੰਦਗੀ ਵਿੱਚ ਚੰਗੀਆਂ ਸਹੇਲੀਆਂ ਹੁੰਦੀਆਂ ਹਨ, ਉਹ ਵੱਡੀ ਤੋਂ ਵੱਡੀ ਮੁਸ਼ਕਿਲ ਦਾ ਸਾਹਮਣਾ ਸੌਖਿਆਂ ਕਰ ਜਾਂਦੀਆਂ ਹਨ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



# 'ਬੇਗ਼ੈਰਤ ਪੁੱਤ ਦਾ ਹਲਫ਼ੀਆ ਬਿਆਨ'

**ਪ੍ਰੋ. ਮਨਜੀਤ ਅਣਖੀ**

ਆਪਣੇ ਮਾਪਿਆਂ ਦੇ ਜਿਊਂਦੇ ਜੀਅ ਮੈਂ ਕਿਉਂ ਨਹੀਂ ਸਾਂ ਬਣ ਸਕਿਆ ਉਨ੍ਹਾਂ ਦਾ ਸਾਊ ਪੁੱਤ। ਕਦੇ ਉਨ੍ਹਾਂ ਦੇ ਜਾਣ ਮਗਰੋਂ ਜਦੋਂ ਕਦੇ ਵੀ ਜ਼ਿੰਦਗੀ ਦੀ ਫਲੈਸ਼-ਬੈਕ ਅੱਖਾਂ ਸਾਹਵੇਂ ਚਲਦੀ ਤਾਂ ਸਹਿਜੇ ਹੀ ਆਪਣਾ-ਆਪਾ ਆਪਣੀਆਂ ਹੀ ਨਜ਼ਰਾਂ 'ਚ ਖੁਰਦਾ ਲੱਗਦਾ। ਬਾਪੂ ਹੁਣ ਕਦੇ ਸੁਪਨਿਆਂ 'ਚ ਨਹੀਂ ਸੀ ਆਇਆ। ਸਾਈਕਲ ਦੇ ਪੈਡਲ ਮਾਰਦਾ ਘਰ ਨੂੰ ਵਾਪਸ ਆਉਂਦਾ ਬਾਪੂ। ਉਹ ਵੀ ਤ੍ਰਿਕਾਲ ਸੰਧਿਆ ਸਮੇਂ ਹੈਂਡਲ ਨਾਲ ਬੱਚਿਆਂ ਵਾਸਤੇ ਨਿੱਕ-ਸੁੱਕ ਲਿਆਉਂਦਾ ਸਾਧਾਰਨ ਜਿਹਾ 'ਭਾਈ ਲਾਲੋ ਵਰਗਾ ਸੱਚਾ-ਸੁੱਚਾ ਕਿਰਤੀ ਦਰਵੇਸ਼ ਤੇ ਅੱਜ ਚੱਲ ਘਰ ਨੂੰ ਚੱਲਦੇ। ਯਾਰਾ ਨੀਂਦ ਨਹੀਂ ਆਉਂਦੀ। ਬੜੇ ਚਿਰ ਬਾਅਦ ਸੁਪਨੇ 'ਚ ਆਏ ਲੋਹੇ ਨਾਲ ਘੁਲਦਿਆਂ ਪਸੀਨੇ ਨਾਲ ਤਰ-ਬ-ਤਰ ਭਿੱਜੇ ਬਾਪੂ ਦੇ ਬੋਲ ਸਨ 'ਬੀਬੀ ਤਾਂ ਤੈਨੂੰ ਲੈਣ ਆਈ ਤਾਂ ਹੈ ਨਹੀਂ'। ਸੁੱਤੇ ਪਿਆਂ ਵੀ ਚੇਤਨ ਮਨ ਇਸ ਦੀ ਦੀ ਗਵਾਹੀ ਦੇ ਰਿਹਾ ਸੀ ਪਰ ਅਵਚੇਤਨ ਮਨ ਪਤਾ ਨਹੀਂ ਕਿੱਥੇ ਪਹੁੰਚ ਗਿਆ ਸੀ।

'ਓਏ ਜਲਦੀ ਘਰ ਆ ਜਾਇਆ ਕਰ। ਤੇਰੀ ਮਾਂ ਡੀਕਦੀ ਰਹਿੰਦੀ ਤੈਨੂੰ।' ਬਾਪੂ ਦੇ ਬੋਲ ਕੰਨੀ ਪਏ।

'ਫਿਰ ਮੈਂ ਕੀ ਕਰਾਂ ? ਪਤਾ ਨਹੀਂ ਕਿਸ ਲਾਪ੍ਰਵਾਹੀ 'ਚ ਇਹ ਕਹਿ ਗਿਆ ਸਾਂ ਮੈਂ !'

'ਠੀਕ ਏ ਫਿਰ। ਜਦੋਂ ਅਸੀਂ ਦੋਵੇਂ ਚਲੇ ਗਏ ਤੇ ਫਿਰ ਲੱਭੇਗਾ ਤਾਂ ਨਹੀਂ ਨਾਂ ?' ਬਾਪੂ ਆਖਿਆ।

'ਚੱਲ ਠੀਕ ਏ। ਨਹੀਂ ਲੱਭਦਾ।' ਪਤਾ ਨਹੀਂ ਇਕ ਦਮ ਕਿਸ ਤਰ੍ਹਾਂ ਕਹਿ ਦਿੱਤਾ ਸੀ ਮੈਂ।

'ਲੈ ਕਿਸ ਤਰ੍ਹਾਂ ਛੱਡ ਕੇ ਜਾ ਸਕਦੀ ਮੈਨੂੰ ? ਮੇਰਾ ਯਕੀਨ ਸੁੱਤੇ ਪਿਆ ਵੀ ਪੂਰਾ ਸੀ। ਤੇ ਫਿਰ ਬੀਬੀ ਸਾਹਮਣੇ ਖਲੋਤੀ ਸੀ।

'ਰੱਬ ਜੀ ਤੋਂ ਵੀ ਸੋਹਣੀ। ਰੱਬ ਹੁੰਦਾ ਤਾਂ ਵੀ ਮੇਰੀ ਬੀਬੀ ਵਰਗਾ ਨਾ ਹੁੰਦਾ।'

'ਚੱਲ ਆਪਣੇ ਪਿਉ ਦਾ ਧਿਆਨ ਰੱਖੀਂ।' ਬੀਬੀ ਦੇ ਬੋਲ ਸਹਿਜ ਮੇਰੇ ਕੰਨੀ ਪਏ।

ਬੀਬੀ ਪਤਾ ਨਹੀਂ ਕਿੱਥੇ ਜਾਣ ਨੂੰ ਤਿਆਰ ਸੀ ਤੇ ਬਾਪੂ ਪਤਾ ਨਹੀਂ ਕਿਹੜੇ ਰੰਗਾਂ 'ਚ ਰੰਗਿਆ ਲੱਗਾ।

'ਚੱਲ ਚੱਲਦੀ ਮੈਂ ਹੁਣ। ਤੂੰ ਵੀ ਖੁਸ਼ ਤੇ ਤੇਰਾ ਪਿਉ ਵੀ।'

'ਬੀਬੀ, ਗੱਲ ਸੁਣ।' ਪਰ ਨਾਲ ਪਏ ਛੋਟੇ ਪੁੱਤ ਦਾ ? ਬੋਲ 'ਪਾਪਾ, ਪਿਆਸ ਲੱਗੀ' ਨੇ ਪਤਾ ਨਹੀਂ ਕਿਸ ਤਰ੍ਹਾਂ ਉਸ ਸਵਾਂਤੀ ਬੂੰਦ ਤੋਂ ਵਾਂਝਿਆਂ ਕਰ ਦਿੱਤਾ ਸੀ। ਜਦੋਂ ਦੋਵਾਂ ਦੇ ਆਖ਼ਰੀ ਸਫ਼ਰ ਦੇ ਸੁਪਨੇ ਨੇ ਸਹਿਜੇ ਹੀ ਮੇਰੀ ਭਟਕਣਾ ਨੂੰ ਵਿਰਾਮ ਦੇ ਦੇਣਾ ਸੀ। ਬੇਟੇ ਨੂੰ ਪਾਣੀ ਪਿਆ ਕੇ ਮੈਂ ਉੱਠ ਕੇ ਬੈਠ ਗਿਆ ਸੀ। ਬੜੇ ਚਿਰਾਂ ਬਾਅਦ ਦੋਵੇਂ ਸੁਪਨੇ 'ਚ ਆਏ ਸਨ। ਪੱਚੀ ਸਾਲ ਹੋ ਗਏ ਸਨ ਉਨ੍ਹਾਂ ਤੋਂ ਵਿਛੜਿਆ ਹੋਇਆ। ਰਾਤ ਦੇ ਇਸ ਘੁੱਪ ਹਨੇਰੇ 'ਚ ਯਾਦਾਂ ਦਾ ਪੰਛੀ ਪਤਾ ਨਹੀਂ ਕਿਸ ਤਰ੍ਹਾਂ ਪੱਚੀ ਸਾਲ ਪੁਰਾਣੇ ਚੇਤਿਆਂ ਦੇ ਟਾਹਣ 'ਤੇ ਜਾ ਬੈਠਾ ਸੀ। ਸਭ ਕੁਝ ਆਪਣੇ ਹਿਸਾਬ ਨਾਲ ਚਲ ਰਿਹਾ ਸੀ। ਅਚਾਨਕ ਕਮਰੇ ਅੰਦਰੋਂ ਅਲਮਾਰੀ ਨੂੰ ਠੀਕ ਕਰਦੇ ਬਾਪੂ ਦੀ ਆਵਾਜ਼ ਆਈ 'ਓਏ ਇੱਕ ਮਿੰਟ ਆਈ।'

ਮੈਂ ਗਿਆ ਤਾਂ ਉਹ ਬੈਡ 'ਤੇ ਲੰਮੇ ਪਏ ਸਨ। ਸਰੀਰ ਤ੍ਰੇਲੀਓ ਤ੍ਰੇਲੀ ਹੋਇਆ ਪਿਆ ਸੀ।

'ਯਾਰ ਲੱਗਦਾ। ਬੀਪੀ ਘੱਟ ਗਿਆ ਲੱਗਦਾ।' ਬਾਪੂ ਨੇ ਸਹਿਜੇ ਆਖਿਆ।

'ਕੋਈ ਨਹੀਂ, ਦੁੱਧ ਦਿੰਦਾ ਗਰਮ ਕਰਕੇ।' ਮੈਂ ਕਿਹਾ। ਪਰ ਪਤਾ ਨਹੀ ਕਿਉਂ ? ਮੈਂ ਕੰਬ ਜਿਹਾ ਗਿਆ ਸਾਂ। ਮਨ ਨੂੰ ਥੋੜਾ ਤਕੜਾ ਕਰ ਬੇਟੇ ਨੂੰ ਗੁਆਢੋਂ ਡਾਕਟਰ ਸੱਦਣ ਭੇਜ ਦਿੱਤਾ ਸੀ।

'ਭਾਜੀ ਕਲਸੀ ਕੋਲ ਲੈ ਜਾਉ। ਟੀਕਾ ਲਾ ਦਊ ਆਰਾਮ ਆ ਜਾਊ। ਡਾਕਟਰ ਬੀਪੀ ਚੈੱਕ ਕਰਨ ਮਗਰੋਂ ਸਹਿਜੇ ਹੀ ਆਖ ਕੋਈ ਫੀਸ ਲਏ ਬਿਨਾਂ ਤੁਰ ਗਿਆ। ਮੈਨੂੰ ਉਦੋਂ ਕਿਸੇ ਅਣਹੋਣੀ ਦੀ ਕਿਆਸ ਨਹੀਂ ਸੀ ਪਰ ਲੱਠ ਵਰਗਾ ਬੰਦਾ ਪਲਾਂ 'ਚ ਹੀ ਸਿਮਟਦਾ ਜਾ ਰਿਹਾ ਸੀ।

ਹਾਲਾਤ ਵੇਖ ਆਪਣੇ ਮਿੱਤਰ ਦੀ ਗੱਡੀ 'ਚ ਪਾ ਕਲਸੀ ਡਾਕਟਰ ਕੋਲ ਚਲੇ ਗਏ। ਪਰ ਉਹ ਅੱਜ ਨਹੀਂ ਸੀ ਆਇਆ।

'ਏਨਾਂ ਨੂੰ ਦਿਲ ਦਾ ਵੱਡਾ ਦੌਰਾ ਪਿਆ ਏ, ਵੱਡਾ।

'ਪੰਜ ਪਰਸੈਂਟ ਆਸ ਏ। ਅਸਕਾਰਟ ਲੈ ਜਾਉ।' ਨਿੱਜੀ ਹਸਪਤਾਲ ਦੇ ਡਾਕਟਰ ਨੇ ਗੱਡੀ ਵਿੱਚ ਪਏ ਬਾਪੂ ਦੀ ਹਾਲਾਤ ਨੂੰ ਵੇਖ ਕੇ ਕਿਹਾ।

'ਹੈਂਅ, ਇਹ ਕਿੱਦਾਂ ਹੋ ਸਕਦਾ ?' ਮੇਰੇ ਮੂੰਹੋਂ ਸਹਿਜ ਸੁਭਾਅ ਨਿਕਲਿਆ। ਪਿਛਲੀ ਸੀਟ 'ਤੇ ਬਾਪੂ ਬੇਸੁਧ ਪਿਆ ਸੀ।

'ਦੋ ਪਰਸੈਂਟ ਚਾਂਸ ਹੈ ?' ਨਾਲ ਆਏ ਮਿੱਤਰ ਦਾ ਸਿੱਧਾ ਸਵਾਲ ਸੀ ਡਾਕਟਰ ਨੂੰ।

'ਹਾਂ ਵੇਖ ਲੈਂਦੇ।' ਡਾਕਟਰ ਨੇ ਕਿਹਾ।

'ਕਰੋ ਫਿਰ' ਮਿੱਤਰ ਨੇ ਉਸ ਸਮੇਂ ਆਪਣਾ ਉਹ ਧਰਮ ਨਿਭਾਇਆ ਸੀ ਜਿਸ ਬਾਰੇ ਕਹਾਣੀਆਂ 'ਚ ਪੜਦੇ ਆਏ ਸੀ। ਮੈਂ ਰਿਸ਼ਤਿਆਂ ਦੀ ਭੀੜ 'ਚ ਉਸ ਸਮੇਂ ਪੂਰੀ ਤਰਾਂ ਇਕੱਲਾ ਸਾਂ। ਭੈਣਾਂ ਆਪੋ-ਆਪਣੇ ਘਰੀਂ। ਪਤਨੀ ਆਪਣੀ ਡਿਊਟੀ 'ਤੇ ਦੂਰ ਦੂਸਰੇ ਸ਼ਹਿਰ। ਮੈਂ ਇਕੱਲਾ ਆਈ.ਸੀ.ਯੂ. ਦੇ ਬਾਹਰ ਬੈਠਾ ਬਚਪਨ ਤੋਂ ਲੈ ਕੇ ਹੁਣ ਤੱਕ ਦੇ ਉਸ ਬੰਦੇ ਦੀਆਂ ਗੱਲਾਂ ਨੂੰ ਯਾਦ ਕਰ ਰਿਹਾ ਸਾਂ ਜਿਸ ਨੇ ਸਾਰੀ ਉਮਰ ਕਿਸੇ ਅੱਗੇ ਹੱਥ ਨਹੀਂ ਸੀ ਫੈਲਾਇਆ। ਲੋਹੇ ਨਾਲ ਘੁਲਦਿਆਂ ਚਾਰ ਧੀਆਂ ਆਪੋ-ਆਪਣੇ ਘਰੀਂ ਤੋਰੀਆ ਸਨ। ਮੈਨੂੰ ਜ਼ਿੰਦਗੀ ਦੇ ਹਾਣ ਬਣਾ ਆਪਣੇ ਸਾਰੇ ਫਰਜ਼ ਨਿਭਾਏ ਸਨ। 'ਮੈਂ ਹਾਂ ਨਾਂ ਤੇਰੇ ਨਾਲ। ਐਵੇਂ ਨਾ ਘਬਰਾਇਆ ਕਰ। ਕਰ ਜੋ ਕਰਨਾ।' ਬਾਪੂ ਦੇ ਅਕਸਰ ਇਹਨਾਂ ਬੋਲਾਂ ਸਦਕਾ ਮੈਂ ਕਦੇ ਡੋਲਿਆ ਨਹੀਂ ਸਾਂ। ਜੀਵਨ ਦੇ ਰਣਤੱਤੇ ਅੰਦਰ ਉਸ ਦੇ ਇਹ ਬੋਲ ਸਦਾ ਮੈਨੂੰ ਹਿੰਮਤ ਬਖਸ਼ਦੇ। 'ਏਥੇ ਸਾਈਨ ਕਰ ਦਿਉ।' ਨਰਸ ਦੇ ਇਨ੍ਹਾਂ ਬੋਲਾਂ ਨੇ ਮੇਰੀ ਬਿਰਤੀ ਨੂੰ ਤੋੜਦਿਆਂ ਮੁੜ ਆਈ.ਸੀ.ਯੂ. ਦੇ ਬਾਹਰ ਲੈ ਆਂਦਾ।

'ਕੀ ਹੈ ਇਹ ?' ਮੈਂ ਪੁੱਛਿਆ।

'ਯਸਟ ਰੁਟੀਨ ਕਿ ਤੁਹਾਡੇ ਮਰੀਜ਼ ਨੂੰ ਅਗਰ ਕੁਝ ਇਲਾਜ ਦੌਰਾਨ ਹੋ ਜਾਵੇ ਤਾਂ ਤੁਸੀਂ ਕੋਈ ਕਲੇਮ ਜਾਂ ਕਾਰਵਾਈ'...ਨਰਸ ਨੇ ਲਾਪਰਵਾਹੀ ਨਾਲ ਆਖਿਆ।

'ਹੈਂਅ, ਮਰੀਜ਼ ? ਲੋਹੇ ਵਰਗਾ ਬੰਦਾ। ਸਰੀਰੋਂ ਵੀ ਤੇ ਮਨੋਂ ਵੀ।' ਜਿਸ ਨੇ ਆਪਣੀ ਜ਼ਿੰਦਗੀ ਦੇ ਆਖਰੀ ਪਲ ਵੀ ਆਪਣੀ ਹੱਢ ਤੋੜਵੀ ਮਿਹਨਤ ਦੇ ਨਾਮ ਕੀਤੇ ਸਨ ਅੱਜ ਆਈ.ਸੀ.ਯੂ. 'ਚ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਿਹਾ ਸੀ। ਮਰੀਜ਼, ਜਿਸ ਨੇ ਪਿਤਰ ਧਰਮ ਨਿਭਾਉਂਦੇ ਔਲਾਦ ਵਾਸਤੇ ਹਰ ਕਰਮ ਕੀਤਾ ਸੀ। ਸਾਰਾ ਜੀਵਨ ਸਾਦੇ ਕੱਪੜਿਆਂ 'ਚ ਹੰਢਾ ਪਰਿਵਾਰ ਦੀ ਸਦਾ ਸੁੱਖ ਮੰਗੀ ਸੀ। ਕਦੇ ਕਿਸੇ ਗੱਲ 'ਤੇ ਵਾਹਿਗੁਰੂ ਦੇ ਭਾਣੇ ਨੂੰ ਗਲਤ ਨਹੀਂ ਸੀ ਕਿਹਾ। ਹਰ ਸੁੱਖ-ਦੁੱਖ ਨੂੰ ਖਿੜੇ ਮੱਥੇ ਸਵੀਕਾਰ ਕੀਤਾ ਸੀ। ਪਲਾਂ 'ਚ ਹੀ ਇਕ ਅਜਿਹੇ ਸਫਰ ਦੀ ਤਿਆਰੀ ਤੇ ਸੀ ਜਿਥੋਂ ਉਸ ਕਦੇ ਵਾਪਸ ਨਹੀਂ ਸੀ ਪਰਤਣਾ। ਮੈਂ ਇਕੱਲਾ ਬਾਹਰ ਬੈਠਾ ਉਸ ਪ੍ਰਤੀ ਨਿਭਾਏ ਆਪਣੇ ਫ਼ਰਜ਼ਾਂ ਨੂੰ ਯਾਦ ਕਰ ਰਿਹਾ ਸੀ ਜੋ ਕਦੇ ਵੀ ਮੈਨੂੰ ਚੰਗਾ ਪੁੱਤ ਸਾਬਤ ਕਰਨ ਤੋਂ ਮੁਨਕਰ ਸਨ। ਸੋਚਦਾ ਸਾਂ ਬੱਸ ਇੱਕ ਵਾਰ ਇਹ ਮੇਰੇ ਨਾਲ ਘਰ ਨੂੰ ਚੱਲ ਪਏ। ਮੈਂ ਸਰਵਣ ਪੁੱਤ ਬਣ ਸੇਵਾ ਕਰੂ। 'ਜੋ ਕਹੋ, ਚੁੱਪ ਚਾਪ ਕਹੋ। ਬੱਸ ਇੱਕ ਵਾਰ ਕਹਿ ਦੇ ਕਿ ਕਿਉ ਰੋਂਦਾ ? ਮੈਂ ਹਾਂ ਨਾਂ ਤੇਰੇ ਕੋਲ, ਚੱਲ ਘਰ ਚੱਲਦੇ। ਬੱਚੇ ਉਡੀਕਦੇ ਹੋਣ। ਚੱਲ ਮੇਰਾ ਸ਼ੇਰ ਪੁੱਤ।' ਪਰ ਉਸ ਦਿਨ ਤੋਂ ਮਗਰੋਂ ਬਾਪੂ ਕਦੇ ਨਹੀਂ ਸੀ ਉੱਠਿਆ। ਹੁਣ ਇੱਕ ਅਜਿਹਾ ਆਈ.ਸੀ.ਯੂ. ਮੇਰੇ ਅੰਦਰ ਹੈ ਜਿੱਥੇ ਸਦਾ ਮੈਨੂੰ ਹਰ ਪਲ ਆਪਣੇ ਬਾਪ ਦੇ ਸਾਹਵਾਂ ਦੀ ਆਵਾਜ਼ ਤੇ ਧੜਕਣ ਤਾਂ ਸੁਣਾਈ ਦਿੰਦੀ ਹੈ,ਆਪਣੀ ਨਹੀਂ। ਉਸ ਦੇ ਬੋਲ ਅਕਸਰ ਸੁਣਾਈ ਦਿੰਦੇ ਹਨ ਪਰ ਆਪਣੀ ਮਰ ਚੁੱਕੀ ਆਤਮਾ ਦੀ ਨਹੀਂ। ਉਹ ਆਤਮਾ ਜੋ ਸਦਾ ਕਰਜ਼ਾਈ ਹੈ ਆਪਣੇ ਮੁਹੱਬਤੀ ਬਾਪ ਦੀ। ਉਸ ਦੇ ਮੋਹ ਦੀ, ਉਸ ਦੀ ਮਿਹਨਤ ਦੀ।

# ਮਿੰਨੀ ਕਹਾਣੀਆਂ

## ਇੰਟਰਨੈੱਟ ਸੇਵਾਵਾਂ

**ਜਗਤਾਰ ਗਰੇਵਾਲ 'ਸਕਰੌਦੀ'**

ਫੋਨ ਦੀ ਘੰਟੀ ਖੜਕੀ ਤਾਂ ਦੇਖਿਆ ਕਿ ਮੇਰੇ ਇੱਕ ਪੁਰਾਣੇ ਜਮਾਤੀ ਦਾ ਫੋਨ ਸੀ। ਪਹਿਲੀ ਜਮਾਤ ਤੋਂ ਲੈ ਕੇ ਦਸਵੀਂ ਤੱਕ ਅਸੀਂ ਸਕੂਲ ਵਿੱਚ ਇਕੱਠੇ ਪੜ੍ਹਦੇ ਰਹੇ ਸੀ। ਪੜ੍ਹਾਈ ਤੋਂ ਬਾਅਦ ਉਸ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ ਉਹ ਪਿੰਡ ਛੱਡ ਕੇ ਪਰਿਵਾਰ ਸਮੇਤ ਸ਼ਹਿਰ ਜਾ ਕੇ ਰਹਿਣ ਲੱਗ ਪਿਆ ਸੀ। ਸਾਡੀ ਆਪਸੀ ਗੱਲ ਬਹੁਤ ਘੱਟ ਹੁੰਦੀ ਸੀ। ਕਦੇ ਕਦਾਈਂ ਮਹੀਨਿਆਂ ਬਾਅਦ ਇੱਕ ਦੋ ਮਿੰਟ ਗੱਲ ਹੋ ਜਾਂਦੀ ਤਾਂ ਵੀ ਹਾਲ-ਚਾਲ ਪੁੱਛ ਕੇ ਹੀ ਗੱਲ ਪੂਰੀ ਹੋ ਜਾਂਦੀ।

ਮੈਂ ਫੋਨ ਚੁੱਕਿਆ ਤਾਂ ਅੱਗਿਉਂ ਆਵਾਜ਼ ਆਈ, "ਕੀ ਹਾਲ ਐ ਤੇਜਪਾਲ ?"

ਮੈਂ ਕਿਹਾ, "ਵਧੀਆ ਗਗਨ, ਤੂੰ ਦੱਸ ਕੀ ਬਣਦੈ ?"

ਉਸ ਨੇ ਗੱਲ ਅੱਗੇ ਵਧਾਈ, "ਵਧੀਆ ਬਾਈ, ਜਿਹੜਾ ਟਾਈਮ ਪਾਸ ਹੋਈ ਜਾਂਦੈ।"

"ਟਾਈਮ ਪਾਸ ? ਟਾਈਮ ਪਾਸ ਤਾਂ ਸਾਡੇ ਵਰਗੇ ਗ਼ਰੀਬ ਲੋਕਾਂ ਦਾ ਹੁੰਦੈ। ਤੁਸੀਂ ਤਾਂ ਸਰਕਾਰੀ ਮੁਲਾਜ਼ਮ ਹੋ। ਨਜ਼ਾਰੇ ਲੁੱਟਦੇ ਹੋ।" ਮੈਂ ਹਾਸੇ-ਹਾਸੇ 'ਚ ਆਪਣਾ ਦਰਦ ਵੀ ਫਰੋਲ ਗਿਆ ਤੇ ਉਸ ਦੇ ਕਾਫ਼ੀ ਦੇਰ ਬਾਅਦ ਯਾਦ ਕਰਨ 'ਤੇ ਉਲਾਂਭਾ ਵੀ ਦੇ ਗਿਆ।

ਫਿਰ ਉਸ ਨੇ ਸਕੂਲ ਸਮੇਂ ਦੀਆਂ ਗੱਲਾਂ ਛੇੜ ਲਈਆਂ ਕਿ ਕਿਵੇਂ ਪੰਜਾਬੀ ਵਾਲਾ ਮਾਸਟਰ ਸਾਨੂੰ ਲੱਸੀ ਲੈਣ ਭੇਜ ਦਿੰਦਾ ਸੀ, ਅਸੀਂ ਹਿਸਾਬ ਵਾਲਾ ਪੀਰੀਅਡ ਲੰਘਾ ਕੇ ਸਕੂਲ ਵੜਦੇ ਹੁੰਦੇ ਸੀ; ਕਿਵੇਂ ਟੀਕਿਆਂ ਤੋਂ ਡਰਦੇ ਸਕੂਲ ਦੀਆਂ ਕੰਧਾਂ ਟੱਪ ਜਾਂਦੇ ਤੇ ਪਤਾ ਨਹੀਂ ਹੋਰ ਕਿੰਨੇ ਕੁ ਕਿੱਸੇ। ਭਰ ਜਵਾਨੀ ਵਿੱਚ ਬੇਵਕਤੀ ਮੌਤ ਕਾਰਨ ਛੱਡ ਗਏ ਕੁਝ ਜਮਾਤੀਆਂ ਨੂੰ ਯਾਦ ਕਰ ਕੇ ਦੋਵੇਂ ਭਾਵੁਕ ਵੀ ਹੋਏ। ਗੱਲਾਂ ਕਰਦੇ ਕਰਦੇ ਕਦੋਂ ਦੋ ਘੰਟੇ ਲੰਘ ਗਏ, ਸਾਨੂੰ ਪਤਾ ਵੀ ਨਾ ਲੱਗਿਆ। ਮੈਨੂੰ ਹੈਰਾਨ ਜਿਹੀ ਵੀ ਹੋਈ ਕਿ ਅੱਜ ਗਗਨ ਨੂੰ ਏਨਾ ਸਮਾਂ ਕਿਵੇਂ ਮਿਲ ਗਿਆ ਕਿ ਉਹ ਦੋ ਘੰਟੇ ਤੱਕ ਗੱਲਾਂ ਕਰੀ ਗਿਆ। ਉਸ ਕੋਲ ਤਾਂ ਕਦੇ ਪੰਜ ਮਿੰਟ ਤੋਂ ਵੱਧ ਨਿਕਲੇ ਹੀ ਨਹੀਂ ਸਨ। ਮੈਂ ਇਹ ਸਵਾਲ ਪੁੱਛਣ ਹੀ ਲੱਗਿਆ ਸੀ ਕਿ ਉਹ ਬੋਲ ਪਿਆ, "ਯਾਰ, ਅੱਜ ਨੈੱਟ ਕਿਉਂ ਨਹੀਂ ਚੱਲ ਰਿਹਾ ਸਵੇਰ ਦਾ ?"

ਸ਼ਾਇਦ ਉਸ ਦਿਨ ਸੋਸ਼ਲ ਮੀਡੀਆ 'ਤੇ ਕੁਝ ਗ਼ਲਤ ਅਫ਼ਵਾਹਾਂ ਫੈਲਣ ਦੇ ਡਰ ਤੋਂ ਸਰਕਾਰ ਵੱਲੋਂ ਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਸਨ। ਨੈੱਟ ਵਾਲੀ ਗੱਲ ਸੁਣ ਕੇ ਮੈਨੂੰ ਸਮਝ ਆ ਗਈ ਕਿ ਸ਼ਾਇਦ ਟਾਈਮ ਪਾਸ ਨਾ ਹੋਣ ਕਰਕੇ ਉਸ ਨੇ ਮੈਨੂੰ ਯਾਦ ਕਰ ਲਿਆ ਤੇ ਏਨੀਆਂ ਗੱਲਾਂ ਕਰ ਲਈਆਂ, ਨਹੀਂ ਤਾਂ ਅੱਜਕੱਲ੍ਹ ਅਸੀਂ ਫੋਨਾਂ 'ਚ ਰੀਲਾਂ ਵੇਖਣ ਵਿੱਚ ਆਪਣਾ ਬਹੁਤਾ ਸਮਾਂ ਗੁਆ ਦਿੰਦੇ ਹਾਂ। ਉਸ ਦੇ ਫੋਨ ਕੱਟਣ ਤੋਂ ਤੁਰੰਤ ਬਾਅਦ ਮੈਂ ਆਪਣੇ ਬਹੁਤ ਕਰੀਬੀ ਰਹਿ ਚੁੱਕੇ ਕਈ ਮਿੱਤਰਾਂ ਨੂੰ ਫੋਨ ਮਿਲਾਇਆ ਪਰ ਸਮਾਂ ਨਾ ਹੋਣ ਕਰਕੇ ਕਿਸੇ ਨਾਲ ਬਹੁਤੀ ਗੱਲ ਨਾ ਕਰ ਸਕਿਆ ਤੇ ਸ਼ਾਇਦ ਉਦੋਂ ਤੱਕ ਇੰਟਰਨੈੱਟ ਸੇਵਾਵਾਂ ਬਹਾਲ ਹੋ ਚੁੱਕੀਆਂ ਸਨ।

***

## ਮਤਾ

**ਹਰਭਿੰਦਰ ਸਿੰਘ ਸੰਧੂ**

ਪੰਚਾਇਤ ਸੈਕਟਰੀ ਨੂੰ ਆਉਂਦਾ ਦੇਖ ਸਰਪੰਚ ਨੇ ਘਰੇ ਚਾਹ ਲਈ ਕਹਿ ਦਿੱਤਾ। ਜਦੋਂ ਪਿੰਡ ਵਿੱਚ ਕੀਤੇ ਜਾਣ ਵਾਲੇ ਕੰਮਾਂ 'ਤੇ ਚਰਚਾ ਕਰਨ ਲੱਗੇ ਤਾਂ ਸਰਪੰਚ ਬੋਲਿਆ, "ਸੈਕਟਰੀ ਸਾਬ੍ਹ, ਬਾਕੀ ਕੰਮ ਬਾਅਦ ਵਿੱਚ ਹੁੰਦੇ ਰਹਿਣਗੇ, ਸਭ ਤੋਂ ਪਹਿਲਾਂ ਛੱਪੜ ਨੂੰ ਪੱਕਾ ਕਰਨ ਵਾਲਾ ਮਤਾ ਪਾਓ ਤੁਸੀਂ।" ਸੈਕਟਰੀ ਥੋੜ੍ਹੇ ਮਖੌਲ ਵਾਲੇ ਲਹਿਜੇ ਨਾਲ ਕਹਿਣ ਲੱਗਾ, "ਸਰਪੰਚ ਸਾਬ੍ਹ, ਛੱਪੜ ਤਾਂ ਪੱਕਾ ਕਰ ਦਿੰਦੇ ਹਾਂ, ਪਰ ਜੋ ਹਰ ਸਾਲ ਸਾਫ਼ ਸਫ਼ਾਈ ਵਾਲੇ ਬਿੱਲ ਪਾਉਂਦੇ ਹਾਂ ਇਹ ਕੰਮ ਬੰਦ ਹੋ ਜਾਣੈ।" ਕੁਝ ਸਕਿੰਟ ਸੋਚਣ ਮਗਰੋਂ ਸਰਪੰਚ ਬੋਲਿਆ, "ਚਲੋ ਤੁਸੀਂ ਇੰਝ ਕਰੋ, ਪਹਿਲਾਂ ਫਿਰਨੀ ਪੱਕੀ ਕਰਨ ਵਾਲਾ ਹੀ ਮਤਾ ਪਾਵੋ।"

***

## ਬੇਵੱਸੀ

**ਬਲਜੀਤ ਕੌਰ**

ਮੇਹਰੂ ਸ਼ਹਿਰ 'ਚੋਂ ਸੀਧਾ ਖਰੀਦਣ ਪਿੱਛੋਂ ਪਿੰਡ ਜਾਣ ਲਈ ਬੱਸ ਵਿੱਚ ਜਾ ਬੈਠਾ।

ਬੱਸ ਵਿੱਚ ਇੱਕ ਮੰਗਤੇ ਨੇ ਦਸ ਵੀਹ ਰੁਪਏ ਦੇਣ ਲਈ ਤਰਲਾ ਪਾਇਆ। ਮੰਗਤੇ ਦੀਆਂ ਦੋਵੇਂ ਬਾਹਾਂ ਕੱਟੀਆਂ ਹੋਈਆਂ ਸਨ। ਮੇਹਰੂ ਦਾ ਹਿਰਦਾ ਕੰਬ ਗਿਆ ਅਤੇ ਉਸ ਨੂੰ ਮੰਗਤੇ ਉੱਪਰ ਤਰਸ ਆਇਆ। ਉਸ ਨੇ ਉਸ ਨੂੰ ਦਸ ਰੁਪਏ ਦੇਣੇ ਚਾਹੇ ਪਰ ਜਦੋਂ ਜੇਬ ਵਿੱਚ ਹੱਥ ਮਾਰਿਆ ਤਾਂ ਉਸ ਨੇ ਆਪਣੇ ਕੋਲ ਕਿਰਾਏ ਜਿੰਨੇ ਪੈਸੇ ਦੇਖ ਕੇ ਮੰਗਤੇ ਵੱਲੋਂ ਮੂੰਹ ਮੋੜ ਲਿਆ।

***

## ਧੀ ਤੇ ਪੁੱਤ ਦਾ ਫ਼ਰਕ

**ਰਜਵਿੰਦਰ ਪਾਲ ਸ਼ਰਮਾ**

ਮਰਦਮਸ਼ੁਮਾਰੀ ਕਰਨ ਲਈ ਮੈਂ ਇੱਕ ਘਰ ਦਾ ਕੁੰਡਾ ਖੜਕਾਇਆ ਤਾਂ ਅੰਦਰੋਂ ਮੱਧਮ ਜਿਹੀ ਆਵਾਜ਼ ਆਈ, "ਲੰਘ ਆ ਪੁੱਤ, ਲੰਘ ਆ। ਦਰਵਾਜ਼ਾ ਖੁੱਲ੍ਹਾ ਈ ਐ।" ਘਰ ਅੰਦਰ ਲੰਘ ਕੇ ਸਾਹਮਣੇ ਬੈਠੀ ਇੱਕ ਪੰਜਾਹ ਪਚਵੰਜਾ ਸਾਲਾਂ ਨੂੰ ਪਹੁੰਚੀ ਮਾਤਾ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਆਪਣੇ ਆਉਣ ਦਾ ਕਾਰਨ ਦੱਸਿਆ। "ਪੁੱਛ ਲੈ ਪੁੱਤ, ਕੀ ਪੁੱਛਣਾ," ਮਾਤਾ ਨੇ ਪਾਣੀ ਦਾ ਗਿਲਾਸ ਫੜਾਉਂਦੀ ਨੇ ਕਿਹਾ।

ਗੱਲ ਅੱਗੇ ਤੋਰਦਿਆਂ ਮੈਂ ਮਾਤਾ ਨੂੰ ਪੁੱਛਿਆ, "ਤੁਸੀਂ ਘਰ ਵਿੱਚ ਕਿੰਨੇ ਜਣੇ ਹੋ ?" ਚੁੰਨੀ ਦਾ ਲੜ ਠੀਕ ਕਰਦੀ ਉਹ ਬੋਲੀ, "ਜਣੇ ਤਾਂ ਬਹੁਤ ਸੀ ਪੁੱਤ ਸੁੱਖ ਨਾਲ, ਬੱਸ ਹੁਣ ਦੋ ਹੀ ਰਹਿ ਗਏ, ਜਿਨ੍ਹਾਂ ਨੂੰ ਸੁੱਖਾਂ ਸੁੱਖ ਕੇ ਰੱਬ ਕੋਲੋਂ ਲਿਆ ਉਹ ਇੱਕ ਤਾਂ ਜਹਾਜ਼ ਚੜ੍ਹ ਗਿਆ ਤੇ ਦੂਜਾ ਨਸ਼ਿਆਂ ਨੇ ਖਾ ਲਿਆ। ਝੋਟੇ ਦੇ ਸਿਰ ਵਰਗਾ ਮੋਘੇ 'ਤੇ ਵੀਹ ਕਿੱਲਿਆਂ ਦਾ ਟੱਕ ਸੀ। ਕੁਝ ਤਾਂ ਵੱਡੇ ਨੂੰ ਜਹਾਜ਼ ਚੜ੍ਹਾਉਣ 'ਤੇ ਗਈ ਅਤੇ ਕੁਝ ਛੋਟੇ ਨੇ ਨਸ਼ਿਆਂ 'ਤੇ ਲਾ ਦਿੱਤੀ। ਜ਼ਮੀਨ ਵੀ ਗਈ ਤੇ ਪੁੱਤ ਵੀ ਗਿਆ। ਹੁਣ ਤਾਂ ਮੈਂ ਤੇ ਤੇਰਾ ਬਾਬਾ ਦੋ ਜਣੇ ਹੀ ਆ ਘਰ ਵਿੱਚ। ਉਹ ਵਿਚਾਰਾ ਸਵੇਰੇ ਨਿਕਲ ਜਾਂਦੈ ਕੰਮ ਦੀ ਭਾਲ 'ਚ। ਕਦੇ ਚੁੱਲ੍ਹਾ ਤਪ ਜਾਂਦੈ ਤੇ ਕਦੇ," ਬੋਲਦੀ ਬੋਲਦੀ ਦੀ ਭੁੱਬ ਨਿਕਲ ਗਈ।

ਪਾਟੀ ਚੁੰਨੀ ਨਾਲ ਅੱਖਾਂ ਪੂੰਝਦੀ ਉਹ ਬੋਲੀ, "ਪੁੱਤ ਕਪੁੱਤ ਨਿਕਲਣੇ ਸੀ ਤਾਂ ਰੱਬ ਇੱਕ ਧੀ ਹੀ ਦੇ ਦਿੰਦਾ। ਸ਼ਾਇਦ ਸਾਡੀ ਜੂਨ ਸੁਧਰ ਜਾਂਦੀ।" ਮੈਨੂੰ ਉਹ ਸਾਰੇ ਜਵਾਬ ਮਿਲ ਗਏ ਸਨ ਜਿਨ੍ਹਾਂ ਦੀ ਮੈਨੂੰ ਲੋੜ ਸੀ। ਮੈਂ ਜਾਂਦੀ ਵਾਰ ਮਾਤਾ ਨੂੰ ਸਤਿ ਸ੍ਰੀ ਅਕਾਲ ਬੁਲਾਈ ਅਤੇ ਅਗਲੇ ਘਰ ਨੂੰ ਚੱਲ ਪਿਆ। ਉਸ ਦੇ ਆਖ਼ਰੀ ਬੋਲ ਮੇਰੇ ਕੰਨਾਂ ਵਿੱਚ ਅਜੇ ਵੀ ਗੂੰਜ ਰਹੇ ਸਨ ਕਿ ਰੱਬ ਇੱਕ ਧੀ ਹੀ ਦੇ ਦਿੰਦਾ। ਮੈਂ ਸੋਚ ਰਿਹਾ ਸੀ ਕਿ ਲੋਕ ਐਵੇਂ ਹੀ ਕਹਿੰਦੇ ਨੇ ਬਈ ਧੀ ਤੇ ਪੁੱਤ ਵਿਚਕਾਰ ਕੋਈ ਫ਼ਰਕ ਨਹੀਂ। ਫ਼ਰਕ ਇਹ ਹੈ ਕਿ ਪੁੱਤ ਜ਼ਮੀਨਾਂ ਵੰਡਾਉਂਦੇ ਹਨ ਤੇ ਧੀਆਂ ਦੁੱਖ ਵੰਡਾਉਂਦੀਆਂ ਹਨ।

***

## ਹਿੰਦੂ ਖ਼ੂਨ ਮੁਸਲਮਾਨ ਖ਼ੂਨ

**ਜਗਦੇਵ ਸ਼ਰਮਾ ਬੁਗਰਾ**

"ਓਏ ਇਕਬਾਲ! ਕੀ ਕਰੀ ਜਾ ਰਿਹੈਂ, ਕੀ ਲੱਭ ਰਿਹੈਂ ਰੇਤੇ 'ਚ ਹੱਥ ਮਾਰ ਕੇ ?"

"ਕੁਝ ਨਹੀਂ, ਕੱਲ੍ਹ ਕੁਝ ਸਿਰਫਿਰਿਆਂ ਨੇ ਇੱਥੇ ਇਨਸਾਨੀਅਤ ਦਾ ਖ਼ੂਨ ਵਹਾਇਆ ਹੈ, ਮੈਂ ਉਹੀ ਖ਼ੂਨ ਭਿੱਜੀ ਰੇਤ 'ਕੱਠੀ ਕਰ ਰਿਹਾ ਹਾਂ।"

"ਕੀ ਕਰੇਂਗਾ ਇਸ ਦਾ ?"

"ਲੈਬੋਰਟਰੀ 'ਚ ਲੈ ਕੇ ਜਾਵਾਂਗਾ, ਇਹ ਪੁੱਛਣ ਲਈ ਕਿ ਚੈੱਕ ਕਰਕੇ ਦੱਸੋ ਬਈ ਇਹਦੇ ਵਿੱਚੋਂ ਕਿਹੜਾ ਖ਼ੂਨ ਹਿੰਦੂ ਦਾ ਹੈ ਅਤੇ ਕਿਹੜਾ ਮੁਸਲਮਾਨ ਦਾ ?"

ਇਕਬਾਲ ਜਿਸ ਨੂੰ ਸਾਰੇ ਸਿੱਧਰਾ ਕਹਿੰਦੇ ਸਨ, ਕਿੱਡੀ ਵੱਡੀ ਗੱਲ ਕਹਿ ਗਿਆ ਸੀ।

****

## ਟਿਕਟਾਂ ਤੇ ਸ਼ਰਮਿੰਦਗੀ

**ਗੁਰਿੰਦਰ ਸਿੰਘ**

ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਅਸੀਂ ਬੀ.ਐੱਡ ਦੌਰਾਨ ਟੀਚਿੰਗ ਪ੍ਰੈਕਟਿਸ ਲਈ ਇੱਕ ਸਕੂਲ ਵਿੱਚ ਜਾਂਦੇ ਹੁੰਦੇ ਸੀ। ਉਸ ਪ੍ਰੈਕਟਿਸ ਦੌਰਾਨ ਅਸੀਂ ਵਿਦਿਆਰਥੀਆਂ ਵਿੱਚ ਵਿਚਰਦੇ, ਉਨ੍ਹਾਂ ਨੂੰ ਪੜ੍ਹਾਉਂਦੇ,ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣਦੇ ਅਤੇ ਉਨ੍ਹਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦੇ। ਪਰ ਅਸੀਂ ਅਧਿਆਪਕ ਦੇ ਨਾਲ-ਨਾਲ ਵਿਦਿਆਰਥੀ ਵੀ ਸੀ। ਜਦੋਂ ਸਾਨੂੰ ਇਹ ਪਤਾ ਲੱਗਾ ਕਿ ਇੱਕ ਮਸ਼ਹੂਰ ਗਾਇਕ ਦਾ ਸ਼ੋਅ ਹੋਣ ਜਾ ਰਿਹਾ ਹੈ ਤਾਂ ਅਸੀਂ ਵੀ ਉਸ ਪ੍ਰੋਗਰਾਮ ਦਾ ਆਨੰਦ ਮਾਣਨ ਲਈ ਉਤਸੁਕ ਹੋ ਗਏ। ਇਸ ਲਈ ਅਸੀਂ ਟਿਕਟ ਦਾ ਪ੍ਰਬੰਧ ਕਰਨ ਲੱਗੇ। ਟਿਕਟ ਮਿਲਦੀ ਸੀ, ਸਿਰਫ਼ ਸ਼ਰਾਬ ਦੇ ਠੇਕੇ ਤੋਂ, ਉਹ ਵੀ ਬੀਅਰ ਦੀ ਇੱਕ ਬੋਤਲ ਨਾਲ। ਪਰ ਅਸੀਂ ਕਦੇ ਵੀ ਕੋਈ ਨਸ਼ਾ ਨਹੀਂ ਕੀਤਾ ਸੀ। ਇਸ ਲਈ ਅਸੀਂ ਕਿਸੇ ਜਾਣਕਾਰ ਵਿਅਕਤੀ ਨੂੰ ਵਿੱਚ ਪਾ ਕੇ ਟਿਕਟ ਲੈਣ ਦਾ ਪ੍ਰਬੰਧ ਕਰ ਲਿਆ। ਅਸੀ ਸ਼ਰਾਬ ਦੇ ਠੇਕੇ 'ਤੇ ਗਏ ਅਤੇ ਚਾਰ ਟਿਕਟਾਂ ਪ੍ਰਾਪਤ ਕਰ ਲਈਆਂ। ਰਾਤ ਨੂੰ ਅਸੀਂ ਉਸ ਗਾਇਕ ਦੇ ਪ੍ਰੋਗਰਾਮ ਦਾ ਨੱਚ-ਟੱਪ ਕੇ ਖ਼ੂਬ ਆਨੰਦ ਮਾਣਿਆ। ਸਾਰੇ ਬਹੁਤ ਖ਼ੁਸ਼ ਸੀ। ਅਗਲੇ ਦਿਨ ਤਿਆਰ ਹੋ ਕੇ ਟੀਚਿੰਗ ਪ੍ਰੈਕਟਿਸ ਵਾਲੇ ਸਕੂਲ ਪਹੁੰਚ ਗਏ। ਦੂਸਰੇ ਪੀਰੀਅਡ ਦੌਰਾਨ ਜਦੋਂ ਮੈਂ ਸੱਤਵੀਂ ਕਲਾਸ ਵਿੱਚ ਗਿਆ ਤਾਂ ਇੱਕ ਵਿਦਿਆਰਥੀ ਨੇ ਮੈਨੂੰ ਪਹਿਲਾ ਸਵਾਲ ਇਹੀ ਕੀਤਾ, ਸਰ, ਕੱਲ੍ਹ ਤੁਸੀਂ ਠੇਕੇ 'ਤੇ ਖੜ੍ਹੇ ਸੀ ?" ਕੁਝ ਬੱਚੇ ਮੁਸ਼ਕੜੀਆਂ ਹੱਸਣ ਲੱਗੇ, ਕੁਝ ਚੁੱਪ ਅਤੇ ਮੈਂ ਸ਼ਰਮਸਾਰ।

# ਮੇਰੀ ਕਲਮ

## ਪੰਜ ਆਬਾਂ ਦੀ ਧਰਤੀ ਦਾ ਮੌਸਮ

ਨਿਰਮਲ ਸਿੰਘ ਰੱਤਾ

ਰੰਗ ਗੁਲਾਬੀ ਮੱਧਮ ਹੋਇਆ ਫਿੱਕਾ ਪਿਆ ਗੁਲਾਬ ਜੇ
ਪੰਜ ਆਬਾਂ ਦੀ ਧਰਤੀ ਦਾ ਅੱਜ ਮੌਸਮ ਬੜਾ ਖ਼ਰਾਬ ਜੇ
ਪੰਜ ਆਬਾਂ 'ਚੋਂ ਦੋ ਬਚੇ ਹੁਣ ਉਸ 'ਤੇ ਸਭ ਦੀਆਂ ਅੱਖਾਂ ਨੇ
ਮਿਹਰ ਕਰੀਂ ਨੀਲੀ ਛੱਤ ਵਾਲਿਆ ਤੇਰੀਆਂ ਹੀ ਹੁਣ ਰੱਖਾਂ ਨੇ
ਮੁਫ਼ਤ ਖ਼ਜ਼ਾਨੇ ਲੁੱਟੇ ਦਾ ਨਾ ਮਿਲਿਆ ਕੋਈ ਹਿਸਾਬ ਜੇ
ਪੰਜ ਆਬਾਂ ਦੀ ਧਰਤੀ ਦਾ ਅੱਜ ਮੌਸਮ ਬੜਾ ਖ਼ਰਾਬ ਜੇ
ਬੇਰੁਜ਼ਗਾਰੀ ਹੱਥੋਂ ਸਤ ਕੇ ਪੁੱਠੇ ਕਰਦੇ ਕਾਰੇ ਨੇ
ਭਾਗੋ ਤੇ ਨਲੂਏ ਦੇ ਵਾਰਿਸ ਨਸ਼ਿਆਂ ਕੋਲੋਂ ਹਾਰੇ ਨੇ
ਸਿੱਧੀ ਦਿਸ਼ਾ ਵਿਖਾਈ ਜੇ ਨਾ ਛੁਪ ਜਾਣੇ ਮਹਿਤਾਬ ਜੇ
ਪੰਜ ਆਬਾਂ ਦੀ ਧਰਤੀ ਦਾ ਅੱਜ ਮੌਸਮ ਬੜਾ ਖ਼ਰਾਬ ਜੇ
ਪਾਣੀਆਂ ਨੂੰ ਅਸੀਂ ਗੰਧਲਾ ਕੀਤਾ ਅੰਮ੍ਰਿਤ ਜ਼ਹਿਰ ਬਣਾਇਆ ਏ
ਰੁੱਖ ਕੁੱਖ ਦੇ ਕਾਤਲ ਬਣ ਕੁਦਰਤ ਨਾਲ ਵੈਰ ਕਮਾਇਆ ਏ
ਪੀਣ ਵਾਲਾ ਪਾਣੀ ਨਾ ਲੱਭਦਾ ਐਪਰ ਮਿਲੇ ਸ਼ਰਾਬ ਜੇ
ਪੰਜ ਆਬਾਂ ਦੀ ਧਰਤੀ ਦਾ ਅੱਜ ਮੌਸਮ ਬੜਾ ਖ਼ਰਾਬ ਜੇ
ਕੁਝ ਨਸ਼ਿਆਂ ਨੇ ਖਾ ਲਏ ਗੱਭਰੂ ਕੁਝ ਪਰਦੇਸੀਂ ਤੁਰ ਗਏ ਨੇ
ਹੱਥੀਂ ਕੰਮ ਨਾ ਕਰਨਾ ਚਾਹੁੰਦੇ ਵਿਰਸੇ ਨਾਲੋਂ ਖ਼ੁਰ ਗਏ ਨੇ
ਖੇਡਣ ਕੁੱਦਣ ਗਿੱਧੇ ਭੰਗੜੇ ਛੁੱਟੇ ਕਈ ਖ਼ਿਤਾਬ ਜੇ
ਪੰਜ ਆਬਾਂ ਦੀ ਧਰਤੀ ਦਾ ਅੱਜ ਮੌਸਮ ਬੜਾ ਖ਼ਰਾਬ ਜੇ
ਏਧਰ ਜਾਵਾਂ ਓਧਰ ਜਾਵਾਂ ਰਾਵੀ ਹਾਉਕੇ ਭਰਦਾ ਏ
ਜਿਹਲਮ ਅੱਜ ਤੱਕ ਪਿਆ ਉਡੀਕੇ ਸਤਲੁਜ ਚੇਤੇ ਕਰਦਾ ਏ
ਆਓ ਭਰਾਵੋ 'ਕੱਠੇ ਹੋਈਏ ਹੋਕਾ ਦਵੇ ਚਨਾਬ ਜੇ
ਪੰਜ ਆਬਾਂ ਦੀ ਧਰਤੀ ਦਾ ਅੱਜ ਮੌਸਮ ਬੜਾ ਖ਼ਰਾਬ ਜੇ

## ਗ਼ਜ਼ਲ

ਹਰਦੀਪ ਬਿਰਦੀ



ਅੱਗ ਨੇ ਅੱਗ ਬੁਝਾਈ ਕਦ ਹੈ ?
ਜਾਂ ਫਿਰ ਠੰਢਕ ਪਾਈ ਕਦ ਹੈ ?
ਤੇਰੀ ਝੂਠ ਅਦਾਲਤ ਅੰਦਰ
ਸੱਚ ਦੀ ਦੱਸ ਸੁਣਵਾਈ ਕਦ ਹੈ ?
ਲੋਕਤੰਤਰ ਨਾਂ ਦਾ ਹੀ ਬਸ
ਲੋਕਮੱਤ ਪੁਗਾਈ ਕਦ ਹੈ ?
ਮੂੰਹੋਂ ਤਾਂ ਸਭ ਮੰਨਿਆ ਆਖੋਂ
ਛੱਡੀ ਪਰ ਅੜਵਾਈ ਕਦ ਹੈ ?
ਰਾਜ ਤੇਰੇ ਵਿੱਚ ਜਨਤਾ ਰੋਵੇ
ਮੈਨੂੰ ਦੱਸ ਮੁਸਕਾਈ ਕਦ ਹੈ ?
ਜੁਮਲੇ ਜਿੰਨੇ ਮਰਜ਼ੀ ਸੁਣ ਲਓ
ਚੱਜ ਦੀ ਬਾਤ ਸੁਣਾਈ ਕਦ ਹੈ ?
ਜੋ ਧਰਮਾਂ ਦੇ ਨਾਂ 'ਤੇ ਪੁੱਟੀ
ਭਰਨੀ ਦੱਸ ਦੇ ਖਾਈ ਕਦ ਹੈ ?
ਜਿਸਨੂੰ ਪੜ੍ਹਕੇ ਸਭ ਖ਼ੁਸ਼ ਲੱਗਣ
ਤੂੰ ਉਹ ਚਿੱਠੀ ਪਾਈ ਕਦ ਹੈ ?

## ਪੀਂਘ ਹੁਲਾਰੇ

ਰਣਜੀਤ ਆਜ਼ਾਦ ਕਾਂਝਲਾ



ਪਿੱਪਲੀਂ ਪੀਂਘਾਂ ਝੂਟਣ
ਨੱਢੀਆਂ ਪੰਜਾਬ ਦੀਆਂ।
ਖਿੜਿਆ ਹੁਸਨ ਨਿਆਰਾ
ਚੜ੍ਹੀਆਂ ਲਹਿਰਾਂ ਚਨਾਬ ਦੀਆਂ।
ਹਰੇ, ਪੀਲੇ, ਪਿਆਜ਼ੀ ਡੋਰੀਏ
ਜਿਉਂ ਪੱਤੀਆਂ ਗੁਲਾਬ ਦੀਆਂ।
ਇਲਾਹੀ ਨੂਰ ਪਰੀਆਂ ਤੋਂ ਲੈ ਕੇ
ਘੁੰਮ ਆਈਆਂ ਗਲੀ ਜਨਾਬ ਦੀਆਂ।
ਮਾਖਿਉਂ ਭਿੱਜੇ ਗੀਤਾਂ ਵਿੱਚੋਂ
ਧੁਨੀਆਂ ਗੂੰਜਣ ਰਬਾਬ ਦੀਆਂ।
ਜੋਬਨ ਰੁੱਤੇ ਰੰਗ ਨਸ਼ਿਆਏ
ਮੱਟੀਆਂ ਉੱਛਲ ਸ਼ਰਾਬ ਦੀਆਂ।
ਕਿਣਮਿਣ ਕਣੀਆਂ ਲੀੜੇ ਭਿੱਜੇ
ਯਾਦਾਂ ਰਾਤੀਂ ਡਿੱਠੇ ਖ਼ੁਆਬ ਦੀਆਂ।
ਵੰਨ-ਸੁਵੰਨੇ ਮੁੱਖੜੇ ਲਿਸ਼ਕਣ ਕਿੰਨੇ
ਭੁੱਲੇ ਜ਼ਰਬ-ਤਕਸੀਮ ਹਿਸਾਬ ਦੀਆਂ।
ਆਉਣ ਨਾ ਕਾਬੂ ਇਹ ਭਰਿੰਡਾਂ
ਮੱਛੀਆਂ ਖੁੱਲ੍ਹੇ ਕਿਸੇ ਤਲਾਬ ਦੀਆਂ।
ਹੁਸਨ ਹੁਸੀਨ ਮਹੀਨਾ ਸਾਉਣ
ਪਿਆਰ ਦੀਆਂ ਬਾਤਾਂ ਜਾਗਦੀਆਂ।
ਬਹਾਰਾਂ ਨੂੰ ਮੌਸਮ ਹਾਕਾਂ ਮਾਰੇ
ਪਰਵਾਨਿਆਂ ਲਈ ਲਾਟਾਂ ਚਿਰਾਗ ਦੀਆਂ।
ਪਿਆਰੇ ਇਨ੍ਹਾਂ ਤੋਂ ਕੌਣ ਬਚੇਗਾ ?
'ਆਜ਼ਾਦ' ਪੈ ਗਈਆਂ ਧੁੰਮਾਂ ਸ਼ਬਾਬ ਦੀਆਂ।

## ਗ਼ਜ਼ਲ

ਗੁਰਵਿੰਦਰ ਸਿੰਘ ਗੋਸਲ

ਜੇ ਸੱਜਣ ਤੂੰ ਮੁੜ ਵਤਨਾਂ ਨੂੰ ਆਇਆ ਹੁੰਦਾ।
ਸਾਵਣ ਰੁੱਤੇ ਮਨ ਇਉਂ ਨਾ ਮੁਰਝਾਇਆ ਹੁੰਦਾ।
ਉਫ਼! ਉਸ ਦਾ ਘਰ ਵੀ ਹੱਸਦਾ ਵੱਸਦਾ ਹੋਣਾ ਸੀ,
ਤੂੰ ਜੇ ਮੱਚਦੀ ਅੱਗ 'ਤੇ ਤੇਲ ਨਾ ਪਾਇਆ ਹੁੰਦਾ।
ਅੱਜ ਹੱਕਾਂ ਖਾਤਰ ਸਾਨੂੰ ਰੁਲਣਾ ਪੈਂਦਾ ਨਾ,
ਜੇਕਰ ਚੰਗਾ ਹਾਕਮ ਤਖ਼ਤ ਬਿਠਾਇਆ ਹੁੰਦਾ।
ਮੈਂ ਮੰਜੇ ਉੱਤੋਂ ਨਈਂ ਉੱਠਣਾ ਸੀ ਜੀਵਨ ਭਰ,
ਤੂੰ ਨਾ ਜੇਕਰ ਮੇਰਾ ਸਾਥ ਨਿਭਾਇਆ ਹੁੰਦਾ।
ਮੈਂ ਸੱਜਣਾ ਫੁੱਲਾਂ ਨਾਲ ਸਜਾਉਂਦਾ ਵਿਹੜੇ ਨੂੰ,
ਜੇ ਕਾਸ਼! ਕਿਤੇ ਤੂੰ ਸਾਡੇ ਘਰ ਆਇਆ ਹੁੰਦਾ।
ਕਾਤਲ ਬੇਦੋਸ਼ਿਆਂ ਦੇ ਵੀ ਹੁੰਦੇ ਜੇਲ੍ਹਾਂ ਵਿੱਚ,
ਜੇ ਸਰਕਾਰਾਂ ਨੇ ਇਨਸਾਫ਼ ਦਿਵਾਇਆ ਹੁੰਦਾ।
ਫਿਰ ਦੁੱਖ ਵੀ ਐਨਾ ਦੁੱਖ ਨਾ ਦਿੰਦਾ 'ਗੋਸਲ' ਨੂੰ
ਜੇ ਆਪਣਿਆਂ ਨੇ ਆ ਕੇ ਦੁੱਖ ਵੰਡਾਇਆ ਹੁੰਦਾ।

## ਗ਼ਜ਼ਲ

ਮੁਹੰਮਦ ਅੱਬਾਸ ਧਾਲੀਵਾਲ

ਧੁਖ਼ਦੇ ਵੇਖੇ ਜਲਦੇ ਵੇਖੇ।
ਖ਼ੁਦ ਦੇ ਅੰਦਰ ਬਲਦੇ ਵੇਖੇ।
ਕੀ ਅਪਣੇ ਤੇ ਕੀ ਬੇਗ਼ਾਨੇ।
ਅੰਦਰੋ ਅੰਦਰੀ ਸੜਦੇ ਵੇਖੇ।
ਜੀਵਨ ਪੈਂਡਾ ਤੈਅ ਕਰਦਿਆਂ।
ਲੋਕੀਂ ਰੰਗ ਬਦਲਦੇ ਵੇਖੇ।
ਲੀਡਰ ਇੱਥੇ ਕੁਰਸੀ ਖ਼ਾਤਰ।
ਦਲ ਬਦਲੀਆਂ ਕਰਦੇ ਵੇਖੇ।
ਰੱਜੇ-ਪੁੱਜੇ ਹੜ੍ਹਦੇ ਵੇਖੇ।
ਭੁੱਖੇ-ਭਾਣੇ ਤਰਦੇ ਵੇਖੇ।
ਹੀਲ ਹੁੱਜਤ ਨਾ ਕਰਦੇ ਵੇਖੇ।
ਡਾਢੇ ਦੇ ਦੁੱਖ ਜਰਦੇ ਵੇਖੇ।
ਅਕਸਰ ਤੀਲ੍ਹੀ ਲਾਵਣ ਵਾਲੇ।
ਖ਼ੁਦ ਹੀ ਅੰਦਰ ਜਲਦੇ ਵੇਖੇ।
ਸਿਖਰ ਦੁਪਹਿਰਾਂ ਵਰਗੇ ਲੋਕ।
ਬਣ ਪ੍ਰਛਾਵੇਂ ਢਲਦੇ ਵੇਖੇ।
ਖ਼ੁਦ ਨੂੰ ਉੱਚਾ ਆਖਣ ਵਾਲੇ।
ਜੀ ਹਜ਼ੂਰੀ ਕਰਦੇ ਵੇਖੇ।
ਖ਼ੁਸ਼ੀਆਂ ਵੰਡਣ ਆਲਿਆਂ ਦੇ।
ਘਰਾਂ 'ਚ ਦੀਵੇ ਬਲਦੇ ਵੇਖੇ।
ਵੱਡੇ ਘਰਾਂ ਦੇ ਅਕਸਰ ਕਾਕੇ।
ਨਸ਼ੇ ਦੀ ਭੇਂਟ ਚੜ੍ਹਦੇ ਵੇਖੇ।
ਜਿਨ੍ਹਾਂ ਪਾਸ ਕਿਤਾਬਾਂ ਨਾ ਸਨ।
ਉਹੀਓ ਬੱਚੇ ਪੜ੍ਹਦੇ ਵੇਖੇ।
ਉਮਰਾਂ ਮੁਫ਼ਤ ਗਵਾਉਣ ਵਾਲੇ।
ਅਖੀਰ ਹੱਥਾਂ ਨੂੰ ਮਲਦੇ ਵੇਖੇ।
ਪੜ੍ਹ ਨਾ ਸਕਦੇ ਜੋ ਕਿਤਾਬਾਂ।
ਉਹ ਚਿਹਰੇ ਨੇ ਪੜ੍ਹਦੇ ਵੇਖੇ।
ਇਨ੍ਹਾਂ ਅੱਖਾਂ ਨੇ ਕਿੰਨੇ 'ਅੱਬਾਸ'।
ਚੜ੍ਹਦੇ ਸੂਰਜ ਢਲਦੇ ਵੇਖੇ।

## ਕਿੰਨਾ ਔਖਾ ਹੁੰਦਾ

ਹਰਦੀਪ ਸਿੰਘ ਭੂਦਨ

ਕਿੰਨਾ ਔਖਾ ਹੁੰਦਾ
ਰੁਝੇਵਿਆਂ ਭਰੀ ਜ਼ਿੰਦਗੀ 'ਚੋਂ
ਫੁਰਸਤ ਦੇ ਪਲਾਂ ਲਈ
ਬੱਚਿਆਂ ਸਮੇਤ ਪਰਿਵਾਰ ਨੂੰ
ਧਰਤੀ 'ਤੇ ਬਣੇ ਸਵਰਗ ਨੂੰ ਦੇਖਣ ਲਈ
ਆਪਣੇ ਆਪ ਨੂੰ ਤਿਆਰ ਕਰਨਾ
ਬਹੁਤ ਔਖਾ ਹੁੰਦਾ
ਕਸ਼ਮੀਰ ਦੀਆਂ ਮਖ਼ਮਲੀ ਵਾਦੀਆਂ 'ਚ
ਘੁੰਮਦਿਆਂ ਫਿਰਦਿਆਂ
ਆਨੰਦ ਮਾਣਦਿਆਂ
ਸਿਰਫਿਰਿਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਣਾ
ਤੇ ਆਪਣੇ ਆਪ ਨੂੰ
ਅਣਿਆਈ ਮੌਤ ਦੇ ਮੂੰਹ
ਝੋਕ ਦੇਣਾ
ਕਿੰਨਾ ਔਖਾ ਹੁੰਦਾ
ਬੁੱਢੇ ਮਾਂ ਬਾਪ ਦੀਆਂ
ਆਸਾਂ ਨੂੰ ਅੱਧ ਵਿਚਾਲੇ ਛੱਡ ਕੇ ਤੁਰ ਜਾਣਾ
ਕਿੰਨਾ ਔਖਾ ਹੁੰਦਾ
ਨਦੀ ਦੇ ਪਾਣੀ ਵਾਂਗ ਵਗਦੀ
ਜ਼ਿੰਦਗੀ ਤੋਂ ਜ਼ਾਲਮਾਂ ਮੂਹਰੇ
ਬੇਵੱਸ ਹੋ ਕੇ ਮੁੱਖ ਮੋੜ ਲੈਣਾ
ਕਿੰਨਾ ਔਖਾ ਹੁੰਦਾ
ਹਸੂੰ ਹਸੂੰ ਕਰਦੀਆਂ ਅੱਖਾਂ 'ਚੋਂ
ਖ਼ੂਨ ਦੇ ਹੰਝੂਆਂ ਦਾ ਵਹਿਣਾ
ਸਭ ਤੋਂ ਔਖਾ ਹੁੰਦਾ
ਮਨੁੱਖਤਾ ਦੀ ਦਰਿੰਦਗੀ ਨੂੰ
ਅੱਖਾਂ ਸਾਹਮਣੇ
ਬੇਵੱਸ ਹੋ ਕੇ ਝੱਲਣਾ......



## ਗ਼ਜ਼ਲ

ਪ੍ਰਤਾਪ 'ਪਾਰਸ' ਗੁਰਦਾਸਪੁਰੀ

ਜਰਕਾਂ ਆਏ ਏਸ ਜਿਸਮ ਨੂੰ ਕਾਹਦੀ ਢਾਰਸ ਲਾਵਾਂ।
ਸਾਥ ਵਿਚਾਲੇ ਛੱਡ ਰਿਹਾ ਏ ਆਪਣਾ ਹੀ ਪਰਛਾਵਾਂ।
ਵਿੱਚ ਜਵਾਨੀ ਕਿਹੜੀ ਚੋਟੀ ਜੋ ਤੂੰ ਸਰ ਨਾ ਕੀਤੀ,
ਮੰਜੇ ਤੋਂ ਹੁਣ ਬਾਥਰੂਮ ਤੱਕ ਲੰਮੀਆਂ ਲੱਗਣ ਰਾਹਵਾਂ।
ਭੀੜ ਪਈ ਤੋਂ ਪਿੱਠ ਦੇ ਉੱਤੇ ਖੜ੍ਹ ਜਾਂਦੇ ਨੇ ਬਾਪੂ,
ਹਾਏ! ਕਹੇ ਤੋਂ ਹਾਜ਼ਰ ਹੋਵਣ ਮਾਵਾਂ ਦੇਣ ਦੁਆਵਾਂ।
ਕੰਨੀ ਵੱਟ ਕੇ ਲੰਘ ਜਾਂਦੇ ਨੇ ਅੱਜ ਉਹ ਗੂੜ੍ਹੇ ਰਿਸ਼ਤੇ,
ਜੀਵਨ ਦਾ ਜੋ ਹਾਸਿਲ ਸਮਝੇ ਜਾਣੇ ਸੱਜੀਆਂ ਬਾਹਵਾਂ।
ਇਸ ਪੈਸੇ ਦੀ ਖ਼ਾਤਰ ਬੰਦਾ ਲੰਘਿਆ ਸਾਰੀਆਂ ਹੱਦਾਂ,
ਭੁਗਤ ਰਿਹਾ ਹੈ ਇਸੇ ਕਰਕੇ ਕੀਤੇ ਦੀਆਂ ਸਜ਼ਾਵਾਂ।
ਰੂੰ ਦੇ ਫੰਬਿਆਂ ਵਾਂਗੂੰ ਉੱਡ ਗਏ ਦਿਨ ਉਹ ਮੌਜਾਂ ਵਾਲੇ,
ਵਧਦੀ ਜਾਵੇ ਉਮਰ ਤੇ ਘਟਦਾ ਜਾਂਦਾ ਹੈ ਪਰਛਾਵਾਂ।
ਖਾ ਸਕਦਾ ਸੀ ਮਿਲਿਆ ਹੀ ਨਾ ਕਦੇ ਬਹਾਰੀ ਮੇਵਾ,
ਹੁਣ ਮਿਲਿਐ ਤਾਂ ਵੈਦ ਟੋਕਦੈ ਕੀ ਮੰਗਾਂ ਕੀ ਖਾਵਾਂ।
ਅੱਜ ਮਰਿਆ ਤੇ ਕੱਲ੍ਹ ਭੁਲਾਇਆ ਕਿਹੜਾ ਚੇਤੇ ਰੱਖੇ,
'ਪਾਰਸ' ਫੋਟੋ ਕਿੱਲੀ ਟੰਗੀ ਭੁੱਲਿਆ ਸਭ ਨੂੰ ਨਾਵਾਂ।

## ਪ੍ਰਤਿੱਗਿਆ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308





ਮਜ਼ਲੂਮਾਂ ਦੀ ਕਹਾਣੀ, ਮੈਂ ਲਿਖਦਾ ਰਹਾਂਗਾ,
ਜਦ ਤੱਕ ਹੈ ਜ਼ਿੰਦਗਾਨੀ, ਮੈਂ ਲਿਖਦਾ ਰਹਾਂਗਾ।
ਕੋਈ ਚਾਹੇ ਕਿੰਨਾ ਵੀ, ਨਿੱਤ ਪਿਆ ਮੈਨੂੰ ਕੋਸੇ,
ਪਰ ਮਾਸੂਮਾਂ ਦੀ ਪ੍ਰੇਸ਼ਾਨੀ, ਮੈਂ ਲਿਖਦਾ ਰਹਾਂਗਾ।
ਸਫੇਦ ਸੂਰਤਾਂ ਵਿੱਚ, ਸਿਆਹ ਛੁਪੇ ਹਿਰਦੇ,
ਨਕਲੀ ਇਹ ਮਖੌਟੇ, ਮੈਂ ਖਿੱਚਦਾ ਰਹਾਂਗਾ।
ਚੱਲਣ ਹਨੇਰੀਆਂ ਜਾਂ, ਝੱਲਾਂ ਹੜ੍ਹਾਂ ਦੀਆਂ ਮਾਰਾਂ,
ਮੈਂ ਡੁੱਬ ਕੇ ਵੀ ਤਰਨਾ, ਫੇਰ ਸਿੱਖਦਾ ਰਹਾਂਗਾ।
ਕੋਈ ਚਾਹੇ ਜੇ ਬਣਨਾ, ਮੇਰਾ ਸੱਚਾ ਹਮਸਫਰ,
ਮੈਂ ਉਨ੍ਹਾਂ ਦੀਆਂ ਰਾਹਾਂ 'ਚ, ਵਿਛਦਾ ਰਹਾਂਗਾ।
ਨਿੱਜੀ ਸੋਚਾਂ 'ਤੇ ਜਜ਼ਬਿਆਂ, ਉੱਤੇ ਅਮਲ ਕਰਕੇ,
ਮੈਂ ਹਰ ਕਦਮ ਉੱਤੇ, ਬੱਸ ਥਿਰਕਦਾ ਰਹਾਂਗਾ।
ਥਿੜਕਿਆ ਕਿਤੇ ਜੇ ਮੈਂ, ਜ਼ਮੀਰ ਤੋਂ ਆਪਣੀ,
ਤਾਂ ਮਲੀਨ ਆਤਮਾ ਨੂੰ, ਪਟਿਰਕਦਾ ਰਹਾਂਗਾ।
ਮੈਨੂੰ ਯਕੀਨ ਹੈ ਪੂਰਾ, 'ਤੇ ਇਰਾਦੇ ਮੇਰੇ ਪੱਕੇ,
ਕੱਚਿਆਂ ਤੋਂ ਕਰ ਕਿਨਾਰਾ, ਮੈਂ ਖਿਸਕਦਾ ਰਹਾਂਗਾ।
ਸ਼ਾਲਾ ਰਹੇ ਮੈਨੂੰ ਸਦਾ, ਸਹਾਰਾ ਮੇਰੇ ਗੁਰੂ ਦਾ,
ਉਹਦੇ ਨਕਸ਼ੇ ਕਦਮਾਂ 'ਤੇ, ਮੈਂ ਨਿਵਦਾ ਰਹਾਂਗਾ।
ਮਜ਼ਲੂਮਾਂ ਦੀ ਕਹਾਣੀ, ਮੈਂ ਲਿਖਦਾ ਰਹਾਂਗਾ,
ਜਦ ਤੱਕ ਹੈ ਜ਼ਿੰਦਗਾਨੀ, ਮੈਂ ਲਿਖਦਾ ਰਹਾਂਗਾ।

## ਗ਼ਜ਼ਲ

ਬਲਵਿੰਦਰ ਬਾਲਮ ਗੁਰਦਾਸਪੁਰ

ਇਲਜ਼ਾਮ ਲਗਾਏ ਲੋਕਾਂ ਇਉਂ ਚੁਣ-ਚੁਣ ਕੇ।
ਜਿਉਂ ਰੰਗਦਾਰ ਸਵੈਟਰ ਰੱਖੇ ਬੁਣ-ਬੁਣ ਕੇ।
ਬਸ ਵੀ ਕਰ ਹੁਣ ਐਵੇਂ ਬੋਲੀ ਜਾਨਾਂ ਏ,
ਕੰਨ ਪੜਵਾ ਲਏ ਤੇਰੀਆਂ ਗੱਲਾਂ ਸੁਣ-ਸੁਣ ਕੇ।
ਖ਼ੁਸ਼ਬੂਆਂ ਨੂੰ ਉਮਰਾਂ ਭਰ ਲਈ ਤਰਸੇਗਾ,
ਫੁੱਲ ਮਾਲੀ ਨੇ ਤੋੜ ਲਏ ਨੇ ਚੁਣ-ਚੁਣ ਕੇ।
ਦੂਰ-ਦੁਰਾਡੇ ਖ਼ੁਸ਼ਬੂਆਂ ਦਾ ਆਲਮ ਹੈ,
ਰੂਪ ਕਲੀ ਨੂੰ ਰੱਬ ਨੇ ਦਿੱਤਾ ਗੁੰਨ੍ਹ ਗੁੰਨ੍ਹ ਕੇ।
ਰੱਬ ਵਿਛੋੜਾ ਐਵੇਂ ਕਿਧਰੇ ਪਾਵੇ ਨਾ,
ਖ਼ੂਨ ਦੇ ਹੰਝੂ ਉਸ ਨੇ ਸੁੱਟੇ ਪੁਣ-ਪੁਣ ਕੇ।
ਤੜਕ ਸਵੇਰੇ ਨੇ ਧਰਤੀ ਨੂੰ ਚੁੰਮਿਆ ਹੈ,
ਬੈਲਾਂ ਦੇ ਗਲ ਘੁੰਗਰੂ ਛਣਕੇ ਟੁਣ-ਟੁਣ ਕੇ।
ਜੀਵਨ ਦੇ ਵਿੱਚ ਸਾਹਾਂ ਦਾ ਹਿਚਕੋਰਾ ਇਉਂ,
ਡੋਰ ਜਿਵੇਂ ਗੁੱਡੀ ਦੇ ਮਾਰੇ ਤੁਣ-ਤੁਣ ਕੇ।
ਬਾਲਮ ਐਵੇਂ ਮਾਣ ਨਾ ਕਰੀਏ ਤਨਮਨ ਦਾ,
ਲੀਰਾਂ ਦੇ ਨਾਲ ਖਿੱਦੋ ਭਰਿਆ ਤੁੰਨ-ਤੁੰਨ ਕੇ।

# ਕੈਨੇਡਾ: 7ਵਾਂ 'ਟੋਬਾ ਗੋਲਡ ਕੱਪ 2025' ਫ਼ੀਲਡ ਹਾਕੀ ਟੂਰਨਾਮੈਂਟ ਕਰਵਾਇਆ

## ਪੰਜਾਬ ਸਪੋਰਟਸ ਕਲੱਬ(ਹਾਕਸ) ਕੈਲਗਰੀ ਨੇ ਯੂਥ ਫ਼ੀਲਡ ਹਾਕੀ ਕਲੱਬ ਐਡਮਿੰਟਨ ਨੂੰ ਹਰਾ ਕੇ ਖਿਤਾਬੀ ਜਿੱਤ ਦਰਜ ਕੀਤੀ



ਵਿਨੀਪੈਗ/ਏ.ਟੀ.ਨਿਊਜ਼: ਨਵੀਂ ਪਨੀਰੀ ਨੂੰ ਫ਼ੀਲਡ ਹਾਕੀ ਨਾਲ ਜੋੜਨ ਲਈ ਸਥਾਨਕ ਟੋਬਾ ਵਾਰੀਅਰਜ਼ ਫ਼ੀਲਡ ਹਾਕੀ ਅਕੈਡਮੀ ਮੈਨੀਟੋਬਾ ਵੱਲੋਂ 7ਵਾਂ ਸ਼ਾਨਦਾਰ 'ਟੋਬਾ ਗੋਲਡ ਕੱਪ 2025' ਫ਼ੀਲਡ ਹਾਕੀ ਟੂਰਨਾਮੈਂਟ 1717 ਗੇਟਵੇ ਰਿਕਰੇਸ਼ਨ ਸੈਂਟਰ ਵਿਨੀਪੈਗ ਵਿੱਚ ਕਰਵਾਇਆ ਗਿਆ। ਪੰਜਾਬ ਸਪੋਰਟਸ ਕਲੱਬ(ਹਾਕਸ) ਕੈਲਗਰੀ ਨੇ ਯੂਥ ਫ਼ੀਲਡ ਹਾਕੀ ਕਲੱਬ ਐਡਮਿੰਟਨ ਨੂੰ ਹਰਾ ਕੇ ਖਿਤਾਬੀ ਜਿੱਤ ਦਰਜ ਕੀਤੀ। ਪਹਿਲੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 2500 ਡਾਲਰ, ਦੂਸਰੇ ਸਥਾਨ ਵਾਲੀ ਟੀਮ ਨੂੰ 1500 ਡਾਲਰ ਤੇ ਤੀਸਰੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ ਹਜ਼ਾਰ ਡਾਲਰ ਦੇ ਨਕਦ ਇਨਾਮਾਂ ਤੋਂ ਇਲਾਵਾ ਟਰਾਫ਼ੀਆਂ ਵੀ ਦਿੱਤੀਆਂ ਗਈਆਂ। ਪੰਜਾਬ ਸਪੋਰਟਸ ਕਲੱਬ (ਹਾਕਸ) ਕੈਲਗਰੀ ਦੇ ਗੁਰਕੀਰਤ ਸਿੰਘ ਨੂੰ ਇਸ ਟੂਰਨਾਮੈਂਟ ਦਾ ਵਧੀਆ ਖਿਡਾਰੀ ਐਲਾਨਿਆ ਗਿਆ।

ਇਸ ਦੋ ਰੋਜ਼ਾ ਟੂਰਨਾਮੈਂਟ ਵਿੱਚ ਕੈਨੇਡਾ ਦੀਆਂ ਅੱਠ ਟੀਮਾਂ ਨੇ ਹਿੱਸਾ ਲਿਆ। ਪੂਲ 'ਏ' ਵਿੱਚ ਸ਼ੇਰ-ਏ-ਪੰਜਾਬ ਹਾਕੀ ਕਲੱਬ ਵਿਨੀਪੈਗ, ਅਕਾਲ ਵਾਰੀਅਰਜ਼ ਕਲੱਬ ਕੈਲਗਰੀ, ਬਰੈਂਪਟਨ ਫ਼ੀਲਡ ਹਾਕੀ ਕਲੱਬ ਤੇ ਸੁਰਿੰਦਰ ਲਾਇਨਜ਼ ਹਾਕੀ ਕਲੱਬ ਸਰੀ ਬੀਸੀ, ਜਦ ਕਿ ਪੂਲ 'ਬੀ' ਵਿਚ ਟੋਬਾ ਵਾਰੀਅਰਜ਼ ਫ਼ੀਲਡ ਹਾਕੀ ਅਕੈਡਮੀ ਵਿਨੀਪੈਗ, ਯੂਥ ਫ਼ੀਲਡ ਹਾਕੀ ਕਲੱਬ ਐਡਮਿੰਟਨ , ਆਜ਼ਾਦ ਹਾਕੀ ਫ਼ੀਲਡ ਕਲੱਬ ਟੋਰਾਂਟੋ ਤੇ ਪੰਜਾਬ ਸਪੋਰਟਸ ਕਲੱਬ(ਹਾਕਸ) ਕੈਲਗਰੀ ਦੀਆਂ ਟੀਮਾਂ ਸ਼ਾਮਲ ਸਨ। ਟੂਰਨਾਮੈਂਟ ਲੀਗ ਕਮ-ਨਾਕ-ਆਊਟ ਆਧਾਰ 'ਤੇ ਖੇਡਿਆ ਗਿਆ।

ਲੀਗ ਮੈਚਾਂ ਵਿੱਚ ਪੂਲ ਏ 'ਚੋਂ ਸੁਰਿੰਦਰ ਲਾਇਨਜ਼ ਹਾਕੀ ਕਲੱਬ ਸਰੀ ਬੀਸੀ ਤੇ ਸ਼ੇਰ-ਏ-ਪੰਜਾਬ ਹਾਕੀ ਕਲੱਬ ਵਿਨੀਪੈਗ ਅਤੇ ਪੂਲ 'ਬੀ' 'ਚੋਂ ਯੂਥ ਫ਼ੀਲਡ ਹਾਕੀ ਕਲੱਬ ਐਡਮਿੰਟਨ ਤੇ ਪੰਜਾਬ ਸਪੋਰਟਸ ਕਲੱਬ(ਹਾਕਸ) ਕੈਲਗਰੀ ਨੇ ਆਪੋ ਆਪਣੇ ਲੀਗ ਮੈਚ ਜਿੱਤ ਕੇ ਸੈਮੀਫਾਈਨਲ ਵਿਚ ਪ੍ਰਵੇਸ਼ ਕੀਤਾ।

ਪਹਿਲੇ ਸੈਮੀਫਾਈਨਲ ਵਿੱਚ ਨਿਰਧਾਰਿਤ ਸਮੇਂ ਵਿੱਚ ਮੈਚ ਦੋ ਦੋ ਗੋਲਾਂ ਨਾਲ ਬਰਾਬਰ ਰਹਿਣ ਤੋਂ ਬਾਅਦ ਸ਼ੂਟ ਆਊਟ ਦਾ ਸਹਾਰਾ ਲਿਆ ਗਿਆ ਜਿਸ ਵਿੱਚ ਯੂਥ ਫ਼ੀਲਡ ਹਾਕੀ ਕਲੱਬ ਐਡਮਿੰਟਨ ਨੇ ਸੁਰਿੰਦਰ ਲਾਇਨਜ਼ ਹਾਕੀ ਕਲੱਬ ਸਰੀ ਬੀਸੀ ਨੂੰ ਚਾਰ ਦੇ ਮੁਕਾਬਲੇ ਪੰਜ ਗੋਲਾਂ ਨਾਲ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਦੂਜੇ ਸੈਮੀਫਾਈਨਲ 'ਚ ਪੰਜਾਬ ਸਪੋਰਟਸ ਕਲੱਬ(ਹਾਕਸ)ਕੈਲਗਰੀ ਨੇ ਸ਼ੇਰ-ਏ-ਪੰਜਾਬ ਹਾਕੀ ਕਲੱਬ ਵਿਨੀਪੈਗ ਨੂੰ ਇੱਕ ਦੇ ਮੁਕਾਬਲੇ ਚਾਰ ਗੋਲਾਂ ਨਾਲ ਜਿੱਤ ਪ੍ਰਾਪਤ ਕੀਤੀ। ਫਾਈਨਲ ਮੈਚ ਪੰਜਾਬ ਸਪੋਰਟਸ ਕਲੱਬ(ਹਾਕਸ)ਕੈਲਗਰੀ ਤੇ ਯੂਥ ਫ਼ੀਲਡ ਹਾਕੀ ਕਲੱਬ ਐਡਮਿੰਟਨ ਵਿਚਕਾਰ ਬਹੁਤ ਹੀ ਫਸਵਾਂ ਮੁਕਾਬਲਾ ਸੀ। ਇਸ ਮੈਚ ਵਿੱਚ ਨਿਰਧਾਰਿਤ ਸਮੇਂ ਵਿੱਚ ਕੋਈ ਵੀ ਟੀਮ ਗੋਲ ਨਹੀਂ ਕਰ ਸਕੀ ਤਾਂ ਸ਼ੂਟ ਆਊਟ ਦਾ ਸਹਾਰਾ ਲਿਆ ਗਿਆ ਜਿਸ ਵਿੱਚ ਪੰਜਾਬ ਸਪੋਰਟਸ ਕਲੱਬ(ਹਾਕਸ)ਕੈਲਗਰੀ ਨੇ ਤਿੰਨ ਗੋਲ ਕੀਤੇ ਅਤੇ ਯੂਥ ਫ਼ੀਲਡ ਹਾਕੀ ਕਲੱਬ ਐਡਮਿੰਟਨ ਸਿਰਫ਼ ਦੋ ਗੋਲ ਹੀ ਕਰ ਸਕੀ। ਤੀਸਰੇ ਸਥਾਨ ਲਈ ਹੋਏ ਮੁਕਾਬਲੇ ਵਿੱਚ ਸੁਰਿੰਦਰ ਲਾਇਨਜ਼ ਹਾਕੀ ਕਲੱਬ ਸਰੀ ਬੀਸੀ ਨੇ ਸ਼ੇਰ-ਏ-ਪੰਜਾਬ ਹਾਕੀ ਕਲੱਬ ਵਿਨੀਪੈਗ ਨੂੰ ਸਿਫ਼ਰ ਦੇ ਮੁਕਾਬਲੇ ਚਾਰ ਗੋਲਾਂ ਨਾਲ ਮਾਤ ਦਿੱਤੀ।

# ਕੌਮੀ ਬੇਸਬਾਲ ਟੀਮ ਦੀ ਮੈਂਬਰ ਬਣੀ ਪਿੰਡ ਬੁੱਟਰ ਦੀ ਮਨਵੀਰ ਕੌਰ



ਪਿੰਡ ਬੁੱਟਰ ਕਲਾਂ ਦੀ ਜੰਮਪਲ ਮਨਵੀਰ ਕੌਰ ਦੀ ਭਾਰਤੀ ਕੌਮੀ ਮਹਿਲਾ ਬੇਸਬਾਲ ਟੀਮ ਵਿੱਚ ਚੋਣ ਕੀਤੀ ਗਈ ਹੈ। ਇਹ ਟੀਮ ਇਸੇ ਸਾਲ ਹੋਣ ਵਾਲੇ ਏਸ਼ੀਆ ਕੱਪ ਵਿੱਚ ਭਾਰਤ ਦੀ ਨੁਮਾਇੰਦਗੀ ਕਰੇਗੀ। ਮਨਵੀਰ ਕੌਰ ਦੀ ਇਸ ਪ੍ਰਾਪਤੀ ਉਤੇ ਪਿੰਡ ਬੁੱਟਰ, ਜ਼ਿਲ੍ਹਾ ਮੋਗਾ ਵਿੱਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

ਮਨਵੀਰ ਨੇ ਬੈਂਕਾਕ (ਥਾਈਲੈਂਡ) ਵਿਖੇ ਇੰਡੀਆ ਟੀਮ ਦੇ ਕਰਵਾਏ ਗਏ ਏਸ਼ੀਆ ਕੱਪ ਕੁਆਲੀਫਾਈ ਮੁਕਾਬਲੇ ਵਿੱਚ ਕੁਆਲੀਫਾਈ ਕਰ ਲਿਆ ਹੈ। ਜਾਣਕਾਰੀ ਮੁਤਾਬਕ ਕਿਰਤੀ ਪਰਿਵਾਰ ਦੀ ਹੋਣਹਾਰ ਲੜਕੀ ਮਨਵੀਰ ਕੌਰ ਪੁੱਤਰੀ ਗੁਰਮਖ ਸਿੰਘ ਨੇ ਪਿੰਡ ਦੇ ਸਕੂਲ 'ਚੋਂ ਬਾਰ੍ਹਵੀਂ ਤੱਕ ਪੜ੍ਹਾਈ ਕੀਤੀ ਅਤੇ ਇਥੇ ਹੀ ਬੇਸਬਾਲ ਦੀ ਟ੍ਰੇਨਿੰਗ ਸ਼ੁਰੂ ਕੀਤੀ।

ਇਸ ਪਿੱਛੋਂ ਉਹ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਬੀਏ ਕਰਨ ਉਪਰੰਤ ਹੁਣ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਬੀ.ਪੀ.ਐਡ. ਕਰ ਰਹੀ ਹੈ। ਪਿੰਡ ਵਾਸੀਆਂ ਤੇ ਇਲਾਕੇ ਵਿੱਚ ਮਨਵੀਰ ਕੌਰ ਦੀ ਭਾਰਤ ਦੀ ਟੀਮ ਵਿੱਚ ਹੋਈ ਚੋਣ ਲਈ ਖ਼ੁਸ਼ੀ ਤੇ ਮਾਣ ਮਹਿਸੂਸ ਕੀਤਾ ਜਾ ਰਿਹਾ ਹੈ।

# ਖੇਡਾਂ ਵਿੱਚ ਮਨੁੱਖ ਦੀ ਰੁਚੀ ਕੁਦਰਤੀ

## ਕੌਮਾਂ ਦੇ ਵਿਕਸਤ ਅਤੇ ਸ਼ਕਤੀਸ਼ਾਲੀ ਹੋਣ ਲਈ ਖੇਡਾਂ ਜ਼ਰੂਰੀ



ਅਗਾਂਹਵਧੂ ਅਤੇ ਆਧੁਨਿਕ ਬਣਨ ਦੀ ਦੌੜ ਵਿੱਚ ਅਸੀਂ ਆਪਣੀ ਸਿਹਤ ਨਾਲ ਖੇਡ ਰਹੇ ਹਾਂ। ਇੰਝ ਜਾਪਦਾ ਹੈ ਜਿਵੇਂ ਅਸੀਂ ਖੇਡਾਂ ਦੀ ਮਹੱਤਤਾ ਨੂੰ ਭੁੱਲਦੇ ਜਾ ਰਹੇ ਹਾਂ। ਅੱਜ ਦੇ ਬੱਚੇ ਮੋਬਾਈਲ, ਲੈਪਟਾਪ ਅਤੇ ਵੀਡੀਓ ਗੇਮਾਂ ਨਾਲ ਹੀ ਖੇਡਦੇ ਹਨ। ਪਰ ਬੱਚਿਆਂ ਦੇ ਵਧਦੇ ਵਿਕਾਸ ਦੇ ਨਾਲ ਖੇਡਾਂ ਦੀ ਮਹੱਤਤਾ ਨੂੰ ਜਾਣਨਾ ਜ਼ਰੂਰੀ ਹੈ। ਜਿੰਨਾ ਖੇਡਾਂ ਸਿਹਤ ਲਈ ਜ਼ਰੂਰੀ ਹਨ, ਖੇਡਾਂ ਪੜ੍ਹਾਈ ਵਿੱਚ ਵੀ ਓਨੀ ਹੀ ਜ਼ਰੂਰੀ ਹਨ। ਅਸੀਂ ਬਚਪਨ ਤੋਂ ਹੀ ਆਪਣੇ ਜੀਵਨ ਵਿੱਚ ਖੇਡਾਂ ਦੀ ਮਹੱਤਤਾ ਬਾਰੇ ਸੁਣਦੇ ਆ ਰਹੇ ਹਾਂ ਅਤੇ ਇਸੇ ਲਈ ਸਕੂਲਾਂ ਅਤੇ ਕਾਲਜਾਂ ਵਿੱਚ ਖੇਡਾਂ ਦਾ ਵੱਖਰਾ ਸਮਾਂ ਦਿੱਤਾ ਜਾਂਦਾ ਹੈ। ਇੰਨਾ ਹੀ ਨਹੀਂ, ਕਈ ਵਾਰ ਘਰ 'ਚ ਮਾਂ ਬੱਚਿਆਂ ਨੂੰ ਸਾਰਾ ਦਿਨ ਘਰੋਂ ਬਾਹਰ ਨਾ ਜਾਣ, ਖੇਡਾਂ ਨਾ ਖੇਡਣ ਜਾਂ ਟੀਵੀ ਨਾ ਦੇਖਣ ਲਈ ਵੀ ਝਿੜਕਦੀ ਹੈ।

ਹੁਣ ਜੇਕਰ ਖੇਡਾਂ ਦੇ ਮਹੱਤਵ ਦੀ ਗੱਲ ਕਰੀਏ ਤਾਂ ਖੇਡਾਂ ਸਰੀਰ ਅਤੇ ਮਨ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਸ ਦੇ ਨਾਲ ਹੀ ਖੇਡਾਂ ਤੁਹਾਡੇ ਤਣਾਅ ਨੂੰ ਵੀ ਦੂਰ ਕਰਦੀਆਂ ਹਨ। ਖੇਡਾਂ ਤੁਹਾਡੀ ਇਕਾਗਰਤਾ ਬਣਾਈ ਰੱਖਣ ਲਈ ਵਧੀਆ ਹਨ। ਇੰਨਾ ਹੀ ਨਹੀਂ ਖੇਡਾਂ ਤੁਹਾਨੂੰ ਨੌਕਰੀ ਦਿਵਾਉਣ ਵਿੱਚ ਵੀ ਮਦਦ ਕਰਦੀਆਂ ਹਨ।

ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਮਨ ਦਾ ਵਾਸ ਹੋ ਸਕਦਾ ਹੈ ਅਤੇ ਸਰੀਰ ਨੂੰ ਤੰਦਰੁਸਤ ਅਤੇ ਮਜ਼ਬੂਤ ??ਬਣਾਉਣ ਲਈ ਖੇਡਾਂ ਜ਼ਰੂਰੀ ਹਨ। ਮਨੋਵਿਗਿਆਨੀ ਮੰਨਦੇ ਹਨ ਕਿ ਖੇਡਾਂ ਵਿੱਚ ਮਨੁੱਖ ਦੀ ਰੁਚੀ ਕੁਦਰਤੀ ਹੈ। ਇਸ ਕਾਰਨ ਬੱਚੇ ਖੇਡਾਂ ਵਿੱਚ ਜ਼ਿਆਦਾ ਦਿਲਚਸਪੀ ਲੈਂਦੇ ਹਨ। ਪੀ. ਸਿਰਨ ਨੇ ਕਿਹਾ ਹੈ - ਚੰਗੀ ਸਿਹਤ ਅਤੇ ਚੰਗੀ ਸਮਝ ਜ਼ਿੰਦਗੀ ਦੀਆਂ ਦੋ ਸਭ ਤੋਂ ਵਧੀਆ ਬਰਕਤਾਂ ਹਨ। ਇਨ੍ਹਾਂ ਦੋਵਾਂ ਨੂੰ ਪ੍ਰਾਪਤ ਕਰਨ ਲਈ, ਇੱਕ ਖਿਡਾਰੀ ਦੀ ਭਾਵਨਾ ਨਾਲ ਜੀਵਨ ਵਿੱਚ ਖੇਡਾਂ ਖੇਡਣੀਆਂ ਜ਼ਰੂਰੀ ਹਨ। ਖੇਡਣ ਨਾਲ ਸਰੀਰ ਨੂੰ ਤਾਕਤ ਮਿਲਦੀ ਹੈ, ਮਾਸਪੇਸ਼ੀਆਂ ਦਾ ਵਿਕਾਸ ਹੁੰਦਾ ਹੈ, ਭੁੱਖ ਤੇਜ ਹੁੰਦੀ ਹੈ, ਆਲਸ ਦੂਰ ਹੁੰਦਾ ਹੈ ਅਤੇ ਸਰੀਰ ਸ਼ੁੱਧ ਹੁੰਦਾ ਹੈ। ਖੇਡਾਂ ਖੇਡਣ ਨਾਲ ਵਿਅਕਤੀ ਨੂੰ ਲੜਨ ਦੀ ਆਦਤ ਪੈ ਜਾਂਦੀ ਹੈ। ਜ਼ਿੰਦਗੀ ਦੀਆਂ ਜਿੱਤਾਂ ਅਤੇ ਹਾਰਾਂ ਨੂੰ ਖੁਸ਼ੀ ਨਾਲ ਲੈਣ ਦੀ ਮਹੱਤਵਪੂਰਨ ਆਦਤ ਖੇਡਾਂ ਖੇਡਣ ਨਾਲ ਹੀ ਮਿਲਦੀ ਹੈ। ਖੇਡਾਂ ਸਾਡਾ ਬਹੁਤ ਮਨੋਰੰਜਨ ਕਰਦੀਆਂ ਹਨ। ਖਿਡਾਰੀ ਹੋਵੇ ਜਾਂ ਖੇਡ ਪ੍ਰੇਮੀ, ਦੋਵਾਂ ਨੂੰ ਖੇਡ ਮੈਦਾਨ ਵਿੱਚ ਅਨੋਖਾ ਆਨੰਦ ਮਿਲਦਾ ਹੈ।

ਅੱਜ ਹਰ ਵਿਅਕਤੀ ਆਪਣੀ ਸਿਹਤ ਨੂੰ ਲੈ ਕੇ ਚਿੰਤਤ ਹੈ। ਉਹ ਸਿਹਤਮੰਦ ਜੀਵਨ ਜਿਊਣਾ ਚਾਹੁੰਦਾ ਹੈ। ਸਿਹਤਮੰਦ ਰਹਿਣ ਲਈ ਕਸਰਤ, ਯੋਗਾ, ਪ੍ਰਾਣਾਯਾਮ, ਸੰਤੁਲਿਤ ਪੌਸ਼ਟਿਕ ਆਹਾਰ ਆਦਿ ਜ਼ਰੂਰੀ ਅੰਗ ਹਨ, ਇਸ ਤੋਂ ਇਲਾਵਾ ਖੇਡਾਂ ਵੀ ਬਹੁਤ ਜ਼ਰੂਰੀ ਹਨ।

ਖੇਡਾਂ ਦਾ ਜੀਵਨ ਵਿੱਚ ਸਿੱਖਿਆ ਦੇ ਬਰਾਬਰ ਮਹੱਤਵ ਹੈ। ਖੇਡਾਂ ਨਾ ਸਿਰਫ਼ ਵਿਦਿਆਰਥੀਆਂ ਦਾ ਮਨੋਰੰਜਨ ਕਰਦੀਆਂ ਹਨ ਸਗੋਂ ਉਨ੍ਹਾਂ ਦੀ ਸਿਹਤ ਵਿੱਚ ਵੀ ਸੁਧਾਰ ਕਰਦੀਆਂ ਹਨ। ਜੇਕਰ ਬੱਚੇ ਖੁਸ਼ ਅਤੇ ਤੰਦਰੁਸਤ ਰਹਿਣਗੇ ਤਾਂ ਉਹ ਪੜ੍ਹਾਈ ਵੱਲ ਵੀ ਧਿਆਨ ਦੇਣਗੇ।

ਖੇਡਾਂ ਦੌਰਾਨ ਸਰੀਰ ਬਹੁਤ ਮਿਹਨਤ ਕਰਦਾ ਹੈ, ਨਤੀਜੇ ਵਜੋਂ ਆਕਸੀਜਨ ਦੀ ਜ਼ਿਆਦਾ ਮਾਤਰਾ ਸਰੀਰ ਦੇ ਅੰਦਰ ਜਾਂਦੀ ਹੈ। ਇਹ ਆਕਸੀਜਨ ਸਾਡੇ ਖ਼ੂਨ ਨੂੰ ਸ਼ੁੱਧ ਕਰਦੀ ਹੈ ਅਤੇ ਭੋਜਨ ਨੂੰ ਪਚਾਉਣ ਵਿੱਚ ਮਦਦ ਕਰਦੀ ਹੈ। ਜਿਸ ਨੇ ਖੇਡਾਂ ਨੂੰ ਮਹੱਤਵ ਦਿੱਤਾ ਹੈ ਉਹ ਹਮੇਸ਼ਾ ਖੁਸ਼, ਤੰਦਰੁਸਤ ਅਤੇ ਮਜ਼ਬੂਤ ??ਰਹਿੰਦਾ ਹੈ, ਆਤਮ-ਵਿਸ਼ਵਾਸ ਰੱਖਦਾ ਹੈ, ਲੀਡਰਸ਼ਿਪ ਸਮਰੱਥਾ ਵਿਕਸਿਤ ਕਰਦਾ ਹੈ, ਇੱਛਾ ਸ਼ਕਤੀ ਹਮੇਸ਼ਾ ਮਜ਼ਬੂਤ ??ਰਹਿੰਦੀ ਹੈ ਅਤੇ ਸੰਗਠਨ ਦੀ ਸ਼ਕਤੀ ਦਾ ਅਹਿਸਾਸ ਹੁੰਦਾ ਹੈ। ਇਸ ਲਈ ਖੇਡਾਂ ਸਿਹਤ ਦਾ ਸਮਾਨਾਰਥੀ ਹੈ।

ਖੇਡਾਂ ਦੇ ਸਾਮਾਨ ਦੀ ਅਣਹੋਂਦ ਵਿੱਚ ਵੀ ਤੰਦਰੁਸਤ ਨੌਜਵਾਨ ਖੇਡ ਸਕਦਾ ਹੈ। ਕਈ ਪਰਿਵਾਰ ਆਪਣੇ ਮਿਆਰ ਨੂੰ ਉੱਚਾ ਰੱਖਣ ਲਈ ਘਰ ਵਿੱਚ ਵੱਖ-ਵੱਖ ਖੇਡਾਂ ਦਾ ਸਾਮਾਨ ਇਕੱਠਾ ਕਰਕੇ ਆਪਣੇ ਬੱਚਿਆਂ ਨੂੰ ਉੱਥੇ ਹੀ ਸੀਮਤ ਰੱਖਣਾ ਚਾਹੁੰਦੇ ਹਨ, ਜਿਸ ਕਾਰਨ ਬੱਚੇ ਸਮੂਹਿਕ ਖੇਡਾਂ ਤੋਂ ਵਾਂਝੇ ਰਹਿ ਜਾਂਦੇ ਹਨ। ਅੱਜ ਦੇ ਜ਼ਿਆਦਾਤਰ ਬੱਚੇ ਕੰਪਿਊਟਰ 'ਤੇ ਇਕੱਲੇ ਵੀਡੀਓ ਗੇਮ ਖੇਡਦੇ ਹਨ। ਅਜਿਹੀਆਂ ਖੇਡਾਂ ਰਾਹੀਂ ਮਾਨਸਿਕ ਕਸਰਤ ਤਾਂ ਕੀਤੀ ਜਾ ਸਕਦੀ ਹੈ ਪਰ ਸਰੀਰਕ ਕਸਰਤ ਨਹੀਂ ਕੀਤੀ ਜਾ ਸਕਦੀ। (ਬਾਕੀ ਸਫ਼ਾ 30 'ਤੇ)

# ਉੱਜਵਲ ਪੇਸ਼ੇਵਰ ਕੈਰੀਅਰ ਰੱਖਦੀਆਂ ਹਨ ਖੇਡਾਂ

ਖੇਡਾਂ ਸਰੀਰਕ ਗਤੀਵਿਧੀਆਂ ਹਨ ਜੋ ਪ੍ਰਤੀਯੋਗੀ ਸੁਭਾਅ ਦੇ ਹੁਨਰ ਵਿਕਾਸ ਵਿੱਚ ਮਦਦ ਕਰਦੀਆਂ ਹਨ। ਆਮ ਤੌਰ 'ਤੇ, ਦੋ ਜਾਂ ਦੋ ਤੋਂ ਵੱਧ ਸਮੂਹ ਮਨੋਰੰਜਨ ਲਈ ਜਾਂ ਇਨਾਮ ਪ੍ਰਾਪਤ ਕਰਨ ਲਈ ਇੱਕ ਦੂਜੇ ਨਾਲ ਮੁਕਾਬਲਾ ਕਰਦੇ ਹਨ। ਔਰਤਾਂ ਅਤੇ ਮਰਦਾਂ ਦੋਵਾਂ ਲਈ ਖੇਡ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ, ਕਿਉਂਕਿ ਇਹ ਵਿਅਕਤੀ ਦੀ ਸਰੀਰਕ, ਮਾਨਸਿਕ ਸਿਹਤ, ਵਿੱਤੀ ਸਥਿਤੀ ਨੂੰ ਵਧਾਉਂਦੀਆਂ ਹਨ। ਇਹ ਨਾਗਰਿਕਾਂ ਦੇ ਚਰਿੱਤਰ ਅਤੇ ਸਿਹਤ ਦੇ ਨਿਰਮਾਣ ਦੁਆਰਾ ਰਾਸ਼ਟਰ ਨੂੰ ਮਜ਼ਬੂਤ ਕਰਨ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਂਦਾ ਹੈ। ਖੇਡਾਂ ਮਨੁੱਖਾਂ ਦੇ ਕੰਮ ਕਰਨ ਦੇ ਤਰੀਕੇ ਵਿੱਚ ਗਤੀਸ਼ੀਲਤਾ ਲਿਆਉਂਦੀਆਂ ਹਨ।

ਖੇਡਾਂ ਦੀ ਮਹੱਤਤਾ ਅਤੇ ਭੂਮਿਕਾ ਨੂੰ ਕਿਸੇ ਦੁਆਰਾ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਸੱਚਮੁੱਚ ਬਹੁਤ ਮਹੱਤਵਪੂਰਨ ਵਿਸ਼ਾ ਹੈ। ਲੋਕ ਆਪਣੇ ਨਿੱਜੀ ਵਿਕਾਸ ਦੇ ਨਾਲ-ਨਾਲ ਪੇਸ਼ੇਵਰ ਵਿਕਾਸ ਲਈ ਖੇਡ ਗਤੀਵਿਧੀਆਂ ਵਿੱਚ ਸ਼ਾਮਲ ਹੋ ਸਕਦੇ ਹਨ। ਇਹ ਲੜਕੇ ਅਤੇ ਲੜਕੀਆਂ ਦੋਵਾਂ ਲਈ ਇੱਕ ਚੰਗਾ ਸਰੀਰ ਬਣਾਉਣ ਲਈ ਬਹੁਤ ਵਧੀਆ ਹੈ। ਇਹ ਲੋਕਾਂ ਨੂੰ ਮਾਨਸਿਕ ਤੌਰ 'ਤੇ ਸੁਚੇਤ, ਸਰੀਰਕ ਤੌਰ 'ਤੇ ਸਰਗਰਮ ਅਤੇ ਮਜ਼ਬੂਤ ਬਣਾਉਂਦਾ ਹੈ।ਵਿਦਿਆਰਥੀ ਦੇਸ਼ ਦੇ ਨੌਜਵਾਨ ਹਨ ਅਤੇ ਉਨ੍ਹਾਂ ਨੂੰ ਖੇਡ ਗਤੀਵਿਧੀਆਂ ਰਾਹੀਂ ਵੱਧ ਤੋਂ ਵੱਧ ਲਾਭ ਉਠਾਇਆ ਜਾ ਸਕਦਾ ਹੈ। ਉਹ ਵਧੇਰੇ ਅਨੁਸ਼ਾਸਿਤ, ਸਿਹਤਮੰਦ, ਸਰਗਰਮ, ਸਮੇਂ ਦੇ ਪਾਬੰਦ ਹੋ ਸਕਦੇ ਹਨ ਅਤੇ ਨਿੱਜੀ ਅਤੇ ਪੇਸ਼ੇਵਰ ਜੀਵਨ ਵਿੱਚ ਕਿਸੇ ਵੀ ਮੁਸ਼ਕਿਲ ਸਥਿਤੀ ਦਾ ਆਸਾਨੀ ਨਾਲ ਮੁਕਾਬਲਾ ਕਰ ਸਕਦੇ ਹਨ। ਖੇਡਾਂ ਵਿੱਚ ਨਿਯਮਤ ਸ਼ਮੂਲੀਅਤ ਚਿੰਤਾ, ਤਣਾਅ ਅਤੇ ਘਬਰਾਹਟ ਨੂੰ ਆਸਾਨੀ ਨਾਲ ਦੂਰ ਕਰਨ ਵਿੱਚ ਮਦਦ ਕਰਦੀ ਹੈ।



ਇਹ ਸਰੀਰ ਦੇ ਅੰਗਾਂ ਦੇ ਸਰੀਰਕ ਕਾਰਜਾਂ ਨੂੰ ਸੁਧਾਰਦਾ ਹੈ ਅਤੇ ਇਸ ਤਰ੍ਹਾਂ, ਪੂਰੇ ਸਰੀਰ ਦੇ ਕਾਰਜਾਂ ਨੂੰ ਸਕਾਰਾਤਮਕ ਤੌਰ 'ਤੇ ਨਿਯੰਤ੍ਰਿਤ ਕਰਦਾ ਹੈ। ਇਹ ਸਰੀਰ ਦੀ ਸਿਹਤ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ ਅਤੇ ਇਸ ਤਰ੍ਹਾਂ ਮਨ ਜਾਂ ਦਿਮਾਗ ਬਿਹਤਰ ਇਕਾਗਰਤਾ ਨਾਲ ਸ਼ਾਂਤ, ਤਿੱਖਾ ਅਤੇ ਕਿਰਿਆਸ਼ੀਲ ਰਹਿੰਦਾ ਹੈ। ਇਹ ਸਰੀਰ ਅਤੇ ਦਿਮਾਗ ਦੀ ਤਾਕਤ ਅਤੇ ਊਰਜਾ ਦੇ ਪੱਧਰ ਨੂੰ ਵਧਾਉਂਦਾਹੈ। ਇਹ ਹਰ ਕਿਸੇ ਨੂੰ ਇਕਸਾਰ ਜੀਵਨ ਤੋਂ ਇੱਕ ਵਧੀਆ ਬ੍ਰੇਕ ਦਿੰਦਾ ਹੈ।ਖੇਡਾਂ ਉੱਜਵਲ ਪੇਸ਼ੇਵਰ ਕੈਰੀਅਰ ਰੱਖਦੀਆਂ ਹਨ। ਇਸ ਲਈ, ਇਸ ਵਿੱਚ ਦਿਲਚਸਪੀ ਰੱਖਣ ਵਾਲੇ ਨੌਜਵਾਨਾਂ ਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ, ਉਨ੍ਹਾਂ ਨੂੰ ਇਸ ਰੁਚੀ ਨੂੰ ਪੂਰੀ ਲਗਨ ਨਾਲ ਨਿਯਮਤ ਰੱਖਣ ਦੀ ਲੋੜ ਹੈ। ਇਹ ਹਰੇਕ ਨੂੰ ਟੀਮ ਦੇ ਸਹਿਯੋਗ ਅਤੇ ਟੀਮ ਨਿਰਮਾਣ ਦੀ ਭਾਵਨਾ ਨੂੰ ਵਿਕਸਿਤ ਕਰਕੇ ਇੱਕ ਟੀਮ ਵਿੱਚ ਕੰਮ ਕਰਨਾ ਸਿਖਾਉਂਦਾ ਹੈ। ਖੇਡਾਂ ਵੱਲ ਵਧੇਰੇ ਝੁਕਾਅ ਇੱਕ ਵਿਅਕਤੀ ਅਤੇ ਇੱਕ ਰਾਸ਼ਟਰ ਦੋਵਾਂ ਨੂੰ ਆਰਥਿਕ ਤੌਰ 'ਤੇ ਸਿਹਤਮੰਦ ਅਤੇ ਮਜ਼ਬੂਤ ਬਣਾਉਂਦਾ ਹੈ। ਇਸ ਲਈ ਮਾਤਾ-ਪਿਤਾ, ਅਧਿਆਪਕਾਂ ਅਤੇ ਦੇਸ਼ ਦੀ ਸਰਕਾਰ ਨੂੰ ਇਸ ਦਾ ਵੱਧ ਤੋਂ ਵੱਧ ਪ੍ਰਚਾਰ ਕਰਨਾ ਚਾਹੀਦਾ ਹੈ।ਇੱਕ ਰਾਸ਼ਟਰ, ਜਿਸ ਵਿੱਚ ਵਧੇਰੇ ਪ੍ਰਸਿੱਧ ਖੇਡ ਸ਼ਖਸੀਅਤਾਂ ਹੋਣ ਉਹ ਬਹੁਤ ਹੀ ਆਸਾਨੀ ਨਾਲ ਥੋੜ੍ਹੇ ਸਮੇਂ ਵਿੱਚ ਵਿਸ਼ਵਵਿਆਪੀ ਸਵੀਕ੍ਰਿਤੀ ਪ੍ਰਾਪਤ ਕਰ ਲੈਂਦਾ ਹੈ। ਦੇਸ਼ ਦੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਲਈ ਕਿਸੇ ਵਾਧੂ ਯਤਨ ਦੀ ਲੋੜ ਨਹੀਂ ਹੈ। ਉਹ ਪਹਿਲਾਂ ਤੋਂ ਹੀ ਮਸ਼ਹੂਰ ਖੇਡ ਹਸਤੀਆਂ ਨੂੰ ਦੇਖ ਕੇ ਬਹੁਤ ਆਸਾਨੀ ਨਾਲ ਪ੍ਰੇਰਿਤ ਹੋ ਜਾਂਦੇ ਹਨ। ਅਜਿਹੇ ਦੇਸ਼ ਦੇ ਨੌਜਵਾਨਾਂ ਨੂੰ ਖੇਡਾਂ ਦੇ ਖੇਤਰ ਵਿੱਚ ਕਰੀਅਰ ਬਣਾਉਣ ਦੇ ਵਧੇਰੇ ਮੌਕੇ ਮਿਲਦੇ ਹਨ। ਨਾਮੀ ਖਿਡਾਰੀ ਵੀ ਆਪਣੇ ਦੇਸ਼ ਦੇ ਆਉਣ ਵਾਲੇ ਨੌਜਵਾਨਾਂ ਨੂੰ ਉਤਸ਼ਾਹਿਤ ਕਰਦੇ ਹਨ।

# ਮੌਜੂਦਾ ਗਾਇਕੀ ਜਾਂ ਗੀਤਕਾਰੀ ਤਬਾਹੀ ਵੱਲ, ਕਿਉਂ ਗਵਾਚ ਰਹੀ ਕਲਾਤਮਕ ਗਾਇਕੀ ?

**ਭੋਲਾ ਸਿੰਘ ਸ਼ਮੀਰੀਆ**

ਅੱਜ ਤੋਂ ਅੱਠ-ਦਸ ਦਹਾਕੇ ਪਹਿਲਾਂ ਜਦੋਂ ਮੇਲਿਆਂ ਜਾਂ ਅਖਾੜਿਆਂ ਵਿੱਚ ਕਵੀਸ਼ਰ ਜਾਂ ਢਾਡੀ ਤੁਰ ਫਿਰ ਕੇ ਗੌਣ ਸੁਣਾਇਆ ਕਰਦੇ ਸਨ, ਉਦੋਂ ਢਾਡੀਆਂ ਜਾਂ ਕਵੀਸ਼ਰਾਂ ਦੀ ਆਵਾਜ਼ ਵੀ ਸਪੀਕਰ ਵਰਗੀ ਹੋਇਆ ਕਰਦੀ ਸੀ। ਲੋਕ ਗੋਲ ਚੱਕਰ ਬਣਾ ਕੇ ਉਨ੍ਹਾਂ ਢਾਡੀਆਂ ਨੂੰ ਸੁਣਦੇ ਸਨ। ਪਿੰਡਾਂ ਦੇ ਲੋਕ ਮੇਲਿਆਂ 'ਤੇ ਵਹੀਰਾਂ ਘੱਤ ਕੇ ਇਹ ਗੌਣ ਸੁਣਨ ਲਈ ਜਾਂਦੇ ਸਨ ਕਿਉਂਕਿ ਉਸ ਸਮੇਂ ਸਾਜ਼ਾਂ ਦਾ ਸ਼ੋਰ-ਸ਼ਰਾਬਾ ਨਹੀਂ ਸੀ।

ਕਿਤੇ ਦੂਰੋਂ ਆਉਂਦੀ ਗਮੰਤਰੀਆਂ ਦੀ ਆਵਾਜ਼ ਨੂੰ ਸੁਣ ਕੇ ਲੋਕ ਤੁਰੇ ਜਾਂਦੇ ਵੀ ਖੜ੍ਹ ਜਾਇਆ ਕਰਦੇ ਸਨ। ਖੇਤ ਹਲ਼ ਵਾਹੁੰਦੇ ਕਿਸਾਨ ਜਦੋਂ ਦੂਰ ਕਿਤੇ ਲਾਊਡ ਸਪੀਕਰ 'ਤੇ ਅਮਰ ਸਿੰਘ ਸ਼ੌਂਕੀ ਦੀ 'ਸਾਹਿਬਾਂ 'ਵਾਜ਼ਾਂ ਮਾਰਦੀ' ਜਾਂ 'ਤਿੰਨ ਸੌ ਕਾਨੀ ਸਾਰਦੀ, ਮੇਰੇ ਲੱਕ ਲਟਕੇ ਸ਼ਮਸੀਰ। ਨੀਂ ਉਹ ਪੱਤਿਆਂ ਵਾਂਗਰ ਉੱਡਣਗੇ, ਜਦ ਮਾਰੇ ਜੱਟ ਨੇ ਤੀਰ' ਸੁਣਦੇ ਤਾਂ ਹਰ ਸਤਰ ਦੇ ਆਖਰੀ ਤੋੜੇ ਦੇ ਨਾਲ ਉੱਚੀਂ-ਉੱਚੀਂ ਆਪ ਵੀ ਗਾਉਣ ਲੱਗ ਪੈਂਦੇ ਸਨ। ਢਾਡੀ ਬਚਨ ਸਿੰਘ ਗਾਉਂਦਾ,'ਇੱਕ ਤਾਂ ਆਂਹਦੀ ਸਾਧਾ ਵਿਆਹਤੀ ਕੰਤ ਨਿਆਣੇ ਨੂੰ', ਕਵੀਸ਼ਰ ਕਰਨੈਲ ਸਿੰਘ ਪਾਰਸ ਗਾਉਂਦਾ ਹੁੰਦਾ ਸੀ, 'ਦੁਨੀਆ ਚਹੁੰ ਕੁ ਦਿਨਾਂ ਦਾ ਮੇਲਾ', ਮਿਲਖੀ ਰਾਮ ਜਦ ਗਾਉਂਦਾ,'ਤੋਤਾ ਢੋਲ ਦਾ ਰੋਵੇ ਤੇ ਕੁਰਲਾਵੇ' ਤਾਂ ਅੱਖਾਂ ਬੰਦ ਕਰਕੇ ਸੁਣਨ ਵਾਲੇ ਦੀ ਰੂਹ ਕਹਾਣੀ ਦੇ ਪਾਤਰਾਂ ਦੇ ਅੰਗ-ਸੰਗ ਜਾ ਖੜ੍ਹਦੀ ਸੀ।

ਇਹ ਉਹ ਸਮਾਂ ਸੀ ਜਦੋਂ ਗਾਇਕਾਂ ਤੇ ਪਹਿਲਵਾਨਾਂ ਪ੍ਰਤੀ ਲੋਕਾਂ ਦਾ ਪਿਆਰ ਤੇ ਸਤਿਕਾਰ ਨਿਰਛੱਲ ਤੇ ਸ਼ਰਧਾ ਵਾਲਾ ਹੁੰਦਾ ਸੀ। ਆਵਾਜਾਈ ਦੇ ਸਾਧਨਾਂ ਦੀ ਘਾਟ ਹੋਣ ਕਰਕੇ ਲੋਕ ਅਖਾੜਾ ਲੱਗਣ ਤੋਂ ਬਾਅਦ ਇਨ੍ਹਾਂ ਪਹਿਲਵਾਨਾਂ ਤੇ ਗਮੰਤਰੀਆਂ ਨੂੰ ਆਪਣੇ ਘਰਾਂ ਵਿੱਚ ਨਿਵਾਸ ਦੇਣ ਨੂੰ ਵਡਿਆਈ ਵਾਲਾ ਕਾਰਜ ਸਮਝਦੇ ਸਨ। ਉੱਚੀ ਤੇ ਖੜਕਵੀਂ ਆਵਾਜ਼ ਵਿੱਚ ਅਮਰ ਸਿੰਘ ਸ਼ੌਂਕੀ ਅਤੇ ਬਾਅਦ ਵਿੱਚ ਰਣਜੀਤ ਸਿੰਘ ਸੰਧਵਾਂ ਦੀ ਝੰਡੀ ਰਹੀ। ਰਣਜੀਤ ਸਿੰਘ ਸੰਧਵਾਂ ਤੇ ਕਰਨੈਲ ਸਿੰਘ ਪਾਰਸ ਦੀ ਜੋੜੀ ਨੇ ਬਹੁਤ ਨਾਂ ਕਮਾਇਆ। ਅਲਗੋਜ਼ੇ ਦੀ ਟੌਹਰ ਸਥਾਪਿਤ ਕੀਤੀ ਮਿਲਖੀ ਰਾਮ ਤੇ ਬੇਲੀ ਰਾਮ ਨੇ। ਇਸ ਸਮੇਂ ਸਾਜ਼ਾਂ ਦਾ ਸ਼ੋਰ-ਸ਼ਰਾਬਾ ਨਹੀਂ ਸੀ ਹੁੰਦਾ। ਲੋਕ ਰੱਜ ਕੇ ਸ਼ਬਦੀ-ਰਸ ਮਾਣਦੇ। ਕਵੀਸ਼ਰ ਜਾਂ ਢਾਡੀ ਸਮੇਂ ਤੇ ਸਥਿਤੀ ਅਨੁਸਾਰ ਪਾਤਰਾਂ ਦੀ ਮਨੋਦਸ਼ਾ ਨੂੰ ਢੁੱਕਵੇਂ ਛੰਦ ਰਾਹੀਂ ਗਾ ਕੇ ਸਰੋਤਿਆਂ ਨੂੰ ਆਪਣੇ ਨਾਲ ਤੋਰ ਲੈਂਦੇ ਸਨ। ਗੱਡੀ ਛੰਦ ਰਾਹੀਂ ਪੂਰਨ ਤੇ ਰਾਣੀ ਸੁੰਦਰਾਂ ਵਿਚਲੇ ਸੰਵਾਦੀ ਰੂਪ ਨੂੰ ਅਮਰ ਸਿੰਘ ਸ਼ੌਂਕੀ ਇਉਂ ਪੇਸ਼ ਕਰਦਾ;

ਗੱਲ ਸੁਣ ਲੈ ਰਾਣੀਏ ਮੇਰੀ ਅਸੀਂ ਹਾਂ ਭਗਤ ਰੱਬ ਦੇ, ਸਾਡੀ ਸਤਿਗੁਰ,
ਸਾਡੀ ਸਤਿਗੁਰ ਨਾਲ ਪ੍ਰੀਤੀ ਲੋਕ ਭਾਵੇਂ ਲੱਖ ਵਸਦੇ, ਅਸੀਂ ਰੂਪ,
ਅਸੀਂ ਰੂਪ ਗੰਵਾ ਲਿਆ ਆਪਣਾ ਕੰਨ ਪੜਵਾ ਕੇ ਰਾਣੀਏ, ਸੁੰਦਰਾਂ,
ਸੁੰਦਰਾਂ...ਨੀਂ ਜੱਗ ਦਾ ਪਿਆਰ ਛੱਡ ਕੇ ਪਾਈਆਂ ਮੁੰਦਰਾਂ।

ਲਾਲ ਚੰਦ ਯਮਲਾ ਜੱਟ ਦੀ ਤੂੰਬੀ ਨੇ ਗੁਰੂ ਨਾਨਕ ਨੂੰ ਅਜਿਹਾ ਧਿਆਇਆ ਕਿ ਉਹ ਸਦਾ ਲਈ ਅਮਰ ਹੋ ਗਿਆ। ਜ਼ਿਆਦਾ ਕਰਕੇ ਢੋਲਕੀ ਤੇ ਤੂੰਬੀ ਹੀ ਉਸ ਦੀ ਗਾਇਕੀ ਦਾ ਧੁਰਾ ਰਹੇ। ਆਪਣੇ ਫੱਕਰਾਂ ਵਰਗੇ ਭੇਸ ਨਾਲ ਫੱਕਰਾਂ ਵਰਗੀ ਗਾਇਕੀ ਹੀ ਪ੍ਰਧਾਨ ਰਹੀ। ਸੰਸਾਰੀ ਤੇ ਅਧਿਆਤਮਿਕਤਾ ਦੇ ਸੰਵਾਦੀ ਰੂਪ ਨੂੰ ਲੋਕਾਈ ਦੇ ਪੱਧਰ 'ਤੇ ਆ ਕੇ ਲੋਕਾਂ ਦਾ ਮਨੋਰੰਜਨ ਕਰਦੀ ਰਹੀ ਯਮਲੇ ਜੱਟ ਦੀ ਗਾਇਕੀ। ਯਮਲੇ ਦੀ ਗਾਇਕੀ ਨੇ ਸਿੱਧ ਕਰ ਦਿੱਤਾ ਕਿ ਜੇ ਤੁਹਾਡੀ ਕਲਾ ਸੱਚਮੁੱਚ ਹੀ 'ਸੱਚ' ਦੀ ਗੱਲ ਕਰਦੀ ਹੈ ਤਾਂ ਲੋਕ ਜਾਤਾਂ, ਧਰਮਾਂ, ਮਜ਼ਹਬਾਂ ਤੋਂ ਉੱਪਰ ਉੱਠ ਕੇ ਤੁਹਾਨੂੰ ਪ੍ਰਵਾਨ ਕਰ ਲੈਂਦੇ ਹਨ। ਲਾਲ ਚੰਦ ਇੱਕ ਬਾਣੀਆਂ ਦਾ ਮੁੰਡਾ ਹੋਣ ਦੇ ਬਾਵਜੂਦ ਉਸ ਨੇ ਜੱਟ ਬਰਾਦਰੀ ਦਾ ਤਖੱਲਸ 'ਯਮਲਾ ਜੱਟ' ਅਪਣਾ ਲਿਆ, ਪਰ ਜੱਟ ਬਰਾਦਰੀ ਨੇ ਇਸ ਵਰਗ-ਅੰਤਰਾਲ ਨੂੰ ਸ਼ੁਭ ਸ਼ਗਨ ਮੰਨਦੇ ਹੋਏ ਚਾਵਾਂ ਨਾਲ ਸਵੀਕਾਰਿਆ। ਇਹ ਪ੍ਰਵਾਨਗੀ ਤੇ ਅਪਣੱਤ ਸਿਰਫ਼ ਯਮਲੇ ਦੇ 'ਸ਼ਬਦ-ਰਸ' ਕਰਕੇ ਹੀ ਸੰਭਵ ਹੈ। ਉਸ ਦੀ ਗਾਇਕੀ ਵਿੱਚੋਂ ਲੋਕ ਆਨੰਦ ਮਹਿਸੂਸ ਕਰਦੇ ਰਹੇ। ਉਸ ਦੀ ਗਾਇਕੀ ਵਿੱਚ ਮੌਜੂਦਾ ਸਮੇਂ ਵਰਗਾ 'ਧੂਮ-ਧੜੱਕਾ' ਨਹੀਂ ਸੀ। ਉਸ ਦੇ ਸੁੱਚੇ ਬੋਲਾਂ ਸਦਕੇ ਕਿਸੇ ਦੇ ਵੀ ਬੁੱਲ੍ਹਾਂ 'ਤੇ ਅੱਜ ਤੱਕ ਇਹ ਸ਼ਬਦ ਨਹੀਂ ਆਇਆ ਕਿ ਇੱਕ ਬਾਣੀਆ ਜੱਟ ਕਿਵੇਂ ਹੋਇਆ ?

ਪੁਰਾਤਨ ਗਾਇਕ ਜ਼ਿਆਦਾ ਕਰਕੇ ਆਪਣੀਆਂ ਲਿਖੀਆਂ ਰਚਨਾਵਾਂ ਹੀ ਪੇਸ਼ ਕਰਦੇ ਸਨ। ਆਪਣੀ ਲਿਖੀ ਰਚਨਾ ਵਿੱਚ ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਕਿਹੜਾ ਪਹਿਰਾ ਜਾਂ ਕਿਹੜਾ ਬੰਦ ਐਕਸ਼ਨ ਭਰਭੂਰ ਹੈ। ਕਿਹੜੇ ਸ਼ਬਦਾਂ ਨੂੰ 'ਚੱਬ ਕੇ' ਬੋਲਣਾ ਹੈ ਤੇ ਕਿੱਥੇ ਸੁਰ ਨੀਵੀਂ ਰੱਖਣੀ ਹੈ। ਫਿਰ ਜੇਲ੍ਹ 'ਚੋਂ ਨਿਕਲ ਕੇ ਸਟੇਜ 'ਤੇ ਚੜ੍ਹੇ ਜਗਤ ਸਿੰਘ ਜੱਗੇ ਨੂੰ ਲੋਕ ਸੁਣਨ ਦੇ ਨਾਲ-ਨਾਲ ਉਸ ਦੀ ਬਾਹਰੀ ਦਿੱਖ ਨੂੰ ਵੀ ਨਿਹਾਰਨ ਲੱਗੇ। ਜਦੋਂ ਉਹ ਘੋੜੀ 'ਤੇ ਚੜ੍ਹ ਕੇ ਆਉਂਦਾ ਤੇ ਉਤਰਨ ਸਾਰ ਹੀ ਗਾਉਂਦਾ,'ਮੈਨੂੰ ਜੱਟ ਮਿਰਜ਼ਾ ਨੇ ਆਖਦੇ' ਉਦੋਂ ਉਹ ਸੱਚਮੁੱਚ ਮਿਰਜ਼ਾ ਹੀ ਪ੍ਰਤੀਤ ਹੁੰਦਾ। ਉਸ ਦੇ ਨਾਲ ਨਰਿੰਦਰ ਬੀਬਾ ਦਾ ਸਾਥ ਸੋਨੇ 'ਤੇ ਸੁਹਾਗੇ ਵਰਗਾ ਸੀ। ਸੁਰਿੰਦਰ ਕੌਰ ਨੂੰ 'ਪੰਜਾਬ ਦੀ ਕੋਇਲ' ਹੋਣ ਦਾ ਮਾਣ ਹਾਸਲ ਸੀ। ਉਸ ਦੇ ਗਾਏ ਗੀਤ 'ਮਾਵਾਂ ਧੀਆਂ ਮਿਲਣ ਲੱਗੀਆਂ ਚਾਰੇ ਕੰਧਾਂ ਨੇ ਚੁਬਾਰੇ ਦੀਆਂ ਹੱਲੀਆਂ', 'ਨੀਂ ਇੱਕ ਮੇਰੀ ਅੱਖ ਕਾਸ਼ਨੀ', 'ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆਂ' ਕਾਫ਼ੀ ਚਰਚਿਤ ਰਹੇ। ਪ੍ਰਕਾਸ਼ ਕੌਰ, ਜਗਜੀਤ ਜੀਰਵੀ ਤੇ ਆਸਾ ਸਿੰਘ ਮਸਤਾਨਾ ਦਾ ਆਪਣਾ ਰੰਗ ਸੀ। ਇਸ ਤੋਂ ਬਾਅਦ ਅਖਾੜਾ ਪ੍ਰਣਾਲੀ ਲੋਕਾਂ ਦੀ ਭਰਭੂਰ ਖਿੱਚ ਦਾ ਕੇਂਦਰ ਬਣੀ ਰਹੀ।

ਇਨ੍ਹਾਂ ਅਖਾੜਾ ਜੋੜੀਆਂ ਦੇ ਸਰਗਰਮ ਹੋਣ 'ਤੇ ਗੀਤਕਾਰਾਂ ਦੀ ਵੱਖਰੀ ਪਛਾਣ ਬਣਨੀ ਸ਼ੁਰੂ ਹੋਈ। ਅਖਾੜੇ ਪ੍ਰਤੀ ਲੋਕਾਂ ਦੀ ਦਿਲਚਸਪੀ ਔਰਤ ਦੇ ਮੂੰਹੋਂ ਬੇਬਾਕ ਪਰਿਵਾਰਕ ਨੋਕ-ਝੋਕ ਸੁਣਨ ਕਰਕੇ ਜ਼ਿਆਦਾ ਹੁੰਦੀ ਸੀ ਕਿਉਂਕਿ ਔਰਤ ਸਮਾਜਿਕ ਤੌਰ 'ਤੇ ਅਣ-ਐਲਾਨੀ ਐਮਰਜੈਂਸੀ ਤਹਿਤ ਬੰਦ ਹੁੰਦੀ ਸੀ। ਸ਼ੁਰੂ-ਸ਼ੁਰੂ ਵਿੱਚ ਸਿਰਫ਼ ਮਰਦ ਹੀ ਅਖਾੜਾ ਦੇਖਿਆ ਕਰਦੇ ਸਨ। ਇਹ ਵੀ ਇੱਕ ਸ਼ਰਮ ਦਾ ਦੌਰ ਸੀ ਜਦੋਂ ਘਰ ਦੇ ਜੁਆਨ ਪੁੱਤ ਵੀ ਆਪਣੇ ਬਾਪ ਤੋਂ ਚੋਰੀਉਂ ਅਖਾੜਾ ਦੇਖਦੇ ਸਨ। ਅਖਾੜੇ ਵਿੱਚ ਖੜ੍ਹਨ ਜਾਂ ਬੈਠਣ ਸਮੇਂ ਆਪਣੇ ਬਾਪ ਤੋਂ ਓਹਲੇ ਹੋ ਕੇ ਅਖਾੜਾ ਦੇਖਦੇ ਸਨ। ਔਰਤਾਂ ਲੁਕ-ਛਿਪ ਕੇ ਜਾਂ ਕੋਠਿਆਂ ਤੋਂ ਆਪਣੇ ਚਿਹਰੇ ਕੱਪੜੇ ਨਾਲ ਢੱਕ ਕੇ ਆਪਣੇ ਘਰਦਿਆਂ ਤੋਂ ਚੋਰੀਉਂ ਅਖਾੜੇ ਦੇਖਿਆ ਕਰਦੀਆਂ ਸਨ। ਸਮੇਂ ਦੇ ਵਹਿਣ ਨਾਲ ਜਦੋਂ ਇਹ ਅਖਾੜਾ ਕਲਚਰ ਸੱਥਾਂ ਤੋਂ ਹੁੰਦਾ ਹੋਇਆ ਪੈਲੇਸਾਂ ਤੱਕ ਪੁੱਜਿਆ ਤਾਂ ਔਰਤਾਂ ਵੀ ਇਸ ਅਖਾੜਾ ਕਲਚਰ ਦਾ ਹਿੱਸਾ ਬਣਨ ਲੱਗੀਆਂ।

ਇਸ ਅਖਾੜਾ ਵਿਧੀ ਵਿੱਚ ਜਦੋਂ ਗੀਤ ਦੇ ਆਖਰੀ ਬੰਦ ਵਿੱਚ ਗੀਤਕਾਰ ਦਾ ਨਾਂ ਨਸ਼ਰ ਹੁੰਦਾ ਤਾਂ ਲੋਕ ਗੀਤਕਾਰਾਂ ਦੀ ਵੀ ਪਛਾਣ ਕਰਨ ਲੱਗੇ। ਨੰਦ ਲਾਲ ਨੂਰਪੁਰੀ, ਚਮਨ ਲਾਲ ਸ਼ੁਗਲ, ਗੁਰਦੇਵ ਸਿੰਘ ਮਾਨ, ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਾ, ਹਰਦੇਵ ਦਿਲਗੀਰ ਥਰੀਕੇ ਵਾਲਾ, ਸੋਹਣ ਸਿੰਘ ਸੀਤਲ, ਗਾਮੀ ਸੰਗਤਪੁਰੀਆ ਆਦਿ ਗੀਤਕਾਰ ਵੱਖੋ-ਵੱਖਰੀਆਂ ਵਿਧਾਵਾਂ ਤੇ ਗੀਤ ਰਚ ਕੇ ਆਪੋ-ਆਪਣੇ ਵੱਖਰੇ ਮਾਰਕੇ ਦੀ ਗੱਲ ਕਰਦੇ ਰਹੇ। ਗੀਤਾਂ ਦੀਆਂ ਸ਼ੈਲੀਆਂ ਤੋਂ ਹੀ ਲੋਕ ਗੀਤਕਾਰਾਂ ਦੀ ਪਛਾਣ ਕਰਨ ਲੱਗੇ। ਅਖਾੜਿਆਂ ਵਿੱਚ ਜ਼ਿੰਦਗੀ ਦੀਆਂ ਨਿੱਕੀਆਂ-ਨਿੱਕੀਆਂ ਘਟਨਾਵਾਂ ਜਾਂ ਪਰਿਵਾਰਕ ਮਸਲਿਆਂ ਨੂੰ ਨਾਟਕੀ ਢੰਗ ਨਾਲ ਦਰਸਾਇਆ ਜਾਣ ਲੱਗਿਆ। ਅਖਾੜਾ ਕਲਚਰ ਕਾਫ਼ੀ ਸਮਾਂ ਲੋਕਾਂ ਦੀ ਖਿੱਚ ਦਾ ਕੇਂਦਰ ਰਿਹਾ। ਇਸ ਸਮੇਂ ਤੱਕ ਸੰਗੀਤ ਕਲਾਕਾਰਾਂ ਦੀ ਮੁੱਠੀ ਵਿੱਚ ਰਿਹਾ ਭਾਵ ਸੰਗੀਤ ਕਦੇ ਸ਼ਬਦਾਂ 'ਤੇ ਭਾਰੂ ਨਹੀਂ ਸੀ ਪੈਂਦਾ। ਬੇਸ਼ੱਕ ਸਾਜ਼ਾਂ ਦੀ ਗਿਣਤੀ ਸਟੇਜ 'ਤੇ ਛੇ ਜਾਂ ਸੱਤ ਤੱਕ ਪੁੱਜ ਗਈ ਸੀ। ਲੋਕ ਸਰਵਣ ਵਿਧੀ ਰਾਹੀਂ ਗੀਤਾਂ ਦਾ ਸ਼ਬਦੀ ਰਸ ਮਾਣਦੇ।

ਅਖਾੜਿਆਂ ਵਿੱਚ ਮੋਹਰੀ ਰੋਲ ਅਦਾ ਕਰਨ ਵਾਲੇ ਕਲਾਕਾਰ ਸਨ ਪੰਮੀ-ਪੋਹਲੀ, ਮੁਹੰਮਦ ਸਦੀਕ-ਰਣਜੀਤ ਕੌਰ, ਹਰਚਰਨ ਗਰੇਵਾਲ-ਰਾਜਨ, ਚਾਂਦੀ ਰਾਮ, ਦੀਦਾਰ ਸੰਧੂ, ਕੁਲਦੀਪ ਮਾਣਕ, ਜਗਮੋਹਣ-ਕੇ ਦੀਪ, ਨਰਿੰਦਰ ਬੀਬਾ, ਪ੍ਰਕਾਸ਼ ਕੌਰ, ਆਸਾ ਸਿੰਘ ਮਸਤਾਨਾ, ਜਸਵੰਤ ਸੰਦੀਲਾ-ਪਰਮਿੰਦਰ ਸੰਧੂ, ਕਰਤਾਰ ਰਮਲਾ, ਹਾਕਮ ਬਖਤੜੀ ਵਲਾ, ਅਮਰ ਸਿੰਘ ਚਮਕੀਲਾ, ਮਦਨ ਰਾਹੀ ਆਦਿ ਕਲਾਕਾਰਾਂ ਦੀ ਕਤਾਰ ਕਾਫ਼ੀ ਲੰਬੀ ਹੈ। ਇਸ ਦੌਰ ਦਾ ਇੱਕ ਇਹ ਵੀ ਰੰਗ ਸੀ ਕਿ ਔਰਤ ਕਲਾਕਾਰ ਤੋਂ ਬਿਨਾਂ ਲੋਕ ਅਖਾੜੇ ਨੂੰ ਪ੍ਰਵਾਨ ਨਹੀਂ ਸਨ ਕਰਦੇ। ਕੁਲਦੀਪ ਮਾਣਕ ਦਾ ਇਸ ਦੌਰ ਵਿੱਚ ਇੱਕ ਵੱਖਰਾ ਰੰਗ ਸੀ। ਨਰਿੰਦਰ ਬੀਬਾ ਦਾ ਵੱਖਰਾ ਤੇ ਜਗਮੋਹਣ-ਕੇ.ਦੀਪ ਦਾ ਵੱਖਰਾ। ਦੀਦਾਰ ਸੰਧੂ ਖ਼ੁਦ ਹੀ ਗੀਤ ਲਿਖਦਾ ਤੇ ਖੁਦ ਹੀ ਗਾਉਂਦਾ ਸੀ। ਉਸ ਦੀ ਮੁਹਾਵਰਿਆਂ ਨਾਲ ਸ਼ਿੰਗਾਰੀ ਹੋਈ ਗੀਤ-ਸ਼ੈਲੀ ਲੋਕਾਂ ਨੇ ਬਹੁਤ ਪਸੰਦ ਕੀਤੀ।


ਅਖਾੜਾ ਵਿਧੀ ਵਿੱਚ ਮੁਹੰਮਦ ਸਦੀਕ-ਰਣਜੀਤ ਕੌਰ ਲੰਬੀ ਪਾਰੀ ਖੇਡਣ ਵਾਲੀ ਜੋੜੀ ਸੀ। ਬਹੁਤ ਘੱਟ ਲੋਕ ਜਾਣਦੇ ਹਨ ਕਿ ਮੁਹੰਮਦ ਸਦੀਕ ਸਿਰਫ਼ ਗਾਇਕ ਹੀ ਨਹੀਂ, ਸੰਗੀਤਕਾਰ ਦੇ ਤੌਰ 'ਤੇ ਉਸ ਤੋਂ ਵੀ ਜ਼ਿਆਦਾ ਮਾਹਿਰ ਹੈ। ਮੁਹੰਮਦ ਸਦੀਕ ਨੇ ਬਾਬੂ ਸਿੰਘ ਮਾਨ ਦੇ ਕੋਰੜਾ ਛੰਦ ਨੁਮਾ ਗੀਤਾਂ ਨੂੰ ਵੱਖੋ-ਵੱਖਰੀਆਂ ਤਰਜ਼ਾਂ ਵਿੱਚ ਪੇਸ਼ ਕਰਕੇ ਆਪਣੀ ਕਲਾ ਦਾ ਭਰਭੂਰ ਮੁਜ਼ਾਹਰਾ ਕੀਤਾ। ਜਦੋਂ ਕਲਾਕਾਰ ਤੇ ਸੁਰ ਇੱਕ-ਸੁਰ ਹੁੰਦੇ ਹਨ ਤਾਂ ਕਲਾ ਦਾ ਜਨਮ ਹੁੰਦਾ ਹੈ। ਕਲਾ ਜਦੋਂ ਸਿਰ ਚੜ੍ਹ ਕੇ ਬੋਲਦੀ ਹੈ ਤਾਂ ਕਲਾਕਾਰ ਨੂੰ ਵੀ ਵਹਿਣਾਂ ਵਿੱਚ ਡਬੋ ਜਾਂਦੀ ਹੈ। ਇੱਕ ਵਾਰ ਮੁਹੰਮਦ ਸਦੀਕ, ਬਾਬੂ ਸਿੰਘ ਮਾਨ ਦੇ ਗੀਤ 'ਨਹੀਉਂ ਭੁੱਲਣਾ ਵਿਛੋੜਾ ਤੇਰਾ' ਦਾ ਸੰਗੀਤ ਤਿਆਰ ਕਰ ਰਿਹਾ ਸੀ। ਜਦੋਂ ਗੀਤ ਨੂੰ ਪੂਰੀ ਤਰ੍ਹਾਂ ਸੰਗੀਤਬੱਧ ਕਰਕੇ ਮੁਹੰਮਦ ਸਦੀਕ ਗਾਉਣ ਲੱਗਿਆ ਤਾਂ ਮੁਹੰਮਦ ਸਦੀਕ ਖ਼ੁਦ ਵੀ ਰੋਣ ਲੱਗ ਪਿਆ। ਇਸ ਨੂੰ ਕਹਿੰਦੇ ਨੇ ਜਿਉਂਦੀ ਭਾਵਨਾ ਵਾਲਾ ਗੀਤ। ਸੋ ਇਸ ਤਰ੍ਹਾਂ ਗੀਤਕਾਰਾਂ ਦੀ ਸ਼ੈਲੀ ਵਿੱਚ ਵੀ ਨਿਖਾਰ ਆਉਂਦਾ ਗਿਆ। ਬਾਬੂ ਸਿੰਘ ਮਾਨ ਲੋਕ ਬੋਲੀ ਵਿੱਚ ਭਾਵਨਾਤਮਕ ਗੀਤ ਲਿਖਣ ਦੇ ਮਾਹਿਰ ਵਜੋਂ ਜਾਣਿਆ ਜਾਣ ਲੱਗਾ ਤੇ ਥਰੀਕੇ ਵਾਲਾ ਲੋਕ ਗਥਾਵਾਂ ਲਿਖਣ ਵਾਲਾ। ਲਹਿੰਦੇ ਪੰਜਾਬ ਦੇ ਕਲਾਕਾਰਾਂ ਨੇ ਸੰਗੀਤ ਨੂੰ ਵਿਕਾਊ ਨਹੀਂ ਹੋਣ ਦਿੱਤਾ। ਉਨ੍ਹਾਂ ਨੇ ਸ਼ਬਦਾਵਲੀ ਉੱਪਰ ਸੰਗੀਤ ਨੂੰ ਅਜੇ ਤੀਕ ਵੀ ਭਾਰੂ ਨਹੀਂ ਹੋਣ ਦਿੱਤਾ।

ਮੌਜੂਦਾ ਗਾਇਕੀ ਤੇ ਗੀਤਕਾਰੀ ਵਿੱਚੋਂ ਹੁਣ ਸੁਚੱਜਾ ਕਲਾਕਾਰ ਲੱਭਣਾ ਔਖਾ ਹੈ। ਪਹਿਲਾਂ ਗਾਉਣ ਵਾਲਾ ਸੰਗੀਤ ਨੂੰ ਆਪਣੇ ਮੁਤਾਬਿਕ ਢਾਲਦਾ ਸੀ, ਹੁਣ ਸੰਗੀਤ ਕਲਾਕਾਰ ਨੂੰ ਆਪਣੇ ਮੁਤਾਬਿਕ ਤੋਰਦਾ ਹੈ। ਸੰਗੀਤ ਦੇ ਸ਼ੋਰ ਨੇ ਗਾਇਕ ਤੇ ਗੀਤਕਾਰ ਦੋਵੇਂ ਹੀ ਗੁਣਾਤਮਕ ਪੱਖ ਤੋਂ ਹੀਣੇ ਕਰ ਦਿੱਤੇ ਹਨ। ਹੁਣ ਗੀਤ ਵਿਚਲਾ ਸਰੋਦੀ-ਰਸ ਅੱਖਾਂ ਰਾਹੀਂ ਦੇਖਣ ਵਾਲੀ ਵਸਤੂ ਬਣ ਕੇ ਰਹਿ ਗਿਆ ਹੈ। ਹੁਣ ਅਸੀਂ ਪਰਦੇ 'ਤੇ ਗੀਤ ਸੁਣਦੇ ਨਹੀਂ, ਦੇਖਦੇ ਹਾਂ। ਅੱਜਕੱਲ੍ਹ ਕਲਾਕਾਰ ਸਿੱਖਦੇ ਨਹੀਂ, ਕੰਪਿਊਟਰ 'ਤੇ ਵਜਦਾ ਸੰਗੀਤ ਹੀ ਉਨ੍ਹਾਂ ਨੂੰ ਆਪਣੇ ਮੁਤਾਬਿਕ ਮੋੜਦਾ ਹੈ। ਹੁਣ ਤਾਂ ਇਹ ਵੀ ਨਹੀਂ ਪਤਾ ਕਿ ਇੱਕ ਅਣਜਾਣ ਜਿਹਾ ਅਖੌਤੀ ਕਲਾਕਾਰ ਕਦੋਂ ਸੁਪਰ ਸਟਾਰ ਬਣ ਜਾਵੇ। ਅਜਿਹੇ ਕਲਾਕਾਰ ਸਟੇਜ 'ਤੇ ਗਾਉਂਦੇ ਘੱਟ ਤੇ ਨੱਚਦੇ ਜ਼ਿਆਦਾ ਹਨ। ਹੁਣ ਤਾਂ ਇਹ ਵੀ ਸਮਝ ਨਹੀਂ ਆਉਂਦੀ ਕਿ ਪਰਦੇ ਅੱਗੇ ਬੈਠੇ ਨੂੰ ਦਰਸ਼ਕ ਕਹੀਏ ਜਾਂ ਸਰੋਤਾ।

ਬਾਬੂ ਸਿੰਘ ਮਾਨ ਦੇ ਕਹਿਣ ਅਨੁਸਾਰ ਹੁਣ ਗੀਤਕਾਰੀ ਵਾਲੀ ਕਲਾਤਮਿਕਤਾ ਖ਼ਤਮ ਹੋ ਚੁੱਕੀ ਹੈ। ਗੀਤਕਾਰੀ ਤੇ ਗਾਇਕੀ ਨੂੰ ਕੰਪਿਊਟਰੀ ਸੰਗੀਤ ਨੇ ਆਪਣੇ ਕਲਾਵੇ ਵਿੱਚ ਲੈ ਲਿਆ ਹੈ, ਪ੍ਰੰਤੂ ਫਿਰ ਵੀ ਕੁਝ ਕਲਾਕਾਰ ਅਜੇ ਵੀ ਅਜਿਹੇ ਹਨ ਜਿਨ੍ਹਾਂ ਨੇ ਸਾਜ਼ਾਂ ਦੇ ਸੋਰ-ਸ਼ਰਾਬੇ ਵਿੱਚ ਵੀ ਆਪਣੀ ਆਵਾਜ਼ ਨੂੰ ਗੁਆਚਣ ਨਹੀਂ ਦਿੱਤਾ। ਜਿਵੇਂ ਗੁਰਦਾਸ ਮਾਨ, ਸਤਿੰਦਰ ਸਰਤਾਜ, ਹਰਭਜਨ ਮਾਨ, ਹੰਸ ਰਾਜ ਹੰਸ, ਸੁਖਵਿੰਦਰ ਆਦਿ ਕਲਾਕਾਰ ਵਰਣਨਯੋਗ ਹਨ। ਜਿਨ੍ਹਾਂ ਨੇ ਸਾਜ਼ਾਂ ਨੂੰ ਆਪਣੀ ਗਾਇਕੀ 'ਤੇ ਭਾਰੂ ਨਹੀਂ ਪੈਣ ਦਿੱਤਾ। ਜਿਨ੍ਹਾਂ ਸਾਜ਼ਾਂ ਦਾ ਸ਼ੋਰ ਸ਼ਰਾਬਾ ਹੋਵੇਗਾ ਸਮਝੋ ਗਾਇਕ ਓਨਾਂ ਹੀ ਕਮਜ਼ੋਰ ਪੱਧਰ ਦਾ ਹੋਵੇਗਾ। ਸੰਗੀਤਕ ਪੱਖ ਦੀ ਕਮਜ਼ੋਰੀ ਵਾਲਾ ਕਲਾਕਾਰ ਹੀ ਸਾਜ਼ਾਂ ਦੀ 'ਢਊਂ-ਢਊਂ' ਦਾ ਸਹਾਰਾ ਲਵੇਗਾ। ਕਈ ਨਵੇਂ ਗੀਤਕਾਰਾਂ ਨੇ ਅਜਿਹੇ ਗੀਤ ਸਿਰਜੇ ਹਨ ਜਿਨ੍ਹਾਂ ਦਾ ਪਤਾ ਹੀ ਨਹੀਂ ਲੱਗਦਾ ਕਿ ਉਨ੍ਹਾਂ ਦਾ ਕੀ ਮਤਲਬ ਹੈ ਹੁਣ ਗੀਤਕਾਰੀ ਸਾਡੀਆਂ ਭਾਵਨਾਵਾਂ ਨੂੰ ਹਲੂਣਾ ਦੇਣ ਵਾਲੀ ਨਹੀਂ ਰਚੀ ਜਾ ਰਹੀ, ਸਿਰਫ਼ ਪਰਦੇ ਨੂੰ ਮੁੱਖ ਰੱਖ ਕੇ ਰਚੀ ਜਾ ਰਹੀ ਹੈ। ਮੇਰੇ ਕਹਿਣ ਦਾ ਭਾਵ ਇਹ ਵੀ ਨਹੀਂ ਹੈ ਕਿ ਮੌਜੂਦਾ ਗਾਇਕੀ ਜਾਂ ਗੀਤਕਾਰੀ ਬਿਲਕੁਲ ਤਬਾਹ ਹੀ ਹੋ ਗਈ ਹੈ। ਕੁਝ ਨਵੇਂ ਕਲਾਕਾਰ ਅਜੇ ਵੀ ਬਹੁਤ ਵਧੀਆ ਲੀਹਾਂ ਪਾ ਰਹੇ ਹਨ, ਪਰ ਉਨ੍ਹਾਂ ਨਾਲੋਂ ਵਪਾਰੀ ਕਿਸਮ ਦੀ ਗਾਇਕੀ ਸਿਖਰਾਂ ਨੂੰ ਛੋਹ ਰਹੀ ਹੈ। ਜੇਕਰ ਇਹੀ ਰੁਝਾਨ ਜਾਰੀ ਰਿਹਾ ਤਾਂ ਸਾਡੀ ਅਗਲੀ ਪੀੜ੍ਹੀ ਵੀ ਇਸ 'ਢਊਂ-ਢਊਂ' ਦੀ ਆਦੀ ਹੋ ਜਾਵੇਗੀ। ਸੋ ਨਵੇਂ ਤੇ ਉੱਭਰਦੇ ਕਲਾਕਾਰਾਂ ਤੇ ਗੀਤਕਾਰਾਂ ਨੂੰ ਚਾਹੀਦਾ ਹੈ ਕਿ ਉਹ ਵਪਾਰੀ ਪੱਧਰ ਦੇ ਤਾਣੇ-ਬਾਣੇ ਦਾ ਸ਼ਿਕਾਰ ਨਾ ਬਣਨ, ਗਾਇਕੀ ਦਾ ਹੁਨਰ ਸਿੱਖਣ ਤੇ ਆਪਣੇ ਸ਼ਬਦੀ-ਰਸ ਨੂੰ ਗੁਆਚਣ ਨਾ ਦੇਣ।







## ਭਾਰਤ ਦਾ ਅੱਤਵਾਦ ਖਿਲਾਫ਼

ਕੌਮਾਂਤਰੀ ਸਰਹੱਦ ਨੇੜੇ ਸਰਜਲ ਕੈਂਪ, ਜੋ ਸਾਂਬਾ-ਕਠੂਆ ਤੋਂ ਕਰੀਬ 8 ਕਿਲੋਮੀਟਰ ਦੂਰ ਜੈਸ਼-ਏ-ਮੁਹੰਮਦ ਦਾ ਇਕ ਹੋਰ ਟਿਕਾਣਾ ਹੈ, ਨੂੰ ਛੋਟੀ ਦੂਰੀ ਦੀ ਘੁਸਪੈਠ ਅਤੇ ਤੇਜ਼-ਹਮਲੇ ਦੇ ਮਿਸ਼ਨਾਂ ਵਿੱਚ ਭੂਮਿਕਾ ਲਈ ਨਿਸ਼ਾਨਾ ਬਣਾਇਆ ਗਿਆ ਅਤੇ ਅਖੀਰ ਵਿੱਚ ਭਾਰਤੀ ਜਹਾਜ਼ਾਂ ਨੇ ਸਿਆਲਕੋਟ ਨੇੜੇ ਮਹਿਮੂਨਾ ਕੈਂਪ 'ਤੇ ਹਮਲਾ ਕੀਤਾ, ਜੋ ਕਿ ਸਰਹੱਦ ਤੋਂ ਸਿਰਫ਼ 15 ਕਿਲੋਮੀਟਰ ਦੂਰ ਹਿਜ਼ਬੁਲ ਮੁਜਾਹਿਦੀਨ ਦਾ ਸਿਖਲਾਈ ਕੇਂਦਰ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਪਾਕਿਸਤਾਨ ਦੇ ਫ਼ੌਜੀ ਟਿਕਾਣਿਆਂ ਨੂੰ ਛੂਹਿਆ ਨਹੀਂ ਗਿਆ ਅਤੇ ਇਹ ਹਮਲਾ ਕੇਂਦਰਿਤ, ਸੰਜਮੀ ਅਤੇ ਗੈਰ-ਉਕਸਾਊ ਸੀ। ਪਰ ਪਾਕਿਸਤਾਨ ਨੇ ਇਸ ਨੂੰ ਜੰਗੀ ਕਾਰਵਾਈ ਕਰਾਰ ਦਿੱਤਾ। ਅਧਿਕਾਰੀਆਂ ਨੇ ਕਿਹਾ ਕਿ ਅੱਠ ਨਾਗਰਿਕ, ਜਿਨ੍ਹਾਂ ਵਿੱਚ ਇੱਕ ਬੱਚਾ ਅਤੇ ਦੋ ਨੌਜਵਾਨ ਸ਼ਾਮਲ ਸਨ, ਮਾਰੇ ਗਏ ਅਤੇ 35 ਜ਼ਖਮੀ ਹੋਏ।

ਵਾਸ਼ਿੰਗਟਨ ਟਾਈਮਜ਼ ਦੀ ਰਿਪੋਰਟ ਅਨੁਸਾਰ ਪਾਕਿਸਤਾਨ ਦੇ ਰੱਖਿਆ ਮੰਤਰੀ ਖ਼ਵਾਜਾ ਆਸਿਫ ਨੇ ਕੌਮੀ ਟੈਲੀਵਿਜ਼ਨ 'ਤੇ ਐਲਾਨ ਕੀਤਾ, ਇਸ ਦਾ ਜਵਾਬ ਮੁਨਾਸਿਬ ਅਤੇ ਸਖ਼ਤ ਹੋਵੇਗਾ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਕਿਹਾ, ਭਾਰਤ ਨੇ ਸਾਡੀ ਸਰਜ਼ਮੀਂ 'ਤੇ ਜੰਗ ਥੋਪੀ ਹੈ, ਪਰ ਅਸੀਂ ਇਸ ਦਾ ਮੁਕਾਬਲਾ ਕਰਨ ਲਈ ਤਿਆਰ ਹਾਂ। ਪਾਕਿਸਤਾਨੀ ਫ਼ੌਜ ਦੇ ਬੁਲਾਰੇ ਅਹਿਮਦ ਸ਼ਰੀਫ ਚੌਧਰੀ ਨੇ ਦਾਅਵਾ ਕੀਤਾ ਕਿ ਦੋ ਭਾਰਤੀ ਜਹਾਜ਼ ਮਾਰ ਸੁੱਟੇ ਗਏ, ਜਦਕਿ ਆਸਿਫ ਨੇ ਇਸ ਨੂੰ ਪੰਜ ਜਹਾਜ਼ਾਂ ਤੱਕ ਵਧਾ ਦਿੱਤਾ, ਜਿਨ੍ਹਾਂ ਵਿੱਚ ਫਰਾਂਸੀਸੀ ਰਾਫੇਲ ਵੀ ਸ਼ਾਮਲ ਸਨ। ਇਨ੍ਹਾਂ ਦਾਅਵਿਆਂ ਦੀ ਸੁਤੰਤਰ ਪੁਸ਼ਟੀ ਨਹੀਂ ਹੋ ਸਕੀ ਅਤੇ ਭਾਰਤ ਨੇ ਚੁੱਪ ਵੱਟੀ ਰੱਖੀ। ਹਮਲਿਆਂ ਨੇ ਅਹਿਮਦਪੁਰ ਪੂਰਬੀ, ਮੁਰੀਦਕੇ, ਸਿਆਲਕੋਟ ਅਤੇ ਪਾਕਿਸਤਾਨੀ-ਸੰਚਾਲਿਤ ਕਸ਼ਮੀਰ ਦੇ ਕੋਟਲੀ, ਬਾਗ ਅਤੇ ਮੁਜ਼ੱਫਰਾਬਾਦ ਵਿੱਚ 24 ਧਮਾਕੇ ਕੀਤੇ। ਯੇਲ ਯੂਨੀਵਰਸਿਟੀ ਦੇ ਸੁਸ਼ਾਂਤ ਸਿੰਘ, ਜੋ ਸਾਬਕਾ ਭਾਰਤੀ ਫ਼ੌਜੀ ਹਨ, ਨੇ ਕਿਹਾ, 1971 ਦੀ ਜੰਗ ਤੋਂ ਬਾਅਦ ਇਹ ਸਭ ਤੋਂ ਵੱਡਾ ਹਮਲਾ ਹੈ। ਇਹ ਸਿਰਫ਼ ਕਸ਼ਮੀਰ ਨਹੀਂ, ਸਗੋਂ ਪਾਕਿਸਤਾਨ ਦਾ ਦਿਲ ਹੈ। ਉਨ੍ਹਾਂ ਅਨੁਸਾਰ, ਇਹ ਹਮਲਾ ਜੰਗ ਦੀ ਘੋਸ਼ਣਾ ਦੇ ਬਰਾਬਰ ਹੈ ਅਤੇ ਪਾਕਿਸਤਾਨ ਦਾ ਜਵਾਬ ਅਗਲਾ ਪੜਾਅ ਤੈਅ ਕਰੇਗਾ। ਜੇ ਉਹ ਭਾਰਤੀ ਪੰਜਾਬ ਜਾਂ ਰਾਜਸਥਾਨ 'ਤੇ ਹਮਲਾ ਕਰਦੇ ਹਨ, ਤਾਂ ਸਭ ਪਾਗਲਪਣ ਦੀ ਹੱਦ 'ਤੇ ਪਹੁੰਚ ਜਾਵੇਗਾ।

***

## ਖੇਡਾਂ ਵਿੱਚ ਮਨੁੱਖ ਦੀ

ਜਿਸ ਤਰ੍ਹਾਂ ਥਕਾਵਟ ਤੋਂ ਬਾਅਦ ਠੰਢੀ ਛਾਂ ਵਿੱਚ ਬੈਠ ਕੇ ਆਮ ਭੋਜਨ ਖਾਣ ਵਿੱਚ ਆਨੰਦ ਮਹਿਸੂਸ ਹੁੰਦਾ ਹੈ, ਉਸੇ ਤਰ੍ਹਾਂ ਰੋਗੀ ਸਰੀਰ ਨੂੰ ਕਈ ਤਰ੍ਹਾਂ ਦੇ ਪਕਵਾਨਾਂ ਵਿੱਚ ਆਨੰਦ ਨਹੀਂ ਮਿਲਦਾ। ਇਸ ਲਈ ਜਦੋਂ ਬੱਚਾ ਦਿਲਚਸਪੀ ਨਾਲ ਖੇਡਦਾ ਹੈ ਤਾਂ ਉਸ ਦੀ ਪਾਚਨ ਸ਼ਕਤੀ ਵਧਦੀ ਹੈ ਅਤੇ ਉਸ ਨੂੰ ਭੁੱਖ ਜ਼ਿਆਦਾ ਲਗਦੀ ਹੈ। ਅਜਿਹੀ ਸਥਿਤੀ ਵਿੱਚ ਬਿਨਾਂ ਕਿਸੇ ਪਾਊਡਰ ਜਾਂ ਪਾਊਡਰ ਦੀ ਵਰਤੋਂ ਕੀਤੇ ਭੋਜਨ ਨੂੰ ਹਜ਼ਮ ਕਰਨਾ ਅਤੇ ਸਰੀਰ ਨੂੰ ਮਜ਼ਬੂਤ ? ?ਬਣਾਉਣਾ, ਇਹ ਸਾਰੀਆਂ ਪ੍ਰਕਿਰਿਆਵਾਂ ਇੱਕ ਆਟੋਮੈਟਿਕ ਮਸ਼ੀਨ ਦੀ ਤਰ੍ਹਾਂ ਪੂਰੀ ਹੋ ਜਾਂਦੀਆਂ ਹਨ। ਅਜਿਹੇ ਬੱਚਿਆਂ ਲਈ ਕਦੇ ਵੀ ਡਾਕਟਰਾਂ ਦੀ ਲੋੜ ਨਹੀਂ ਹੁੰਦੀ। ਇਸ ਤਰ੍ਹਾਂ ਖੇਡਾਂ ਦੇ ਬਹੁਤ ਸਾਰੇ ਫਾਇਦੇ ਹਨ।

ਕੇਵਲ ਉਹੀ ਕੌਮ ਵਿਕਸਤ ਜਾਂ ਸ਼ਕਤੀਸ਼ਾਲੀ ਬਣ ਸਕਦੀ ਹੈ, ਜਿਸ ਦੇ ਨੌਜਵਾਨ ਤੰਦਰੁਸਤ ਹੋਣ। ਇਹ ਤਾਂ ਹੀ ਸੰਭਵ ਹੈ ਜਦੋਂ ਹਰ ਨਾਗਰਿਕ ਆਪਣੇ ਰੁਝੇਵਿਆਂ ਦੇ ਬਾਵਜੂਦ ਖੇਡਾਂ ਲਈ ਸਮਾਂ ਕੱਢੇ।

***

## ਪੰਜਾਬ ਸਰਕਾਰ ਨੇ ਸਕੂਲਾਂ ਵਿੱਚ ਐਨਰਜੀ ਡਰਿੰਕਸ

ਸਿਹਤ ਮਾਹਿਰਾਂ ਅਨੁਸਾਰ, ਇਹ ਬੱਚਿਆਂ ਅਤੇ ਨੌਜਵਾਨਾਂ ਵਿੱਚ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਕਰ ਸਕਦੇ ਹਨ, ਜਿਨ੍ਹਾਂ ਵਿੱਚ ਦਿਲ ਦੀਆਂ ਸਮੱਸਿਆਵਾਂ, ਮਾਨਸਿਕ ਸਿਹਤ, ਬੇਚੈਨੀ, ਚਿੰਤਾ, ਅਨੀਂਦਰਾ, ਅਤੇ ਅਜਿਹੇ ਪਦਾਰਥਾਂ ਦੀ ਲਤ ਸ਼ਾਮਲ ਹਨ। ਡੀਹਾਈਡ੍ਰੇਸ਼ਨ, ਲਿਵਰ ਅਤੇ ਕਿਡਨੀ ਨੁਕਸਾਨ ਅਤੇ ਪਾਚਨ ਸੰਬੰਧੀ ਸਮੱਸਿਆਵਾਂ ਵੀ ਪੈਦਾ ਹੁੰਦੀਆਂ ਹਨ। ਧਿਆਨ ਦੀ ਕਮੀ ਅਤੇ ਸਹੀ ਫ਼ੈਸਲੇ ਲੈਣ ਦੀ ਸਮਰੱਥਾ 'ਤੇ ਮਾੜਾ ਅਸਰ ਪੈਂਦਾ ਹੈ।

ਪੰਜਾਬ ਸਰਕਾਰ ਦੇ ਅਨੁਸਾਰ, ਇਹ ਡਰਿੰਕਸ ਨੌਜਵਾਨਾਂ ਨੂੰ ਨਸ਼ਿਆਂ ਵੱਲ ਲੈ ਜਾਣ ਵਾਲੀ ਪਹਿਲੀ ਸੀੜ੍ਹੀ ਵਜੋਂ ਕੰਮ ਕਰ ਸਕਦੇ ਹਨ।

***

## ਬਾਲ ਮਜ਼ਦੂਰੀ ਦੀ ਘੁੰਮਣਘੇਰੀ

ਇਸ ਤੋਂ ਇਲਾਵਾ ਕੇਟਰਿੰਗ ਸੇਵਾਵਾਂ (ਜਿਵੇਂ ਕਿ ਚਾਹ ਦੀ ਦੁਕਾਨ 'ਤੇ), ਖੇਤੀ ਕਰਨਾ, ਮੱਛੀਆਂ ਫੜਨਾ ਅਤੇ ਖਾਣਾਂ ਵਿੱਚ ਕੰਮ ਕਰਨਾ ਆਦਿ ਵਿੱਚ ਵੀ ਬਾਲ ਮਜ਼ਦੂਰੀ ਕਰਵਾਈ ਜਾ ਰਹੀ ਹੈ।

ਬਾਲ ਮਜ਼ਦੂਰੀ ਗਰੀਬੀ, ਬੇਰੁਜ਼ਗਾਰੀ ਅਤੇ ਘੱਟ ਉਜਰਤਾਂ ਦਾ ਇੱਕ ਦੁਸ਼ਟ ਚੱਕਰ ਹੈ। ਜਿਸ ਤੋਂ ਬੱਚਿਆਂ ਦਾ ਨਿਕਲਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਇੰਝ ਲੱਗਦਾ ਹੈ ਜਿਵੇਂ ਸਮਾਜਿਕ, ਆਰਥਿਕ ਅਤੇ ਵਿੱਦਿਅਕ ਵਿਕਾਸ ਦੇ ਦਰਵਾਜ਼ੇ ਉਨ੍ਹਾਂ ਲਈ ਬੰਦ ਹੋ ਗਏ ਹਨ। ਅਕਸਰ ਅਜਿਹੀ ਗਿਣਤੀ ਬਹੁਤ ਘੱਟ ਹੁੰਦੀ ਹੈ ਜਦੋਂ ਕੋਈ ਵਿਅਕਤੀ ਬਾਲ ਮਜ਼ਦੂਰੀ ਨਾਲ ਸੰਘਰਸ਼ ਕਰਨ ਤੋਂ ਬਾਅਦ ਤਰੱਕੀ ਦੀ ਕਹਾਣੀ ਲਿਖਣ ਵਿੱਚ ਸਫ਼ਲ ਹੁੰਦਾ ਹੈ। ਬਚਪਨ ਨੂੰ ਬਾਲ ਮਜ਼ਦੂਰੀ ਦੀ ਚੱਕੀ ਵਿੱਚ ਪਿਸਣ ਤੋਂ ਬਚਾਉਣ ਲਈ ਸਾਨੂੰ ਅਜੋਕੇ ਦੌਰ ਵਿੱਚ ਜਿੰਨਾ ਉਪਰਾਲਾ ਕੀਤਾ ਜਾ ਰਿਹਾ ਹੈ, ਉਸ ਤੋਂ ਵੀ ਵੱਧ ਉਪਰਾਲੇ ਕਰਨੇ ਪੈਣਗੇ।

ਸਾਨੂੰ ਅਜਿਹੇ ਉਪਰਾਲੇ ਕਰਨੇ ਪੈਣਗੇ ਜਿਸ ਨਾਲ ਬਚਪਣ ਦੀ ਤਾਕਤ ਅਤੇ ਸ਼ਕਤੀ ਨੂੰ ਸੰਤੁਲਿਤ ਦਿਸ਼ਾ ਦਿੱਤੀ ਜਾ ਸਕੇ। ਸਾਨੂੰ ਭਾਰਤ ਵਿੱਚ ਆਰਥਿਕ ਤੌਰ 'ਤੇ ਸਭ ਤੋਂ ਵਧੀਆ ਲਿਆਉਣ ਲਈ ਭਵਿੱਖ ਦੀ ਨੌਜਵਾਨ ਸ਼ਕਤੀ ਨੂੰ ਸੁਰੱਖਿਅਤ ਰੱਖਣਾ ਹੋਵੇਗਾ। ਲੋਕਾਂ ਦੇ ਪਰਿਵਾਰਾਂ ਦੀ ਆਰਥਿਕ ਸਥਿਤੀ ਨੂੰ ਸੁਧਾਰਨ ਅਤੇ ਬੱਚਿਆਂ ਨੂੰ ਕੰਮ 'ਤੇ ਨਾ ਭੇਜਣ ਲਈ ਸਰਕਾਰ ਨੂੰ ਸਮਾਜਿਕ ਸੁਰੱਖਿਆ ਪ੍ਰੋਗਰਾਮਾਂ ਅਤੇ ਨਕਦੀ ਟਰਾਂਸਫ਼ਰ ਲਈ ਠੋਸ ਉਪਰਾਲੇ ਕਰਨੇ ਪੈਣਗੇ। ਇਸ ਦੇ ਨਾਲ ਹੀ ਵਿਦਿਅਕ ਅਦਾਰਿਆਂ ਅਤੇ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਦੀ ਲੋੜ ਹੈ ਅਤੇ ਸਿੱਖਿਆ ਦੀ ਸਾਰਥਕਤਾ ਨੂੰ ਯਕੀਨੀ ਬਣਾਉਣ ਲਈ ਵਿਦਿਅਕ ਢਾਂਚੇ ਨੂੰ ਬਦਲਣ ਦੀ ਲੋੜ ਹੈ। ਬਾਲ ਮਜ਼ਦੂਰੀ ਨਾਲ ਨਜਿੱਠਣ ਵਾਲੇ ਮੌਜੂਦਾ ਭਾਰਤੀ ਕਾਨੂੰਨਾਂ ਵਿੱਚ ਇਕਸਾਰਤਾ ਲਿਆਉਣ ਦੀ ਵੀ ਲੋੜ ਹੈ। ਮੁਫ਼ਤ ਅਤੇ ਲਾਜ਼ਮੀ ਸਿੱਖਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣਾ ਹੋਵੇਗਾ। ਲੋਕ ਹਿੱਤ ਅਤੇ ਬੱਚਿਆਂ ਲਈ ਵੱਡੇ ਪੱਧਰ 'ਤੇ ਜਾਗਰੂਕਤਾ ਫ਼ੈਲਾਉਣ ਦੀ ਲੋੜ ਹੈ। ਬਾਲ ਮਜ਼ਦੂਰੀ ਨੂੰ ਰੋਕਣ ਲਈ ਮਾਪਿਆਂ ਨੂੰ ਵੀ ਜਾਗਰੂਕ ਅਤੇ ਸਿੱਖਿਅਤ ਕਰਨ ਦੀ ਲੋੜ ਹੈ।

***

## ਤਾਮਿਲਨਾਡੂ ਤੇ ਮਹਾਂਰਾਸ਼ਟਰ ਵਿੱਚ

ਅਦਾਲਤਾਂ ਅਤੇ ਨਿਯਮਾਂ ਵਿੱਚ ਪੰਜਾਬੀ ਦੀ ਵਰਤੋਂ ਘੱਟ ਹੈ।

ਪੰਜਾਬੀ ਕਾਰਕੁੰਨਾਂ ਦਾ ਕਹਿਣਾ ਹੈ ਕਿ ਸਰਕਾਰੀ ਇਸ਼ਤਿਹਾਰਾਂ, ਵਿਧਾਨ ਸਭਾ ਦੀ ਕਾਰਵਾਈ ਅਤੇ ਜਨਤਕ ਸੰਚਾਰ ਵਿੱਚ ਹਿੰਦੀ ਦੀ ਵਰਤੋਂ ਵਧ ਰਹੀ ਹੈ, ਭਾਵੇਂ ਪੰਜਾਬੀ ਸਰਕਾਰੀ ਭਾਸ਼ਾ ਹੈ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਨੇ ਹਿੰਦੀ ਇਸ਼ਤਿਹਾਰਾਂ 'ਤੇ ਕਰੋੜਾਂ ਖ਼ਰਚ ਕੀਤੇ, ਜਦਕਿ ਪੰਜਾਬੀ ਯੂਨੀਵਰਸਿਟੀ ਨੂੰ ਭਾਸ਼ਾ ਪ੍ਰਮੋਸ਼ਨ ਲਈ ਫ਼ੰਡ ਨਹੀਂ ਮਿਲੇ।

ਪੰਜਾਬੀ ਪੱਖੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬੀਆਂ ਵਿੱਚ ਆਪਣੀ ਭਾਸ਼ਾ ਨੂੰ ਬਚਾਉਣ ਦੀ ਸਮੂਹਿਕ ਇੱਛਾ ਦੀ ਕਮੀ ਹੈ, ਕਿਉਂਕਿ ਸ਼ਹਿਰੀ ਉੱਚ ਵਰਗ ਸਮਾਜਿਕ ਉੱਨਤੀ ਲਈ ਹਿੰਦੀ ਅਤੇ ਅੰਗਰੇਜ਼ੀ ਨੂੰ ਅਪਣਾ ਰਿਹਾ ਹੈ। ਦੂਸਰੇ ਰਾਜਨੀਤਕ ਨੇਤਾ ਮੌਕਾਪ੍ਰਸਤੀ ਨੂੰ ਪਹਿਲ ਦਿੰਦੇ ਹਨ, ਉਨ੍ਹਾਂ ਕੋਲ ਪੰਜਾਬ ਦੀ ਖ਼ੁਦਮੁਖ਼ਤਿਆਰੀ ਤੇ ਭਾਸ਼ਾ ਬਾਰੇ ਵਿਜਨ ਨਹੀਂ ਹੈ। ਉਹ ਸੱਭਿਆਚਾਰਕ ਤੇ ਭਾਸ਼ਾ ਸੰਭਾਲ ਨਾਲੋਂ ਚੋਣ ਜਿੱਤਣ ਨੂੰ ਤਰਜੀਹ ਦਿੰਦੇ ਹਨ। ਹਿੰਦੋਸਤਾਨ ਦੀ ਭਾਸ਼ਾਈ ਨੀਤੀ ਵਿੱਚ ਹਿੰਦੀ ਅਤੇ ਅੰਗਰੇਜ਼ੀ ਨੂੰ ਤਰਜੀਹ ਮਿਲਦੀ ਹੈ, ਜਦਕਿ ਪੰਜਾਬੀ ਵਰਗੀਆਂ ਭਾਸ਼ਾਵਾਂ ਹਾਸ਼ੀਏ 'ਤੇ ਚਲੀ ਜਾਂਦੀਆਂ ਹਨ। ਪੰਜਾਬੀ ਨੂੰ ਰਾਸ਼ਟਰੀ ਪੱਧਰ 'ਤੇ ਨੁਕਸਾਨ ਪਹੁੰਚਾਉਣ ਵਾਲੀਆਂ ਨੀਤੀਆਂ ਬਣਾਈਆਂ ਜਾਂ ਉਨ੍ਹਾਂ ਨੂੰ ਲਾਗੂ ਕੀਤਾ (ਜਿਵੇਂ ਕਿ ਯੂ.ਪੀ.ਐਸ.ਸੀ. ਜਾਂ ਹੋਰ ਪ੍ਰੀਖਿਆਵਾਂ ਵਿੱਚ ਪੰਜਾਬੀ ਦੀ ਘੱਟ ਮਹੱਤਤਾ)। ਪੰਜਾਬ ਸਰਕਾਰ ਕਾਨੂੰਨੀ ਤੌਰ 'ਤੇ ਪੰਜਾਬੀ ਨੂੰ ਮਜ਼ਬੂਤ ਕਰਨ ਵਿੱਚ ਨਾਕਾਮ ਰਹੀ। ਪੰਜਾਬੀ ਨੂੰ ਲਾਜ਼ਮੀ ਕਰਨ ਦੇ ਨਾਅਰੇ ਸਿਰਫ਼ ਕਾਗ਼ਜ਼ੀ ਰਹਿ ਗਏ ਹਨ। ਤਾਮਿਲਨਾਡੂ ਦੀ ਤਰ੍ਹਾਂ ਇਕਸੁਰ ਅੰਦੋਲਨ ਦੀ ਗੈਰਹਾਜ਼ਰੀ ਨੇ ਹਿੰਦੀ ਦੇ ਪ੍ਰਭਾਵ ਨੂੰ ਬੇਰੋਕ ਵਧਣ ਦਿੱਤਾ ਹੈ।

**ਪੰਜਾਬ ਸਰਕਾਰ ਅਤੇ ਪੰਜਾਬੀਆਂ ਨੂੰ ਕੀ ਕਰਨਾ ਚਾਹੀਦਾ ?**

ਪੰਜਾਬ ਸਰਕਾਰ ਨੂੰ ਪੰਜਾਬ ਅਧਿਕਾਰਤ ਭਾਸ਼ਾ ਐਕਟ ਨੂੰ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ, ਜਿਸ ਨਾਲ ਪ੍ਰਸ਼ਾਸਨ, ਸਿੱਖਿਆ ਅਤੇ ਜਨਤਕ ਸੰਕੇਤਾਂ ਵਿੱਚ ਪੰਜਾਬੀ ਦੀ ਵਰਤੋਂ ਯਕੀਨੀ ਹੋਵੇ। ਪੰਜਾਬੀ ਸਾਹਿਤ, ਅਧਿਆਪਕ ਸਿਖਲਾਈ ਅਤੇ ਡਿਜੀਟਲ ਸਮੱਗਰੀ ਲਈ ਫ਼ੰਡ ਮੁਹੱਈਆ ਕਰਨੇ ਚਾਹੀਦੇ। ਸਾਰੇ ਸਕੂਲਾਂ ਵਿੱਚ ਪੰਜਾਬੀ ਨੂੰ ਲਾਜ਼ਮੀ ਵਿਸ਼ਾ ਬਣਾਇਆ ਜਾਵੇ ਅਤੇ ਨਿਯਮਤ ਨਿਰੀਖਣ ਨਾਲ ਪਾਲਣਾ ਯਕੀਨੀ ਕੀਤੀ ਜਾਵੇ। ਪੰਜਾਬੀ ਸੱਭਿਆਚਾਰ ਅਤੇ ਇਤਿਹਾਸ ਨੂੰ ਉਜਾਗਰ ਕਰਨ ਵਾਲੇ ਆਕਰਸ਼ਕ ਪਾਠਕ੍ਰਮ ਤਿਆਰ ਕੀਤੇ ਜਾਣ। ਪੰਜਾਬੀਆਂ ਨੂੰ ਸੱਭਿਆਚਾਰਕ ਤਿਉਹਾਰਾਂ, ਸਾਹਿਤ ਅਤੇ ਮੀਡੀਆ ਰਾਹੀਂ ਆਪਣੀ ਭਾਸ਼ਾ 'ਤੇ ਮਾਣ ਪੈਦਾ ਕਰਨਾ ਚਾਹੀਦਾ। ਤਾਮਿਲਨਾਡੂ ਵਰਗੇ ਜਨਤਕ ਅੰਦੋਲਨ ਜਨ ਸਮਰਥਨ ਜੁਟਾ ਸਕਦੇ ਹਨ। ਸੋਸ਼ਲ ਮੀਡੀਆ ਅਤੇ ਟੈਕਨਾਲੋਜੀ ਦੀ ਵਰਤੋਂ ਨਾਲ ਨੌਜਵਾਨਾਂ ਲਈ ਪੰਜਾਬੀ ਨੂੰ ਆਕਰਸ਼ਕ ਬਣਾਇਆ ਜਾਵੇ, ਜਿਵੇਂ ਕਿ ਐਪਸ, ਸੰਗੀਤ ਅਤੇ ਆਨਲਾਈਨ ਸਮੱਗਰੀ ਰਾਹੀਂ।

***

## ਜੱਗੀ ਜੌਹਲ ਦੀ ਰਿਹਾਈ ਲਈ ਯੂ.ਕੇ. ਦੇ

ਸੰਯੁਕਤ ਰਾਸ਼ਟਰ ਦੇ ਵਰਕਿੰਗ ਗਰੁੱਪ ਆਨ ਆਰਬਿਟਰਰੀ ਡਿਟੈਂਸ਼ਨ ਨੇ ਜੌਹਲ ਦੀ ਗ੍ਰਿਫ਼ਤਾਰੀ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਅਤੇ ਉਨ੍ਹਾਂ ਰਿਹਾਈ ਦੀ ਮੰਗ ਕੀਤੀ। ਮਨੁੱਖੀ ਅਧਿਕਾਰ ਸੰਗਠਨ ਰੀਪ੍ਰੀਵ ਨੇ ਦਾਅਵਾ ਕੀਤਾ ਕਿ ਜੌਹਲ ਦੀ ਗ੍ਰਿਫ਼ਤਾਰੀ ਬਰਤਾਨਵੀ ਖ਼ੁਫ਼ੀਆ ਜਾਣਕਾਰੀ ਦੇ ਅਧਾਰ 'ਤੇ ਹੋਈ, ਜਿਸ ਨੇ ਯੂ.ਕੇ. ਸਰਕਾਰ ਦੀ ਭੂਮਿਕਾ 'ਤੇ ਸਵਾਲ ਉਠਾਏ। ਇਸ ਸਮਰਥਨ ਦੇ ਬਾਵਜੂਦ, ਭਾਰਤ ਸਰਕਾਰ ਨੇ ਅਜੇ ਤੱਕ ਕੋਈ ਸਪੱਸ਼ਟ ਕਦਮ ਨਹੀਂ ਚੁੱਕਿਆ, ਕਿਉਂਕਿ ਯੂ.ਐੱਨ. ਦੀਆਂ ਸਿਫਾਰਸ਼ਾਂ ਕਾਨੂੰਨੀ ਤੌਰ 'ਤੇ ਪ੍ਰਭਾਵਿਤ ਨਹੀਂ ਕਰਦੀਆਂ ਹਨ।

**ਜੌਹਲ ਕੇਸ ਬਾਰੇ ਸਿੱਖ ਜਥੇਬੰਦੀਆਂ ਦੀ ਰਣਨੀਤੀ**

ਸਿੱਖ ਫੈਡਰੇਸ਼ਨ (ਯੂ.ਕੇ.) ਨੇ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਰਾਹੀਂ ਸਮਰਥਨ ਜੁਟਾਇਆ ਅਤੇ ਅੰਤਰਰਾਸ਼ਟਰੀ ਮੁਹਿੰਮ ਤੇਜ਼ ਕਰਨ ਦੀ ਯੋਜਨਾ ਬਣਾਈ ਹੈ। ਜਥੇਬੰਦੀਆਂ ਨੂੰ ਸੋਸ਼ਲ ਮੀਡੀਆ, ਮੁੱਖਧਾਰਾ ਮੀਡੀਆ ਅਤੇ ਕਾਨੂੰਨੀ ਸਹਾਇਤਾ ਦੁਆਰਾ ਜਨਤਕ ਜਾਗਰੂਕਤਾ ਵਧਾਉਣ ਦੀ ਸਲਾਹ ਦਿੱਤੀ ਜਾ ਰਹੀ ਹੈ। ਸਿੱਖ ਡਾਇਸਪੋਰਾ ਨੂੰ ਸਥਾਨਕ ਸਰਕਾਰਾਂ 'ਤੇ ਦਬਾਅ ਪਾਉਣ ਅਤੇ ਸੰਗਤ ਦੀ ਏਕਤਾ ਮਜ਼ਬੂਤ ਕਰਨ ਲਈ ਰੈਲੀਆਂ ਅਤੇ ਪੱਤਰ-ਪਤ੍ਰਿਕਾਵਾਂ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਗਈ ਹੈ। ਜੌਹਲ ਦੀ ਰਿਹਾਈ ਦੀ ਸੰਭਾਵਨਾ ਕਾਨੂੰਨੀ ਨਤੀਜਿਆਂ ਅਤੇ ਕੂਟਨੀਤਕ ਯਤਨਾਂ 'ਤੇ ਨਿਰਭਰ ਕਰੇਗੀ।

ਜੇਕਰ ਯੂ.ਕੇ. ਸਰਕਾਰ ਅਤੇ ਅੰਤਰਰਾਸ਼ਟਰੀ ਸੰਗਠਨ (ਜਿਵੇਂ ਯੂ.ਐਨ. ਜਾਂ ਮਨੁੱਖੀ ਅਧਿਕਾਰ ਸਮੂਹ) ਸਖ਼ਤ ਦਬਾਅ ਪਾਉਂਦੇ ਹਨ, ਤਾਂ ਰਿਹਾਈ ਦੀ ਸੰਭਾਵਨਾ ਵਧ ਸਕਦੀ ਹੈ। ਹਾਲਾਂਕਿ, ਭਾਰਤ ਸਰਕਾਰ ਦੀ ਸਿੱਖ ਮੁੱਦਿਆਂ ਪ੍ਰਤੀ ਸੰਵੇਦਨਸ਼ੀਲਤਾ ਅਤੇ ਅੰਦਰੂਨੀ ਸਿਆਸੀ ਮੁੱਦੇ ਇਸ ਨੂੰ ਜਟਿਲ ਬਣਾਉਂਦੇ ਹਨ। ਸਿਖ ਜਥੇਬੰਦੀਆਂ ਵਲੋਂ ਸੋਸ਼ਲ ਮੀਡੀਆ ਅਤੇ ਮੁੱਖਧਾਰਾ ਮੀਡੀਆ ਦੀ ਵਰਤੋਂ ਨਾਲ ਜਨਤਕ ਜਾਗਰੂਕਤਾ ਵਧਾਈ ਜਾਣੀ ਚਾਹੀਦੀ ਹੈ। ਸਿੱਖ ਡਾਇਸਪੋਰਾ, ਖਾਸਕਰ ਯੂ.ਕੇ., ਕੈਨੇਡਾ ਅਤੇ ਅਮਰੀਕਾ ਵਿੱਚ, ਸਥਾਨਕ ਸੰਸਦ ਮੈਂਬਰਾਂ ਅਤੇ ਸਰਕਾਰਾਂ ਨੂੰ ਪੱਤਰ ਲਿਖ ਕੇ ਜਾਂ ਰੈਲੀਆਂ ਕਰਕੇ ਦਬਾਅ ਪਾ ਸਕਦਾ ਹੈ।

***

## ਪੰਜਾਬ ਦੇ ਪਾਣੀਆਂ ਅਤੇ ਗ਼ੈਰਤ ਦੀ ਰੱਖਿਆ

ਪੰਜਾਬ-ਪੱਖੀ ਨੁਮਾਇੰਦਿਆਂ ਨੂੰ ਭੇਜੋ, ਨਾ ਕਿ ਕਾਰਪੋਰੇਟ ਜਾਂ ਕੇਂਦਰੀ ਹਿਤਾਂ ਦੇ ਪੈਰੋਕਾਰਾਂ ਨੂੰ। ਭਗਵੰਤ ਸਿਆਂ, ਸੌ ਹੱਥ ਰੱਸਾ ਸਿਰੇ 'ਤੇ ਗੰਢ ਵਾਲੀ ਗੱਲ ਹੈ। ਜੇ ਤੁਸੀਂ ਦਿੱਲੀ ਦਾ ਮਾਣ ਰੱਖਿਆ, ਤਾਂ ਪੰਜਾਬ 'ਚੋਂ ਗਏ। ਜੇ ਪੰਜਾਬ ਨਾਲ ਖੜ੍ਹੇ, ਤਾਂ ਦਿੱਲੀ ਨੂੰ ਮਨਜ਼ੂਰ ਨਹੀਂ ਹੋਣਾ। ਪਰ ਇਹ ਤੁਹਾਡੇ 'ਤੇ ਨਿਰਭਰ ਹੈ ਕਿ ਤੁਸੀਂ ਮਾਂ ਦੇ ਦੁੱਧ ਦੀ ਲਾਜ ਰੱਖੋਗੇ ਜਾਂ ਕਲੰਕ ਖੱਟੋਗੇ। ਪੰਜਾਬ ਦੇ ਪਾਣੀਆਂ, ਗੈਰਤ ਅਤੇ ਲੋਕਾਂ ਦੇ ਹੱਕ ਲਈ ਲੜੋ। ਸਾਬਤ ਕਰੋ ਕਿ ਤੁਸੀਂ ਸਿਰਫ਼ ਮੁੱਖ ਮੰਤਰੀ ਨਹੀਂ, ਸਗੋਂ ਪੰਜਾਬ ਦਾ ਸੱਚਾ ਸਪੂਤ ਹੋ। ਜੇ ਹੱਕ ਲਈ ਡਟ ਗਏ, ਤਾਂ ਇਤਿਹਾਸ ਤੁਹਾਨੂੰ ਸੁਨਹਿਰੀ ਅੱਖਰਾਂ ਵਿੱਚ ਲਿਖੇਗਾ। ਨਹੀਂ ਤਾਂ, ਪੰਜਾਬੀ ਜਨਤਾ ਅਤੇ ਇਤਿਹਾਸ ਤੁਹਾਨੂੰ ਮੁਆਫ਼ ਨਹੀਂ ਕਰਨਗੇ।

***

## ਹਰ ਸਿੱਖ ਪਰਿਵਾਰ ਤਿੰਨ ਬੱਚੇ ਪੈਦਾ ਕਰੇ

ਪੰਜਾਬ ਤੇ ਹਰਿਆਣਾ 'ਚ ਚੱਲ ਰਹੇ ਪਾਣੀਆਂ ਦੇ ਵਿਵਾਦ 'ਤੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਕਿਸੇ ਵੇਲੇ ਪੰਜਾਬ 5 ਦਰਿਆਵਾਂ ਦੀ ਧਰਤੀ ਸੀ ਪਰ ਕੋਝੀ ਰਾਜਨੀਤੀ ਨੇ ਸਾਡੇ ਤੋਂ 2 ਦਰਿਆ ਖੋਹ ਲਏ। ਉਨ੍ਹਾਂ ਕਿਹਾ ਕਿ ਪਾਣੀਆਂ 'ਤੇ ਪੰਜਾਬ ਦਾ ਮੁੱਢਲਾ ਹੱਕ ਹੈ ਕਿਉਂਕਿ ਇੱਥੋਂ ਦੇ ਲੋਕਾਂ ਨੇ ਬੜੀ ਮਿਹਨਤ ਨਾਲ ਜ਼ਮੀਨ ਨੂੰ ਅਬਾਦ ਕਰ ਕੇ ਸਿੰਚਾਈ ਯੋਗ ਬਣਾਇਆ।

ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਦਾ ਪਾਣੀ ਧੱਕੇ ਨਾਲ ਖੋਹ ਲਿਆ ਗਿਆ ਤਾਂ ਇੱਥੇ ਸੋਕੇ ਵਾਲੇ ਅਸਾਰ ਬਣ ਸਕਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਗੁਰੂ ਦੇ ਸਿੱਖ ਹਾਂ ਤੇ ਭਾਈ ਘਨੱਈਆ ਜੀ ਵਾਲੀ ਸੋਚ ਰੱਖਦੇ ਹਨ। ਪੀਣ ਲਈ ਪਾਣੀ ਬਿਨਾਂ ਭੇਦਭਾਵ ਤੋਂ ਦਿੰਦੇ ਹਾਂ ਪਰ ਜੇਕਰ ਕੋਈ ਪਾਣੀ ਧੱਕੇ ਨਾਲ ਖੋਹੇਗਾ ਤਾਂ ਅਸੀਂ ਭਾਈ ਬਚਿੱਤਰ ਸਿੰਘ ਵਾਲੀ ਸੋਚ ਵੀ ਰੱਖਦੇ ਹਾਂ ਕਿ ਜੇਕਰ ਚੜ੍ਹ ਕੇ ਆਵੇ ਤਾਂ ਉਸ ਨੂੰ ਉਤਾਰਨਾ ਕਿਵੇਂ ਹੈ।

***

## 72 ਮਿੰਟਾਂ ਵਿੱਚ 5 ਅਰਬ ਲੋਕਾਂ ਨੂੰ

ਕਿ ਤੁਸੀਂ ਸੂਰਜ ਦੀ ਰੌਸ਼ਨੀ ਵਿੱਚ ਬਾਹਰ ਨਹੀਂ ਰਹਿ ਸਕੋਗੇ। ਸੜ ਜਾਵੋਗੇ ।ਲੋਕ ਭੂਮੀਗਤ ਰਹਿਣ ਲਈ ਮਜਬੂਰ ਹੋਣਗੇ, ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਨੂੰ ਛੱਡ ਕੇ ਹਰ ਜਗ੍ਹਾ ਭੋਜਨ ਲਈ ਸੰਘਰਸ਼ ਕਰ ਰਹੇ ਹੋਣਗੇ ।ਟ੍ਰਨ ਦਾ ਵਿਸ਼ਲੇਸ਼ਣ ਸੁਝਾਅ ਦਿੰਦਾ ਹੈ ਕਿ ਇਹ ਦੋਵੇਂ ਦੇਸ਼ ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਪ੍ਰਮਾਣੂ ਸਰਦੀਆਂ ਦਾ ਸਾਹਮਣਾ ਦੂਜਿਆਂ ਨਾਲੋਂ ਬਿਹਤਰ ਢੰਗ ਨਾਲ ਕਰ ਸਕਦੇ ਹਨ। ਉਨ੍ਹਾਂ ਦਾ ਭੂਗੋਲਿਕ ਅਲੱਗਤਾ ਅਤੇ ਸਥਿਰ ਜਲਵਾਯੂ ਪ੍ਰਮਾਣੂ ਨਤੀਜੇ ਦੇ ਮੱਦੇਨਜ਼ਰ ਭੋਜਨ ਉਤਪਾਦਨ ਪ੍ਰਣਾਲੀਆਂ ਨੂੰ ਸੁਰੱਖਿਅਤ ਰੱਖ ਸਕਦਾ ਹੈ। ਜੈਕਬਸਨ ਨੇ ਇਸ ਦਾਅਵੇ ਨੂੰ ਦੁਹਰਾਉਂਦੇਹੋਏ ਕਿਹਾ ਕਿ ਦੋਵੇਂ ਦੇਸ਼ 'ਖੇਤੀਬਾੜੀ ਉਪਜ ਨੂੰ ਬਣਾਈ ਰੱਖ ਸਕਦੇ ਹਨ' ਜੋ ਪ੍ਰਮਾਣੂ ਹਮਲੇ ਤੋਂ ਬਾਅਦ ਦੁਨੀਆ ਦਾ ਸਭ ਤੋਂ ਮਹੱਤਵਪੂਰਨ ਸਰੋਤ ਬਣ ਜਾਵੇਗਾ।

***

## 72 ਮਿੰਟਾਂ ਵਿੱਚ 5 ਅਰਬ ਲੋਕਾਂ ਨੂੰ

ਦੇ ਚੰਗੇ ਨਤੀਜੇ ਨਿਕਲਣਗੇ। ਉਨ੍ਹਾਂ ਇੱਕ ਵੱਖਰੀ ਪੋਸਟ ਵਿੱਚ ਲਿਖਿਆ ਹੈ ਕਿ ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਵਿੱਚ ਟਰੰਪ ਪ੍ਰਸ਼ਾਸਨ ਦੇ ਯਤਨ ਵਿੱਚ ਫ਼ਲੋਰਿਡਾ ਅਗਵਾਈ ਕਰ ਰਿਹਾ ਹੈ। ਫ਼ਲੋਰਿਡਾ ਦੇ ਰਿਪਬਲੀਕਨ ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੋ ਅਫ਼ਸਰ ਸੰਘੀ ਸਰਕਾਰ ਦੀਆਂ ਇਮੀਗ੍ਰੇਸ਼ਨ ਕੋਸ਼ਿਸ਼ਾਂ ਵਿਚ ਸਹਿਯੋਗ ਕਰਨ ਤੋਂ ਨਾਂਹ ਕਰਨਗੇ ਉਨ੍ਹਾਂ ਵਿਰੁੱਧ ਕਾਰਵਾਈ ਹੋਵੇਗੀ ਤੇ ਰਾਜ ਦਾ ਕਾਨੂੰਨ ਅਜਿਹੇ ਅਫ਼ਸਰਾਂ ਨੂੰ ਅਹੁਦੇ ਤੋਂ ਹਟਾਉਣ ਦੀ ਇਜਾਜ਼ਤ ਦਿੰਦਾ ਹੈ। ਗਵਰਨਰ ਅਨੁਸਾਰ ਫ਼ਲੋਰਿਡ ਹਾਈਵੇਅ ਪਟਰੋਲ, ਦ ਫ਼ਲੋਰਿਡਾ ਡਿਪਾਰਟਮੈਂਟ ਆਫ਼ ਲਾਅ ਇਨਫ਼ੋਰਸਮੈਂਟ, ਦ ਫ਼ਲੋਰਿਡਾ ਸਟੇਟ ਗਾਰਡ, ਦ ਫ਼ਲੋਰਿਡਾ ਡਿਪਾਰਟਮੈਂਟ ਆਫ਼ ਐਗਰੀਕਲਚਰ ਲਾਅ ਇਨਫ਼ੋਰਮੈਂਟ ਤੇ ਫ਼ਲੋਰਿਡਾ ਫ਼ਿਸ਼ ਐਂਡ ਵਾਈਲਡ ਲਾਈਫ਼ ਕੰਜਰਵੇਸ਼ਨ ਕਮਿਸ਼ਨ ਸਮੇਤ ਰਾਜ ਦੀਆਂ ਸਮੁੱਚੀਆਂ ਏਜੰਸੀਆਂ ਨੇ ਆਈ.ਸੀ.ਈ. ਨਾਲ ਸਹਿਯੋਗ ਕਰਨ ਲਈ ਇੱਕ ਸਮਝੌਤੇ ਉੱਪਰ ਦਸਤਖ਼ਤ ਕੀਤੇ ਹਨ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

## ਸੰਸਾਰੀਕਰਨ ਦਾ ਹੁਣ ਤੱਕ ਪੰਜਾਬ

ਖੇਤੀ ਖੇਤਰ ਵਿੱਚ ਮਲਟੀਨੈਸ਼ਨਲ ਕੰਪਨੀਆਂ ਨੇ ਵੱਖ ਵੱਖ ਤਰ੍ਹਾਂ ਦੇ ਬੀਜ, ਕੀੜੇ ਮਾਰ ਦਵਾਈਆਂ, ਖਾਦਾਂ ਅਤੇ ਕੈਮੀਕਲਾਂ ਦੀ ਹਨੇਰੀ ਲਿਆ ਦਿੱਤੀ ਹੈ। ਮੰਡੀ ਲਈ ਬੇਸ਼ਕ ਅਸੀਂ ਅਨਾਜ ਪੈਦਾ ਕਰ ਰਹੇ ਹਾਂ ਪਰ ਅਸੀਂ ਆਪਣੇ ਕੁਦਰਤੀ ਸਾਧਨ ਪਾਣੀ, ਮਿੱਟੀ, ਹਵਾ ਤੇ ਪੁਰਾਣੇ ਕੁਦਰਤੀ ਬੀਜ ਖਤਮ ਕਰ ਲਏ ਹਨ, ਜਿਸਦਾ ਖਮਿਆਜ਼ਾ ਅਸੀਂ ਬਿਮਾਰੀਆਂ ਦੇ ਰੂਪ ਵਿੱਚ ਝੱਲ ਰਹੇ ਹਾਂ। ਮਾਲਵੇ ਦੀ ਪੱਟੀ ਕੈਂਸਰ ਬੈਲਟ ਬਣ ਚੁੱਕੀ ਹੈ। ਰੋਜ਼ ਬਠਿੰਡਾ ਤੋਂ ਕੈਂਸਰ ਵਾਲਿਆਂ ਦੀ ਟਰੇਨ ਭਰਕੇ ਬੀਕਾਨੇਰ ਕੈਂਸਰ ਹਸਪਤਾਲ ਪਹੁੰਚ ਰਹੀ ਹੈ। ਇਹੀ ਸਾਡਾ ਨਵਾਂ ਖੇਤੀ ਮਾਡਲ ਹੈ, ਜਿਸ ਨਾਲ ਸ਼ਾਇਦ ਪੈਸਾ ਆ ਰਿਹਾ ਹੋਵੇ ਪਰ ਜਾ ਕਿੱਧਰ ਰਿਹਾ ਹੈ, ਇਹ ਚਿੰਤਾ ਦਾ ਵਿਸ਼ਾ ਹੈ। ਸਿੱਖਿਆ ਦੇ ਖੇਤਰ ਵਿੱਚ ਅਸੀਂ ਅੰਗਰੇਜ਼ੀ ਨੂੰ ਸਫਲਤਾ ਦਾ ਸਾਧਨ ਮੰਨ ਲਿਆ ਹੈ। ਪੱਛਮੀ ਸਮਾਜ ਵਾਂਗ ਕਾਨਵੈਂਟ ਸਕੂਲ ਖੱਬਲ਼ ਵਾਂਗ ਪੈਦਾ ਹੋ ਗਏ ਹਨ। ਵੱਡੇ ਵੱਡੇ ਅੰਤਰਰਾਸ਼ਟਰੀ ਪੱਧਰ ਦੇ ਸੁਪਨੇ ਦਿਖਾਕੇ ਮਾਪਿਆਂ ਦੀ ਲੁੱਟ ਖਸੁੱਟ ਹੋ ਰਹੀ ਹੈ। ਅਸੀਂ ਸਾਰੇ ਹੀ ਇਸ ਗੱਲ ਦਾ ਸ਼ਿਕਾਰ ਹੋ ਗਏ ਹਾਂ। ਟਾਈਆਂ, ਬੈਲਟਾਂ, ਮਹਿੰਗੀਆਂ ਵਰਦੀਆਂ ਸਟੇਟਸ ਸਿੰਬਲ ਬਣ ਗਈਆਂ ਹਨ। ਮਹਿੰਗੀਆਂ ਕਿਤਾਬਾਂ ਲਾਕੇ ਲੁੱਟ ਜਾਰੀ ਹੈ।

ਲੋਕ ਧਰਮ ਵੀ ਬਦਲ ਰਹੇ ਹਨ। ਕਿਸੇ ਲਾਲਚ, ਗਲਤ ਪ੍ਰਚਾਰ ਕਰਨ ਜਾਂ ਕਈ ਹੋਰ ਕਾਰਨਾਂ ਕਰਕੇ ਧਾਰਮਿਕ ਖੇਤਰ ਵਿੱਚ ਧਰਮ ਬਦਲਣ ਕਾਰਨ ਖ਼ਤਰਾ ਵਧਦਾ ਜਾ ਰਿਹਾ ਹੈ। ਪੱਛਮੀ ਸੱਭਿਆਚਾਰ ਦੇ ਪ੍ਰਭਾਵ ਅਧੀਨ ਪਰਵਾਸ ਦਾ ਰੁਝਾਨ ਵਧਿਆ ਹੈ।

ਲੋਕ ਕੰਮਾਂ ਦੀ ਭਾਲ ਵਿੱਚ ਜਾਂ ਬਾਹਰ ਵਸਣ ਦੀ ਚਾਹਤ ਵਿੱਚ ਬਾਹਰਲੇ ਦੇਸ਼ਾਂ ਵੱਲ ਜਾ ਰਹੇ ਹਨ। ਉਹ ਜੱਦੀ ਪਿੰਡ ਛੱਡ ਰਹੇ ਹਨ। ਆਪਸੀ ਭਾਈਚਾਰਕ ਸਾਂਝ ਖ਼ਤਮ ਹੋ ਰਹੀ ਹੈ। ਵੱਸ, ਪੈਸੇ ਦੀ ਦੌੜ ਲੱਗੀ ਹੋਈ ਹੈ।

ਉਦਾਰੀਕਰਨ ਦੀ ਨੀਤੀ ਨੇ ਪੰਜਾਬ ਦੇ ਸਮਾਜਿਕ, ਆਰਥਿਕ, ਰਾਜਨੀਤਕ, ਸੱਭਿਆਚਾਰਕ ਅਤੇ ਧਾਰਮਿਕ ਖੇਤਰ ਨੂੰ ਵੱਡੀ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ, ਜਿਸਦਾ ਪੂਰਾ ਮੁਲਾਂਕਣ ਅਜੇ ਆਉਣ ਵਾਲੇ ਸਮੇਂ ਵਿੱਚ ਹੋਵੇਗਾ।

ਪੰਜਾਬ ਨੇ ਕੀ ਖੱਟਿਆ ਕੀ ਗੁਆਇਆ ਹੈ, ਇਹ ਸਮਾਂ ਦੱਸੇਗਾ। ਵਿਕਾਸ ਕੋਈ ਮਾੜੀ ਗੱਲ ਨਹੀਂ, ਆਪਣੇ ਸੱਭਿਆਚਾਰ, ਆਪਣੀ ਬੋਲੀ ਆਪਣੇ ਵਿਰਸੇ ਨੂੰ ਵਿਸਾਰ ਦੇਣਾ ਮਾੜੀ ਗੱਲ ਹੈ। ਰੂਸ ਦੀ ਪ੍ਰਸਿੱਧ ਕਿਤਾਬ ਵਿੱਚ ਲਿਖਿਆ ਹੈ ਕਿ ਜਿਹੜੀ ਕੌਮ ਆਪਣੀ ਬੋਲੀ, ਸੱਭਿਆਚਾਰ ਭੁੱਲ ਜਾਂਦੇ ਹੈ, ਉਹ ਕੌਮ ਖਤਮ ਹੋ ਜਾਂਦੀ ਹੈ। ਪਰ ਇੱਥੇ ਦੌੜ ਮੁਨਾਫ਼ੇ ਦੀ ਹੈ। ਕੰਪਨੀਆਂ ਆਪਣੇ ਹਿਸਾਬ ਨਾਲ ਦੁਨੀਆਂ ਚਲਾ ਰਹੀਆਂ ਹਨ। ਆਦਮੀ ਇੱਕ ਮਸ਼ੀਨ ਦਾ ਪੁਰਜ਼ਾ ਬਣ ਗਿਆ ਹੈ। ਉਸਦੇ ਜੀਵਨ ਵਿੱਚ ਜੋ ਥੋੜ੍ਹਾ ਬਹੁਤ ਠਹਿਰਾਓ ਹੈ, ਉਸਨੇ ਵੀ ਖ਼ਤਮ ਹੋ ਜਾਣਾ ਹੈ। ਵਿਸ਼ਵੀਕਰਨ ਦੀ ਇਸ ਦੌੜ ਵਿੱਚ ਆਪਣੇ ਸੁਪਨੇ ਪੂਰੇ ਕਰਦਾ ਮਨੁੱਖ ਹਾਲ ਦੀ ਘੜੀ ਸਾਹੋ ਸਾਹ ਹੋਇਆ ਪਿਆ ਹੈ। ਰੱਬ ਕਰੇ ਮਨੁੱਖ ਦੇ ਜੀਵਨ ਵਿੱਚ ਠਹਿਰਾਓ ਵੀ ਆਏ।

****

## ਅਜੋਕੇ ਸਮੇਂ ਦੌਰਾਨ ਪਤੀ-ਪਤਨੀ ਦਾ ਪਵਿੱਤਰ

ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਕੋਈ ਵੀ ਛੋਟੀ-ਮੋਟੀ ਘਰੇਲੂ ਨੋਕ-ਝੋਕ ਜੋ ਵਿਆਹੁਤਾ ਜੀਵਨ ਦਾ ਹਿੱਸਾ ਹੈ, ਉਸ 'ਤੇ ਕੇਸ ਦਰਜ ਨਹੀਂ ਕੀਤਾ ਜਾ ਸਕਦਾ। ਸੁਪਰੀਮ ਕੋਰਟ ਨੇ ਸਾਫ ਕਿਹਾ ਹੈ ਕਿ ਸੱਸ ਵਲੋਂ ਘਰੇਲੂ ਕੰਮ ਬਾਰੇ ਕਹੇ ਜਾਣਾ ਕੋਈ ਹਿੰਸਾ ਨਹੀਂ ਮੰਨੀ ਜਾਵੇਗੀ। ਇਸ ਤਰ੍ਹਾਂ ਦੀ ਇਕ ਹੋਰ ਪਟੀਸ਼ਨ, ਜਿਸ 'ਚ ਸੁਪਰੀਮ ਕੋਰਟ ਦੇ ਬੈਂਚ ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਮਨੋਜ ਮਿਸ਼ਰਾ ਨੇ 2024 'ਚ ਪਤੀ ਤੇ ਉਸ ਦੇ ਰਿਸ਼ਤੇਦਾਰਾਂ ਖ਼ਿਲਾਫ਼ ਦਿੱਤੀ ਐੱਫ.ਆਈ.ਆਰ. ਖਾਰਜ ਕੀਤੀ ਹੈ, ਕਿਉਂਕਿ ਪੁਆਇੰਟਾਂ ਦੇ ਆਧਾਰ 'ਤੇ ਤਫਤੀਸ਼ ਨਹੀਂ ਹੋਈ। ਉਨ੍ਹਾਂ ਦੇ ਹਿਸਾਬ ਨਾਲ ਲੜਕੀ ਆਪਣੇ ਮਾਂ-ਬਾਪ ਤੇ ਰਿਸ਼ਤੇਦਾਰਾਂ ਜਾਂ ਦੋਸਤਾਂ ਦੀ ਚੁੱਕ 'ਚ ਆ ਕੇ ਪਤੀ ਜਾਂ ਉਸ ਦੇ ਘਰ ਵਾਲਿਆਂ ਨੂੰ ਤੰਗ ਕਰਦੀ ਸੀ। ਪੁਲਿਸ ਸ਼ਿਕਾਇਤ ਆ ਜਾਣ 'ਤੇ ਸਿੱਧਾ ਹੀ ਆਦਮੀ ਨੂੰ ਗ੍ਰਿਫ਼ਤਾਰ ਕਰਨ 'ਤੇ ਉਤਾਰੂ ਹੋ ਜਾਂਦੀ ਹੈ। ਇੱਥੇ ਜ਼ਿਕਰਯੋਗ ਹੈ ਕਿ ਪਤੀ ਦੀ ਪਟੀਸ਼ਨ ਜੋ ਉਸ ਨੇ 383 ਸੀ.ਆਰ.ਪੀ.ਸੀ. 'ਚ ਐੱਫ.ਆਈ.ਆਰ ਖਾਰਜ ਕਰਨ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਰੱਦ ਕਰ ਦਿੱਤਾ ਸੀ, ਉਸ ਨੂੰ ਮਾਣਯੋਗ ਸੁਪਰੀਮ ਕੋਰਟ ਤੋਂ ਨਿਆਂ ਮਿਲਿਆ ਸੀ।

ਹਾਲ ਹੀ 'ਚ ਅਲਕਾ ਸ਼ਰਮਾ ਬਨਾਮ ਰਾਸ਼ੀ ਸ਼ਰਮਾ ਮਹਿਲਾ ਠਾਣਾ ਮੱਧ ਪ੍ਰਦੇਸ਼ (ਕ੍ਰਿਮੀਨਲ ਕੇਸ ਨੰ. 30092, 2022) ਵਿੱਚ ਮਾਣਯੋਗ ਮੱਧ ਪ੍ਰਦੇਸ਼ ਦੀ ਹਾਈ ਕੋਰਟ ਨੇ ਆਪਣੇ ਫ਼ੈਸਲੇ 'ਚ ਫਿਰ ਸਪੱਸ਼ਟ ਕੀਤਾ ਹੈ ਕਿ 498ਏ ਅਧੀਨ ਕਰੂਅਲਟੀ ਤਾਂ ਹੀ ਹੈ, ਜੇ ਕੋਈ ਔਰਤ ਨੂੰ ਉਸ ਦਾ ਪਤੀ ਜਾਂ ਕੋਈ ਹੋਰ ਰਿਸ਼ਤੇਦਾਰ ਇਹੋ ਜਿਹੇ ਤਸੀਹੇ ਦੇਵੇ ਕਿ ਔਰਤ ਨੂੰ ਸਰੀਰਕ ਜਾਂ ਦਿਮਾਗੀ ਤੌਰ 'ਤੇ ਹਾਨੀ ਪਹੁੰਚਾਈ ਹੋਵੇ।

ਅਸਲ 'ਚ ਸਾਰੀ ਗੱਲ ਹੈ ਹੈਂਕੜਬਾਜ਼ੀ ਦੀ, ਖ਼ਾਸ ਕਰਕੇ ਕੁੜੀ ਦੇ ਪੇਕਿਆਂ ਵੱਲੋਂ ਜਦੋਂ ਇਹ ਸਲਾਹ ਆਵੇ ਕਿ ਇਨ੍ਹਾਂ ਨੂੰ ਦੱਬ ਕੇ ਰੱਖ। ਦੂਜਾ ਵਿਆਹ ਤੋਂ ਪਹਿਲਾਂ ਜੇ ਮੁੰਡੇ-ਕੁੜੀ ਦੇ ਕੋਈ ਸੰਬੰਧ ਹਨ, ਉਹ ਵੀ ਪਿੱਛਾ ਨਹੀਂ ਛੱਡਦੇ ਅਤੇ ਪੈਸੇ ਖ਼ਾਤਰ ਵਿਆਹ ਤੋਂ ਬਾਅਦ ਬਲੈਕਮੇਲ ਵੀ ਕਰਦੇ ਹਨ। 498ਏ ਦੇ ਤਹਿਤ ਬਹੁਤੀਆਂ ਸ਼ਿਕਾਇਤਾਂ ਮੁੰਡੇ ਵਾਲਿਆਂ ਤੋਂ ਪੈਸੇ ਲੈਣ ਲਈ ਝੂਠੀਆਂ ਕਰਵਾਈਆਂ ਜਾਂਦੀਆਂ ਹਨ ਅਤੇ ਗੱਲ ਮੁੱਕਦੀ ਵੀ ਪੈਸੇ ਨਾਲ ਹੀ ਹੈ। ਪੈਸਾ ਪ੍ਰਧਾਨ ਹੋ ਗਿਆ ਸਮਾਜ ਕੀ ਕਹੇਗਾ, ਇਸ ਦੀ ਪਰਵਾਹ ਨਹੀਂ।

***

## ਮਾਏ ਨੀਂ ਮੈਂ

ਉੱਧਰ ਪੈਦਾ ਹੋਈ ਜਿਸ ਨਵੀਂ ਪੀੜ੍ਹੀ ਦੇ ਬੱਚੇ ਨੇ ਇਹ 'ਗੋਰਾ ਕਲਚਰ' ਅਪਣਾ ਲਿਆ ਉਨ੍ਹਾਂ ਨੂੰ ਇਹ ਮੁਸ਼ਕਿਲ ਨਹੀਂ ਆਈ, ਪਰ ਜਿਹੜੇ ਬੱਚੇ ਆਪਣੀਆਂ ਜੜ੍ਹਾਂ ਨਾਲ ਜੁੜੇ ਹਨ, ਉਹ ਅਜਿਹੇ ਦੌਰ ਵਿੱਚੋਂ ਗੁਜ਼ਰ ਰਹੇ ਹਨ। ਮਾਪੇ ਦੋਵੇਂ ਸਥਿਤੀਆਂ ਵਿੱਚ ਦੁਖੀ ਹਨ। ਉਹ ਆਪਣੇ ਬੱਚਿਆਂ ਵੱਲੋਂ ਪੂਰੀ ਤਰ੍ਹਾਂ ਅਪਣਾਏ 'ਗੋਰਾ ਕਲਚਰ' ਤੋਂ ਵੀ ਖ਼ੁਸ਼ ਨਹੀਂ ਹਨ ਅਤੇ ਜੇਕਰ ਬੱਚੇ ਇਸ ਤੋਂ ਦੂਰ ਰਹਿੰਦੇ ਹੋਏ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿੰਦੇ ਹਨ ਤਾਂ ਬੱਚਿਆਂ ਨੂੰ ਇਸ ਕਾਰਨ ਆਉਂਦੀਆਂ ਪਰੇਸ਼ਾਨੀਆਂ ਦੇਖ ਕੇ ਵੀ ਮਾਪੇ ਦੁਖੀ ਹਨ ਜਿਵੇਂ ਕਿ ਸਾਡੇ ਧੀ-ਜਵਾਈ ਹਨ।

ਪਰਵਾਸ ਦਾ ਇਹ ਬਹੁਤ ਗੰਭੀਰ ਮਸਲਾ ਹੈ ਜਿਹੜਾ ਸੰਵੇਦਨਸ਼ੀਲ ਮਾਨਸਿਕਤਾ ਵਾਲੇ ਮਾਪਿਆਂ ਤੇ ਬੱਚਿਆਂ ਨੂੰ ਮਾਨਸਿਕ ਰੋਗੀ ਬਣਾ ਸਕਦਾ ਹੈ। ਫ਼ਿਕਰ ਵਾਲੀ ਗੱਲ ਹੈ ਕਿ ਸਾਡੀ ਬੱਚੀ ਕਈ ਵਾਰ ?ਇਸ ਵਿਤਕਰੇ ਕਾਰਨ ਪੂਰੀ ਰਾਤ ਨਹੀਂ ਸੌਂਦੀ। ਅਸੀਂ ਤਾਂ ਸਾਰਾ ਪਰਿਵਾਰ ਇਸ ਮਸਲੇ ਨੂੰ ਹੱਲ ਕਰਨ ਲਈ ਯਤਨਸ਼ੀਲ ਰਹਿੰਦੇ ਹਾਂ, ਪਰ ਜਿਨ੍ਹਾਂ ਮਾਪਿਆਂ ਕੋਲ ਨਾ ਐਨਾ ਸਮਾਂ ਹੈ ਤੇ ਨਾ ਡੂੰਘੀ ਸੋਚ ਉਨ੍ਹਾਂ ਬੱਚਿਆਂ ਦਾ ਭਵਿੱਖ ਕੀ ਹੋਵੇਗਾ ? ਯਕੀਨਨ ਬੱਚੇ ਮਾਨਸਿਕ ਰੋਗੀ ਹੋ ਜਾਣਗੇ। ਹੋਰ ਮਸਲੇ ਸਰਕਾਰਾਂ ਨਜਿੱਠ ਸਕਦੀਆਂ ਹਨ, ਪਰ ਇਹ ਮਸਲਾ ਤਾਂ ਬੱਚਿਆਂ ਤੇ ਮਾਪਿਆਂ ਨੂੰ ਅਧਿਆਪਕਾਂ ਦੇ ਸਹਿਯੋਗ ਤੇ ਆਪਣੀ ਸਿਆਣਪ ਨਾਲ ਹੀ ਨਜਿੱਠਣਾ ਪਵੇਗਾ। ਸਕੂਲੋਂ ਆਉਂਦੇ ਬੱਚੀ ਦੇ ਹੰਝੂਆਂ ਭਰੀ ਆਵਾਜ਼ ਵਾਲੇ ਫੋਨ ਤੇ ਛੋਟੀ ਉਮਰੇ ਵੱਡੀਆਂ-ਵੱਡੀਆਂ ਪ੍ਰਾਪਤੀਆਂ ਕਰਨ ਦੇ ਬਾਵਜੂਦ ਉਸ ਦਾ ਓਦਰਿਆ ਜਿਹਾ ਚਿਹਰਾ ਮੈਨੂੰ ਕਦੇ ਨਹੀਂ ਭੁੱਲਦਾ। ਜਦੋਂ ਉਹ ਛੁੱਟੀ ਤੋਂ ਬਾਅਦ ਘਰ ਆਉਂਦੀ ਹੈ ਤਾਂ ਨੌਕਰੀ 'ਤੇ ਗਈ ਮਾਂ ਨੂੰ ਆਉਣ ਸਾਰ ਆਪਣੇ ਨਾਲ ਹੋਈ ਬੀਤੀ ਦੱਸਣ ਲਈ ਫੋਨ ਕਰਦੀ ਹੈ ਤਾਂ ਮੈਨੂੰ ਜਾਪਦਾ ਹੈ ਜਿਵੇਂ ਉਹ ਕਹਿੰਦੀ ਹੋਵੇ :

ਮਾਏ ਨੀਂ ਮੈਂ ਕੀਹਨੂੰ ਆਖਾਂ
ਦਰਦ ਵਿਛੋੜੇ ਦਾ ਹਾਲ

ਮੈਨੂੰ ਜਾਪਦਾ ਹੈ ਇਹ ਦਰਦ ਅਸਲ ਵਿੱਚ ਆਪਣੇ ਮੂਲ ਦੇ ਵਿਛੋੜੇ ਕਾਰਨ ਸਾਡੇ ਪੱਲੇ ਪਏ ਹਨ।

****

## ਬਹੁ-ਪੱਖੀ ਹੋਵੇ ਨਸ਼ਿਆਂ

ਇਮਾਨਦਾਰੀ, ਲੋਕ ਸੇਵਾ ਅਤੇ ਸਾਦਗੀ ਦੀ ਥਾਂ ਵਿਖਾਵਾ ਭਾਰੂ ਹੋ ਗਿਆ ਹੈ।

ਸਾਡੇ ਆਗੂਆਂ ਨੂੰ ਸੋਚਣਾ ਚਾਹੀਦਾ ਹੈ ਕਿ ਲੋਕਾਂ ਨੇ ਤੁਹਾਡੇ ਉੱਤੇ ਭਰੋਸਾ ਕਰਕੇ ਤੁਹਾਨੂੰ ਤਾਕਤ ਦੀ ਬਖ਼ਸ਼ਿਸ਼ ਕੀਤੀ ਹੈ। ਇਸ ਦੀ ਵਰਤੋਂ ਲੋਕ ਭਲਾਈ ਲਈ ਕਰਨ ਦੀ ਥਾਂ ਕੇਵਲ ਆਪਣੀ ਭਲਾਈ ਲਈ ਹੀ ਕਰਨਾ ਲੋਕਾਂ ਦਾ ਭਰੋਸਾ ਤੋੜਨਾ ਹੈ। ਜੇ ਚੰਗੇ ਕਰਮ ਕਰੋਗੇ, ਫਿਰ ਵੋਟ ਪ੍ਰਾਪਤੀ ਲਈ ਤੁਹਾਨੂੰ ਗ਼ਲਤ ਢੰਗ-ਤਰੀਕੇ ਅਪਣਾਉਣ ਦੀ ਲੋੜ ਹੀ ਨਹੀਂ ਪਵੇਗੀ। ਮਾਇਆ ਨੇ ਲੋਕ ਜਾਂ ਪਰਲੋਕ ਵਿੱਚ ਸਾਥ ਨਹੀਂ ਦੇਣਾ ਪਰ ਕੀਤੀ ਨੇਕੀ ਨੇ ਹੀ ਲੋਕਾਂ ਦਾ ਪਿਆਰ ਅਤੇ ਜੀਵਨ ਦਾ ਆਨੰਦ ਦੇਣਾ ਹੈ। ਸਾਡੇ ਬਹੁਤੇ ਆਗੂ ਆਪਣੇ ਹਲਕੇ ਵਿੱਚ ਆਪਣੀ ਮਰਜ਼ੀ ਦੇ ਅਫ਼ਸਰ ਲਗਵਾਉਂਦੇ ਹਨ ਤੇ ਉਨ੍ਹਾਂ ਤੋਂ ਗ਼ਲਤ ਕੰਮ ਕਰਵਾਉਂਦੇ ਹਨ ਤੇ ਰਿਸ਼ਵਤਖੋਰੀ ਲਈ ਉਕਸਾਉਂਦੇ ਹਨ। ਪੰਜਾਬ 'ਚ ਰਿਸ਼ਵਤਖੋਰੀ ਪੂਰੇ ਸਿਖਰਾਂ ਉੱਤੇ ਹੈ। ਪੁਲਿਸ ਦਾ ਕੰਮ ਲੋਕ ਹੱਕਾਂ ਦੀ ਰਾਖੀ ਕਰਨਾ ਹੈ, ਉਸ ਨੂੰ ਆਗੂ ਰਾਹੋਂ ਭਟਕਾਉਂਦੇ ਹਨ। ਨਸ਼ੇ ਦੇ ਧੰਦੇ ਵਿੱਚ ਪੁਲਿਸ ਮੁਲਾਜ਼ਮ ਵੀ ਸਾਹਮਣੇ ਆਏ ਹਨ। ਆਗੂ ਅਤੇ ਸਰਕਾਰੀ ਮੁਲਾਜ਼ਮ ਲੋਕਾਂ ਦੇ ਨੌਕਰ ਹਨ। ਉਨ੍ਹਾਂ ਦੇ ਭਲੇ ਲਈ ਕੰਮ ਕਰਨਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਇਮਾਨਦਾਰੀ ਨਾਲ ਲੋਕ ਸੇਵਾ ਕਰਨ ਦਾ ਜੋ ਆਨੰਦ ਪ੍ਰਾਪਤ ਹੁੰਦਾ ਹੈ ਉਸ ਨੂੰ ਪੈਸੇ ਨਾਲ ਨਹੀਂ ਖ਼ਰੀਦਿਆ ਜਾ ਸਕਦਾ।

ਸਰਕਾਰ ਦਾ ਵੀ ਫ਼ਰਜ਼ ਬਣਦਾ ਹੈ ਕਿ ਸਰਕਾਰੀ ਸਕੂਲਾਂ ਨੂੰ ਸਮੇਂ ਦੇ ਹਾਣ ਦਾ ਬਣਾਵੇ, ਆਮ ਲੋਕਾਂ ਨੂੰ ਨਿੱਜੀ ਸਕੂਲਾਂ ਦੀ ਲੁੱਟ ਤੋਂ ਬਚਾਵੇ। ਸੂਬੇ ਦੇ ਹੁਨਰੀ ਕੇਂਦਰਾਂ ਨੂੰ ਆਧੁਨਿਕ ਬਣਾਵੇ ਤਾਂ ਜੋ ਇੱਥੋਂ ਸਿੱਖਿਆ ਪ੍ਰਾਪਤ ਬੱਚੇ ਆਪਣੇ ਪੈਰਾਂ ਉੱਤੇ ਖੜ੍ਹੇ ਹੋ ਸਕਣ। ਢੁੱਕਵੇਂ ਸਕੂਲਾਂ ਵਿੱਚ ਵੀ ਹੁਨਰ ਸਿਖਲਾਈ ਕੇਂਦਰ ਖੋਲ੍ਹਣੇ ਚਾਹੀਦੇ ਹਨ ਤਾਂ ਜੋ +2 ਤੱਕ ਪੜ੍ਹਾਈ ਪੂਰੀ ਕਰਨ ਪਿੱਛੋਂ ਵਿਦਿਆਰਥੀ ਆਪਣੇ ਲਈ ਰੁਜ਼ਗਾਰ ਲੱਭ ਸਕਣ। ਪੰਜਾਬ ਵਿੱਚ ਰੁਜ਼ਗਾਰ ਦੀ ਘਾਟ ਨਹੀਂ ਹੈ। ਹੁਣ ਬਹੁਤੇ ਹੁਨਰੀ ਦੂਜੇ ਸੂਬਿਆਂ ਵਿੱਚੋਂ ਆ ਕੇ ਇੱਥੇ ਕੰਮ ਕਰਦੇ ਹਨ ਅਤੇ ਚੰਗੀ ਕਮਾਈ ਕਰਦੇ ਹਨ। ਰਾਜ ਦੀਆਂ ਸਾਰੀਆਂ ਯੂਨੀਵਰਸਿਟੀਆਂ ਨੂੰ ਆਦੇਸ਼ ਦਿੱਤੇ ਜਾਣ ਕਿ ਉਹ ਵਿਦਿਆਰਥੀਆਂ ਨੂੰ ਮੁਕਾਬਲੇ ਦੇ ਇਮਤਿਹਾਨਾਂ ਲਈ ਤਿਆਰ ਕਰਨ। ਹੁਣ ਪੰਜਾਬ ਦੇ ਸਰਕਾਰੀ ਦਫ਼ਤਰਾਂ ਵਿੱਚ ਬਹੁਤ ਘੱਟ ਪੰਜਾਬੀ ਮੁੰਡੇ ਕੰਮ ਕਰਦੇ ਨਜ਼ਰ ਆਉਂਦੇ ਹਨ। ਸਾਰੀਆਂ ਧਿਰਾਂ ਨੂੰ ਆਪਣੇ ਰਾਜਸੀ ਹਿੱਤਾਂ ਤੋਂ ਉੱਤੇ ਉੱਠ ਕੇ ਸੂਬੇ ਦੇ ਹਿੱਤਾਂ ਨੂੰ ਪਹਿਲ ਦੇਣੀ ਚਾਹੀਦੀ ਹੈ ਤਾਂ ਜੋ ਸਾਰਿਆਂ ਦੀ ਸਹਿਮਤੀ ਨਾਲ ਇਕ ਕਾਰਜ ਯੋਜਨਾ ਬਣਾਈ ਜਾ ਸਕੇ। ਜੇ ਹੁਣ ਵੀ ਅਜਿਹਾ ਨਾ ਕੀਤਾ ਗਿਆ ਤਾਂ ਪੰਜਾਬ ਦਾ ਸਰੂਪ ਹੀ ਬਦਲ ਜਾਵੇਗਾ, ਫਿਰ ਆਗੂ ਆਪਣੀਆਂ ਗਤੀਵਿਧੀਆਂ ਕਿਵੇਂ ਅਤੇ ਕਿੱਥੋਂ ਕਰਨਗੇ। ਜਾਗੋ ਪੰਜਾਬੀਓ, ਪੰਜਾਬ ਨੂੰ ਬਚਾਓ, ਪੰਜਾਬ ਵਿੱਚ ਵਾਹੀ ਹੇਠ ਜ਼ਮੀਨ ਘਟ ਰਹੀ ਹੈ, ਹਜ਼ਾਰਾਂ ਪਿੰਡਾਂ ਦਾ ਉਜਾੜਾ ਹੋ ਰਿਹਾ ਹੈ। ਇੱਥੋਂ ਦੀ ਜਵਾਨੀ ਪਰਵਾਸ ਕਰ ਰਹੀ ਹੈ ਜਾਂ ਫਿਰ ਨਸ਼ਿਆਂ ਨਾਲ ਮਰਦੀ ਜਾ ਰਹੀ ਹੈ। ਪੰਜਾਬ ਜਿਹੜਾ ਕਦੇ ਭਾਰਤ ਦਾ ਹੀ ਨਹੀਂ ਸਗੋਂ ਸਾਰੇ ਸੰਸਾਰ ਦਾ ਆਦਰਸ਼ ਸੀ, ਅੱਜ ਆਪ ਰਾਹੋਂ ਭਟਕ ਗਿਆ ਹੈ। ਆਓ ! ਸਾਰੇ ਰਲ ਕੇ ਮੁਹਿੰਮ ਚਲਾਈਏ ਤੇ ਪੰਜਾਬ ਬਚਾਈਏ।

***

## ਉਦਯੋਗਿਕ ਕ੍ਰਾਂਤੀ

ਅਸੀਂ ਇਹ ਵੀ ਜਾਣਦੇ ਹਾਂ ਕਿ ਡਬਲਿਊ.ਈ.ਐਫ. ਦੀ ਗਲੋਬਲ ਫਿਊਚਰ ਕੌਂਸਿਲ ਕਿਵੇਂ ਰੁੱਝੀ ਹੋਈ ਹੈ ਅਤੇ ਜਦੋਂ ਖ਼ੁਰਾਕ ਪ੍ਰਣਾਲੀਆਂ ਦੀ ਅਗਵਾਈ ਪ੍ਰਦਾਨ ਕਰਨ ਦੀ ਗੱਲ ਆਉਂਦੀ ਹੈ ਤਾਂ ਇਸ ਦੇ ਧਿਆਨ 'ਚ ਕੀ ਹੁੰਦਾ ਹੈ ? ਚਾਹੇ ਡਬਲਿਊ.ਈ.ਐਫ. ਇਸ ਨੂੰ ਪਸੰਦ ਕਰੇ ਜਾਂ ਨਾ, ਪਰ ਤੱਥ ਇਹੀ ਹੈ ਕਿ ਗਲੋਬਲ ਫੂਡ ਸਿਸਟਮ ਉਨ੍ਹਾਂ ਕਾਰਨਾਂ ਕਰਕੇ ਟੁੱਟਿਆ ਹੈ, ਜਿਨ੍ਹਾਂ ਨੂੰ ਬਹੁ-ਰਾਸ਼ਟਰੀ ਕੰਪਨੀਆਂ ਹੁਣ ਹਮਲਾਵਰ ਤੌਰ 'ਤੇ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਦੁਨੀਆਂ ਨੂੰ ਉਦਯੋਗਿਕ ਖੇਤੀ ਪ੍ਰਣਾਲੀਆਂ ਤੋਂ ਦੂਰ ਜਾਣ ਦੀ ਲੋੜ ਹੈ ਅਤੇ ਬਾਅਦ 'ਚ ਪਛਤਾਉਣਾ ਨਹੀਂ ਚਾਹੀਦਾ, ਕਿਉਂਕਿ ਉਸ ਤਰ੍ਹਾਂ ਦੀਆਂ ਜ਼ਿਆਦਾ ਕੋਸ਼ਿਸ਼ਾਂ ਕਰਨ ਨਾਲ ਗ੍ਰਹਿ ਦੀ ਹੋਰ ਤਬਾਹੀ ਹੋਵੇਗੀ। ਇਹ ਜਾਣਦੇ ਹੋਏ ਕਿ ਭਾਰਤ ਨੂੰ ਟਿਕਾਊ ਖ਼ੁਰਾਕ ਤੇ ਖੇਤੀ ਭਵਿੱਖ ਲਈ ਇੱਕ ਮਜ਼ਬੂਤ ਮਾਰਗ ਤਿਆਰ ਕਰਨ ਲਈ ਦੁੱਗਣੀ ਸਾਵਧਾਨੀ ਵਰਤਣ ਦੀ ਲੋੜ ਹੈ। ਹਮੇਸ਼ਾ ਦੀ ਤਰ੍ਹਾਂ 'ਕੱਟ ਐਂਡ ਪੇਸਟ' ਕਰਨ ਦੀ ਬਜਾਏ ਇੱਕ ਅਜਿਹਾ ਦ੍ਰਿਸ਼ਟੀਕੋਣ ਪ੍ਰਦਰਸ਼ਿਤ ਕਰਨ ਦਾ ਸਮਾਂ ਆ ਗਿਆ ਹੈ, ਜੋ ਸਿਹਤਮੰਦ ਵਾਤਾਵਰਣ, ਸਿਹਤਮੰਦ ਭੋਜਨ ਤੇ ਖ਼ੁਸ਼ਹਾਲ ਕਿਸਾਨਾਂ ਵੱਲ ਜਾਂਦਾ ਹੋਵੇ।

***

## ਸਿੱਖ ਸ਼ਹੀਦਾਂ ਅਤੇ ਜਰਨੈਲਾਂ ਬਾਰੇ ਫ਼ਿਲਮਾਂ

ਸੂਬੇ ਵਿੱਚ ਦਰਿਆ ਵਗਦੇ ਹਨ ਪਾਣੀ 'ਤੇ ਹੱਕ ਉਸੇ ਸੂਬੇ ਦਾ ਹੈ ਕਿਉਂਕਿ ਜਦੋਂ ਹੜ੍ਹ ਆਉਂਦੇ ਹਨ ਤਾਂ ਉਸ ਵੇਲੇ ਵੀ ਪੰਜਾਬ ਹੀ ਪ੍ਰਭਾਵਿਤ ਹੁੰਦਾ ਹੈ।

ਕੁਝ ਲੋਕਾਂ ਵੱਲੋਂ ਇਸ ਨੂੰ ਧਰਮ ਨਾਲ ਜੋੜੇ ਜਾਣ 'ਤੇ ਉਨ੍ਹਾਂ ਕਿਹਾ ਕਿ ਇਹ ਧਰਮ ਦਾ ਮਸਲਾ ਨਹੀਂ ਹੈ ਸਗੋਂ ਪੰਜਾਬ ਵਿੱਚ ਸਾਰੇ ਧਰਮਾਂ ਦੇ ਲੋਕ ਰਹਿੰਦੇ ਹਨ। ਜੇ ਪੰਜਾਬ ਬੰਜਰ ਹੁੰਦਾ ਹੈ ਤਾਂ ਸਾਰੇ ਧਰਮਾਂ ਦੇ ਲੋਕ ਹੀ ਪ੍ਰਭਾਵਿਤ ਹੋਣਗੇ। ਉਨ੍ਹਾਂ ਕਿਹਾ ਕਿ ਪੰਜਾਬ ਪਹਿਲਾਂ ਹੀ ਦੁਹਾਈ ਦੇ ਰਿਹਾ ਹੈ ਕਿ ਸੂਬੇ ਕੋਲ ਵਾਧੂ ਪਾਣੀ ਨਹੀਂ ਹੈ। ਇਸ ਲਈ ਪੰਜਾਬ ਨਾਲ ਧੱਕਾ ਨਾ ਕੀਤਾ ਜਾਵੇ। ਸਰਹੱਦ 'ਤੇ ਬਣੇ ਤਣਾਅ ਵਾਲੇ ਮਾਹੌਲ ਸਬੰਧੀ ਬੋਲਦਿਆਂ ਉਨ੍ਹਾਂ ਕਿਹਾ ਕਿ ਜੰਗ ਕਦੇ ਵੀ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ। ਜੰਗ ਨਾਲ ਮਨੁੱਖਤਾ, ਇਨਸਾਨੀਅਤ ਅਤੇ ਖਿਤੇ ਦੇ ਜੀਵ ਜੰਤੂ ਸਭ ਨੂੰ ਨੁਕਸਾਨ ਹੁੰਦਾ ਹੈ। ਇਸ ਲਈ ਮਸਲਿਆਂ ਦਾ ਹੱਲ ਸੰਵਾਦ ਰਾਹੀਂ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਇਸ ਵੇਲੇ ਸਰਹੱਦ 'ਤੇ ਬਣੀ ਸਥਿਤੀ ਅਜਿਹੀ ਹੈ ਕਿ ਮਾਵਾਂ ਬੱਚਿਆਂ ਤੋਂ ਵਿਛੜ ਰਹੀਆਂ ਹਨ ਅਤੇ ਬੱਚੇ ਮਾਵਾਂ ਤੋਂ ਵਿਛੜ ਰਹੇ ਹਨ। ਉਨ੍ਹਾਂ ਕਿਹਾ ਕਿ ਬੱਚੇ ਨੂੰ ਕੀ ਪਤਾ ਜੰਗ ਕੀ ਹੁੰਦੀ ਹੈ, ਬੱਚੇ ਨੂੰ ਤਾਂ ਸਿਰਫ ਮਾਂ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਲਾਜ ਕਰਵਾਉਣਾ ਆਏ ਲੋਕ ਵੀ ਇਲਾਜ ਅਧੂਰਾ ਛੱਡ ਕੇ ਵਾਪਸ ਪਰਤਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਇਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਸਰਹੱਦ 'ਤੇ ਆ-ਜਾ ਰਹੇ ਲੋਕਾਂ ਨੂੰ ਜੇ ਲੰਗਰ ਅਤੇ ਰਿਹਾਇਸ਼ ਜਾਂ ਹੋਰ ਕੋਈ ਲੋੜ ਹੋਵੇਗੀ ਤਾਂ ਸ਼੍ਰੋਮਣੀ ਕਮੇਟੀ ਇਸ ਲੋੜ ਨੂੰ ਪੂਰਾ ਕਰੇਗੀ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਆਦਿ ਭੇਜਿਆ ਜਾ ਰਿਹਾ ਹੈ।

***

## ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ

ਚੀਫ਼ ਖ਼ਾਲਸਾ ਦੀਵਾਨ ਵਾਲੇ ਵੀ ਨਾਲ ਜੁੜੇ ,ਪਰ ਇਸ ਵਾਰ ਵੀ ਅੰਬੇਦਕਰ ਦੇ ਪਿੱਛੇ ਹਟਣ ਦੇ ਨਾਲ ਹੀ, ਸਿੱਖ ਆਗੂ ਮੁੜ ਘਰ ਬੈਠ ਗਏ ।

ਆਜ਼ਾਦੀ ਤੋਂ ਬਾਅਦ, ਪਹਿਲਾਂ ਗੁਰਦੁਆਰਾ ਧਨ ਨਾਲ ਵਿਦੇਸ਼ਾਂ ਤੇ ਹੋਰ ਜਗ੍ਹਾ ,ਵਿੱਦਿਆ ਲੈ ਕੇ ਬਣੇ ਅਕਾਲੀ ਰਾਜਸੀ ਆਗੂਆਂ ਨੂੰ ,ਬਾਅਦ ਵਿੱਚ ਕਾਂਗਰਸ ਪਾਰਟੀ ਨਾਲ ਮਿਲਕੇ , ਪੰਜਾਬੀ ਭਾਸ਼ਾ ਤੇ ਸੂਬੇ ਦਾ ਵਿਰੋਧ ਕਰਨਾ, ਲਾਹੇਵੰਦ ਲੱਗਾ ਤੇ ਉਹ ਪੱਕੇ ਕਾਂਗਰਸੀ ਬਣ ਗਏ। ਦੂਜਿਆਂ ਨੇ ਲੋਕਤੰਤਰ ਵਿੱਚ ਕੁਰਸੀ ਹਾਸਲ ਕਰਨ ਲਈ ਗੁਰੂ ਘਰਾਂ ਤੋਂ ਮੋਰਚੇ ਆਰੰਭ ਕਰ ਦਿੱਤੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਹਿਲਾਂ ਤੋਂ ਹੀ ਸਰਗਰਮ ਰਾਜਸੀ ਆਗੂ ਬਣਦੇ ਰਹੇ ਸਨ । ਹੁਣ ਪੱਕੇ ਤੌਰ 'ਤੇ ਧਰਮ ਤੇ ਸਿੱਖ ਰਾਜਨੀਤੀ ਭਾਰੀ ਹੋ ਗਈ ।

ਅੰਗਰੇਜ਼ ਰਾਜ ਵੇਲੇ ਸਰਬੱਤ ਖ਼ਾਲਸਾ ਜਾਂ ਪੰਜ ਪਿਆਰਿਆਂ ਦੀ ਥਾਂ, ਕੌਮ ਨੂੰ ਆਦੇਸ਼, ਉਪਦੇਸ਼ ਕਰਨ ਦੀ ਸ਼ਕਤੀ ਤਖ਼ਤ ਸਾਹਿਬਾਨ ਦੇ ਪੁਜਾਰੀਆਂ ਕੋਲ ਆ ਗਈ ਸੀ ,ਜੋ ਇਹ ਪ੍ਰਥਾ ਅੱਜ ਵੀ ਚਾਲੂ ਹੈ। ਫ਼ਰਕ ਕੇਵਲ ਇਹ ਹੈ .ਕਿ ਐਕਟ ਵਿੱਚ ਪੁਜਾਰੀ ਵਜੋਂ ਦਰਜ ਸੰਸਥਾ, ਜਥੇਦਾਰ ਅਖਵਾਉਣ ਲੱਗ ਪਈ ਹੈ। ਕਰਮਚਾਰੀ ਹੋਣ ਕਾਰਨ, ਜੇਕਰ ਹੁਕਮ ਨਾਮਾ ਹਾਕਮ ਦੀ ਮਰਜ਼ੀ ਦਾ ਹੋਵੇ ਤਾਂ ਠੀਕ ਹੈ,ਨਹੀਂ ਤਾਂ ਨੌਕਰੀ ਜਾਣ ਦਾ ਡਰ ਬਣਿਆ ਰਹਿੰਦਾ ਹੈ ।ਅਜਿਹੀ ਸਥਿਤੀ ਵਿੱਚ ਧਰਮ ਦਾ ਪ੍ਰਚਾਰ ਕਦੇ ਏਜੰਡੇ ਤੇ ਨਹੀਂ ਰਿਹਾ, ਇਹ ਨਵਾਂ ਵਿਸ਼ਵ ਧਰਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਹੋਣਾ ਚਾਹੀਦਾ ਸੀ। ਭਾਰਤ ਤੇ ਵਿਦੇਸ਼ਾਂ ਦੀ ਹਰ ਭਾਸ਼ਾ ਵਿੱਚ, ਸਿੱਖ ਫ਼ਲਸਫ਼ਾ ਤੇ ਇਤਿਹਾਸ ਲੋਕਾਈ ਦੇ ਸਾਹਮਣੇ ਹੋਣਾ ਚਾਹੀਦਾ ਸੀ ।

ਅਠਾਰਵੀਂ ਸਦੀ ਵਿੱਚ ਸਿੰਘ ਆਪਣੇ ਬਚਾਅ ਲਈ, ਫ਼ੇਰ ਰਾਜ ਕਾਇਮ ਕਰਨ ਲਈ ਅਤੇ ਪਿਛਲੇ ਦੋ ਸੋ ਸਾਲ ਤੋਂ ਇੱਕ ਦੂਜੇ ਨੂੰ ਨੀਵਾਂ ਵਿਖਾਉਣ ਲਈ ਲੱਗੇ ਰਹੇ ਹਨ ।

ਇੱਕ ਸੋ ਪੰਜ ਸਾਲ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੇਵਲ, ਇੱਕ ਸੋ ਹੀ ਸਿੱਖਿਆ ਸੰਸਥਾਵਾਂ ਬਣਾਈਆਂ ਹਨ। ਚੀਫ਼ ਖ਼ਾਲਸਾ ਦੀਵਾਨ ਨੇ 123 ਸਾਲ ਵਿੱਚ ਪੰਜਾਹ ਤੋਂ ਵੀ ਘੱਟ ਵਿੱਦਿਅਕ ਸੰਸਥਾਵਾਂ ਖੋਲ੍ਹੀਆਂ ਹਨ । ਸਾਧਨਾਂ ਦੀ ਕੰਮੀ ਨਹੀਂ ਸਿੱਖ ਦਾਨ ਦੇਣ ਵਾਲੇ ਹਨ , ਨੀਅਤ ਤੇ ਨੀਤੀ ਦੀ ਘਾਟ ਹੈ ।

ਇਸ ਤਰ੍ਹਾਂ ਰਾਜ ਨੀਤੀ ਤੇ ਸਿੱਖ ਧਰਮ ਵਿੱਚ ਕੀਤੇ ਗਏ ਮਿਲਗੋਭੇ ਨੇ,1849 ਈ ਤੋਂ ਬਾਅਦ ਸਿੱਖ ਧਰਮ ਦੇ ਪ੍ਰਚਾਰ,ਪ੍ਰਸਾਰ ਤੇ ਰਾਜਨੀਤੀ ਨੂੰ ਗ੍ਰਹਿਣ ਲਾ ਦਿੱਤਾ ਹੈ । ਗੱਲ ਵਿਚਾਰ ਦੀ ਹੈ ਕਿ ਗੁਰੂ ਸਾਹਿਬਾਨ ਨੇ ਰਾਜਨੀਤੀ ਸਿਖਾਈ ਸੀ, ਕੀਤੀ ਨਹੀਂ ਸੀ । ਬਾਬਾ ਬੰਦਾ ਸਿੰਘ ਬਹਾਦਰ ਸਮੇਤ ਸਿੰਘਾਂ ਨੇ, ਗੁਰੂ ਸਾਹਿਬ ਦੇ ਦੱਸੇ ਹੋਏ ਰਾਹ ਤੇ ਚਲ ਕੇ , ਰਾਜ ਕਾਇਮ ਕੀਤਾ ਸੀ ਪਰ ਧਰਮ ਸਥਾਨਾਂ 'ਤੇ ਕਬਜ਼ਾ ਨਹੀਂ ਸੀ ਕੀਤਾ ।

ਕਿਸੇ ਵੀ ਧਰਮ, ਸੰਸਥਾ ਤੇ ਸਮਾਜ ਦੀ ਅਗਵਾਈ ਲਈ ਇੱਕ ਨਾਇਕ ਜਾਂ ਹੀਰੋ ਹੋਣਾ ਲਾਜ਼ਮੀ ਹੈ। ਨਾਇਕ ਉਹ ਜਿਸ ਦੀਆਂ ਪ੍ਰਾਪਤੀਆਂ ਸ਼ਾਨਦਾਰ ਰਹੀਆਂ ਹੋਣ । ਪੂਜਾ ਅਕਾਲ ਕੀ , ਪਰਚਾ ਸ਼ਬਦ ਕਾ ਤੇ ਦਿਦਾਰ ਖ਼ਾਲਸਾ ਕਾ, ਅਕਾਲ ਦੀ ਪੂਜਾ, ਗਿਆਨ ਪ੍ਰਾਪਤੀ ਲਈ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲ ਵੇਖਣ ਦਾ ,ਹੁਕਮ ਸਪੱਸ਼ਟ ਹੈ। ਪਰ ਦਿਦਾਰ ਖ਼ਾਲਸਾ ਲਈ,ਇੱਕ ਉੱਤਮ ਗੁਣ ਤੇ ਪ੍ਰਾਪਤੀਆਂ ਵਾਲੇ ਵਿਅਕਤੀਆਂ ਨੂੰ ਆਦਰਸ਼ ਮੰਨਿਆ ਜਾ ਸਕਦਾ ਹੈ । ਬਾਬਾ ਬੰਦਾ ਸਿੰਘ ਬਹਾਦਰ, ਨਵਾਬ ਉਲ ਕੌਮ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਮਹਾਰਾਜਾ ਰਣਜੀਤ ਸਿੰਘ, ਸਰਦਾਰ ਹਰੀ ਸਿੰਘ ਨਲਵਾ ਆਦਿ ਦਾ ਆਦਰਸ਼ ਜੀਵਨ ਮਾਰਗ ਦਰਸ਼ਕ ਹੋ ਸਕਦਾ ਹੈ , ਜਿਨ੍ਹਾਂ ਨੇ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਨੂੰ ਪ੍ਰਗਟ ਕਰ, ਨਿਆਂ ਦਾ ਰਾਜ ਹਲੇਮੀ ਰਾਜ ਕਾਇਮ ਕਰਨ ਤੇ ਬਚਾਉਣ ਲਈ ਕੰਮ ਕੀਤਾ ।

ਅੱਗੇ ਵਧਣ ਲਈ ਗੁਰੂ ਸਾਹਿਬਾਨ ਦੇ ਆਦੇਸ਼, ਉਪਦੇਸ਼ ਦੀ ਪਾਲਣਾ ਕਰਦਿਆਂ ,ਪੁਰਾਣੇ ਨਾਇਕਾਂ ਦੇ ਜੀਵਨ ਤੋਂ ਸੇਧ ਲੈ ਰਾਜਨੀਤੀ ਚੱਲੇ,ਪਰ ਧਰਮ ਦੇ ਆਗੂਆਂ ਨੂੰ, ਗੁਰਮਤਿ ਵਿੱਚ, ਸਮਾਜ ਨੂੰ, ਵਰਜਿਤ ਕਰਮ ਕਾਂਡਾਂ ਤੋਂ ਬਾਹਰ ਕੱਢਕੇ, ਕੇਵਲ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਲਈ , ਸਮਾਜ ਵਿੱਚ ਵਿਚਰਨ ਦੀ ਲੋੜ ਹੈ । ਪਰ ਗੁਰੂ ਘਰ ਦਾ ਸਰਮਾਇਆ ਕੌਮ ਲਈ ਵਿੱਦਿਆ ਤੇ ਰੋਜ਼ਗਾਰ ਦੇ ਸਾਧਨ ਬਣਾਉਣ ਲਈ ਅਤੇ ਧਰਮ ਦੇ ਪ੍ਰਚਾਰ ਤੇ ਖੋਜ ਲਈ ਖਰਚ ਕੀਤਾ ਜਾਣਾ ਲਾਹੇਵੰਦ ਸਿੱਧ ਹੋਵੇਗਾ ।

***

## ਮੰਝਧਾਰ 'ਚ ਫ਼ਸੇ ਪੰਜਾਬ

ਪੰਜਾਬ ਦੀ ਸਰਹੱਦ ਭਾਰਤੀ ਉਪ-ਮਹਾਦੀਪ ਨੂੰ ਸਮੁੱਚੇ ਏਸ਼ੀਆ ਨਾਲ ਜੋੜਦੀ ਹੈ ਪਰ ਇੱਥੇ ਵਪਾਰ ਨਾਮਾਤਰ ਹੁੰਦਾ ਹੈ। ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ ਪਰ ਇਸ ਦਾ ਪਾਣੀ ਲਗਾਤਾਰ ਘਟਦਾ ਹੀ ਨਹੀਂ ਜਾ ਰਿਹਾ ਹੈ ਸਗੋਂ ਅਸ਼ੁੱਧ ਵੀ ਹੋ ਚੁੱਕਾ ਹੈ। ਇੱਥੋਂ ਦੇ ਲੋਕ ਉੱਦਮੀ ਹਨ, ਪਰ ਇਸ ਦੇ ਕਾਰੋਬਾਰੀਆਂ ਨੇ ਆਪਣੇ ਵੱਡੇ ਨਿਵੇਸ਼ ਹੋਰ ਰਾਜਾਂ 'ਚ ਕੀਤੇ ਹਨ।

ਇਹ ਦੇਸ਼ ਲਈ ਭੋਜਨ ਦੀ ਟੋਕਰੀ ਹੈ ਪਰ ਇਸ ਦੇ ਕਿਸਾਨ ਕੰਗਾਲ ਹਨ। ਛੋਟੀਆਂ ਜ਼ਮੀਨਾਂ, ਸੁੱਕੇ ਖੂਹ ਅਤੇ ਝੀਲਾਂ ਵਾਲੇ ਇਸ ਰਾਜ ਵਿੱਚ ਹਾਈਡਰੋਪੋਨਿਕਸ ਅਤੇ ਐਕਵਾਪੋਨਿਕਸ ਵਰਗੀਆਂ ਨਵੀਆਂ ਤਕਨੀਕਾਂ ਵੱਲ ਕੋਈ ਧਿਆਨ ਨਹੀਂ ਹੈ ਤੇ ਨਾ ਹੀ ਸਰਕਾਰੀ ਸਹਾਇਤਾ ਦਿੱਤੀ ਜਾ ਰਹੀ ਹੈ। ਪੰਜਾਬ ਇੱਕ ਵੱਡਾ ਦੁੱਧ ਉਤਪਾਦਕ ਰਾਜ ਹੈ ਅਤੇ ਪੰਜਾਬੀ ਇਟਲੀ ਵਿੱਚ ਸਭ ਤੋਂ ਵਧੀਆ 'ਚੀਜ਼' ਬਣਾਉਂਦੇ ਹਨ ਪਰ 'ਚੀਜ਼ ਪ੍ਰੋਸੈਸਿੰਗ' ਦੀ ਇਹ ਵਿਧੀ ਇੱਥੇ ਪੰਜਾਬ ਵਿੱਚ ਕਿਤੇ ਨਹੀਂ ਦਿਸਦੀ। ਇਸ ਦੇ ਪਕਵਾਨ ਵਿਸ਼ਵ ਪੱਧਰ 'ਤੇ ਪਸੰਦ ਕੀਤੇ ਜਾਂਦੇ ਹਨ ਜਿਵੇਂ ਕਿ ਸਰ੍ਹੋਂ ਦਾ ਸਾਗ ਜਿਸ ਦੇ ਪਰਵਾਸੀ ਅਤੇ ਗੋਰੇ ਲੋਕ ਦੀਵਾਨੇ ਹਨ ਪਰ ਇਸ ਦੀ ਮੰਗ ਨੂੰ ਪੂਰਾ ਕਰਨ ਤੇ ਇਸ ਖੇਤਰ ਦੀ ਉਪਜ ਵਿੱਚ ਮੁੱਲ ਜੋੜਨ ਪ੍ਰਤੀ ਕੋਈ ਠੋਸ ਕੋਸ਼ਿਸ਼ ਨਹੀਂ ਕੀਤੀ ਜਾਂਦੀ ਹੈ। ਇਤਿਹਾਸ ਭਾਵੇਂ ਕਿੰਨਾ ਵੀ ਅਮੀਰ ਹੋਵੇ, ਵਰਤਮਾਨ ਤੇ ਭਵਿੱਖ ਨੂੰ ਸ਼ਿੰਗਾਰਨ ਦੀ ਲੋੜ ਹਮੇਸ਼ਾ ਰਹਿੰਦੀ ਹੈ। ਇਸ ਲਈ ਪੰਜਾਬੀ ਪੁਨਰ-ਜਾਗਰਣ ਦੀ ਲੋੜ ਹੈ। ਸੂਝਵਾਨ ਅਤੇ ਦੂਰਅੰਦੇਸ਼ੀ ਵਾਲੀ ਲੀਡਰਸ਼ਿਪ ਦੀ ਪੂਰੀ ਘਾਟ ਦੇ ਨਾਲ-ਨਾਲ ਸਵਾਲ ਇਹ ਹੈ ਕਿ ਗਿਰਾਵਟ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ ? ਕੌਣ ਇਸ ਹਾਰੇ ਹੋਏ ਘੋੜੇ ਨੂੰ ਸੰਭਾਲੇਗਾ ਅਤੇ ਅਗਾਂਹਵਧੂ ਸੋਚ ਦਾ ਧਾਰਨੀ ਬਣੇਗਾ ?

***

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

# ਜਾਣੋ ਪਲ ਪਲ ਦੀ ਖਬਰ




ON

jus PUNJABI HD sling

CREDIBILITY RELIABILITY

**Minute to Minute Coverage of Punjab Elections**

## Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com